Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ-6, ਅੰਕ-1, ਜਨਵਰੀ 2016

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300



# ਜ਼ਫ਼ਰਨਾਮਾ ਗੁਰੂ ਗੋਬਿੰਦ ਸਿੰਘ?

**ਗੁਰਚਰਨ ਸਿੰਘ ਸਹਿੰਸਰਾ**

ਅੱਜ ਵਿਗਿਆਨਕ ਯੁੱਗ ਅੰਦਰ ਹਰ ਦੇਸ ਦੇ ਸਾਹਿਤ ਨੂੰ, ਇਸ ਦੀਆਂ ਸਵਾਰਥਕ ਕੀਮਤਾਂ ਲੱਭਣ ਲਈ ਪਦਾਰਥਕ ਦਰਿਸ਼ਟੀ ਤੋਂ ਘੋਖਕੇ ਤੇ ਕੁਣਸਾਂ ਕੱਢ ਕੇ ਤੇ ਵਿਚਾਰ ਕੇ ਯਥਾਰਥਕ ਲੀਹਾਂ ’ਤੇ ਬਿਆਨਿਆ ਜਾ ਰਿਹਾ ਹੈ। ਮੱਧਕਾਲ ਸਮੇਂ ਦੇ ਹੋਰ ਸਾਹਿਤ ਵਾਂਗ ਸਿੱਖ ਸਾਹਿਤ ਵਿੱਚ ਵੀ ਸਾਖੀਆਂ ਤੇ ਰਚਨਾਵਾਂ ਅਜਿਹੀਆਂ ਹਨ-ਅਸਲ ਹਨ, ਕਿ ਭਾਵੇਂ ਉਹ ਕਿੰਨੀਆਂ ਹੀ ਮੰਨੀਆਂ ਪ੍ਰਮੰਨੀਆਂ ਰਹੀਆਂ ਜਾਂਦੀਆਂ ਹੋਣ, ਅੱਜ ਚੇਤਨ ਬੁੱਧੀ ਨੂੰ ਨਹੀਂ ਜਚ ਰਹੀਆਂ। ਪੰਜਾਬੀ ਸਾਹਿਤਕਾਰਾਂ ਤੇ ਇਤਿਹਾਸਕਾਰਾਂ ਅੰਦਰ ਆਈ ਏਸ ਕੁਣਸਾਂਕੱਢੂ ਚੇਤਨਾ ਨੇ ਸਿੱਖ ਸਾਹਿਤ ਵਿੱਚੋਂ ਨਿਰਮੂਲਤਾ ਛੱਡਣ, ਭਰਮ ਭਾਵ ਸਾਫ ਕਰਨ ਤੇ ਅਸਲੀਅਤ ਪ੍ਰਕਾਸ਼ਨ ਦੇ ਯਤਨ ਆਰੰਭ ਦਿੱਤੇ ਹਨ।

ਏਸ ਦਰਿਸ਼ਟੀ ਤੋਂ ਜ਼ਫ਼ਰਨਾਮਾ ਗੁਰੂ ਗੋਬਿੰਦ ਸਿੰਘ ਦੇ ਨਾਂ ’ਤੇ ਪ੍ਰਸਿੱਧ ਇਤਿਹਾਸਕ ਫਾਰਸੀ ਰਚਨਾ ਨੂੰ ਵਾਚਿਆਂ ਵਿਚਾਰਿਆਂ ਪ੍ਰੋ. ਗੁਰਬਚਨ ਸਿੰਘ ਤਾਲਬ ਦਾ ਇਹ ਤੱਥ ਸੌ ਪੈਸੇ ਦਰੁਸਤ ਹੈ, ਕਿ ਜ਼ਫ਼ਰਨਾਮਾ ਉਹ ਖਤ ਨਹੀਂ, ਜੋ ਕਿਹਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਲਿਖ ਕੇ ਭਾਈ ਦਇਆ ਸਿੰਘ ਦੇ ਹੱਥ ਔਰੰਗਜ਼ੇਬ ਨੂੰ ਭੇਜਿਆ ਸੀ।

ਉਂਞ ਵੀ ਸਾਹਿਤਕ ਰੂਪ ਪੱਖੋਂ ਏਸ ਜ਼ਫ਼ਰਨਾਮੇ ਦੇ ਪਲਾਟ ਨੂੰ ਵੇਖਿਆ ਜਾਵੇ ਤਾਂ ਇਹ ਖ਼ਤ ਨਹੀਂ। ਇਹ ਨਾ ਤਾਂ ਸ਼ੁਰੂ ਹੋਣ ਲੱਗਿਆ (ਖ਼ਤ ਲਿਖਤ ਦੇ ਲਿਹਾਜ਼ ਨਾਲ਼) ਕਿਸੇ ਨੂੰ ਸੰਬੋਧਤ ਹੈ ਤੇ ਨਾ ਮੁੱਕਣ ਲੱਗਿਆ ਇਸਦਾ ਕੋਈ ਸੰਬੋਧਕਾਰ। ਏਸ ਰਚਨਾ ਦਾ ਪਲਾਟ ਇੱਕ ਦੂਸਰੇ ਵੱਲੋਂ ਕਲਪਤ ਖ਼ਤ ਲਿਖੇ ਲਿਖਵਾਏ ਮਿਲਦੇ ਹਨ। ਉਸੇ ਤਰ੍ਹਾਂ ਇਹ ਦਾਸਤਾਂ ਵੀ ਦੋ ਵਿਰੋਧਾਂ ਵਿੱਚੋਂ ਇੱਕ ਵਿਰੋਧ ਦੀ ਕਲਪਤ ਵਾਰਤਾ ਵਾਲ਼ੀ ਕਵਿਤਾ ਹੈ।

ਏਸ ਕਰਕੇ ਹੀ ਏਸ ਦੇ ਕਰਤਾ ਨੇ ਏਸ ਨੂੰ ‘ਖ਼ਤ ਨਹੀਂ, ਦਾਸਤਾਂ ਲਿਖਿਆ ਹੈ। ਜੇ ਇਹ ‘ਖ਼ਤ’ ਹੁੰਦਾ ਤਾਂ ਖ਼ਤ ਹੀ ਲਿਖਿਆ ਜਾਂਦਾ, ਦਾਸਤਾਂ ਨਹੀਂ ਹਾਲਾਂਕਿ ਖ਼ਤ ਵੀ ਫਾਰਸੀ ਸ਼ਬਦ ਹੈ ਤੇ ਇਹ ਹੈ ਵੀ ਦਾਸਤਾਂ ਜਿਸ ਦਾ ਅਰਥ ਹੈ, ਕਹਾਣੀ, ਵਾਰਤਾ, ਕਿੱਸਾ ਆਦਿ। ਜਦ ਲਿਖਣ ਵਾਲ਼ਾ ਇਸ ਨੂੰ ਦਾਸਤਾਂ ਲਿਖਦਾ ਹੈ ਤਾਂ ਸਾਡਾ ਏਸ ਨੂੰ ਖ਼ਤ ਆਖਣਾ ਜਾਂ ਸਮਝਣਾ ਸਾਡੀ ਕਮ-ਅਕਲੀ ਹੈ। ਮੂਲ ਰੂਪ ਵਿੱਚ ਇਹ ਮੁਗਲ ਰਾਜ ਵੱਲੋਂ ਗੁਰੂ ਸਾਹਿਬ ਨਾਲ਼ ਕੀਤੇ ਗਏ ਜ਼ੁਲਮੀ ਵਿਵਹਾਰ ਦੀ ਦਾਸਤਾਂ ਹੈ ਕਿੱਸਾ ਹੈ।

ਪਰ ਕਿਉਂਕਿ ਏਸ ਦੀ ਸਾਰੀ ਲਿਖਤ ਵਾਰਤਾਲਾਪ ਤਰਜ਼ ਦੀ ਹੈ ਜਿਸ ਵਿੱਚ ਗੁਰੂ ਸਾਹਿਬ ਤੋਂ ਇੱਕ ਪਾਤਰੀ ਵਾਰਤਾਲਾਪ ਕਰਵਾਇਆ ਗਿਆ ਹੈ। ਜਿਸ ਕਰਕੇ ਸਧਾਰਨ ਬੁੱਧੀ ਨੂੰ ਤੇ ਖਾਸ ਕਰ ਅੰਧ-ਵਿਸ਼ਵਾਸ ਨੂੰ ਏਸ ਦੇ ਗੁਰੂ ਸਾਹਿਬ ਵੱਲੋਂ ਔਰੰਗਜ਼ੇਬ ਨੂੰ ਲਿਖੀ ਲਿਖਤ ਦਾ ਟਪਲਾ ਲੱਗਦਾ ਹੈ। ਸਿੱਖ ਰੈਫਰੈਂਸ ਲਾਇਬਰੇਰੀ, ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਦਸਮ ਗਰੰਥ ਦੇ ਇੱਕ ਹੱਥ ਲਿਖਤ ਖਰੜੇ ਵਿੱਚ ਏਸ ਨੂੰ ਜ਼ਫਰਨਾਮਾ ਬਤਰਫ ਆਲਮਗਪਰ ਨਾਮਾ ਨਵਿਸ਼ਤਾ ਲਿਖਿਆ ਵੀ ਵੇਖਿਆ ਗਿਆ ਹੈ। ਮੱਧ ਕਾਲ ਸਮੇਂ ਫਾਰਸੀ ਵਿੱਚ ਸ਼ਾਹਨਾਮੇ, ਸਪਾਸਨਾਮੇ, ਫਤਿਹਨਾਮੇ ਤੇ ਜ਼ਫਰਨਾਮੇ ਲਿਖਣ ਦਾ ਬਹੁਤ ਰਵਾਜ ਸੀ। ਕਿਸੇ ਵਿਜਈ ਲੜਾੜੀ ਦੇ ਵਾਰਤਕ ਜਾਂ ਕਾਵਿਕ ਵਰਨਣ ਨੂੰ ਜ਼ਫਰਨਾਮਾ ਜਾਂ ਫਤਿਹਨਾਮਾ ਤੇ ਪੰਜਾਬੀ ਵਿੱਚ ਵਾਰ ਆਖਿਆ ਜਾਂਦਾ ਸੀ। ਏਸ ਬਚਨ ਨੂੰ ਪ੍ਰਮਾਣਤ ਕਰਨ ਲਈ ਹੇਠ ਲਿਖੇ ਜ਼ਫਰਨਾਮੇ ਪੇਸ਼ ਕੀਤੇ ਜਾਂਦੇ ਹਨ :-

1. ਜ਼ਫਰਨਾਮਾ ਬਹਾਦਰ ਸ਼ਾਹ – ਇਹ ਬਹਾਦਰ ਸ਼ਾਹ ਦੀ ਦਿੱਲੀ ਦਾ ਤਖਤ ਪ੍ਰਾਪਤ ਕਰਨ ਲਈ ਜਿੱਤੀ ਗਈ ਲੜਾਈ ਫਾਰਸੀ ਗਲਪ ਬਿਰਤਾਂਤ ਹੈ।

2. ਜ਼ਫਰਨਾਮਾ ਕਾਬਲ- ਏਸ ਵਿੱਚ ਖਵਾਜਾ ਅਬਦੁਲ ਕਾਸਮ ਅੰਗਰੇਜ਼ਾਂ ਦੇ ਕਾਬਲ ਲੜਾਈ ਜਿੱਤਣ ਦੀ ਲੜਾਈ ਦਾ ਵਰਣਨ ਕੀਤਾ ਹੈ।

3. ਜ਼ਫਰ ਅਲ ਜ਼ਫਰ- ਪ੍ਰਸਿੱਧ ਫਤਿਹਨਾਮਾ ਅੰਗਰੇਜ਼ ਇਹ ਫਰਾਂਸੈ ਕੁਈਨ ਦਾ ਫਾਰਸੀ ਕਵਿਤਾ ਵਿੱਚ ਲਿਖਿਆ ਮਈ 1857 ਵਿੱਚ ਦਿੱਲੀ ਨੂੰ ਬਾਗੀਆਂ ਪਾਸੋਂ ਮੁੜ ਫਤਿਹ ਕਰਨ ਦੀ ਲੜਾਈ ਦਾ ਕਿੱਸਾ ਹੈ।

4. ਜ਼ਫਰਨਾਮਾ ਅਹਿਮਦ ਸ਼ਾਹ ਅਬਦਾਲੀ-ਕਿਰਤ ਅਸ਼ਰਫ ਅਲਦੀਨ ਯੁਜ਼ਦੀ।

5. ਜ਼ਫਰਨਾਮਾ ਜਰਨਲ ਲੇਕ ਸਾਹਿਬ- ਕਿਰਤ ਸ਼ੰਭੂ ਬ੍ਰਾਹਮਣ

6. ਜ਼ਫਰਨਾਮਾ ਰਣਜੀਤ ਸਿੰਘ- ਕਿਰਤ ਘਨੱਈਆ ਲਾਲ

7. ਜ਼ਫਰਨਾਮਾ ਰਣਜੀਤ ਸਿੰਘ- ਕਿਰਤ ਦੀਵਾਨ ਅਮਰ ਨਾਥ

8. ਜ਼ਫਰਨਾਮਾ ਮੁਅਯਨਲ ਮਲਕ- ਮੀਰ ਮੰਨੂੰ ਦੀਆਂ ਲੜਾਈਆਂ ਦੀ ਜਿੱਤ।

9. ਜ਼ਫਰਨਾਮਾ ਖ਼ਾਕਾਨੀ- ਕਿਰਤ ਨਿਜ਼ਾਮ ਸ਼ਾਮੀ, ਖ਼ਾਕਾਨ ਦੀ ਲੜਾਈ ਦੀ ਜਿੱਤ।

(ਬਾਕੀ ਸਫ਼ਾ 19 ’ਤੇ)

## ਸਰੋਕਾਰਾਂ ਦੀ ਆਵਾਜ਼ 6ਵੇਂ ਸਾਲ ’ਚ ਪ੍ਰਵੇਸ਼




‘ਸਰੋਕਾਰਾਂ ਦੀ ਆਵਾਜ਼’ ਪਾਠਕਾਂ ਦੇ ਪਿਆਰ ਅਤੇ ਭਰਪੂਰ ਸਮਰਥਨ ਸਦਕਾ ਸਫ਼ਲਤਾਪੂਰਵਕ 6ਵੇਂ ਸਾਲ ਵਿਚ ਦਾਖਲ ਹੋ ਚੁੱਕਾ ਹੈ। ਅਸੀਂ ਪਾਠਕਾਂ ਦੇ ਪਿਆਰ ਅਤੇ ਸਾਰਥਿਕ ਹੁੰਗਾਰੇ ਲਈ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ। ਅਖ਼ਬਾਰ ਦੇ ਛੇਵੇਂ ਸਾਲ ਵਿਚ ਦਾਖਲ ਹੋਣ ਮੌਕੇ ਐਲਾਨ ਕੀਤਾ ਜਾਂਦਾ ਹੈ ਕਿ ਜਲਦ ਹੀ ਪਾਠਕਾਂ ਲਈ ਇਕ ਵਿਸ਼ੇਸ਼ ਅੰਕ ਕੱਢਿਆ ਜਾਵੇਗਾ ਜਿਸ ਵਿਚ ਪਾਠਕ ਆਪਣੇ ਸੁਝਾਅ, ਸ਼ਿਕਾਇਤਾਂ ਅਤੇ ਟਿੱਪਣੀਆਂ ਭੇਜ ਸਕਦੇ ਹਨ ਜਿਨ੍ਹਾਂ ਨੂੰ ਪ੍ਰਕਾਸ਼ਿਤ ਕਰਨ ਦਾ ਉਪਰਾਲਾ ਕੀਤਾ ਜਾਵੇਗਾ।

- ਸੰਪਾਦਕ



### ਬਾਦਲ ਸਰਕਾਰ ਦੇ ਤਾਨਾਸ਼ਾਹੀ ਵੱਲ ਵਧਦੇ ਕਦਮ

## ਵੇਲਾ ਵਿਹਾ ਚੁੱਕੇ 'ਕਰਮਚਾਰੀ ਕੰਡਕਟ ਰੂਲਾਂ' ਦੀ ਆੜ 'ਚ

# ਸ਼ਹਿਰੀ ਤੇ ਜਮਹੂਰੀ ਹੱਕਾਂ 'ਤੇ ਸੱਜਰੇ ਵਾਰ



**ਯਸ਼ਪਾਲ**
(ਮੋਬਾ. 98145 35005 )

ਪੰਜਾਬ ਦੀ ਅਕਾਲੀ ਭਾਜਪਾ ਗੱਠਜੋੜ ਸਰਕਾਰ ਦੇ ਇੱਕ ਉੱਚ ਸਿੱਖਿਆਂ ਅਧਿਕਾਰੀ, ਡਾਇਰੈਕਟਰ ਜਨਰਲ ਸੈਕੰਡਰੀ ਸਿੱਖਿਆ, ਵੱਲੋਂ ਪਿਛਲੇ ਦਿਨੀਂ ਹੇਠਾਂ ਜਾਰੀ ਕੀਤੇ ਗਏ ਦੋ ਹੁਕਮਾਂ ਨੇ ਸਮੁੱਚੇ ਅਧਿਆਪਕ ਵਰਗ ਅਤੇ ਸੰਘਰਸ਼ਸ਼ੀਲ ਅਧਿਆਪਕ ਜਥੇਬੰਦੀਆਂ ਅੰਦਰ ਇੱਕ ਭਾਰੀ ਖਲਬਲੀ ਤੇ ਹਿਲਜੁਲ ਪੈਦਾ ਕਰ ਦਿੱਤੀ ਹੈ। ਇੱਕ ਪੱਤਰ/ਹੁਕਮ 27 ਨਵੰਬਰ, 2015 ਨੂੰ ਜਾਰੀ ਕੀਤਾ ਗਿਆ ਹੈ ਜੋ ਕਿ ਠੇਕਾ ਭਰਤੀ ਰਾਹੀਂ ਬਹੁਤ ਹੀ ਨਿਗੂਣੀ ਤਨਖਾਹ ਉੱਪਰ ਨਿਯੁਕਤ, ਲਗਾਤਾਰ 11 ਸਾਲਾਂ ਤੋਂ ਸੇਵਾ ਨਿਭਾਅ ਰਹੇ ਉਨ੍ਹਾਂ 'ਸਿੱਖਿਆ ਪ੍ਰੋਵਾਈਡਰਾਂ' ਸੰਬੰਧੀ ਹੈ ਜਿਹੜੇ ਆਪਣੀ ਜਥੇਬੰਦੀ ਦੇ ਸੱਦੇ 'ਤੇ ਪੂਰੀ ਤਨਖਾਹ ਅਤੇ ਰੈਗੂਲਰ ਕਰਨ ਦੀ ਮੰਗ ਨੂੰ ਲੈ ਕੇ ਮੋਹਾਲੀ ਵਿਖੇ ਡੀ.ਜੀ.ਐੱਸ.ਈ. ਦੇ ਦਫਤਰ ਅੱਗੇ ਪੱਕਾ ਧਰਨਾ ਲਾਈ ਬੈਠੇ ਹਨ। ਇਸ ਪੱਤਰ 'ਚ ਉਨ੍ਹਾਂ ਵੱਲੋਂ ਲਾਏ ਗਏ ਧਰਨੇ ਨੂੰ ਅਣਅਧਿਕਾਰਤ ਧਰਨਾ ਕਹਿ ਕੇ ਹੇਠਾਂ ਸਿੱਖਿਆ ਅਧਿਕਾਰੀਆਂ ਤੋਂ ਇਸ ਧਰਨੇ 'ਚ ਸ਼ਾਮਲ ਹੋ ਰਹੇ ਅਧਿਆਪਕ/ਅਧਿਆਪਕਾਵਾਂ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕਰਨ ਲਈ ਉਨ੍ਹਾਂ ਦੀਆਂ ਲਿਸਟਾਂ ਮੰਗੀਆਂ ਗਈਆਂ ਹਨ। ਇਸ ਤੋਂ ਬਿਨਾਂ ਧਰਨੇ 'ਚ ਸ਼ਾਮਲ ਹੋਣ ਲਈ ਉਨ੍ਹਾਂ ਨੂੰ ਛੁੱਟੀ ਨਾ ਦੇਣ ਲਈ ਵੀ ਕਿਹਾ ਗਿਆ ਹੈ। ਦੂਜਾ ਪੱਤਰ/ਹੁਕਮ ਵੀ ਇਸੇ ਤਰਜ਼ 'ਤੇ ਹੀ 30 ਨਵੰਬਰ, 2015 ਨੂੰ ਸਰਵ ਸਿੱਖਿਆ ਅਭਿਆਨ/ਰਮਸਾ ਅਧੀਨ 10-12 ਸਾਲ ਤੋਂ ਠੇਕਾ ਭਰਤੀ ਅਧੀਨ ਕੰਮ ਕਰ ਰਹੇ ਦਫਤਰੀ ਕਰਮਚਾਰੀਆਂ ਨਾਲ਼ ਸੰਬੰਧਤ ਹੈ ਜਿੰਨ੍ਹਾਂ ਵੱਲੋਂ ਆਪਣੀ ਜਥੇਬੰਦੀ ਦੇ ਸੱਦੇ ਉੱਪਰ ਪੂਰੀ ਤਨਖਾਹ ਲੈਣ ਤੇ ਰੈਗੂਲਰ ਕਰਨ ਦੀ ਮੰਗ ਖਾਤਰ ਮੋਹਾਲੀ ਵਿਖੇ 13 ਅਕਤੂਬਰ, 2015 ਨੂੰ ਰੈਲੀ ਕੀਤੀ ਗਈ ਸੀ । ਇਸ ਪੱਤਰ ਦੇ ਨਾਲ਼ ਰੈਲੀ ਦੀਆਂ ਸਾਰੀਆਂ ਫੋਟੋਆਂ ਭੇਜ ਕੇ ਇਸ ਰੈਲੀ ਵਿੱਚ ਸ਼ਾਮਲ ਹੋਣ ਵਾਲੇ ਕਰਮਚਾਰੀਆਂ ਦੀ ਸ਼ਨਾਖਤ ਕਰਕੇ ਰਿਪੋਰਟ/ਲਿਸਟ ਭੇਜਣ ਲਈ ਕਿਹਾ ਗਿਆ ਹੈ।

ਇਸ ਤੋਂ ਬਿਨਾਂ ਅਖਬਾਰਾਂ 'ਚ ਲੱਗੀਆਂ ਖਬਰਾਂ ਮੁਤਾਬਕ ਸਿੱਖਿਆ ਵਿਭਾਗ ਦੇ ਉੱਚ-ਅਧਿਕਾਰੀਆਂ ਵੱਲੋਂ ਸਰਕਾਰ ਦੀਆਂ ਗਲਤ ਨੀਤੀਆਂ ਵਿਰੁੱਧ ਅਖਬਾਰਾਂ 'ਚ ਬਿਆਨ ਦੇਣ ਵਾਲੇ ਕਈ ਅਧਿਆਪਕ ਆਗੂਆਂ ਨੂੰ ਨੋਟਿਸ ਜਾਰੀ ਕਰਕੇ ਉਨ੍ਹਾਂ ਦੀ ਜਵਾਬ-ਤਲਬੀ ਕੀਤੀ ਗਈ ਹੈ। ਸਰਕਾਰ ਵੱਲੋਂ ਮੁਲਾਜ਼ਮਾਂ ਨੂੰ, ਰਾਜਪਾਲ, ਮੁੱਖ ਮੰਤਰੀ, ਮੰਤਰੀਆਂ ਜਾਂ ਵਧਾਇਕਾਂ ਨੂੰ ਸਿੱਧੇ ਤੌਰ 'ਤੇ ਆਪਣੀਆਂ ਸ਼ਿਕਾਇਤਾਂ ਦੇਣ ਤੋਂ ਵੀ ਤਾੜਨਾ ਕੀਤੀ ਗਈ ਹੈ।

ਤਾਜ਼ਾ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਵੱਲੋਂ ਜੋ ਨਵੀਂ ਭਰਤੀ ਕਰਨ ਦੀਆਂ ਖਬਰਾਂ ਲੱਗੀਆਂ ਹਨ ਉਨ੍ਹਾਂ ਭਰਤੀ ਹੋਣ ਵਾਲੇ ਕਰਮਚਾਰੀਆਂ ਨੂੰ ਜਿੱਥੇ ਦੋ ਸਾਲਾਂ ਦੇ ਪਰਖ ਸਮੇਂ ਦੌਰਾਨ ਕੇਵਲ ਮੁਢਲੀ ਤਨਖਾਹ ਤੋਂ ਬਿਨਾਂ ਹੋਰ ਕੁੱਝ ਨਹੀਂ ਮਿਲਣਾ, ਉੱਥੇ ਉਨ੍ਹਾਂ ਦੇ ਨਿਯੁਕਤੀ ਪੱਤਰਾਂ 'ਚ ਕਿਸੇ ਕਿਸਮ ਦਾ ਅੰਦੋਲਨ ਨਾ ਕਰਨ ਦੀ ਵੀ ਸ਼ਰਤ ਲਾਉਣ ਦੀ ਚਰਚਾ ਜੋਰਾਂ ਤੇ ਹੈ । ਇਸ ਦੇ ਨਾਲ਼ ਹੀ ਰੋਸ ਧਰਨੇ ਮੁਜ਼ਾਹਰਿਆਂ 'ਚ ਸਰਕਾਰ ਦੀਆਂ ਨਜ਼ਰਾਂ 'ਚ ਸਮਾਜਿਕ ਅਮਨ ਨੂੰ ਭੰਗ ਕਰਨ ਲਈ ਲੋਕਾਂ ਨੂੰ ਭੜਕਾਉਣ ਵਾਲੇ ਅੰਦੋਲਨਕਾਰੀ ਆਗੂਆਂ ਦੀਆਂ 'ਦਸ ਨੰਬਰੀ ਅਪਰਾਧੀਆਂ ਵਾਂਗ ਥਾਣਿਆਂ 'ਚ ਲਿਸਟਾਂ ਬਣਾ ਕੇ ਰੱਖਣ ਲਈ ਹਦਾਇਤਾਂ ਵੀ ਜਾਰੀ ਕੀਤੀਆਂ ਹਨ।



ਤੇ ਇਹ ਸਾਰੀ ਕਾਰਵਾਈ ਪੰਜਾਬ ਦੇ ਸਰਕਾਰੀ ਕਰਮਚਾਰੀਆਂ ਦੀਆਂ ਸੇਵਾ ਸ਼ਰਤਾਂ ਸੰਬੰਧੀ ਬਣਾਏ ਗਏ 'ਸੇਵਾ ਤੇ ਅਚਰਣ ਨਿਯਮਾਂ' ਤਹਿਤ ਕੀਤੀ ਜਾ ਰਹੀ ਹੈ ਜਿਹੜੇ ਪੰਜਾਬ ਸਿਵਲ ਸਰਵਿਸ ਰੂਲਜ਼ ਜ਼ਿਲਦ 1, ਭਾਗ 2 ਦੇ ਕੰਡਕਟ ਰੂਲਜ਼ 1966, ਪੂਰਕ-23 ਅਧੀਨ ਦਰਜ਼ ਹਨ । ਇਨ੍ਹਾਂ ਹੀ 'ਕੰਡਕਟ ਰੂਲਾਂ' ਦਾ ਹਵਾਲਾ ਦੇ ਕੇ ਇਸ ਤੋਂ ਪਹਿਲਾਂ ਵੀ ਸੰਨ 2012 'ਚ ਤਤਕਾਲੀ ਡੀ. ਜੀ. ਐੱਸ. ਈ. ਸ੍ਰੀ ਪੰਨੂੰ ਵੱਲੋਂ ਵੀ ਅਖਬਾਰਾਂ ਨੂੰ ਜਾਰੀ ਕੀਤੇ ਇੱਕ ਬਿਆਨ 'ਚ ਕਿਹਾ ਗਿਆ ਸੀ ਕਿ ਕੋਈ ਵੀ ਅਧਿਆਪਕ ਬਿਨਾਂ ਸਰਕਾਰ ਦੀ ਪ੍ਰਵਾਨਗੀ ਦੇ ਕੋਈ ਵੀ ਬਿਆਨ ਅਖਬਾਰ 'ਚ ਨਹੀਂ ਛਪਵਾ ਸਕਦਾ, ਕੋਈ ਵੀ ਲੇਖ/ਰਚਨਾ ਨਹੀਂ ਭੇਜ ਸਕਦਾ, ਕੋਈ ਕਿਤਾਬ /ਮੈਗਜ਼ੀਨ ਆਦਿ ਨਹੀਂ ਛਪਵਾ ਸਕਦਾ ਕਿਉਂਕਿ ਇਉਂ ਕਰਨਾ 'ਕੰਡਕਟ ਰੂਲਜ਼' ਦੀ ਉਲੰਘਣਾ ਬਣਦੀ ਹੈ।"

**-ਤਾਨਾਸ਼ਾਹੀ-ਫ਼ੁਰਮਾਨ ਨੇ ਰੋਹ ਦੇ ਭਾਂਬੜ ਬਾਲੇ** : ਜਾਰੀ ਕੀਤੇ, ਸਰਕਾਰ ਦੇ ਇਨ੍ਹਾਂ ਤਾਨਾਸ਼ਾਹੀ ਫ਼ੁਰਮਾਨਾਂ ਨਾਲ਼ ਸਿੱਧੇ ਤੌਰ ਤੇ ਪ੍ਰਭਾਵਿਤ ਜਥੇਬੰਦੀਆਂ ਵੱਲੋਂ ਹੋਰਨਾਂ ਅਧਿਆਪਕ/ਮੁਲਾਜ਼ਮ ਜਥੇਬੰਦੀਆਂ ਵੱਲੋਂ ਜਮਹੂਰੀ ਹਲਕਿਆਂ ਵੱਲੋਂ ਅਤੇ ਪਿਛਲੇ ਕੁੱਝ ਸਮੇਂ ਤੋਂ ਸਰਗਰਮ, ਠੇਕਾਂ ਆਧਾਰਿਤ ਜਥੇਬੰਦੀਆਂ ਸਮੇਤ 22 ਅਧਿਆਪਕ ਜਥੇਬੰਦੀਆਂ 'ਤੇ ਆਧਾਰਤ ਸਾਂਝਾ ਅਧਿਆਪਕ ਮੋਰਚਾ, ਪੰਜਾਬ' ਵੱਲੋਂ ਉਕਤ ਤਾਨਾਸ਼ਾਹੀ ਫ਼ੁਰਮਾਨਾਂ ਨੂੰ ਆਪਣੀਆਂ ਜ਼ਾਇਜ਼ ਮੰਗਾਂ ਲਈ ਸਾਂਤਮਈ ਧਰਨਿਆਂ/ਮੁਜ਼ਾਹਰਿਆਂ ਰਾਹੀਂ ਸੰਘਰਸ਼ ਕਰਨ ਦੇ ਸੰਵਿਧਾਨਕ ਤੇ ਜਮਹੂਰੀ ਹੱਕਾਂ ਉੱਪਰ ਮਾਰਿਆ ਛਾਪਾ ਤੇ ਕੀਤਾ ਹਮਲਾ ਮੰਨ ਕੇ, ਜ਼ੋਰਦਾਰ ਵਿਰੋਧ ਆਵਾਜ਼ ਬੁਲੰਦ ਕੀਤੀ ਹੈ । 'ਸਾਂਝਾ ਅਧਿਆਪਕ ਮੋਰਚਾ, ਪੰਜਾਬ' ਵੱਲੋਂ ਪੰਜਾਬ ਭਰ ਅੰਦਰ 8 ਦਿਸੰਬਰ ਨੂੰ ਸਮੂਹ ਜ਼ਿਲ੍ਹਾ ਪੱਧਰਾਂ ਉੱਪਰ ਆਪਣੀਆਂ ਹੋਰ ਮੰਗਾਂ ਸੰਬੰਧੀ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਦੇਣ ਦੇ ਉਲੀਕੇ ਗਏ ਪਹਿਲੇ ਪ੍ਰੋਗਰਾਮ ਨੂੰ ਲਾਗੂ ਕਰਨ ਤੋਂ ਪਹਿਲਾਂ ਉਕਤ ਤਾਨਾਸ਼ਾਹੀ ਫ਼ੁਰਮਾਨਾਂ ਦੀਆਂ ਕਾਪੀਆਂ ਨੂੰ ਅਗਨਭੇਂਟ ਕਰਕੇ ਆਪਣੇ ਰੋਸ ਦਾ ਪ੍ਰਗਟਾਵਾ ਕੀਤਾ ।

ਇਹ ਵੀ ਨਹੀਂ ਕਿ ਮੌਜੂਦਾ ਬਾਦਲ ਸਰਕਾਰ ਅਤੇ ਪਹਿਲੀਆਂ ਵੱਖ-ਵੱਖ ਵੰਨਗੀ ਦੀਆਂ ਹਾਕਮ ਪਾਰਟੀਆਂ ਦੀਆਂ ਸਰਕਾਰਾਂ ਨੂੰ ਮੁਲਾਜ਼ਮਾਂ ਦੇ ਯੂਨੀਅਨ ਬਣਾ ਕੇ ਸੰਘਰਸ਼ ਕਰਨ ਦੇ ਸੰਵਿਧਾਨਕ ਤੇ ਜਮਹੂਰੀ ਹੱਕਾਂ ਨੂੰ ਕੁਚਲਣ ਲਈ ਹਮੇਸ਼ਾ ਇਨ੍ਹਾਂ 'ਕੰਡਕਟ ਰੂਲਾਂ' ਦੀ ਹੀ ਆੜ ਲੈਣੀ ਪਈ ਹੋਵੇ । ਸਮੇਤ ਹੋਰਨਾਂ ਮੁਲਾਜ਼ਮ ਤਬਕਿਆਂ ਦੇ ਅਧਿਆਪਕਾਂ, ਬਿਜਲੀ ਕਾਮਿਆਂ, ਨਰਸਾਂ, ਪੁਲਸ ਕਰਚਾਰੀਆਂ, ਰੇਲਵੇ ਕਰਮਚਾਰੀਆਂ ਦੇ ਧਰਨਿਆਂ ਮੁਜ਼ਾਰਿਆਂ ਤੇ ਹੜਤਾਲਾਂ ਨੂੰ ਗੈਰ-ਕਾਨੂੰਨੀ ਕਰਾਰ ਦੇਣਾ, ਅਮਨ ਪੂਰਵਕ ਧਰਨੇ ਮੁਜ਼ਾਹਰਿਆਂ ਉੱਪਰ ਪੁਲਿਸ ਲਾਠੀਚਾਰਜ ਕਰਨਾ, ਪਾਣੀ ਦੀਆ ਵੁਛਾੜਾਂ ਮਾਰਨੀਆਂ, ਅੱਥਰੂ-ਗੈਸ ਦੇ ਗੋਲੇ ਦਾਗਣੇ, ਗ੍ਰਿਫਤਾਰੀਆਂ ਕਰਕੇ ਜ਼ੇਲ੍ਹੀਂ ਤਾੜਨਾ, ਝੂਠੇ ਕੇਸ ਦਰਜ ਕਰਨੇ, ਆਗੂਆਂ ਦੀਆਂ ਬਦਲੀਆਂ, ਮੁਅੱਤਲੀਆਂ, ਬਰਤਰਫ਼ੀਆਂ






SARO KARAN DI AWAZ

**Publisher**
Pro-Perple Arts Project Media
Group 29 Mapleview Ave,
Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Guelph,
(Ontario)
226-979-5688
deephsingh@gmail.com

**Literary Advisor**
Gurbachan Singh Brar
Calgary (NE) Alberta
403-470-2628
brargurbachan@yahoo.ca

**Advisory Board**

**Narbhinder Singh (India)**
935-443-0211

**Buta Singh Nawan Shahr (India)**
946-347-4342
atoozed@gmail.com

**Jaswant Zirakh (India)**
98151-69825
jaswantzirakh@gmail.com

**Harnek Dhaliwal, Winnipeg**
(Manitoba)
204-488-6960

**Parshotam Dosanjh, Surrey (BC)**
1-604-512-8371

**Sukhdev Singh Sandhu (Toronto)**

**Master Balbir Singh Gill (Toronto)**

**Jaspreet Dhaliwal (Toronto)**

**Harjit Bedi (Ontario)**
647-924-9087

**Baljinder Singh**
Graphic Desinger
+91-98782-29598,
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

ਕਰਨੀਆਂ, ਪੰਜਾਬ ਦੀ ਰਾਜਧਾਨੀ ਕਹੇ ਜਾਣ ਵਾਲੇ ਸ਼ਹਿਰ 'ਚੰਡੀਗੜ੍ਹ' ਤੋਂ ਲੈ ਕੇ ਮੌਜੂਦਾ ਹਾਕਮ ਪਾਰਟੀ ਦੇ ਚੋਣ ਹਲਕੇ, ਬਠਿੰਡਾ, ਲੰਬੀ, ਗਿੱਦੜਬਾਹਾ ਤੱਕ ਦੇ ਸ਼ਹਿਰਾਂ/ਕਸਬਿਆਂ ਅੰਦਰ ਅਣ-ਐਲਾਨੀ ਐਮਰਜੈਂਸੀ ਲਾ ਕੇ ਧਰਨਾਕਾਰੀਆਂ ਤੇ ਮੁਜ਼ਾਹਰਾਕਾਰੀਆਂ ਨੂੰ ਵੜਨ ਤੋਂ ਰੋਕਣਾ ਤੇ ਪੁਲਸੀ ਜ਼ਬਰ ਢਾਹੁਣਾ, ਸ਼ਾਮਲ ਔਰਤਾਂ ਨੂੰ ਗੁੱਤੋਂ ਫੜ ਕੇ ਘੜੀਸਣਾ, ਆਪਣੇ ਗੁੰਡਾ ਬਿਗ੍ਰੇਡਾਂ ਨੂੰ ਇਸ ਕੰਮ ਲਈ ਸ਼ਿਸ਼ਕਰਨਾ ਇਹ ਹਾਕਮ ਪਾਰਟੀਆਂ ਦਾ ਆਮ ਕਿਰਦਾਰ ਤੇ ਅਮਲ ਬਣ ਚੁੱਕਿਆ ਹੈ। ਪਿਛਲੇ ਲੰਬੇ ਸਮੇਂ ਤੋਂ ਕਾਂਗਰਸ ਸਰਕਾਰ ਸਮੇਂ ਵੀ ਤੇ ਮੌਜੂਦਾ ਅਕਾਲੀ-ਭਾਜਪਾ ਗੱਠ-ਜੋੜ ਸਰਕਾਰ ਦੇ 9 ਸਾਲਾਂ ਦੇ ਅਰਸੇ ਦੌਰਾਨ ਵੀ ਸਿੱਖਿਆ, ਸਿਹਤ, ਟਰਾਂਸਪੋਰਟ, ਪਸ਼ੂ-ਪਾਲਣ ਤੇ ਹੋਰ ਵਿਭਾਗਾਂ ਅੰਦਰ ਠੇਕਾ ਭਰਤੀ ਰਾਹੀਂ ਨਿਗੂਣੀ ਤਨਖ਼ਾਹ ਤੇ ਨਿਯੁਕਤ ਹੋਏ ਕਰਮਚਾਰੀਆਂ ਨੇ ਪੂਰੀ ਤਨਖ਼ਾਹ ਤੇ ਰੈਗੂਲਰ ਹੋਣ ਲਈ ਅਤੇ ਟਰੇਂਡ ਬੇਰੁਜ਼ਗਾਰਾਂ ਨੇ ਨੌਕਰੀ ਲੈਣ ਖ਼ਾਤਰ ਕੀਤੇ ਸੰਘਰਸ਼ਾਂ ਦੌਰਾਨ ਇਹ ਜ਼ਬਰ-ਜ਼ੁਲਮ ਆਪਣੇ ਪਿੰਡਿਆਂ 'ਤੇ ਹੰਡਾਇਆ ਹੈ ਤੇ ਹੰਡਾ ਰਹੇ ਹਨ। ਪਿਛਲੇ ਦਿਨੀਂ ਬਾਦਲ ਸਰਕਾਰ ਵੱਲੋਂ 'ਨਿੱਜੀ ਤੇ ਜਨਤਕ ਜਾਇਦਾਦ ਨੁਕਸਾਨ ਰੋਕੂ ਕਾਨੂੰਨ,2014 ਨੂੰ ਮੁੜ ਪਾਸ ਕਰਕੇ ਲਾਗੂ ਕਰਨ ਨਾਲ਼ ਇਸ ਜ਼ਬਰ ਨੂੰ ਕਾਨੂੰਨੀ ਰੁਤਬਾ ਦੇ ਦਿੱਤਾ ਗਿਆ ਹੈ। ਜਿਸ ਦੇ ਵਿਰੋਧ 'ਚ ਪੰਜਾਬ ਦੀਆਂ ਕਿਸਾਨਾਂ-ਮਜ਼ਦੂਰਾਂ, ਮੁਲਾਜ਼ਮਾਂ, ਵਿਦਿਆਰਥੀਆਂ , ਨੌਜਵਾਨਾਂ ਦੀਆਂ 42 ਜਨਤਕ ਜਥੇਬੰਦੀਆਂ ਆਧਾਰਤ ਉਸਾਰੇ ਗਏ ਸਾਂਝੇ ਮੋਰਚੇ ਵੱਲੋਂ 10 ਦਸੰਬਰ ਦੇ 'ਮਨੁੱਖੀ ਅਧਿਕਾਰ ਦਿਵਸ' ਤੋਂ ਵਿਰੋਧ ਸਰਗਰਮੀਆਂ ਦਾ ਬਿਗਲ ਵਜਾ ਦਿੱਤਾ ਹੈ ਜਿਸ ਦਿਨ ਇਸ ਕਾਲ਼ੇ ਕਾਨੂੰਨ ਵਿਰੁੱਧ ਪੰਜਾਬ ਭਰ ਅੰਦਰ ਹਜ਼ਾਰਾਂ ਦੀ ਗਿਣਤੀ 'ਚ ਲੋਕਾਂ ਨੇ ਇਕੱਠੇ ਹੋਏ ਪੰਜਾਬ ਸਰਕਾਰ ਤੋਂ ਇਸ ਕਾਲ਼ੇ ਕਾਨੂੰਨ ਦੀਆਂ ਅਰਥੀਆਂ ਸਾੜੀਆਂ ।

**ਸਰਕਾਰੀ ਕਰਮਚਾਰੀ 'ਕੰਡਕਟ ਰੂਲਾਂ' ਨੇ ਬਣਾਏ ਦੂਜੇ ਦਰਜ਼ੇ ਦੇ ਨਾਗਰਿਕ** : ਫਿਰ ਵੀ ਜਿੰਨ੍ਹਾਂ ਸੇਵਾ ਤੇ ਆਚਰਣ ਨਿਯਮਾਂ ਦੀ ਆੜ 'ਚ ਤੇ ਜਿਨ੍ਹਾਂ ਦਾ ਡੰਡਾ ਦਿਖਾ ਕੇ, ਮੌਜੂਦਾ ਹਾਕਮ ਸਿੱਖਿਆ ਵਿਭਾਗ ਨਾਲ਼ ਜੁੜੀਆਂ ਜਥੇਬੰਦੀਆਂ 'ਤੇ ਰੋਹ ਅਜ਼ਮਾਕੇ, ਸਮੂਹ ਸੰਘਰਸ਼ਸ਼ੀਲ ਕਰਮਚਾਰੀਆਂ ਦੀ ਜ਼ੁਬਾਨਬੰਦੀ ਕਰਨੀ ਚਾਹੁੰਦੇ ਹਨ, ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਤੇ ਕਦਮਾਂ ਦੀ ਆਲੋਚਨਾ ਕਰਦੀ ਗੈਰਤ ਨਾਲ਼ ਉੱਠੀ ਹਰ ਗਰਦਨ ਨੂੰ ਝੁਕਾਉਣਾ ਚਾਹੁੰਦੇ ਹਨ, ਉਹ ਵੇਲ਼ਾ ਵਿਹਾ ਚੁੱਕੇ 'ਕੰਡਕਟ ਰੂਲਜ਼' ਕਿਵੇਂ ਭਾਰਤੀ ਸੰਵਿਧਾਨ ਅੰਦਰ ਹੀ ਦਰਜ਼ ਭਾਰਤ ਦੇ ਹਰ ਨਾਗਰਿਕ ਨੂੰ ਮਿਲੇ ਸ਼ਹਿਰੀ ਤੇ ਜਮਹੂਰੀ ਹੱਕਾਂ ਦੀ ਉਲੰਘਣਾ ਕਰਕੇ ਕਰਮਚਾਰੀਆਂ ਨੂੰ ਉਨ੍ਹਾਂ ਤੋਂ ਵਾਂਝੇ ਕਰਕੇ ਉਨ੍ਹਾਂ ਨੂੰ ਦੂਜੇ ਦਰਜ਼ੇ ਦੇ ਨਾਗਰਿਕ ਬਣਾ ਧਰਦੇ ਹਨ-ਇਸ ਪੱਖੋਂ ਇਨ੍ਹਾਂ 'ਕੰਡਕਟ ਰੂਲਾਂ ' ਦੀ ਨਜ਼ਰਸਾਨੀ ਕਰਨੀ ਜ਼ਰੂਰੀ ਬਣ ਜਾਂਦੀ ਹੈ ਤਾਂ ਜੋ ਸਮਝਿਆ ਜਾ ਸਕੇ ਕਿ ਜੇ ਹਾਕਮ ਇਨ੍ਹਾਂ ਦੇ ਪੱਤਰੇ ਖੋਲ੍ਹਣ 'ਚ ਸਫ਼ਲ ਹੋ ਜਾਂਦੇ ਹਨ ਤਾਂ ਅਧਿਆਪਕ ਸ਼ਹਿਰ ਤੇ ਸਮੁੱਚੀ ਮੁਲਾਜ਼ਮ ਲਹਿਰ ਲਈ ਕਿੰਨੇ ਗੰਭੀਰ ਤੇ ਖ਼ਤਰਨਾਕ ਸਿੱਟੇ ਨਿਕਲ ਸਕਦੇ ਹਨ ।

ਸਭ ਤੋਂ ਪਹਿਲੀ ਗੱਲ ਇਹ ਕਿ ਜ਼ੋ ਕੰਡਕਟ ਰੂਲਜ਼ ਲਾਗੂ ਹਨ, ਉਹ ਲਗਭਗ ਉਹੋ ਹੀ ਹਨ ਤੇ ਉਨ੍ਹਾਂ ਲੀਹਾਂ ਤੇ ਹਨ, ਜਿਹੜੇ 1947 ਤੋਂ ਪਹਿਲਾਂ ਬਰਤਾਨਵੀ ਹਾਕਮਾਂ ਵੱਲੋਂ ਸਨਅਤੀ ਤੇ ਵਪਾਰਕ ਅਦਾਰਿਆਂ ਅੰਦਰ ਭਰਤੀ ਕਲਰਕਾਂ ਲਈ ਬਣਾਏ ਗਏ ਸਨ ਜਿਨ੍ਹਾਂ ਰਾਹੀਂ ਉਨ੍ਹਾਂ ਨੇ ਆਪਣੇ ਬਸਤੀਵਾਦੀ ਰਾਜ ਨੂੰ ਕਾਇਮ ਰੱਖਣ ਦੇ ਮਨਸੂਬਿਆਂ ਦੀ ਪੂਰਤੀ ਲਈ ਸਰਕਾਰੀ ਕਰਮਚਾਰੀਆਂ ਨੂੰ ਮੁਲਕ ਦੀ ਸਮਾਜੀ-ਸਿਆਸੀ ਜ਼ਿੰਦਗੀ ਅੰਦਰ ਹੋਣ ਵਾਲੀਆਂ ਸਭਨਾਂ ਸਰਗਰਮੀਆਂ ਵਿੱਚ ਹਿੱਸਾ ਲੈਣ ਤੋਂ ਵਰਜਿਤ ਕੀਤਾ ਹੋਇਆ ਸੀ ਤੇ ਅੱਜ ਵੀ ਭਾਰਤ ਦੇ ਜਮਹੂਰੀ ਸੰਵਿਧਾਨ ਦੇ ਲਾਗੂ ਹੋਣ ਅਤੇ ਇਸ ਅੰਦਰ ਮੌਲਿਕ ਅਧਿਕਾਰਾਂ ਨੂੰ ਦਰਜ਼ ਕਰਨ ਤੋਂ 65 ਸਾਲਾਂ ਬਾਅਦ ਵੀ ਉਸੇ ਹੀ ਗੁਲਾਮਾਨਾਂ ਜ਼ਹਿਨੀਅਤ ਵਾਲ਼ੇ ਬਰਤਾਨਵੀ ਰਾਜ ਵਾਲੇ 'ਸੇਵਾ ਤੇ ਆਚਰਣ ਨਿਯਮ ਲਾਗੂ ਹਨ ਕਿਉਂਕਿ ਮੌਜੂਦਾ ਸਰਕਾਰਾਂ ਵੱਲੋਂ ਵੀ ਤੱਤ ਰੂਪ 'ਚ ਧਨਾਢ ਜਮਾਤਾਂ ਦਾ ਰਾਜ ਕਾਇਮ ਰੱਖਣ ਲਈ ਉਹੋ ਕਾਇਦੇ-ਕਾਨੂੰਨ ਹੀ ਰਾਸ ਆ ਸਕਦੇ ਹਨ । ਵਿਸ਼ੇਸ ਤੌਰ ਤੇ ਅਜੋਕੀ ਸਾਮਰਾਜੀ ਵਿਸ਼ਵੀਕਰਨ ਦੀ ਨੀਤੀ ਅਧੀਨ ਲਾਗੂ ਕੀਤੇ ਜਾ ਰਹੇ ਨਵ-ਉਦਾਰਵਾਦੀ ਕਾਰਪੋਰੇਟ ਵਿਕਾਸ ਮਾਡਲ' ਲਈ ਇਨ੍ਹਾਂ ਸਰਕਾਰਾਂ ਨੂੰ ਇਨ੍ਹਾਂ ਦੀ ਲੋੜ ਹੋਰ ਵੀ ਵਧੇਰੇ ਲਾਜ਼ਮੀ ਜਾਪ ਰਹੀ ਹੈ । ਇਹ ਵਿਕਾਸ ਮਾਡਲ ਜਿਹੜਾ ਮੁਲਕ ਦੀ ਜੀ.ਡੀ.ਪੀ. ਵਾਧੇ ਨਾਲ਼ ਜੁੜਿਆਂ ਮਾਡਲ ਹੈ, ਜਿਸ ਅੰਦਰ ਜਿਉਂ-ਜਿਉਂ ਜੀ.ਡੀ.ਪੀ. ਵਧਦੀ ਹੈ ਤਿਉਂ-ਤਿਉਂ ਰੁਜ਼ਗਾਰ ਦੇ ਮੌਕੇ ਸੁੰਗੜਦੇ ਹਨ, ਰੁਜ਼ਗਾਰ ਖ਼ੁੱਸਣ ਦਾ ਖ਼ਤਰਾ ਵਧਦਾ ਹੈ, ਅਮੀਰੀ-ਗਰੀਬੀ ਦਾ ਪਾੜਾ ਹੋਰ ਵਧਦਾ ਹੈ, ਪਹਿਲਾਂ ਮਿਲ ਰਹੀ ਸਮਾਜਿਕ ਸੁਰੱਖਿਆ (ਪੈਨਸ਼ਨ ਆਦਿ ਦੇ ਰੂਪ ਵਿੱਚ) ਦਾਅ ਤੇ ਲਗਦੀ ਹੈ, ਲੋਕ ਆਪਣੀ ਭਾਸ਼ਾ, ਸੱਭਿਆਚਾਰ ਤੇ ਰਹਿਤਲ ਨਾਲੋਂ ਟੁੱਟਦੇ ਜਾਂਦੇ ਹਨ, ਕੁਦਰਤੀ ਸਰੋਤਾਂ ਦੀ ਤਬਾਹੀ ਨਾਲ਼ ਭਵਿੱਖਤ ਪੀੜੀਆਂ ਲਈ ਖ਼ਤਰਾ ਵਧਦਾ ਜਾਂਦਾ ਹੈ ਅਤੇ ਸਭ ਤੋਂ ਖ਼ਤਰਨਾਕ ਇਸ ਵਿਕਾਸ ਮਾਡਲ ਨੂੰ ਲਾਗੂ ਕਰਨ ਲਈ ਜ਼ੁਬਾਨਬੰਦੀ ਜ਼ਰੂਰੀ ਬਣਦੀ ਹੈ , ਇਹ ਵਿਕਾਸ ਮਾਡਲ ਜਮਹੂਰੀਅਤ ਦਾ ਗਲ਼ਾ ਘੁੱਟ ਕੇ ਹੀ ਅੱਗੇ ਪੁਲਾਂਘਾਂ ਭਰ ਸਕਦਾ ਹੈ ।

ਭਾਰਤ ਦੇ ਸੰਵਿਧਾਨ ਅੰਦਰ ਭਾਰਤ ਦੇ ਹਰ ਨਾਗਰਿਕ ਲਈ ਕੁੱਝ ਮੌਲਿਕ ਜਾਂ ਮੁੱਢਲੇ ਅਧਿਕਾਰ ਦਿੱਤੇ ਹੋਏ ਹਨ । ਇਹ ਅਧਿਕਾਰ ਸੰਵਿਧਾਨ ਦੀ ਧਾਰਾ 12 ਤੋਂ 35 ਤੱਕ ਦਰਜ਼ ਹਨ । ਇਨ੍ਹਾਂ ਵਿੱਚੋਂ ਧਾਰਾ 19 ਭਾਰਤ ਦੇ ਹਰ ਨਾਗਰਿਕ ਨੂੰ ਸੱਤ ਆਜ਼ਾਦੀਆਂ ਦੀ ਗਾਰੰਟੀ ਦਿੰਦੀਆਂ ਹਨ । ੳ) ਬੋਲਣ ਤੇ ਲਿਖਣ ਤੇ ਆਪਣੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ, ਅ) ਬਿਨ੍ਹਾਂ ਹਥਿਆਰਾਂ ਦੇ ਅਮਨ ਪੂਰਵਕ ਇਕੱਠੇ ਹੋਣ ਦੀ ਆਜ਼ਾਦੀ, ੲ) ਯੂਨੀਅਨ ਜਾਂ ਐਸੋਸੀਏਸ਼ਨਾਂ ਬਨਾਉਣ ਦੀ ਆਜ਼ਾਦੀ, ਸ) ਭਾਰਤ ਭਰ ਵਿੱਚ ਘੁੰਮਣ ਦੀ ਆਜ਼ਾਦੀ, ਹ) ਭਾਰਤ ਵਿੱਚ ਕਿਸੇ ਵੀ ਇਲਾਕੇ ਵਿੱਚ ਰਹਿਣ ਦੀ ਆਜ਼ਾਦੀ, ਕ) ਜਾਇਦਾਦ ਰੱਖਣ ਦੀ ਆਜ਼ਾਦੀ, ਖ)ਕੋਈ ਕਿੱਤਾ ਜਾਂ ਧੰਦਾ ਅਪਨਾਉਣ ਦੀ ਆਜ਼ਾਦੀ ।

ਇਸੇ ਤਰ੍ਹਾਂ ਸੰਵਿਧਾਨ ਦੀਆਂ ਕੁਝ ਹੋਰ ਧਾਰਾਵਾਂ, ਧਾਰਾ 16 (1)-ਹਰ ਨਾਗਰਿਕ ਨੂੰ ਰੁਜ਼ਗਾਰ ਦੇ ਬਰਾਬਰ ਮੌਕੇ ਦਾ ਅਧਿਕਾਰ, ਧਾਰਾ 14- ਕਾਨੂੰਨ ਅੱਗੇ ਸਮਾਨਤਾ ਦਾ ਅਧਿਕਾਰ, ਧਾਰਾ 22(2)-ਬਿਨਾਂ ਵਰੰਟ ਹਿਰਾਸਤ 'ਚ ਨਾ ਰੱਖੇ ਜਾਣ ਦਾ ਅਧਿਕਾਰ , ਆਦਿ ਮੁੱਢਲੇ ਅਧਿਕਾਰ ਮੁਹੱਈਆ ਕਰਦੀਆਂ ਹਨ। ਉਂਵ ਸੰਵਿਧਾਨ ਅੰਦਰ ਹੀ ਅਜਿਹੀਆਂ ਨਾਲ਼ ਲੱਗਵੀਆਂ ਕੁੱਝ ਧਾਰਾਵਾਂ ਮੌਜੂਦ ਹਨ ਜਿਹੜੀਆਂ ਇੱਕ ਹੱਥ ਦਿੱਤੇ ਇਨ੍ਹਾਂ ਮੁਢਲੇ ਅਧਿਕਾਰਾਂ ਨੂੰ ਖੋਹ ਲੈਂਦੀਆਂ ਹਨ ਤੇ ਇਨ੍ਹਾਂ ਨੂੰ ਅਰਥਹੀਣ ਬਣਾ ਦਿੰਦੀਆਂ ਹਨ। ਪਰੰਤੂ ਸਰਕਾਰੀ ਕਰਮਚਾਰੀਆਂ ਲਈ ਸੰਵਿਧਾਨ ਦੀ ਧਾਰਾ 309 ਅਧੀਨ ਬਣਾਏ ਗਏ 'ਸੇਵਾ ਤੋਂ ਆਚਰਣ ਨਿਯਮ' ਹੋਰਨਾਂ ਨਾਗਰਿਕਾਂ ਵਾਂਗ ਭਾਰਤ ਦੇ ਨਾਗਰਿਕ ਹੋਣ ਦਾ ਅਧਿਕਾਰ ਵੀ ਖੋਹ ਲੈਂਦੇ ਹਨ ਕਿਉਂਕਿ ਜੋ ਸ਼ਹਿਰੀ ਤੇ ਜਮਹੂਰੀ ਅਧਿਕਾਰ ਭਾਰਤ ਦੇ ਨਾਗਰਿਕ ਲਈ ਸੰਵਿਧਾਨ 'ਚ ਦਰਜ਼ ਹਨ ਉਨ੍ਹਾਂ ਨੂੰ ਇਨ੍ਹਾਂ 'ਸੇਵਾ ਤੇ ਆਚਰਣ ਨਿਯਮਾਂ' ਦੀਆਂ ਜ਼ੰਜੀਰਾਂ ਨਾਲ਼ ਪਹਿਲਾਂ ਹੀ ਨੂੜ ਦਿੱਤਾ ਗਿਆ ਹੈ ।

ਸਰਕਾਰੀ ਕਰਮਚਾਰੀ ਰਾਜਨੀਤੀ ਤੋਂ ਪਰੇ ਰਹਿਣ : ਇਨ੍ਹਾਂ 'ਕੰਡਕਟ ਰੂਲਾਂ' ਦੀ ਧਾਰਾ 5 (1)- ਅਧੀਨ "ਕੋਈ ਵੀ ਸਰਕਾਰੀ ਕਰਮਚਾਰੀ ਕਿਸੇ ਵੀ ਅਜਿਹੀ ਪਾਰਟੀ ਜਾਂ ਸੰਸਥਾ ਦਾ ਮੈਂਬਰ ਨਹੀਂ ਹੋਵੇਗਾ ਤੇ ਨਾ ਹੀ ਕਿਸੇ ਤਰ੍ਹਾਂ ਉਸ ਨਾਲ਼ ਸੰਬੰਧਤ ਹੋਵੇਗਾ, ਜਿਹੜੀ ਸਿਆਸਤ ਵਿੱਚ ਹਿੱਸਾ ਲੈਂਦੀ ਹੋਵੇ ਅਤੇ ਨਾ ਹੀ ਕਿਸੇ ਸਿਆਸੀ ਲਹਿਰ ਜਾਂ ਸਰਗਰਮੀ ਵਿੱਚ ਹਿੱਸਾ ਲਵੇਗਾ, ਉਸਦੀ ਸਹਾਇਤਾ ਲਈ ਕੋਈ ਚੰਦਾ ਦੇਵੇਗਾ ਜਾਂ ਕਿਸੇ ਵੀ ਹੋਰ ਢੰਗ ਤਰੀਕੇ ਰਾਹੀਂ ਮੱਦਦ ਕਰੇਗਾ" ਤੇ 'ਕੰਡਕਟ ਰੂਲ਼ਜ਼' ਦੀ ਇਹ ਧਾਰਾ ਸੰਵਿਧਾਨ ਦੀ ਧਾਰਾ 19 (1) ਅਧੀਨ ਹਰ ਨਾਗਰਿਕ ਨੂੰ ਦਿੱਤੀ ਬੋਲਣ ਲਿਖਣ ਤੇ ਆਪਣੇ ਵਿਚਾਰ ਪਰਗਟਾਉਣ ਦੀ ਆਜ਼ਾਦੀ ਦੀ ਗਾਰੰਟੀ ਨੂੰ ਖੋਹ ਲੈਂਦੀ ਹੈ ।

ਇੱਥੋਂ ਤੱਕ ਕਿ 'ਕੰਡਕਟ ਰੂਲ਼ਾਂ' ਦੀ ਧਾਰਾ 5 (2) ਅਧੀਨ "ਹਰ ਇੱਕ ਸਰਕਾਰੀ ਕਰਮਚਾਰੀ ਦਾ ਇਹ ਫਰਜ਼ ਹੋਵੇਗਾ ਕਿ ਉਹ ਆਪਣੇ ਪਰਿਵਾਰ ਦੇ ਹਰ ਮੈਂਬਰ ਨੂੰ ਕਿਸੇ ਵੀ ਅਜਿਹੀ ਲਹਿਰ ਜਾਂ ਸਰਗਰਮੀ ਵਿੱਚ ਹਿੱਸਾ ਲੈਣ ਤੇ ਉਸਦੀ ਸਹਾਇਤਾ ਵਜੋਂ ਚੰਦਾ ਦੇਣ ਜਾਂ ਕਿਸੇ ਹੋਰ ਢੰਗ ਰਾਹੀਂ ਮੱਦਦ ਕਰਨ ਤੋਂ ਰੋਕਣ ਦਾ ਯਤਨ ਕਰੇ ਜੋ ਸਰਕਾਰ ਵਿਰੁੱਧ ਹੋਵੇ ਜਾਂ ਅਸਿੱਧੇ ਢੰਗ ਰਾਹੀਂ ਸਰਕਾਰ ਵਿਰੁੱਧ ਜਾਂਦੀ ਹੋਵੇ।" ਇਥੋਂ ਤੱਕ ਹੀ ਨਹੀਂ, ਇਸ ਤੋਂ ਵੀ ਅੱਗੇ ਇਸੇ ਧਾਰਾ ਅਧੀਨ ਸਰਕਾਰੀ ਕਰਮਚਾਰੀ ਦਾ ਇਹ ਵੀ ਫਰਜ਼ ਹੈ ਕਿ ਜੇ ਉਹ ਆਪਣੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਕਿਸੇ ਵੀ ਅਜਿਹੀ ਲਹਿਰ ਜਾਂ ਸਰਗਰਮੀ ਦੀ ਕਿਸੇ ਹੋਰ ਵੀ ਢੰਗ ਨਾਲ਼ ਮੱਦਦ ਕਰਨੋਂ ਰੋਕਣ ਵਿੱਚ ਅਸਮਰਥ ਹੈ ਉਹ ਇਸਦੀ ਇਤਲਾਹ ਸਰਕਾਰ ਨੂੰ ਦੇਵੇਗਾ।" ਭਾਵ ਆਪਣੀ ਵਿਅਕਤੀਗਤ ਆਜ਼ਾਦੀ ਗੁਆਉਣ ਦੇ ਨਾਲ਼ -ਨਾਲ਼ ਆਪਣੇ ਪਰਿਵਾਰ ਦੇ ਮੈਂਬਰਾਂ ਦੀ ਵਿਅਕਤੀਗਤ ਆਜ਼ਾਦੀ 'ਤੇ ਰੋਕ ਲਾਉਣ ਲਈ ਸਰਕਾਰ ਦੀ ਮੁਖ਼ਬਰੀ ਕਰਨਾ ਵੀ ਇਨ੍ਹਾਂ 'ਕੰਡਕਟ ਰੂਲ਼ਾਂ' ਅਧੀਨ ਉਸਦਾ ਫ਼ਰਜ਼ ਹੋਵੇਗਾ ।

ਕੋਈ ਪਾਰਟੀ ਸਿਆਸੀ ਹੈ ਜਾਂ ਨਹੀਂ, ਕੋਈ ਸੰਸਥਾ ਲਹਿਰ ਜਾਂ ਸਰਗਰਮੀ, 5 (1) ਤੇ 5(2) ਦੇ ਘੇਰੇ 'ਚ ਆਉਂਦੀ ਹੈ ਜਾਂ ਨਹੀਂ , ਇਸ ਸੰਬੰਧੀ 'ਕੰਡਕਟ ਰੂਲ਼ਾਂ' ਦੀ ਧਾਰਾ 5 (3) ਅਧੀਨ "ਸਰਕਾਰ ਦਾ ਫ਼ੈਸਲਾ ਅੰਤਿਮ ਹੋਵੇਗਾ।"

ਪਿਛਲੇ ਸਮੇਂ ਦੌਰਾਨ ਤੇ ਅੱਜ ਵੀ, ਆਪਣੀ ਰੋਟੀ-ਰੋਜ਼ੀ ਦੀ ਰਾਖੀ ਲਈ ਤੇ ਆਪਣੀਆਂ ਸੇਵਾ ਹਾਲਤਾਂ ਦੀ ਬਿਹਤਰੀ ਲਈ ਸੰਘਰਸ਼ਸ਼ੀਲ ਮੁਲਾਜ਼ਮ ਜਥੇਬੰਦੀਆਂ ਦੇ ਸੰਘਰਸ਼ ਜ਼ੋ ਹਾਕਮ ਜਮਾਤੀ ਪਾਰਟੀਆਂ ਦੀਆਂ ਸਰਕਾਰਾਂ ਦੇ ਹਿੱਤਾਂ ਨਾਲ਼ ਮੇਲ਼ ਨਹੀ ਖਾਂਦੇ ਤਾਂ ਉਨ੍ਹਾਂ ਨੂੰ ਇਸ ਵਿੱਚ ਜਾਂ ਵਿਰੋਧੀ ਸਿਆਸੀ ਪਾਰਟੀਆਂ ਦੀ 'ਬੂਅ' ਆਉਣ ਲੱਗ ਜਾਂਦੀ ਹੈ ਜਾਂ ਫਿਰ ਨਕਸਲੀਆਂ ਦੀ ਚੁੱਕ ਦਿਸਣ ਲੱਗ ਪੈਂਦੀ ਹੈ।

**ਯੂਨੀਅਨਾਂ, ਧਰਨੇ, ਮੁਜ਼ਾਹਰੇ, ਹੜਤਾਲਾਂ- ਸਿਰਫ਼ ਸਰਕਾਰ ਪੱਖੀ ਹੀ :-**

'ਕੰਡਕਟ ਰੂਲਜ਼' ਦੀ ਧਾਰਾ (6) ਅਧੀਨ "ਕੋਈ ਵੀ ਸਰਕਾਰੀ ਕਰਮਚਾਰੀ ਕਿਸੇ ਵੀ ਅਜਿਹੀ ਸੰਸਥਾ ਜਾਂ ਐਸੋਸੀਏਸ਼ਨ ਵਿੱਚ ਸ਼ਾਮਲ ਨਹੀਂ ਹੋਵੇਗਾ ਅਤੇ ਨਾ ਹੀ ਉਸਦਾ ਮੈਂਬਰ ਬਣੇਗਾ ਜਿਸਦੇ ਉਦੇਸ਼ ਜਾਂ ਜਿਸਦੀਆਂ ਸਰਗਰਮੀਆਂ ਭਾਰਤ ਦੀ ਪ੍ਰਭੂਸੱਤਾ ਤੇ ਆਖੰਡਤਾ ਲਈ ਖ਼ਤਰਾ ਹੋਣ ਜਾਂ ਪਬਲਿਕ ਅਮਨ ਤੇ ਸਦਾਚਾਰ ਲਈ ਖ਼ਤਰਾ ਹੋਣ।" ਅਤੇ ਧਾਰਾ 7(1) ਅਧੀਨ " ਕੋਈ ਵੀ ਸਰਕਾਰੀ ਕਰਮਚਾਰੀ ਕਿਸੇ ਵੀ ਅਜਿਹੇ ਧਰਨੇ ਮੁਜ਼ਾਹਰੇ ਵਿੱਚ ਹਿੱਸਾ ਨਹੀਂ ਲਵੇਗਾ ਜਾਂ ਉਸ ਨਾਲ਼ ਆਪਣੇ ਆਪ ਨੂੰ ਸ਼ਬੰਧਤ ਨਹੀਂ ਕਰੇਗਾ, ਜਿਹੜਾ ਭਾਰਤ ਦੀ ਪ੍ਰਭੂਸੱਤਾ ਤੇ ਆਖੰਡਤਾ ਦੇ ਵਿਰੁੱਧ ਹੋਵੇ, ਰਾਜ ਦੀ ਸੁਰੱਖਿਆ ਤੇ ਵਿਦੇਸ਼ੀ ਮੁਲਕਾਂ ਨਾਲ਼ ਦੋਸਤਾਨਾਂ ਸਬੰਧਾਂ ਦੀ ਤੌਹੀਨ ਕਰਦਾ ਹੋਵੇ, ਕਿਸੇ ਦੀ ਇੱਜ਼ਤ-ਹੱਤਕ ਕਰਦਾ ਹੋਵੇ ਜਾਂ ਕਿਸੇ ਜ਼ੁਰਮ ਲਈ ਉਕਸਾਉਂਦਾ ਹੋਵੇ।" ਤੇ 'ਕੰਡਕਟ ਰੂਲ਼ਜ਼' ਦੀ ਧਾਰਾ 7(2) ਅਧੀਨ "ਕੋਈ ਵੀ ਸਰਕਾਰੀ ਕਰਮਚਾਰੀ ਆਪਣੀ ਨੌਕਰੀ ਸੰਬੰਧੀ ਜਾਂ ਕਿਸੇ ਹੋਰ ਸਰਕਾਰੀ ਕਰਮਚਾਰੀ ਦੀ ਨੌਕਰੀ ਸੰਬੰਧੀ ਕਿਸੇ ਕਿਸਮ ਦੀ ਹੜਤਾਲ ਨਹੀਂ ਕਰੇਗਾ ਤੇ ਨਾ ਹੀ ਕੋਈ ਜੋਰਾ ਜ਼ਬਰੀ ਕਰੇਗਾ ਜਾਂ ਨਾਜਾਇਜ਼ ਦਬਾਅ ਪਾਵੇਗਾ ਅਤੇ ਨਾ ਹੀ ਇਸ ਨਾਲ਼ ਕਿਸੇ ਤਰ੍ਹਾਂ ਸੰਬੰਧਤ ਹੋਵੇਗਾ।

'ਕੰਡਕਟ ਰੂਲ਼ਜ਼' ਦੀਆਂ ਉਕਤ ਧਾਰਾਵਾਂ ਵੀ ਸੰਵਿਧਾਨ ਦੀ ਧਾਰਾ 19 (1) ਅੰਦਰ ਦਰਜ਼ ਹਰ ਨਾਗਰਿਕ ਨੂੰ ਯੂਨੀਅਨ/ ਐਸੋਸੀਏਸ਼ਨ ਬਣਾਉਣ ਦੀ ਅਤੇ 19 (1) (ਅ) ਅਧੀਨ ਬਿਨਾਂ ਹਥਿਆਰਾਂ ਦੇ ਅਮਨ ਪੂਰਵਕ ਇਕੱਠੇ ਹੋਣ ਦੀ ਦਿੱਤੀ ਗਈ ਗਾਰੰਟੀ ਨੂੰ ਸਰਕਾਰੀ ਕਰਮਚਾਰੀਆਂ ਤੋਂ ਖੋਹਦੀਆਂ ਹਨ ।

ਉਂਝ ਪਹਿਲਾਂ ਵੀ ਤੇ ਹੁਣ ਵੀ ਸਭ ਵੰਨਗੀ ਦੀਆਂ ਹਾਕਮ ਪਾਰਟੀਆਂ ਦੀਆਂ ਸਰਕਾਰਾਂ ਵੱਲੋਂ ਕਰਮਚਾਰੀਆਂ ਦੀਆਂ ਮੰਗਾਂ ਖਾਤਰ ਧਰਨਾ ਮਾਰਨ , ਮੁਜ਼ਾਹਰਾ ਕਰਨ ਤੋਂ ਹੜਤਾਲ ਕਰਨ ਸਮੇਂ 'ਪਬਲਿਕ ਅਮਨ ਭੰਗ ਕਰਨ', ਸਰਕਾਰ ਉਲਟਾਉਣ ਜਾਂ ਭੰਗ ਕਰਨ' ਜਾਂ 'ਭੰਨ-ਤੋੜ ਕਰਨ' ਦੇ ਝੂਠੇ ਕੇਸ ਬਣਾਏ ਜਾਂਦੇ ਹਨ । ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਦੀ ਚੀਰ ਫਾੜ ਕਰਦਾ ਕੋਈ ਵੀ ਕਦਮ, ਬਿਆਨ, ਲੇਖ, ਇਸ਼ਤਿਹਾਰ, ਲੀਫਲੈੱਟ ਮੌਕੇ ਦੀ ਸਰਕਾਰ ਵੱਲੋਂ 'ਰਾਜ ਦੀ ਸੁਰੱਖਿਆ' ਅਤੇ 'ਪਬਲਿਕ ਅਮਨ, ਸਦਾਚਾਰ ਤੇ ਮਰਿਆਦਾ ਨੂੰ ਭੰਗ ਕਰਦਾ ਅਤੇ ਕੋਈ ਵੀ ਧਰਨਾ-ਹੋਕਾ, ਰੋਸ ਮੁਜ਼ਾਹਰਾ ਜਾਂ ਹੜਤਾਲ ਦਾ ਕਦਮ 'ਜ਼ੁਰਮ ਲਈ ਉਕਸਾਉਂਦਾ ਗਰਦਾਨਿਆਂ ਜਾ ਸਕਦਾ ਹੈ ਅਤੇ ਐਫ. ਡੀ. ਆਈ. ਦੇ ਨਾਂ ਤੇ ਵਿਦੇਸ਼ੀ ਸਾਮਰਾਜੀ ਸਰਮਾਏ ਰਾਹੀਂ ਬਹੁ-ਕੌਮੀ ਕਾਰਪੋਰੇਸ਼ਨਾਂ ਵੱਲੋਂ ਸਾਡੇ ਮੁਲਕ ਦੀ ਤੇ ਸਾਡੇ ਮੁਲਕ ਦੇ ਲੋਕਾਂ ਦੀ ਕਰਵਾਈ ਜਾ ਰਹੀ ਲੁੱਟ ਵੱਲ , ਕਿਸੇ ਵੱਲੋਂ ਵੀ ਸੇਧੀ ਉਂਗਲ ਸਰਕਾਰ ਦੀਆਂ ਨਜ਼ਰਾਂ 'ਚ ਵਿਦੇਸ਼ੀ ਮੁਲਕਾਂ ਨਾਲ ਦੋਸਤਾਨਾ ਸ਼ੰਬੰਧਾਂ ਵਿਰੁੱਧ ਸੇਧੀ ਲੱਗ ਸਕਦੀ ਹੈ।

ਇਸ ਤੋਂ ਬਿਨਾਂ 'ਸਰਵਿਸ ਰੂਲਜ਼' ਦੀ ਸੋਧ 3.17 (ੲ) (2) ਰਾਹੀਂ ਮੁਜ਼ਾਹਰਾ ਕਰਨ, ਸਮੂਹਿਕ ਛੁੱਟੀ ਲੈਣ ਜਾਂ ਹੜਤਾਲ ਕਰਨ ਵਾਲ਼ਿਆਂ ਦੀ ਸਰਵਿਸ ਵਿੱਚ ਬਰੇਕ ਪਾਉਣ ਦੇ ਕਦਮ ਪੰਜਾਬ ਦੀਆਂ ਇਹਨਾਂ ਹੀ ਪਾਰਟੀਆਂ ਦੀਆਂ ਪਹਿਲੀਆਂ ਸਰਕਾਰਾਂ ਵੱਲੋਂ ਪਿਛਲੇ ਸਮਿਆਂ 'ਚ ਪੁੱਟੇ ਜਾਂਦੇ ਰਹੇ ਹਨ, ਜੋ ਕਿ ਜਥੇਬੰਦੀਆਂ ਦੇ ਸੰਘਰਸ਼ਾਂ ਦੇ ਦਬਾਅ ਹੇਠ ਵਾਪਸ ਵੀ ਲੈਣੇ ਪੈਂਦੇ ਰਹੇ ਹਨ ਕਿਉਂਕਿ ਜਦੋਂ ਕਿਤੇ ਵੀ ਸਾਡੀ ਅਧਿਆਪਕ ਲਹਿਰ ਜਾਂ ਮੁਲਾਜ਼ਮ ਲਹਿਰ ਦਾ ਦਬਾਅ ਕਮਜ਼ੋਰ ਪੈਂਦਾ ਰਿਹਾ ਹੈ ਉਦੋਂ ਹੀ ਸਰਕਾਰ ਇਹਨਾਂ 'ਕੰਡਕਟ ਰੂਲ਼ਜ਼' ਦੇ ਪੱਤਰੇ ਖੋਹਲਦੀਆਂ ਰਹੀਆਂ ਹਨ 'ਤੇ ਸਾਡੇ ਪੈਰ ਇਹਨਾਂ ਸੇਵਾ ਨਿਯਮਾਂ ਦੀਆਂ ਜ਼ੰਜੀਰਾਂ ਨਾਲ਼ ਨੂੜਦੀਆਂ ਰਹੀਆਂ ਹਨ ਜਦਕਿ ਹਾਕਮ ਪਾਰਟੀ ਜਾਂ ਸਰਕਾਰ ਦੇ ਪੱਖ 'ਚ ਖਰੂਦ ਪਾਉਣ ਵਾਲੀਆਂ, ਚੋਣਾਂ 'ਚ ਉਨ੍ਹਾਂ ਦੀ ਮਦਦ ਕਰਨ ਦੇ ਹੋਕਰੇ ਦੇਣ ਵਾਲੀਆਂ ਜਥੇਬੰਦੀਆਂ ਨੂੰ ਜਾਂ ਉਹਨਾਂ ਦੇ ਆਂਗੂਆਂ ਨੂੰ ਇਹ 'ਕੰਡਕਟ ਰੂਲ਼ਜ਼' ਕਦੇ ਨਹੀਂ ਵਲਦੇ ।

**ਸਰਕਾਰ ਦੀ ਟੀਕਾ ਟਿੱਪਣੀ ਵਰਜਿਤ** : 'ਕੰਡਕਟ ਰੂਲ਼ਜ਼' ਦੀ ਧਾਰਾ 9 (1) ਅਧੀਨ" ਕੋਈ ਵੀ ਸਰਕਾਰੀ ਕਰਮਚਾਰੀ ਕਿਸੇ ਵੀ ਰੇਡਿਉ ਭਾਸ਼ਣ ਵਿੱਚ ਜਾਂ ਆਪਣੇ ਨਾਮ ਤੇ ਗੁੰਮਨਾਮ ਜਾਂ ਕਿਸੇ ਜਾਅਲੀ ਨਾਂ ਤੇ ਕਿਸੇ ਵੀ ਲਿਖਤ ਜਾਂ ਕਿਸੇ ਵੀ ਪ੍ਰੈੱਸ ਜਾਂ ਪਬਲਿਕ ਬਿਆਨ ਵਿੱਚ ਅਜਿਹੇ ਤੱਥ ਬਾਰੇ ਨਹੀਂ ਬੋਲੇਗਾ ਜਾਂ ਰਾਇ ਨਹੀਂ ਦੇਵੇਗਾ ਜਿਹੜਾ ਭਾਰਤ ਸਰਕਾਰ,ਪੰਜਾਬ ਸਰਕਾਰ ਜਾਂ ਕਿਸੇ ਹੋਰ ਰਾਜ ਦੇ ਕਿਸੇ ਵੀ ਕਦਮ ਜਾਂ ਚਲੰਤ ਨੀਤੀ ਦੀ ਟੀਕਾ-ਟਿੱਪਣੀ ਕਰਦਾ ਹੋਵੇ।" ਜਿਸਦਾ ਅਰਥ ਇਹ ਬਣਦਾ ਹੈ ਕਿ ਜੋ ਅਧਿਕਾਰ ਸੰਵਿਧਾਨ ਦੀ ਧਾਰਾ 19 (1) ਅੰਦਰ ਆਪਣੇ ਵਿਚਾਰ ਪ੍ਰਗਟ ਕਰਨ ਦਾ ਹਰ ਨਾਗਰਿਕ ਨੂੰ ਮਿਲ਼ਿਆ ਹੋਇਆ ਹੈ, ਸਰਕਾਰੀ ਕਰਮਚਾਰੀਆਂ ਨੂੰ ਉਸ ਤੋਂ ਵਾਂਝੇ ਕਰ ਦਿੱਤਾ ਗਿਆ ਹੈ, ਭਾਵੇਂ ਸਰਕਾਰ ਦੀਆਂ ਨੀਤੀਆਂ ਤੇ ਸਰਕਾਰ ਵੱਲੋਂ ਪੁੱਟੇ ਕਦਮ ਉਹਨਾਂ ਲਈ ਕਿੰਨੇ ਵੀ ਮਾਰੂ ਸਾਬਤ ਹੋ ਰਹੇ ਹੋਣ, ਭਾਵੇਂ ਉਹਨਾਂ ਨੂੰ ਮਹੀਨਿਆਂ-ਬੱਧੀ ਤਨਖਾਹ ਵੀ ਨਾ ਮਿਲ ਰਹੀ ਹੋਵੇ, ਉਹਨਾਂ ਦੇ ਕਰੋੜਾਂ ਦੇ ਬਕਾਏ ਸਰਕਾਰਾਂ ਸਾਲਾਂ-ਬੱਧੀ ਦੱਬੀ ਬੈਠੀਆਂ ਹੋਣ, ਡੀ. ਏ. ਦੀਆਂ ਕਿਸ਼ਤਾਂ ਮਾਰੀ ਬੈਠੀ ਹੋਵੇ, ਉਹਨਾਂ ਦੇ ਮੈਡੀਕਲ ਬਿਲ, ਪ੍ਰਾਵੀਡੈਂਟ ਫੰਡ ਬਿਲ,

(**ਬਾਕੀ ਸਫ਼ਾ 29 'ਤੇ**)

# ਇਸਲਾਮਿਕ ਸਟੇਟ ਤਾਨਾਸ਼ਾਹਾਂ ਵਿਰੁੱਧ ਲੋਕ-ਟਾਕਰਾ "ਰੋਜ਼ਾਵਾ ਇਨਕਲਾਬ"

## • ਆਈ. ਐਸ. ਆਈ. ਐਸ. ਦੇ ਕੱਟੜਵਾਦ ਵਿਰੁੱਧ ਰੋਜ਼ਾਵਾ ਦਾ ਬੇਮਿਸਾਲ ਇਨਕਲਾਬ

## • ਸਿਰ.ਫ ਲੋਕ ਹੀ ਫਾਸ਼ਿਸਟ ਦਹਿਸ਼ਤ ਦਾ ਮੁਕਾਬਲਾ ਕਰ ਸਕਦੇ ਹਨ

ਨਰਭਿੰਦਰ
93544-30211

ਦੁਨੀਆ ਨੂੰ ਇਸਲਾਮਿਕ ਦਹਿਸ਼ਤਵਾਦ ਦੇ ਨਾਂ ਹੇਠ ਦਹਿਸ਼ਤਜਦਾ ਕਰਕੇ ਇਕ ਵਿਸ਼ੇਸ਼ ਤਰ੍ਹਾਂ ਦੀ ਮਾਨਸਿਕਤਾ ਉਸਾਰੀ ਜਾ ਰਹੀ ਹੈ। ਉਹ ਇਸਲਾਮਿਕ ਦਹਿਸ਼ਤਵਾਦ ਜਿਹਨੂੰ ਵੱਖ-ਵੱਖ ਨਾਵਾਂ ਹੇਠ ਪਿਛਲੇਰੇ ਦੋ ਤਿੰਨ ਦਹਾਕਿਆਂ ਤੋਂ ਅਮਰੀਕਾ ਅਤੇ ਅਮਰੀਕੀ ਸਹਿਯੋਗੀ ਨਾਟੋ ਦੇ ਮੈਂਬਰ ਦੇਸ਼ ਪਾਲ ਪਲੋਸ ਰਹੇ ਹਨ। ਇਸਲਾਮ ਵਿਚ ਕੱਟੜਵਾਦ ਦਾ ਜਨਮ ਅਮਰੀਕਾ ਨੇ ਅਫ਼ਗਾਨਿਸਤਾਨ ਵਿਚ ਰੂਸ ਹਮਾਇਤੀ ਲੋਕ ਜਮਹੂਰੀ ਸਰਕਾਰ ਦੇ ਗਠਨ ਨਾਲ ਹੀ ਹੋਇਆ ਅਤੇ ਫਿਰ ਲਗਾਤਾਰ ਇਸ ਪੂਰੇ ਖਿੱਤੇ ਵਿਚ ਵਿਸ਼ੇਸ਼ ਢੰਗ ਨਾਲ ਪਿਊਂਦਿਆਂ ਗਿਆ। ਤਾਲਿਬਾਨ ਤੋਂ ਆਈ. ਐਸ. ਆਈ. ਐਸ. ਤੇ ਇਸਲਾਮਿਕ ਰਾਜ ਤੱਕ ਦਾ ਸਫ਼ਰ ਸਾਮਰਾਜੀ ਪੂੰਜੀ ਦੀ ਉਸ ਮੁਹਿੰਮ ਦਾ ਹਿੱਸਾ ਹੈ ਜਿਹੜੀ ਅਮਰੀਕਾ ਨੇ ਦੁਨੀਆ ਦੇ ਕਮਿਊਨਿਸਟਾਂ ਜਾਂ ਕਮਿਊਨਿਸਟ ਇਨਕਲਾਬੀ ਤਾਕਤਾਂ ਵਿਰੁੱਧ ਛੇੜੀ ਹੋਈ ਹੈ। ਅਮਰੀਕਾ ਦੀ ਅਗਵਾਈ ਹੇਠ ਕਾਰਪੋਰੇਟੀ ਵਿਸ਼ਵੀ ਪੂੰਜੀ ਨੂੰ ਦੁਨੀਆ ਦੇ ਵਿਸ਼ਾਲ ਕੁਦਰਤੀ ਸੋਮਿਆਂ ਅਤੇ ਮੰਡੀ ਵਿਚ ਖੁੱਲ੍ਹੀ ਲੁੱਟ ਲਈ ਜੇ ਸਭ ਤੋਂ ਖਤਰਨਾਕ ਤੱਤ ਦਿਸਦੇ ਹਨ ਤਾਂ ਉਹ ਕਮਿਊਨਿਸਟ ਹੀ ਹਨ। ਧਾਰਮਿਕ ਕੱਟੜਵਾਦ ਦਾ ਹਥਿਆਰ ਅਜਿਹਾ ਹੈ ਕਿ ਸਾਮਰਾਜੀ ਪੂੰਜੀ ਦੀ ਉਮਰ ਲੰਬੇਰੀ ਕਰਨ ਵਿਚ ਕਾਰਗਰ ਸਾਬਤ ਹੋ ਰਿਹਾ ਹੈ।

ਧਾਰਮਿਕ ਕੱਟੜਵਾਦ ਜਾਂ ਕਹੋ ਇਸਲਾਮਿਕ ਸਟੇਟ ਵਿਰੁੱਧ ਕੀ ਅੱਜ ਅਮਰੀਕਾ ਲੜ ਰਿਹਾ ਹੈ। ਜਿਹੜਾ ਹਰ ਅੱਤਵਾਦ ਦਹਿਸ਼ਤਗਰਦੀ ਵਿਰੁੱਧ ਲੜਨ ਦੀ ਗੁਰਜ ਚੁੱਕੀ ਫਿਰਦਾ ਹੈ? ਇਸਲਾਮਿਕ ਸਟੇਟ ਦੀ ਦਹਿਸ਼ਤ ਵਿਰੁੱਧ ਤੁਰਕੀ ਤੇ ਸੀਰੀਆ ਦੇ ਲੋਕ ਲੜ ਰਹੇ ਹਨ ਅਤੇ ਵਿਸ਼ੇਸ਼ ਕਰਕੇ ਤੁਰਕੀ ਦੇ ਕੁਰਦਿਸ਼ ਲੋਕਾਂ ਦੀ ਅਗਵਾਈ 'ਚ ਲੜੇ ਜਾ ਰਹੇ ਇਸ ਯੁੱਧ ਦੀ ਅਗਵਾਈ ਕਰਨ ਵਾਲੇ ਤੱਤ ਕਮਿਊਨਿਸਟ ਹਨ। ਜਿਨ੍ਹਾਂ ਨੂੰ ਪੱਛਮੀ ਮੀਡੀਆ ਉਵੇਂ ਹੀ 'ਅੱਤਵਾਦ' ਦੀ ਕਤਾਰ 'ਚ ਰੱਖਦਾ ਹੈ ਜਿਵੇਂ ਇਸਲਾਮਿਕ ਸਟੇਟ ਨੂੰ ਰੱਖਦਾ ਹੈ। ਇਸ ਲੇਖ ਦੀ ਸ਼ੁਰੂਆਤ ਅਸੀਂ 'ਰੋਜ਼ਾਨਾ ਰਿਪੋਰਟਰ' ਵਿਚ ਤੁਰਕੀ ਦੇ ਪੱਤਰਕਾਰ ਔਜ਼ਗਰ ਆਮੇਦ ਨਾਲ ਕੀਤੀ ਇਕ ਮੁਲਾਕਾਤ ਦੇ ਅੰਸ਼ਾਂ ਨਾਲ ਕੀਤੀ ਹੈ ਅਤੇ ਅਖੀਰ ਵਿਚ 'ਸੋਸ਼ਲਿਸਟ ਅਲਾਇਸ' ਵਲੋਂ ਜਾਰੀ ਕੀਤੇ ਇਕ ਪਰਚਾ ਜਿਹਨੂੰ ਦੁਨੀਆ ਦੇ ਨਾਂ ਅਪੀਲ ਕਿਹਾ ਜਾ ਸਕਦਾ ਹੈ-ਦਿੱਤਾ ਹੈ। ਇਸ ਵਿਰੋਧੀ ਲਹਿਰ ਨੂੰ 'ਰੋਜ਼ਾਨਾ ਇਨਕਲਾਬ' ਦਾ ਨਾਂ ਵੀ ਦਿੱਤਾ ਜਾ ਰਿਹਾ ਹੈ। ਰੋਜ਼ਾਨਾ ਇਨਕਲਾਬ ਇਨ੍ਹਾਂ ਧਾਰਮਿਕ ਕੱਟੜਵਾਦਤਾ ਜਾਂ ਇਸਲਾਮਿਕ ਸਟੇਟ ਜਾਂ ਇਸ ਵਰਗੇ ਹੀ ਹੋਰ ਵਰਤਾਰਿਆਂ ਦੇ ਵਿਰੁੱਧ ਵਿਚ ਦੁਨੀਆ ਦੇ ਜਮਹੂਰੀ ਵਿਚਾਰਾਂ ਵਾਲੇ ਲੋਕਾਂ ਲਈ ਇਕ ਪ੍ਰਤੀਕ ਹੈ। ਇਕ ਆਸ ਦੀ ਕਿਰਨ ਹੈ, ਇਕ ਐਸਾ ਤਜਰਬਾ ਹੈ, ਜਿਹੜਾ ਦੁਨੀਆ ਅਤੇ ਵਿਸ਼ੇਸ਼ ਕਰਕੇ ਏਸ਼ੀਆ ਦੇ ਲੋਕਾਂ ਲਈ ਬਹੁਮੁੱਲਾ ਹੈ।

memegenerator.net ਉਤੇ ਇਕ ਪੋਸਟਰ ਹੈ ਜਿਸ ਉਤੇ ਸਵਾਲ ਹੈ, 'ਤੁਸੀਂ ਆਈ. ਐਸ. ਆਈ. ਐਸ. ਬਾਰੇ ਪੁੱਛਿਆ।' ਹੇਠਾਂ ਬੁਸ਼ ਹੱਸਦਾ ਹੈ ਅਤੇ ਨਾਲ ਦੁਨੀਆ ਦੇ ਚੌਧਰੀਆਂ ਦੀ ਚੌਕੜੀ ਬੈਠੀ ਹੈ। ਕਿਲਕਾਰੀ ਵਾਲਾ ਸ਼ੈਤਾਨੀ ਹਾਸਾ ਹੈ। ਹੇਠਾਂ ਲਿਖਿਆ ਹੈ - 'ਇਜ਼ਰਾਇਲ ਅਤੇ ਸੀ.ਆਈ.ਏ. ਨੇ ਇਨ੍ਹਾਂ ਨੂੰ ਇਜਾਦ ਕੀਤਾ ਹੈ।' ਇਹੋ ਹਕੀਕਤ ਹੈ ਜਿਹਨੂੰ ਪੱਤਰਕਾਰ ਉਜ਼ਗੁਰ ਆਮੇਦ ਆਪਣੀ ਮੁਲਾਕਾਤ ਵਿਚ ਨੰਗਾ ਕਰਦਾ ਹੈ। ਪੇਸ਼ ਹਨ ਇਹਦੇ ਕੁਝ ਅੰਸ਼:

**ਭਾਗ ਪਹਿਲਾ**

"......ਇਰਾਕ ਜਾਂ ਸੀਰੀਆ ਵਿਚ ਅਮਰੀਕੀ ਫੌਜੀਆਂ ਦੀ ਲੋੜ ਹੈ ਜਾਂ ਨਹੀਂ, ਇਹ ਸਵਾਲ ਪੁੱਛਣ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ "ਸੀਰੀਆ ਅਤੇ ਇਰਾਕ ਵਿਚ ਅਮਰੀਕੀ ਫੌਜੀਆਂ ਦਾ ਕੀ ਕੰਮ ਹੈ?" ਤੁਸੀਂ ਸਾਰੇ ਜਾਣਦੇ ਹੋ ਕਿ ਸਾਮਰਾਜ ਦੀ ਬਹੁਤ ਪੁਰਾਣੀ ਨੀਤੀ ਹੈ 'ਪਾੜੋ ਅਤੇ ਰਾਜ ਕਰੋ'। ਹੁਣ ਤੱਕ ਇਸ ਇਲਾਕੇ ਵਿਚ ਇਹੋ ਹੀ ਹੁੰਦਾ ਰਿਹਾ ਹੈ, ਜੇ ਅਸੀਂ ਮੱਧ ਪੂਰਬ ਦੀ ਅਮਰੀਕੀ ਨੀਤੀ ਉਤੇ ਗੌਰ ਕਰੀਏ ਤਾਂ ਵੇਖਾਂਗੇ ਕਿ ਉਸ ਨੇ ਇਥੇ ਵੀ ਇਸੇ ਨੀਤੀ ਦਾ ਸਹਾਰਾ ਲਿਆ। ਆਈ. ਐਸ. ਆਈ. ਐਸ. ਵੀ ਇਸੇ ਨੀਤੀ ਦਾ ਹੀ ਸਿੱਟਾ ਹੈ। ਕੋਬਾਨੇ ਵਿਚ ਅਮਰੀਕੀ ਦਖ਼ਲ ਅੰਦਾਜ਼ੀ ਅਤੇ ਦੱਖਣੀ ਕੁਰਦਸਤਾਨ (ਉਤਰੀ ਇਰਾਕ) ਵਿਚ ਆਈ. ਐਸ. ਆਈ.ਐਸ. ਵਲੋਂ ਤੇਲ ਦੇ ਉਤਪਾਦਨੀ ਖੇਤਰਾਂ ਵਿਚ ਕਬਜ਼ਾ-ਇਹ ਦੋਵੇਂ ਘਟਨਾਵਾਂ ਇਕੋ ਸਮੇਂ ਵਾਪਰੀਆਂ। ਪੈਂਗਾਗਨ ਦੇ ਬੁਲਾਰੇ ਐਡਮਿਰਲ ਜਾਹਨ ਕਿਰਬੀ ਦਾ ਬਿਆਨ ਵੇਖੀਏ ਤਾਂ ਬਹੁਤ ਸਾਰੀਆਂ ਗੱਲਾਂ ਸਾਫ਼ ਹੋ ਜਾਂਦੀਆਂ ਹਨ।

ਅਮਰੀਕਾ ਦਾਅਵਾ ਕਰਦਾ ਹੈ ਕਿ ਉਹ ਆਜ਼ਾਦੀ ਲਿਆਵੇਗਾ। ਆਪਣੀ ਜ਼ਿੰਦਗੀ ਦੇ ਸਮੇਂ 'ਚ ਮੈਂ ਅਜਿਹੀ ਖ਼ੂਨੀ ਆਜ਼ਾਦੀ ਨਹੀਂ ਵੇਖੀ। ਇਥੇ ਉਨ੍ਹਾਂ ਫੌਜੀਆਂ ਦੀ ਮੌਜੂਦਗੀ ਦਾ ਮਤਲਬ ਇਹੋ ਹੈ ਕਿ ਜ਼ਿਆਦਾ ਮਾੜੇ ਤੋਂ ਬਚਨ ਲਈ ਉਹ ਘੱਟ ਬੁਰੇ ਨੂੰ ਸਵੀਕਾਰ ਕਰ ਲੈਣ। ਇਨ੍ਹਾਂ ਦੇਸ਼ਾਂ ਦੇ ਕੋਲ ਉਹ ਮਾਨਸਿਕਤਾ ਅਤੇ ਉਹ ਪਿਛੋਕੜ ਪਹਿਲਾਂ ਤੋਂ ਹੀ ਹੈ ਜਿਸ ਨਾਲ ਉਹ ਖੁਦ ਆਪਣੀਆਂ ਅੰਦਰੂਨੀ ਸਮੱਸਿਆਵਾਂ ਦਾ ਹੱਲ ਕਰ ਸਕਦੇ ਹਨ ਪਰ ਹਾਲਤ ਨੂੰ ਐਨਾ ਵਿਗਾੜ ਦਿੱਤਾ ਗਿਆ ਹੈ ਕਿ ਅਤੇ ਅਜਿਹੀ ਅਰਾਜਕਤ ਹਾਲਤ ਪੈਦਾ ਕਰ ਦਿੱਤੀ ਗਈ ਹੈ ਕਿ ਅਮਰੀਕਾ ਖੁਦ ਨੂੰ ਇਕ ਰਾਜਨੀਤਕ ਆਰਥਿਕ ਤਾਕਤ ਦੇ ਰੂਪ ਵਿਚ ਕਰਦਿਆਂ ਇਹ ਵਿਖਾਵਾ ਕਰਦਾ ਹੈ ਕਿ ਉਹਦੇ ਕੋਲ ਹੀ ਸਮੱਸਿਆਵਾਂ ਦਾ ਹੱਲ ਕਰਨ ਦੀ ਸਮਰੱਥਾ ਹੈ। ਇਹ ਆਪਦੇ ਢੰਗ ਦੀ ਤਾਨਾਸ਼ਾਹੀ ਹੈ।

ਇਤਿਹਾਸਕ ਪਿਛੋਕੜ ਵਿਚ ਵੇਖਿਆ ਜਾਵੇ ਤਾਂ ਅਫਗਾਨ ਯੁੱਧ ਬਹੁਤ ਮਹੱਤਵਪੂਰਨ ਹੈ। ਅਮਰੀਕਾ ਨੇ ਉਥੇ ਇਕ ਪ੍ਰਯੋਗ/ਤਜਰਬਾ ਕੀਤਾ ਸੀ। 11 ਸਤੰਬਰ ਦੀ ਘਟਨਾ ਅਤੇ ਇਰਾਕ ਯੁੱਧ ਤੋਂ ਪਿਛੋਂ ਅਫ਼ਗਾਨਿਸਤਾਨ ਉਤੇ ਕਬਜ਼ਾ ਕਰਨ ਦੇ ਨਾਲ ਹੀ ਅਮਰੀਕੀ ਜ਼ਮੀਨ ਦੇ ਅੰਦਰ ਹੀ ਅਮੀਰ ਸੰਪਤੀ ਨੂੰ ਹਥਿਆਉਣ ਵਿਚ ਜੁੱਟ ਗਿਆ ਅਤੇ ਹੋਰਾਂ ਰਾਜਾਂ ਨਾਲ ਉਹਨੇ ਜਿਹੜੇ ਮਹੱਤਵਪੂਰਨ ਸਮਝੌਤੇ ਕੀਤੇ ਉਨ੍ਹਾਂ ਦੀ ਹਿਫਾਜ਼ਤ ਕਰਨ ਲੱਗਾ। ਆਈ. ਐਸ. ਆਈ. ਐਸ. ਨੇ ਮੌਜੂਦਾ ਅਰਾਜਕ ਹਾਲਤਾਂ ਦੀ ਵਰਤੋਂ-ਹਜ਼ਾਰਾਂ ਲੜਾਕੂਆਂ ਨੂੰ ਆਪਣੇ ਵੱਲ ਖਿੱਚਣ ਦੇ ਰੂਪ ਵਿਚ ਕੀਤੀ। ਅਲਨੁਸਰਾ ਅਤੇ ਅਲਕਾਇਦਾ ਦੇ ਨਾਲੋਂ ਆਪਣੇ ਸਬੰਧ ਤੋੜ ਕੇ ਅਤੇ ਆਪਣੀ ਕਾਰਵਾਈ ਦਾ ਖੇਤਰ ਵਧਾ ਕੇ ਇਹਨੇ ਆਪਣੀ ਸਮਰੱਥਾ ਵਿਚ ਵਾਧਾ ਕੀਤਾ। ਨਾਲ ਹੀ ਇਹਨੇ ਆਪਣੇ ਹਮਾਇਤੀਆਂ ਦੀ ਇਕ ਵੱਡੀ ਜਮਾਤ ਖੜ੍ਹੀ ਕੀਤੀ। ਇਸ ਸੰਦਰਭ ਵਿਚ ਇਸਲਾਮ ਦਾ ਸਹਾਰਾ ਲੈ ਕੇ ਇਹਨੇ ਆਪਣੇ ਪ੍ਰਚਾਰ ਦੇ ਰਾਹੀਂ ਆਪਣੀ ਇਕਜੇਹਾਦੀ ਤਸਵੀਰ ਤਿਆਰ ਕੀਤੀ। ਜਿਹਨੇ ਇਹਦੇ ਕੰਮ ਨੂੰ ਆਸਾਨ ਕਰ ਦਿੱਤਾ। ਇਸ ਢੰਗ ਨਾਲ ਇਹਨੂੰ ਯੂਰਪ ਤੋਂ ਵੀ ਹਜ਼ਾਰਾਂ ਹਮਾਇਤੀ ਮਿਲ ਗਏ ਕਿਉਂਕਿ ਉਥੇ ਪਹਿਲਾਂ ਤੋਂ ਹੀ ਇਸਲਾਮੀ ਫੋਬੀਆ ਦੀ ਹਾਲਤ ਮੌਜੂਦ ਸੀ।

ਆਈ. ਐਸ. ਆਈ. ਐਸ. ਦੇ ਲਗਾਤਾਰ ਵਧਣ ਦਾ ਇਕ ਕਾਰਨ ਇਹ ਵੀ ਸੀ ਕਿ ਇਹਨੇ ਖੁਦ ਨੂੰ ਇਕ ਅਜਿਹੇ ਸੰਗਠਨ ਦੇ ਰੂਪ ਵਿਚ ਸਥਾਪਤ ਕੀਤਾ ਜਿਹਦੀ ਕਾਰਵਾਈ ਕਰਨ ਦੀ ਸਮਰੱਥਾ ਕਾਫ਼ੀ ਸੀ। ਇਸ ਸੰਗਠਨ ਨੇ ਮੱਧ ਪੂਰਬ ਦੇ ਕਿਸੇ ਵੀ ਕੱਟੜਪੰਥੀ ਸੰਗਠਨ ਦੇ ਮੁਕਾਬਲੇ ਬਹੁਤ ਜ਼ਿਆਦਾ ਸਿੱਟਿਆਂ ਦੇ ਰੂਪ ਵਿਚ ਸਾਡੀ ਜ਼ਿੰਦਗੀ ਨੂੰ ਪ੍ਰਭਾਵਿਤ ਕੀਤਾ। ਇਹਦੀ ਵਜ੍ਹਾ ਇਹ ਵੀ ਸੀ ਕਿ ਇਹਨੇ ਇਕ ਖਾਸ ਤਰ੍ਹਾਂ ਦੀ ਵਿਚਾਰਧਾਰਾ ਦਾ ਸਹਾਰਾ ਲਿਆ।

ਇਸ ਸਭ ਦੇ ਬਾਵਜੂਦ ਆਈ. ਐਸ. ਆਈ. ਐਸ. ਦੇ ਵਿਕਾਸ ਦੇ ਪਿਛੇ ਆਰਥਿਕ ਤੰਤਰ ਸਭ ਤੋਂ ਵੱਡਾ ਕਾਰਕ ਸੀ। ਇਹਨੂੰ ਖਾੜੀ ਦੇ ਅਰਬ ਦੇਸ਼ਾਂ ਦੀ ਜਬਰਦਸਤ ਹਮਾਇਤ ਮਿਲੀ। ਇਹ ਗੱਲ ਵੀ ਕਾਫ਼ੀ ਮਹੱਤਵਪੂਰਨ ਹੈ ਕਿ ਮੋਸੂਲ ਉਤੇ ਕਬਜ਼ਾ ਕਰਨ ਤੋਂ ਪਿਛੋਂ ਅਤੇ ਕੁਦਰਤੀ ਮਾਲ ਖਜ਼ਾਨਿਆਂ ਦੀ ਦ੍ਰਿਸ਼ਟੀ ਤੋਂ ਬਹੁਤ ਅਮੀਰ ਇਲਾਕੇ ਨੂੰ ਆਪਣੇ ਪ੍ਰਭਾਵਤ ਖੇਤਰ ਵਿਚ ਲੈਣ ਦੇ ਨਾਲ ਹੀ ਇਹ ਇਕ ਤੇਲ ਉਤਪਾਦਕ ਦੀ ਹੈਸੀਅਤ ਵਿਚ ਪਹੁੰਚ ਗਿਆ। ਅਮਰੀਕੀ ਵਿਦੇਸ਼ ਮੰਤਰੀ ਜਾਨ੍ਹ ਕੈਰੀ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਆਈ. ਐਸ. ਆਈ. ਐਸ. ਤੋਂ ਤੇਲ ਖਰੀਦਣ ਵਾਲੇ ਦੇਸ਼ਾਂ ਵਿਚ ਤੁਰਕੀ ਵੀ ਸ਼ਾਮਲ ਹੈ।


ਹੁਣ ਜ਼ਰਾ, ਅਮਰੀਕਾ ਅਤੇ ਆਈ. ਐਸ. ਆਈ. ਐਸ. ਦੇ ਸਬੰਧਾਂ ਨਾਲ ਜੁੜੇ ਮੁੱਦਿਆਂ ਉਤੇ ਗੌਰ ਕਰੀਏ। ਮੈਨੂੰ ਨਹੀਂ ਲੱਗਦਾ ਕਿ ਅਮਰੀਕਾ ਨੇ ਕਿਸੇ ਵੀ ਪਹਿਲੂ ਨੂੰ ਨਜ਼ਰ ਅੰਦਾਜ਼ ਕੀਤਾ ਹੋਵੇ। ਉਹਨੂੰ ਇਸ ਸੰਗਠਨ ਦੇ ਵਿਕਾਸ ਦੀ ਬਰਾਬਰ ਜਾਣਕਾਰੀ ਮਿਲਦੀ ਰਹੀ। ਜੇ ਕੱਲ੍ਹ ਆਈ. ਐਸ. ਆਈ. ਐਸ. ਉਹਦੇ ਹਿੱਤ ਵਿਚ ਕੰਮ ਕਰਨ ਲੱਗੇ ਤਾਂ ਹੈਰਾਨੀ ਨਹੀਂ ਹੋਵੇਗੀ ਕਿ ਆਉਣ ਵਾਲੇ ਦਿਨਾਂ ਵਿਚ ਦੋਹਾਂ ਦਰਮਿਆਨ ਇਕ ਚੰਗਾ ਤਾਲਮੇਲ ਹੋ ਜਾਵੇ। ਇਸ ਤਰ੍ਹਾਂ ਦੇ ਸੰਗਠਨ ਅਮਰੀਕਾ ਦੇ ਬਣੇ ਰਹਿਣ ਵਿਚ ਹੀ ਮਦਦ ਪਹੁੰਚਾਉਂਦੇ ਰਹੇ ਹਨ। ਅੱਜ ਆਈ. ਐਸ. ਆਈ. ਐਸ. ਹੈ ਕੱਲ੍ਹ ਕੋਈ ਹੋਰ ਹੋ ਜਾਵੇਗਾ। ਇਸ ਨਜ਼ਰੀਏ ਤੋਂ ਵੇਖੀਏ ਤਾਂ ਆਈ. ਐਸ. ਆਈ. ਐਸ. ਇਕ ਮੁਖੌਟਾ ਹੈ। ਇਹ ਜੇ ਚਲਾ ਵੀ ਜਾਵੇਗਾ ਤਾਂ ਆਪਣੀ ਥਾਂ ਆਪਣੇ ਵਰਗੇ ਹੀ ਕਿਸੇ ਦੂਜੇ ਸੰਗਠਨ ਨੂੰ ਛੱਡ ਜਾਵੇਗਾ।" (ਰੋਜ਼ਾਨਾ ਰਿਪੋਰਟਰ ਵਿਚ ਪ੍ਰਕਾਸ਼ਿਤ)

• • • •

'ਰੋਜ਼ਾਨਾ ਰਿਪੋਰਟਰ' ਵਿਚ ਛਪੀ ਲਿਖਤ ਕਿਸੇ ਸ਼ੱਕ ਦੀ ਗੁਜਾਇਸ਼ ਨਹੀਂ ਰਹਿਣ ਦਿੰਦੀ। ਅਸੀਂ ਹੁਣ 'ਇਸਲਾਮਿਕ ਸਟੇਟ' ਦੇ ਅੱਤਵਾਦ ਨਾਲ ਸਬੰਧਤ ਕਹਾਣੀ ਨਹੀਂ


ਆਈ. ਐਸ. ਆਈ. ਐਸ. ਦੇ ਕੋਬਾਨੇ ਵਿਚ ਹਮਲੇ ਦੇ ਵਿਰੁੱਧ ਕਰਦਸਤਾਨ ਵਰਕਰਜ਼ ਪਾਰਟੀ ਦਾ ਇਕ ਜਲੂਸ


ਆਈ. ਐਸ. ਆਈ. ਐਸ. ਦੇ ਕੱਟੜਪੰਥੀਆਂ ਵਿਰੁੱਧ ਮੋਰਚਾ ਸੰਭਾਲਦਾ ਤੁਰਕੀ ਦੀ ਕਮਿਊਨਿਸਟ ਪਾਰਟੀ ਦਾ ਇਕ ਯੋਧਾ

CENTUM®
E Z Mortgage Group Inc.
All your financial needs.
private loans .debt consolidation.
self employment. secured line of credit.
business loan. bad credit no problem.
1st, 2nd & 3d Mortgages get approved
Brokerage Licence #2105
Cell:416-625-3352
hs_7matharu@yahoo.ca,
Fax: 905-676-8018
Website: www.centum.ca/ezmortgage
7050-14A Bramalea Road Mississauga, ON L5S 1T1

HARJIT SINGH
Mortgage cunsultant
Lic#M08007991

ਛੇੜਨੀ। ਅਸੀਂ ਤਸਵੀਰ ਦਾ ਉਹ ਪਾਸਾ ਦੇਖਣਾ ਚਾਹਾਂਗੇ ਜਿਹੜਾ ਲਗਭਗ ਗਾਇਬ ਹੈ। ਕੀ ਆਈ. ਐਸ. ਆਈ. ਐਸ. ਵਿਰੁੱਧ ਸਾਮਰਾਜੀ ਅਮਰੀਕਾ ਜਾਂ ਉਹਦੇ ਸਹਿਯੋਗੀ ਲੜ ਰਹੇ ਹਨ ਜਾਂ ਕੋਈ ਹੋਰ? ਇਹ ਜਾਣਨਾ ਅੱਜ ਬਹੁਤ ਜ਼ਰੂਰੀ ਹੈ। ਅਮਰੀਕਾ ਸਾਮਰਾਜ ਇਸ ਦਾ ਹਊਆ ਖੜ੍ਹਾ ਕਰਕੇ ਜਿਥੇ ਦੁਨੀਆ ਨੂੰ ਦਹਿਸ਼ਤਜਦਾ ਕਰ ਰਿਹਾ ਹੈ ਉਥੇ ਇਸ ਖੇਤਰ ਦੇ ਅਮੀਰ ਕੁਦਰਤੀ ਸਾਧਨਾ ਦੀ ਅੰਨੀ ਲੁੱਟ ਜਾਂ ਕਹੋ ਖੋਹਣ ਦੇ ਧੰਦੇ 'ਚ ਲੱਗਾ ਹੋਇਆ ਹੈ। ਉਥੇ ਆਈ. ਐਸ. ਆਈ. ਐਸ. ਵਿਰੁੱਧ ਜਾਂ ਕਹੋ ਇਸਲਾਮਿਕ ਸਟੇਟ ਦੇ ਦਹਿਸ਼ਤਗਰਦਾਂ ਵਿਰੁੱਧ ਲੜ ਰਹੇ ਹਨ ਸੀਰੀਆ ਦੇ ਕੁਰਦ ਲੋਕ। ਇਨ੍ਹਾਂ ਕੁਰਦ ਲੋਕਾਂ ਦੇ ਸੰਘਰਸ਼ ਜਿਸ 'ਚ ਆਦਮੀ ਅਤੇ ਔਰਤਾਂ ਦੇ ਬਹਾਦਰੀ ਭਰੇ ਵਿਰੋਧ ਦੀ ਲਾਮਿਸਾਲ ਦਾਸਤਾਨ ਹੈ-ਨੂੰ ਰੋਜਾਵਾ ਇਨਕਲਾਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

**ਭਾਗ ਦੂਜਾ**

ਰੋਜਾਵਾ [ਜਿਹਦਾ ਮਤਲਬ ਪੱਛਮੀ ਕੁਰਦਸਤਾਨ] ਨੇ ਜਨਵਰੀ 2014 ਵਿਚ ਸਵੈ ਸਾਸ਼ਨ [ਭਾਵ ਲੋਕਾਂ ਦਾ ਖੁਦ ਮੁਖਤਿਆਰ ਰਾਜ] ਦਾ ਐਲਾਨ ਕੀਤਾ। ਰੋਜਾਵਾ ਦੇ ਹੇਠ ਤਿੰਨ ਸੂਬੇ ਹਨ-ਸਿਰਜੇ, ਕੋਬਾਨੇ ਅਤੇ ਆਫਰਿਨ। ਇਸ ਵਿਚ ਸਿਰਜੇ ਸਭ ਤੋਂ ਵੱਡਾ ਸੂਬਾ ਹੈ। ਦੂਜੀ ਥਾਂ ਉਤੇ ਕੋਬਾਨੇ ਹੈ ਅਤੇ ਸਭ ਤੋਂ ਛੋਟਾ ਆਫਰਿਨ ਹੈ। ਇਹ ਤਿੰਨੇ ਸੂਬੇ ਤੁਰਕੀ ਦੇ ਜੇਹਾਦੀ ਤੱਤਾਂ ਅਤੇ ਅਸਦ ਸੀਰੀਆ ਦਾ ਹਾਕਮ ਦੇ ਫੌਜੀਆਂ ਦਾ ਜਬਰ ਝੱਲ ਰਹੇ ਹਨ। ਸਿਰਜੇ ਦੀ ਸੀਮਾ ਪੂਰਬ ਵਿਚ ਇਰਾਕ ਨਾਲ ਵੀ ਲੱਗੀ ਹੋਈ ਹੈ। ਰੋਜਾਵਾ ਦੇ ਇਨ੍ਹਾਂ ਤਿੰਨਾਂ ਸੂਬਿਆਂ ਦੀ ਰਾਜਨੀਤਕ ਸੱਤਾ-ਡੈਮੋਕਰੇਟਿਕ ਯੂਨੀਅਨ ਪਾਰਟੀ ਦੇ ਕੋਲ ਹੈ। ਜਿਹੜੀ ਇਕ ਖੱਬੇਪੱਖੀ ਵਿਚਾਰਾਂ ਵਾਲੀ ਜਥੇਬੰਦੀ ਹੈ। ਇਹਦੇ ਵਿਚਾਰਨ ਅਤੇ ਰਾਜਨੀਤਕ ਸਬੰਧ ਕਾਫ਼ੀ ਹੱਦ ਤੱਕ ਕੁਰਦਿਸਤਾਨ ਵਰਕਰਜ਼ ਪਾਰਟੀ ਨਾਲ ਹਨ। ਪੀ. ਕੇ. ਕੇ. 1980 ਦੇ ਦਹਾਕੇ ਤੋਂ ਹੀ ਤੁਰਕੀ ਦੇ ਹਾਕਮਾਂ ਦੇ ਵਿਰੁੱਧ ਸੰਘਰਸ਼ ਕਰਦੀ ਆ ਰਹੀ ਹੈ ਅਤੇ ਸਮੁੱਚਾ ਕੁਰਦਿਸ਼ ਅੰਦੋਲਨ ਇਸ ਪਾਰਟੀ ਦੇ ਆਲੇ ਦੁਆਲੇ ਹੀ ਕੇਂਦਰਤ ਹੈ।

ਸੀਰੀਆ ਯੁੱਧ ਦੀ ਜਦੋਂ ਤੋਂ ਸ਼ੁਰੂਆਤ ਹੋਈ ਸੀਰੀਆ ਦੇ ਹਿੱਸੇ ਵਾਲੇ ਕੁਰਦਿਸਤਾਨ 'ਚ ਰਹਿਣ ਵਾਲੇ ਲੋਕ ਵੱਡੀ ਗਿਣਤੀ ਕੁਰਦਾਂ ਦੇ ਨਾਲ-ਨਾਲ ਅਰਬ ਅਤੇ ਇਸਾਈ ਵੀ ਹਨ। ਇਹ ਲਗਾਤਾਰ ਨਾ ਸਿਰਫ਼ ਅਸਦ ਦੀਆਂ ਫੌਜਾਂ ਦਾ ਸਗੋਂ ਇਸਲਾਮਿਕ ਜਹਾਦੀਆਂ ਦੇ ਵੀ ਹਮਲੇ ਝੱਲ ਰਹੇ ਹਨ ਪਰ ਇਹਦੇ ਨਾਲ ਹੀ ਉਹ ਇਕ ਜਮਹੂਰੀ ਪ੍ਰਸ਼ਾਸਨ ਦੀ ਸਥਾਪਨਾ ਕਰਨ ਵਿਚ ਵੀ ਲੱਗੇ ਹੋਏ ਹਨ ਅਤੇ ਸਮਾਜਵਾਦ ਅਤੇ ਪ੍ਰਤੱਖ ਜਮਹੂਰੀਅਤ ਦੇ ਸ਼ਿਮਰਨ ਦਾ ਮਾਡਲ ਲਾਗੂ ਕਰਦਿਆਂ ਹੋਇਆਂ ਆਪਣੇ ਸਮਾਜ ਦਾ ਇਨਕਲਾਬੀ ਰੂਪਾਂਤਰਨ ਕਰਨਾ ਚਾਹੁੰਦੇ ਹਨ। ਮਹੱਤਵਪੂਰਨ ਗੱਲ ਇਹ ਕਿ ਇਸ ਇਲਾਕੇ ਵਿਚ ਵੱਖ-ਵੱਖ ਜਨਜਾਤੀਆਂ ਅਤੇ ਧਾਰਮਿਕ ਘੱਟ ਗਿਣਤੀ ਸਮੁਦਾਇਆਂ ਦੇ ਲੋਕ ਵੀ ਰਹਿੰਦੇ ਹਨ। ਸੋ ਰੋਜ਼ਾਵਾ ਮਾਡਲ ਦੋ ਮੁੱਖ ਥੰਮਾਂ ਉਤੇ ਟਿਕਿਆ ਹੋਇਆ ਹੈ। ਪਹਿਲਾ ਥੰਮ ਪ੍ਰਤੱਖ ਜਮਹੂਰੀਅਤ ਦਾ ਹੈ ਜਿਸ ਵਿਚ ਫੈਸਲਾ ਲੈਣ ਦੇ ਕੰਮ ਵਿਚ ਅਤੇ ਪ੍ਰਬੰਧਨ ਵਿਚ ਹਰ ਨਾਗਰਿਕ ਦੀ ਹਿੱਸੇਦਾਰੀ ਸੁਨਿਸਚਿਤ ਹੁੰਦੀ ਹੈ। ਦੂਸਰਾ ਥੰਮ ਕੌਮੀ ਰਾਜ ਦੀ ਧਾਰਨਾ ਨੂੰ ਨਕਾਰਨ ਨਾਲ ਸਬੰਧਤ ਹੈ। ਦਰਅਸਲ ਰੋਜ਼ਾਵਾ ਵਿਚ ਵੱਖ-ਵੱਖ ਧਾਰਮਿਕ ਅਤੇ ਜਾਤੀ ਸਮੂਹਾਂ ਦੇ ਲੋਕ ਰਹਿੰਦੇ ਹਨ-ਇਸਾਈ, ਯਜਦੀ, ਅਰਬ, ਤਰਕਮਨ, ਚੇਚਨ, ਅਰਮੀਨੀਯਨ ਆਦਿ। ਇਹ ਸਾਰੇ ਬਹੁਗਿਣਤੀ ਕੁਰਦਿਸ ਲੋਕਾਂ ਦੇ ਨਾਲ ਰਹਿੰਦੇ ਹਨ। [ਯਜਦੀ ਉਨ੍ਹਾਂ ਲੋਕਾਂ ਨੂੰ ਕਿਹਾ ਜਾਂਦਾ ਹੈ ਜਿਹੜੇ ਕੁਰਦ ਭਾਸ਼ਾ ਬੋਲਦੇ ਹਨ, ਪਰ ਮੁੱਖ ਰੂਪ ਵਿਚ ਉਤਰੀ ਇਰਾਕ ਵਿਚ ਰਹਿੰਦੇ ਹਨ] ਰਸਮੀ ਤੌਰ 'ਤੇ ਕੌਮੀ ਰਾਜ ਦੀ ਧਾਰਨਾ ਨੂੰ ਨਕਾਰਨ ਅਤੇ ਇਨ੍ਹਾਂ ਵੱਖ-ਵੱਖ ਪਹਿਚਾਨਾਂ ਦੇ ਤੱਤਾਂ ਨੂੰ ਸ਼ਾਮਲ ਕਰਦਿਆਂ ਹੋਇਆਂ ਹੀ ਕਿਸੇ ਪ੍ਰਸ਼ਾਸਨਿਕ ਢਾਂਚੇ ਦਾ ਗਠਨ ਕਰਨ ਨਾਲ ਹੀ ਰੋਜ਼ਾਵਾ ਦਾ ਉਹ ਮਾਡਲ ਤਿਆਰ ਹੁੰਦਾ ਹੈ ਜਿਹੜਾ ਘੱਟ ਗਿਣਤੀ ਦੀ ਹਿੱਸੇਦਾਰੀ ਦੀ ਗਰੰਟੀ ਕਰ ਸਕੇ। ਇਹ ਇਕ ਅਜਿਹਾ ਕਦਮ ਅਤੇ ਕੰਮ ਹੈ ਜਿਹੜਾ ਮੱਧ ਪੂਰਬ ਵਿਚ ਕਦੇ ਵੀ ਨਹੀਂ ਹੋਇਆ।

ਕੁਝ ਲੋਕ ਕਹਿ ਸਕਦੇ ਹਨ ਕਿ ਕੁਰਦ ਲੋਕਾਂ ਵਲੋਂ ਕੀਤੀ ਜਾਣ ਵਾਲੀ ਇਹ ਮਹੱਤਵਪੂਰਨ ਕੋਸ਼ਿਸ਼ ਇਕ ਮਿਰਗ ਤ੍ਰਿਸ਼ਨਾ ਹੀ ਹੈ। ਕਾਰਗਰ ਢੰਗ ਨਾਲ ਵੱਖ-ਵੱਖ ਜਾਤੀਆਂ ਅਤੇ ਧਾਰਮਿਕ ਸਮੂਹਾਂ ਨੂੰ ਇਕ ਅਜਿਹੀ ਜਮਹੂਰੀ ਪ੍ਰਣਾਲੀ ਵਿਚ ਸ਼ਾਮਲ ਕਰਨਾ, ਜਿਸ ਵਿਚ ਸਾਰਿਆਂ ਦੀ ਹਿੱਸੇਦਾਰੀ ਹੋਵੇ ਅਤੇ ਜਿਥੇ ਲੋਕਾਂ ਅਤੇ ਵਾਤਾਵਰਣ ਦੇ ਪ੍ਰਤੀ ਬਰਾਬਰ ਰੂਪ ਵਿਚ ਬਰਾਬਰ ਦੀ ਭਾਵਨਾ ਹੋਵੇ, ਇਕ ਅਚੰਭਾ ਹੈ। ਇਹ ਸਵਾਲ ਉਠਨਾ ਸੁਭਾਵਿਕ ਹੈ। ਇਤਿਹਾਸ ਨੂੰ ਵੇਖੀਏ ਤਾਂ ਅਜਿਹੀਆਂ ਕਈ ਤਰ੍ਹਾਂ ਦੀਆਂ ਕੋਸ਼ਿਸ਼ਾਂ ਕਈ ਵਾਰ ਹੋਈਆਂ ਪਰ ਉਹ ਕੁਝ ਸਮੇਂ ਪਿਛੋਂ ਸਮਾਪਤ ਹੋ ਗਈਆਂ। ਰੋਜਾਵਾ ਵਿਚ ਅੱਜ ਜੋ ਕੁਝ ਹੋ ਰਿਹਾ ਹੈ ਉਹਦਾ ਮੁਕਾਬਲਾ ਅਸੀਂ ਕਾਫ਼ੀ ਹੱਦ ਤੱਕ ਸਪੇਨ ਦੇ ਘਰੇਲੂ ਯੁੱਧ ਨਾਲ ਵੀ ਕਰ ਸਕਦੇ ਹਾਂ। ਜਿਥੇ ਡੈਮੋਕਰੇਟਿਕ ਲੋਕਾਂ ਨੇ ਅਲੱਗ ਢੰਗ ਨਾਲ ਕੁਝ ਕਰਨਾ ਚਾਹਿਆ ਸੀ। ਕੁਰਦਿਸ਼ ਔਰਤਾਂ ਅੱਜ ਜਿਸ ਢੰਗ ਨਾਲ ਸੰਘਰਸ਼ ਦੀ ਮਿਸਾਲ ਪੇਸ਼ ਕਰ ਰਹੀਆਂ ਹਨ, ਉਨ੍ਹਾਂ ਨੂੰ ਵੇਖਦਿਆਂ ਹੋਇਆਂ ਉਸ ਦੌਰ ਦੀਆਂ ਸਪੇਨ ਦੀਆਂ ਔਰਤ ਸੂਰਬੀਨਾ 'ਮੁਜੇਰਸ ਲਿਬਰਾਸ' [ਫ੍ਰੀ ਵੋਮੈਨ] ਦੀ ਯਾਦ ਆ ਜਾਂਦੀ ਹੈ ਪਰ ਸਪੇਨ ਦਾ ਇਨਕਲਾਬ ਕਾਫ਼ੀ ਖੂਨ ਨਾਲ ਲੱਥਪਥ ਹੋਣ ਦੇ ਬਾਵਜੂਦ ਫੇਲ੍ਹ ਹੋ ਗਿਆ ਸੀ ਅਤੇ ਉਹ ਦੇਸ਼ ਇਕ ਅਜਿਹੇ ਹਨ੍ਹੇਰੇ ਦੇ ਯੁੱਗ ਵਿਚ ਪਹੁੰਚ ਗਿਆ ਜਿਸ 'ਚੋਂ ਨਿਕਲਣ ਲਈ ਉਹਨੂੰ 40 ਸਾਲ ਲੱਗੇ। ਇਤਿਹਾਸ ਵਿਚ ਹੋਰ ਵੀ ਅਜਿਹੀਆਂ ਕਈ ਮਿਸਾਲ ਹਨ ਜਿਨ੍ਹਾਂ ਨੂੰ ਵੇਖਿਆਂ ਵਾਚਿਆਂ ਇਹ ਸ਼ੱਕ ਉਭਰਦਾ ਹੈ ਕਿ ਰੋਜ਼ਾਵਾ ਦਾ ਇਹ ਅੰਦੋਲਨ ਵੀ ਕਿਤੇ ਐਂਗੇ ਜਾ ਕੇ ਫੇਲ੍ਹ ਨਾ ਹੋ ਜਾਵੇ। ਉਂਝ ਹਰ ਸੰਘਰਸ਼ ਵਿਚ ਜਿੱਤ ਹਾਰ ਤਾਂ ਪਈ ਹੁੰਦੀ ਹੈ, ਪਰ ਕੁਝ ਸੰਘਰਸ਼ ਇਹਦੇ ਬਾਵਜੂਦ ਹਨੇਰੇ ਸਮਿਆਂ 'ਚ ਪ੍ਰੇਰਣਾ ਤੇ ਊਰਜਾ ਦੇ ਸਰੋਤ ਦੀ ਮਿਸਾਲ ਬਣ ਜਾਂਦੇ ਹਨ।




ਵੋਮੈਨ ਫਰੀਡਮ ਫੋਰਸ ਨਾਂ ਦੀ ਜਥੇਬੰਦੀਆਂ ਦੀਆਂ ਹਥਿਆਰਬੰਦ ਮੈਂਬਰ ਔਰਤਾਂ

ਫਿਰ ਵੀ 1970 ਅਤੇ 1980 ਦੇ ਦਹਾਕਿਆਂ ਵਿਚ ਮੱਧ ਪੂਰਬ ਵਿਚ ਤਾਨਾਸ਼ਾਹੀ ਹਕੂਮਤਾਂ ਨੇ ਖੱਬੇਪੱਖੀ ਅਤੇ ਸਮਾਜਵਾਦੀ ਅੰਦੋਲਨਾਂ ਦਾ ਜਿਸ ਤਰ੍ਹਾਂ ਜਬਰ ਕਰਕੇ ਖਾਤਮਾ ਕੀਤਾ ਅਤੇ ਨਵਉਦਾਰਵਾਦੀ ਰਾਜਨੀਤਕ ਇਸਲਾਮ ਦੇ ਸਾਹਮਣੇ ਵੱਖ-ਵੱਖ ਤਰ੍ਹਾਂ ਦੀਆਂ ਰੁਕਾਵਟਾਂ ਪੈਦਾ ਕੀਤੀਆਂ ਗਈਆਂ, ਉਥੇ ਹੋ ਸਕਦਾ ਹੈ ਕਿ ਰੋਜ਼ਾਵਾ ਦਾ ਤਜਰਬਾ ਕੋਈ ਨਵਾਂ ਰਾਹ ਵਿਖਾ ਸਕੇ।

ਪਿਛਲੇ ਸਾਲ ਅਗਸਤ ਵਿਚ ਜਦੋਂ ਤੋਂ ਕੋਬਾਨੇ ਵਿਚ ਆਈ. ਐਸ. ਆਈ. ਐਸ. ਦੇ ਵਿਰੁੱਧ ਉਥੋਂ ਦੇ ਲੋਕਾਂ ਦੇ ਸੰਘਰਸ਼ ਦੀਆਂ ਖ਼ਬਰਾਂ ਆਉਣੀਆਂ ਸ਼ੁਰੂ ਹੋਈਆਂ ਬਹੁਤ ਸਾਰੇ ਲੋਕਾਂ ਲਈ ਇਹ ਹੈਰਾਨੀ ਵਾਲੀ ਗੱਲ ਸੀ ਕਿ ਅਮਰੀਕਾ ਅਤੇ ਦੁਨੀਆ ਦੇ ਹੋਰਾਂ ਅਖ਼ਬਾਰਾਂ ਵਿਚ ਇਨ੍ਹਾਂ ਖ਼ਬਰਾਂ ਨੂੰ ਜ਼ਿਆਦਾ ਮਹੱਤਵ ਕਿਉਂ ਨਹੀਂ ਦਿੱਤਾ ਜਾ ਸਕਦਾ। ਰੋਜ਼ਾਵਾ ਵਿਚ ਜਿਹੜਾ ਆਜ਼ਾਦ ਇਲਾਕਾ ਸਥਾਪਤ ਹੋਇਆ ਹੈ ਉਹ ਮੱਧ ਪੂਰਬ ਦੇ ਲਈ ਪਹਿਲੀ ਘਟਨਾ ਹੈ। ਇਥੇ ਸਾਰੇ ਪੱਧਰਾਂ ਉਤੇ ਅਗਵਾਈ ਵਿਚ ਔਰਤਾਂ ਦੀ 40 ਫੀਸਦੀ ਹਿੱਸੇਦਾਰੀ ਹੈ। ਸਭ ਤੋਂ ਵੱਡੀ ਗੱਲ ਇਹ ਕਿ ਅਤਿਆਧੁਨਿਕ ਹਥਿਆਰਾਂ ਨਾਲ ਲੈਸ ਆਈ.ਐਸ.ਆਈ.ਐਸ. ਦੇ ਕੱਟੜਪੰਥੀ ਜੇਹਾਦੀਆਂ ਦਾ ਮੁਕਾਬਲਾ ਕਰਨ ਵਿਚ ਹਥਿਆਰਬੰਦ ਔਰਤਾਂ ਨੇ ਅਗਵਾਊਂ ਭੂਮਿਕਾ ਨਿਭਾਈ ਹੈ।

2012 ਦੇ ਪਿਛਲੇਰੇ ਅੱਧ ਵਿਚ ਜਦੋਂ ਸੀਰੀਆ ਦੇ ਹਾਕਮ ਅਸਦ ਦੀਆਂ ਫੌਜਾਂ ਪਿਛੇ ਹਟਣ ਲੱਗੀਆਂ ਤਾਂ ਲੜਾਈ ਦੀ ਸਾਰੀ ਜ਼ਿੰਮੇਵਾਰੀ ਕੁਰਦਿਸ਼ ਛਾਪਾਮਾਰਾਂ ਉਤੇ ਪੈ ਗਈ। ਇਹ ਸੀ.ਵਾਈ.ਪੀ.ਜੀ. [ਪੀਪਲਜ਼ ਪ੍ਰੋਟੈਕਸ਼ਨ ਯੂਨਿਟਸ] ਅਤੇ ਵਾਈ. ਪੀ. ਜੇ. [ਵੋਮੈਨ ਡਿਫੈਂਸ ਫੋਰਸਜ਼] ਅਤੇ ਔਰਤਾਂ ਦੇ ਸਵੈ ਰੱਖਿਅਕ ਛਾਪਾਮਾਰ ਸੰਗਠਨ। ਔਰਤਾਂ ਦੀ ਇਸ ਮਿਲੀਸ਼ੀਆ ਨੂੰ ਅਸੀਂ ਇਰਾਕ ਦੇ 'ਪਸ ਮਰਗਾ' ਤੋਂ ਅਲੱਗ ਕਰਕੇ ਵੇਖਦੇ ਹਾਂ। ਹਾਲਾਂਕਿ ਅਮਰੀਕਾ ਦੇ ਅਖ਼ਬਾਰ ਦੋਹਾਂ ਨੂੰ ਇਕ ਹੀ ਸਮਝਣ ਦੀ ਭੁੱਲ ਕਰ ਸਕਦੇ ਹਨ। ਵਾਈ. ਪੀ. ਜੀ. ਅਤੇ ਵਾਈ. ਪੀ. ਜੇ. ਦੋਹਾਂ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਇਸਲਾਮਿਕ ਜਹਾਦੀਆ ਨਾਲ ਜਬਰਦਸਤ ਟੱਕਰ ਲਈ ਹੈ। ਪਰ ਇਨ੍ਹਾਂ ਦਾ ਸੰਘਰਸ਼ ਸੀਰੀਆ ਦੇ ਅਸਦ ਦੀਆਂ ਫੌਜਾਂ ਨਾਲ ਹੀ ਹੋ ਰਿਹਾ ਹੈ। 27 ਜਨਵਰੀ 2015 ਨੂੰ ਇਨ੍ਹਾਂ ਲੋਕਾਂ ਨੇ ਫੈਸਲਾਕੁੰਨ ਤੌਰ 'ਤੇ ਕੋਬਾਨੇ ਵਿਚ ਆਈ. ਐਸ. ਆਈ. ਐਸ. ਨੂੰ ਹਰਾ ਦਿੱਤਾ। ਅੱਜ ਹਾਲਤ ਇਹ ਹੈ ਕਿ ਆਪਣੇ ਮੁਕਤ ਇਲਾਕਿਆਂ ਵਿਚ ਇਹ ਲੋਕ ਸਮਾਜਵਾਦ ਜਮਹੂਰੀਅਤ ਔਰਤ ਸ਼ਕਤੀ ਅਤੇ ਵਾਤਾਵਰਣ ਸੁਰੱਖਿਆ ਵਰਗੇ ਆਪਣੇ ਵਿਚਾਰਾਂ ਨੂੰ ਵਿਕਸਿਤ ਕਰਨ ਵਿਚ ਲੱਗੇ ਹੋਏ ਹਨ। 2003 ਤੋਂ ਹੀ ਇਹ ਲੋਕ ਇਨ੍ਹਾਂ ਮੁੱਦਿਆਂ ਉਤੇ ਕੰਮ ਕਰ ਰਹੇ ਹਨ।

ਅਗਸਤ 2014 ਤੱਕ ਯਜ਼ੂਦੀ ਲੋਕਾਂ ਬਾਰੇ ਬਹੁਤ ਘੱਟ ਜਾਣਕਾਰੀ ਸੀ। ਇਹ ਲੋਕ ਇਰਾਕੀ-ਕੁਰਦਿਸ਼ ਘੱਟ ਗਿਣਤੀ ਸਮੂਹ ਦੇ ਹਨ ਜਿਹੜਾ ਕਾਫ਼ੀ ਹੱਦ ਤੱਕ ਜ਼ੇਰੇਸਿਤਯਨਵਾਦੀ ਹੈ। ਆਈ. ਐਸ. ਆਈ. ਐਸ. ਨੇ ਯਜ਼ੂਦੀ ਲੋਕਾਂ ਨੂੰ ਉਸ ਸਮੇਂ ਆਪਣੇ ਹਮਲੇ ਦਾ ਨਿਸ਼ਾਨਾ ਬਣਾਇਆ ਜਦੋਂ ਉਨ੍ਹਾਂ ਨੇ ਜੇਹਾਦੀ ਤੱਤਾਂ ਨੇ ਸਿੰਜਾਰ ਖੇਤਰ ਵਿਚ ਪ੍ਰਵੇਸ਼ ਕੀਤਾ ਅਤੇ ਇਰਾਕੀ ਫੌਜ ਅਤੇ ਪਸ ਮਰਗਾ ਨੇ ਉਨ੍ਹਾਂ ਨੂੰ ਛੱਡ ਦਿੱਤਾ। ਯਜ਼ੂਦੀ ਲੋਕ ਭੱਜ ਕੇ ਉਤਰ ਵਿਚ ਪਹਾੜਾਂ ਵੱਲ ਚਲੇ ਗਏ। ਇਹਦੇ ਪਿਛੋਂ ਖ਼ਬਰ ਆਈ ਕਿ ਉਥੇ ਵੀ ਜੇਹਾਦੀਆਂ ਨੇ ਹਮਲਾ ਕੀਤਾ ਹੈ ਅਤੇ ਸੈਂਕੜੇ ਯਜ਼ੂਦੀ ਔਰਤਾਂ ਨਾਲ ਬਲਾਤਕਾਰ ਕੀਤੇ ਹਨ। ਉਨ੍ਹਾਂ ਨੂੰ ਗੁਲਾਮ ਬਣਾਇਆ ਅਤੇ ਜਬਰੀ ਆਈ. ਐਸ. ਆਈ. ਐਸ. ਵਿਚ ਭਰਤੀ ਕੀਤਾ ਹੈ। 6 ਅਗਸਤ 2014 ਨੂੰ ਰਾਈਟਰ ਸਮਾਚਾਰ ਏਜੰਸੀ ਨੇ ਖ਼ਬਰ ਦਿੱਤੀ ਕਿ 50 ਹਜ਼ਾਰ ਤੋਂ ਵੀ ਵੱਧ ਲੋਕ ਪਹਾੜਾਂ ਉਤੇ ਫਸੇ ਹੋਏ ਹਨ ਅਤੇ ਉਨ੍ਹਾਂ ਕੋਲ ਖਾਣ ਲਈ ਕੁਝ ਵੀ ਨਹੀਂ ਹੈ। ਇਸ ਤੋਂ ਅਗਲੇ ਦਿਨ ਰਾਸ਼ਟਰਪਤੀ ਓਬਾਮਾ ਨੇ ਆਪਣੇ ਫੌਜੀਆਂ ਨੂੰ ਆਦੇਸ਼ ਦਿੱਤਾ ਕਿ ਉਹ ਇਰਾਕ ਵਿਚ ਆਈ. ਐਸ. ਐਸ. ਆਈ. ਦੇ ਟਿਕਾਣਿਆਂ ਉਤੇ 'ਸੀਮਤ' ਹਵਾਈ ਹਮਲੇ ਕਰਨ ਅਤੇ ਨਾਲ ਹੀ ਯਜ਼ੂਦੀ ਲੋਕਾਂ ਦੇ ਲਈ ਖੁਰਾਕ ਦੇ ਪੈਕੇਟ ਪਹਾੜਾਂ ਵਿਚ ਸੁੱਟਣ। ਪਰ ਇਸ ਨਾਲ ਗੱਲ ਨਾ ਬਣੀ। ਇਸ ਤੋਂ ਪਿਛੋਂ ਸਮੁੱਚੇ ਘਟਨਾਕ੍ਰਮ ਵਿਚ ਇਕ ਨਾਟਕੀ ਮੋੜ ਆਇਆ। ਵਾਈ. ਪੀ. ਜੀ. ਅਤੇ ਵਾਈ.ਪੀ. ਜੇ ਦੇ ਯੋਧੇ ਸੀਰੀਆ ਨੂੰ ਪਾਰ ਕਰਦਿਆਂ ਹੋਇਆਂ ਇਰਾਕ ਦੀਆਂ ਪਹਾੜੀਆਂ ਤੱਕ ਪਹੁੰਚੇ ਅਤੇ ਉਥੋਂ ਯਜਦੀ ਲੋਕਾਂ ਨੂੰ ਕੱਢਣ ਦੇ ਲਈ ਇਕ ਸੁਰੱਖਿਆ ਗਲਿਆਰੇ ਦਾ ਨਿਰਮਾਣ ਕੀਤਾ। ਇਸ ਤੋਂ ਪਿਛੋਂ ਪੱਛਮੀ ਜਗਤ ਦੀਆਂ ਅਖ਼ਬਾਰਾਂ ਵਿਚ ਫੌਜੀ ਵਰਦੀ ਪਾਈ ਖੂਬਸੂਰਤ ਕੁਰਦ ਕੁੜੀਆਂ ਦੀਆਂ ਤਸਵੀਰਾਂ ਖੂਬ ਛਪਣ ਲੱਗੀਆਂ ਅਤੇ ਦੱਸਿਆ ਗਿਆ ਕਿ ਕਿਵੇਂ ਇਸ ਤਰ੍ਹਾਂ ਇਨ੍ਹਾਂ ਲੋਕਾਂ ਨੇ ਯਜ਼ੂਦੀ ਲੋਕਾਂ ਨੂੰ ਸੁੱਖ ਦਾ ਸਾਹ ਦੁਆਇਆ, ਪਰ ਇਸ ਗੱਲ ਦਾ ਬਹੁਤ ਜ਼ਿਆਦਾ ਧਿਆਨ ਰੱਖਿਆ ਗਿਆ ਕਿ ਕਿਸੇ ਵੀ ਤਰ੍ਹਾਂ ਇਸ ਦਾ ਜ਼ਿਕਰ ਨਾ ਹੋਵੇ ਕਿ ਇਹ ਛਾਪਾਮਾਰ ਕੁੜੀਆਂ ਪੀ.ਕੇ.ਕੇ. ਨਾਲ ਜੁੜੀਆਂ ਹੋਈਆਂ ਹਨ। ਅਜਿਹਾ ਕਰਨ ਨਾਲ ਸ਼ਾਇਦ ਕਮਿਊਨਿਜ਼ਮ ਦਾ ਪ੍ਰਚਾਰ ਹੋ ਜਾਂਦਾ।




ਵੋਮੈਨ ਫਰੀਡਮ ਫੋਰਸ ਦੀਆਂ ਵੀਮੰਗਣਾਂ ਧਾਰਮਿਕ ਕੱਟੜਪੰਥੀਆਂ ਇਸਲਾਮਿਕ ਸਟੇਟ ਤੋਂ ਕੋਬਾਨਾ (ਰੋਜ਼ਾਵਾ) ਇਨਕਲਾਬੀ ਪੱਟੀ ਦੀ ਰਾਖੀ ਕਰਦੀਆਂ ਹੋਈਆਂ।

ਕੁਰਦਸਤਾਨ ਵਰਕਰਜ਼ ਪਾਰਟੀ ਦੀ ਸਥਾਪਨਾ 1978 ਵਿਚ ਹੋਈ ਸੀ। ਇਹਦੀ ਸਥਾਪਨਾ ਤੁਰਕੀ ਦੇ ਖੱਬੇ ਪੱਖੀ ਵਿਦਿਆਰਥੀ ਅੰਦੋਲਨ ਦੇ ਦੌਰਾਨ ਹੋਈ। ਚੀਨ ਅਤੇ ਵੀਅਤਨਾਮ ਦੇ ਇਨਕਲਾਬੀ ਅੰਦੋਲਨਾਂ ਤੋਂ ਪ੍ਰੇਰਿਤ ਸੀ। ਪੀ. ਕੇ.ਕੇ. ਦਾ ਟੀਚਾ ਲੋਕ ਯੁੱਧ ਦੇ ਰਾਹੀਂ ਇਕ ਆਜ਼ਾਦ ਅਤੇ ਸਮਾਜਵਾਦੀ ਕੁਰਦਿਸ਼ ਰਾਜ ਦੀ ਸਥਾਪਨਾ ਕਰਨਾ ਹੈ। ਇਹਦੇ ਕਾਰਕੁੰਨਾਂ ਨੇ ਪਿੰਡਾਂ ਵਿਚ ਜਾ ਕੇ ਰਹਿਣਾ ਸ਼ੁਰੂ ਕੀਤਾ ਤਾਂ ਕਿ ਉਹ ਕਿਸਾਨ ਅੰਦੋਲਨ ਦੀ ਉਸਾਰੀ ਕਰ ਸਕਣ। ਇਨ੍ਹਾਂ ਦੇ ਨਿਸ਼ਾਨੇ ਉਤੇ ਜਗੀਰਦਾਰ ਭੌਂ ਮਾਲਕ ਸਨ। ਜਿਨ੍ਹਾਂ ਨੇ ਲੋਕਾਂ ਉਤੇ ਜਬਰ ਕੀਤਾ ਸੀ ਅਤੇ ਜਿਹੜਾ ਤੁਰਕੀ ਦੀ ਫੌਜ ਲਈ ਜਬਰੀ ਲੋਕਾਂ ਨੂੰ ਭਰਤੀ ਕਰਦੇ ਸਨ। ਦੋ ਸਾਲ ਪਿਛੋਂ ਹੀ 1980 ਵਿਚ ਤੁਰਕੀ ਵਿਚ ਇਕ ਫੌਜੀ ਬਗਾਵਤ ਹੋਈ ਅਤੇ ਸੱਤਾ ਉਤੇ ਕਾਬਜ਼ ਹੋ ਗਈ। ਇਹਦੇ ਨਾਲ ਹੀ ਹਕੂਮਤ ਵਲੋਂ ਕੁਰਦ ਲੋਕਾਂ ਦੇ ਵਿਰੁੱਧ ਜ਼ਬਰ ਦਾ ਇਕ ਦੌਰ ਸ਼ੁਰੂ ਹੋ ਗਿਆ। ਇਸ ਸਮੇਂ ਹਾਲਤ ਇਹ ਹੋ ਗਈ ਕਿ ਤੁਰਕੀ ਦੇ ਪਿੰਡਾਂ ਵਿਚ ਪੀ. ਕੇ. ਕੇ. ਅਤੇ ਤੁਰਕੀ ਦੀ ਫੌਜ ਵਿਚਕਾਰ ਸਰਦਾਰੀ ਕਾਇਮ ਕਰਨ ਦੀ ਹੋੜ ਲੱਗ ਗਈ। ਮਾਨਵ ਅਧਿਕਾਰ ਸੰਗਠਨ (ਹਿਊਮੈਨ ਰਾਈਟਸ ਵਾਚ) ਦੀ ਇਕ ਰਿਪੋਰਟ ਦੇ ਮੁਤਾਬਕ 1993 ਵਿਚ ਲਗਭਗ 450 ਲੋਕ ਮਾਰੇ ਗਏ ਜਿਨ੍ਹਾਂ 'ਚ ਪੱਤਰਕਾਰ, ਅਧਿਆਪਕ, ਡਾਕਟਰ ਅਤੇ ਮਨੁੱਖੀ ਅਧਿਕਾਰਾਂ ਨਾਲ ਜੁੜੇ ਕਾਰਕੁੰਨ ਸਨ। ਤੁਰਕੀ ਦੀ ਸਰਕਾਰ ਨੇ ਇਨ੍ਹਾਂ ਹੱਥਕੰਡਿਆਂ ਦੀ ਕਦੇ ਜਾਂਚ ਨਹੀਂ ਕਰਵਾਈ ਕਿਉਂਕਿ ਇਨ੍ਹਾਂ ਪਿਛੇ ਸਰਕਾਰੀ ਫੌਜੀਆਂ ਦੇ ਹੱਥ ਹੋਣ ਦਾ ਸ਼ੱਕ ਸੀ। ਇਹ ਅਜਿਹਾ ਦੌਰ ਸੀ ਜਦੋਂ ਇਜ਼ਰਾਈਲ ਅਤੇ ਮਿਸਰ ਤੋਂ ਪਿਛੋਂ ਅਮਰੀਕਾ ਤੋਂ ਸਭ ਤੋਂ ਵੱਡੀ ਸਹਾਇਤਾ ਹਾਸਲ ਕਰਨ ਵਾਲਾ ਦੇਸ਼ ਤੁਰਕੀ ਸੀ। ਜਾਰਜ ਐਚ ਡਬਲਿਊ. ਬੁਸ਼ ਦੇ ਪ੍ਰਸ਼ਾਸਨ ਨੇ ਖੁੱਲ੍ਹੇ ਤੌਰ 'ਤੇ ਕੁਰਦਾਂ ਦੇ ਵਿਰੁੱਧ ਹੋ ਰਹੀ ਹਿੰਸਾ ਦੀ ਹਮਾਇਤ ਕੀਤੀ ਸੀ।

ਪੀ. ਕੇ. ਕੇ. ਦੀ ਸਥਾਪਨਾ ਅਬਦੁੱਲਾ ਐਕਲਾਨ ਨੇ ਕੀਤੀ ਸੀ ਜਿਹਨੂੰ 'ਅਪੋ' ਵੀ ਕਿਹਾ ਜਾਂਦਾ ਹੈ। ਇਸ ਜਥੇਬੰਦੀ ਨੂੰ, ਨਾਟੋ, ਅਮਰੀਕਾ ਅਤੇ ਯੂਰਪੀਨ ਯੂਨੀਅਨ ਸਮੇਤ ਅਨੇਕਾਂ ਪੱਛਮੀ ਦੇਸ਼ਾਂ ਨੇ ਅੱਤਵਾਦੀ ਜਥੇਬੰਦੀਆਂ ਦੀ ਸੂਚੀ ਵਿਚ ਰੱਖਿਆ ਹੋਇਆ ਹੈ। 1999 ਵਿਚ ਸੀ. ਆਈ. ਏ. ਅਤੇ ਤੁਰਕੀ ਦੇ ਸੁਰੱਖਿਆ ਫੌਜੀਆਂ ਨੇ ਔਕਲਾਨ ਨੂੰ ਨੈਰੋਬੀ ਤੋਂ ਗ੍ਰਿਫ਼ਤਾਰ ਕੀਤਾ। ਉਹਨੂੰ 15 ਫਰਵਰੀ 1999 ਨੂੰ ਉਸ ਸਮੇਂ ਕੀਨੀਆ ਦੇ ਜੋਮੋ ਕੇਨਯਾਟਾ ਇੰਟਰਨੈਸ਼ਨਲ ਏਅਰਪੋਰਟ ਤੋਂ ਗ੍ਰਿਫ਼ਤਾਰ ਕੀਤਾ ਜਦੋਂ ਉਹ ਜਹਾਜ਼ ਵਿਚ ਚੜ੍ਹਨ ਜਾ ਰਿਹਾ ਸੀ। ਉਂਝ 1998 ਤੱਕ ਔਕਲਾਨ ਨੇ ਸੀਰੀਆ ਨੂੰ ਆਪਣਾ ਦਫ਼ਤਰ ਬਣਾਇਆ ਹੋਇਆ ਸੀ ਪਰ ਜਿਵੇਂ ਜਿਵੇਂ ਤੁਰਕੀ ਵਿਚ ਹਾਲਤਾਂ ਖਰਾਬ ਹੁੰਦੀਆਂ ਗਈਆਂਤੁਰਕੀ ਦੀ ਸਰਕਾਰ ਨੇ ਸੀਰੀਆ ਨੂੰ ਧਮਕੀ ਦਿੱਤੀ ਕਿ ਜੇ ਉਨ੍ਹਾਂ ਨੇ ਪੀ. ਕੇ. ਕੇ. ਨੂੰ ਆਪਣੀ ਹਮਾਇਤ ਦਿੱਤੀ ਤਾਂ ਨਤੀਜੇ ਚੰਗੇ ਨਹੀਂ ਹੋਣਗੇ। ਨਤੀਜਾ ਇਹ ਨਿਕਲਿਆ ਕਿ ਸੀਰੀਆ ਸਰਕਾਰ ਨੇ ਔਕਲਾਨ ਉਤੇ ਕਾਫ਼ੀ ਦਬਾਅ ਪਾਇਆ ਕਿ ਉਹ ਦੇਸ਼ ਛੱਡ ਦੇਵੇ ਪਰਤੁਰਕੀ ਦੇ ਅਧਿਕਾਰੀਆਂ ਨੂੰ ਨਹੀਂ ਸੌਂਪਿਆ। ਨੈਰੋਬੀ ਵਿਚ ਗ੍ਰਿਫ਼ਤਾਰੀ ਤੋਂ ਪਿਛੋਂ ਉਹਨੂੰ ਤੁਰਕੀ ਦੇ ਕਾਨੂੰਨ ਦੇ ਮੁਤਾਬਕ ਮੌਤ ਦੀ ਸਜ਼ਾ ਦਿੱਤੀ ਗਈ। ਜਦੋਂ ਤੁਰਕੀ ਨੇ ਯੂਰਪੀਨ ਯੂਨੀਅਨ ਦੀ ਮੈਂਬਰੀ ਲੈਣ ਦੀ ਕੋਸ਼ਿਸ਼ ਕੀਤੀ ਅਤੇ ਆਪਣੇ ਦੇਸ਼ ਵਿਚ ਮੌਤ ਦੀ ਸਜ਼ਾ ਦੇ ਕਾਨੂੰਨ ਵਿਚ ਸੋਧ ਕੀਤੀ ਤਾਂ ਔਕਲਾਨ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ। ਅੱਜ ਉਹ ਜੇਲ੍ਹ 'ਚ ਬੰਦ ਹਨ, ਪਰ ਕੁਰਦ ਲੋਕ ਉਹਨੂੰ ਆਪਣਾ ਨਿਰਵਿਵਾਦ ਆਗੂ ਮੰਨਦੇ ਹਨ।

15 ਸਤੰਬਰ 2014 ਨੂੰ ਪੀ. ਕੇ. ਕੇ. ਦੀ ਕਾਰਜਕਰਨੀ ਨੇ ਇਕ ਬਿਆਨ ਜਾਰੀ ਕਰਕੇ ਰੋਜ਼ਾਵਾ ਕੋਬਾਨੇ ਸੂਬੇ ਵਿਚ ਇਸਲਾਮਿਕ ਕੱਟੜਪੰਥੀਆਂ ਦੇ ਵਿਰੁੱਧ ਲੋਕਾਂ ਦੀ ਜਿੱਤ ਦਾ ਸਵਾਗਤ ਕੀਤਾ। ਇਹ ਜਿੱਤ 135 ਦਿਨਾਂ ਦੇ ਯੁੱਧ ਪਿਛੋਂ ਹੋਈ ਸੀ। ਬਿਆਨ ਇਹ ਦੱਸਦਾ ਹੈ ਕਿ ਉਹ ਕੁਰਦਿਸ਼ ਨੌਜਵਾਨਾਂ



ਕੁਰਦਸਤਾਨ ਵਰਕਰਜ਼ ਪਾਰਟੀ ਦਾ ਆਗੂ ਅਬਦੁੱਲਾ ਔਕਲਾਨ ਜੇਲ੍ਹ 'ਚ ਉਮਰ ਕੈਦ ਭੋਗ ਰਿਹਾ ਹੈ।

ਅਤੇ ਔਰਤਾਂ ਦੀ ਜਿੱਤ ਹੈ, ਜਿਨ੍ਹਾਂ ਨੇ ਆਜ਼ਾਦੀ ਲਈ ਅਨੇਕਾਂ ਕੁਰਬਾਨੀਆਂ ਦਿੱਤੀਆਂ ਹਨ। ਪੀ. ਕੇ. ਕੇ. ਦੇ ਬਿਆਨ ਵਿਚ ਇਹਨੂੰ ਆਪਣਾ ਆਗੂ ਆਨਲੈਂਨ ਦੀਆਂ ਨੀਤੀਆਂ ਦੀ ਜਿੱਤ ਕਿਹਾ ਹੈ। ਇਹਦੇ ਨਾਲ ਹੀ ਤੁਰਕੀ ਦੀ ਮਾਰਕਸੀ ਲੈਨਿਨੀ ਕਮਿਊਨਿਸਟ ਪਾਰਟੀ ਨੇ ਵੀ ਇਹਦਾ ਸੁਆਗਤ ਕੀਤਾ ਹੈ। ਹਾਲਾਂਕਿ ਪੀ. ਕੇ. ਕੇ. ਅਤੇ ਐਮ. ਐਲ. ਕੇ. ਪੀ. ਵਿਚਕਾਰ ਅੰਤਰ ਵਿਰੋਧਾਂ ਦਾ ਲੰਬਾ ਇਤਿਹਾਸ ਹੈ ਪਰ ਰੋਜ਼ਾਵਾ ਦੇ ਮਸਲੇ ਉਤੇ ਦੋਹਾਂ ਨੇ ਇਕਜੁਟਤਾ ਵਿਖਾਈ ਹੈ। ਐਮ. ਐਲ. ਕੇ. ਪੀ. ਨੇ ਉਸ ਕੌਮਾਂਤਰੀ ਬ੍ਰਿਗੇਡ ਦਾ ਵੀ ਸੁਆਗਤ ਕੀਤਾ ਹੈ, ਜਿਸ 'ਚ ਸ਼ਾਮਲ ਹੋਣ ਲਈ ਵੱਖ-ਵੱਖ ਦੇਸ਼ਾ ਦੇ ਲੋਕ ਰੋਜ਼ਾਵਾ ਪਹੁੰਚ ਰਹੇ ਹਨ। ਐਨਾ ਹੀ ਨਹੀਂ ਇਹਨੇ ਲਾਤੀਨੀ ਅਮਰੀਕਾ ਅਤੇ ਯੂਰਪ ਦੇ ਵੱਖ-ਵੱਖ ਇਨਕਲਾਬੀ ਸੰਗਠਨਾਂ ਨਾਲ ਵੀ ਸੰਪਰਕ ਕੀਤਾ ਤਾਂ ਕਿ ਇਸ ਬ੍ਰਿਗੇਡ ਨੂੰ ਮਜ਼ਬੂਤ ਬਣਾਇਆ ਜਾ ਸਕੇ। ਕੌਮਾਂਤਰੀ ਬ੍ਰਿਗੇਡ ਬਣਾਉਣ ਦੀ ਘਟਨਾ ਨੇ 1930 ਦੇ ਦਹਾਕੇ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਜਦੋਂ ਸਪੇਨ ਵਿਚ ਘਰੇਲੂ ਯੁੱਧ ਛਿੜਿਆ ਹੋਇਆ ਸੀ ਅਤੇ ਸਾਰੀ ਦੁਨੀਆ ਦੇ ਜਮਹੂਰੀ ਤੱਤ ਫਾਸ਼ਿਸ਼ਟ ਫੌਜੀਆਂ ਦਾ ਮੁਕਾਬਲਾ ਕਰਨ ਲਈ ਸਪੇਨ ਪਹੁੰਚ ਗਏ ਸਨ। ਇਹ ਲੋਕਾਂ ਦੇ ਇਤਿਹਾਸ ਦੀ ਇਕ ਨਾ ਭੁਲਣਯੋਗ ਘਟਨਾ ਸੀ ਕਿਉਂਕਿ ਇਸ ਵਿਚ ਬਹੁਤ ਸਾਰੇ ਪ੍ਰਸਿੱਧ ਲੇਖਕ ਅਤੇ ਬੁੱਧੀਜੀਵੀ ਵੀ ਸ਼ਾਮਲ ਸਨ। ਹਾਲਾਂਕਿ ਸਪੇਨ ਦੇ ਘਰੇਲੂ ਯੁੱਧ ਵਿਚ ਫਾਸ਼ਿਸ਼ਟ ਤਾਕਤਾਂ ਨੂੰ ਸਫ਼ਲਤਾ ਮਿਲੀ ਅਤੇ ਜਨਰਲ ਫਰੈਂਕੋ ਚਾਰ ਦਹਾਕਿਆਂ ਤੱਕ ਸਪੇਨ ਉਤੇ ਹਕੂਮਤ ਕਰਦੇ ਰਹੇ ਪਰ ਫਿਰ ਵੀ ਕੌਮਾਂਤਰੀ ਇਕਜੁਟਤਾ ਦੇ ਮਾਮਲੇ ਵਿਚ ਇਸ ਤਰ੍ਹਾਂ ਦੀ ਘਟਨਾ ਫਿਰ ਕਦੇ ਨਹੀਂ ਮਿਲੀ। ਰੋਜ਼ਾਵਾ ਉਸ ਇਤਿਹਾਸ ਨੂੰ ਇਕ ਵਾਰ ਫਿਰ ਦੁਹਰਾ ਰਿਹਾ ਹੈ। ਐਮ.ਐਲ. ਕੇ. ਪੀ. ਦਾ ਦਾਅਵਾ ਹੈ ਕਿ ਉਹ 2012 ਤੋਂ ਹੀ ਰੋਜ਼ਾਵਾ ਵਿਚ ਕੰਮ ਕਰ ਰਹੀ ਹੈ ਅਤੇ ਉਹਦੇ ਮੈਂਬਰ ਵਾਈ. ਪੀ. ਜੀ. ਅਤੇ ਵਾਈ. ਪੀ. ਜੇ. ਦੇ ਫੌਜੀਆਂ ਦੇ ਨਾਲ ਮਿਲ ਕੇ ਕੱਟੜਪੰਥੀ ਤਾਕਤਾਂ ਦਾ ਮੁਕਾਬਲਾ ਕਰ ਰਹੇ ਹਨ। ਇਸ ਲਈ ਉਹਦਾ ਦਾਅਵਾ ਹੈ ਕਿ ਰੋਜ਼ਾਵਾ ਨੇ ਸਮੁੱਚੇ ਮੱਧ ਪੂਰਬ ਤੁਰਕੀ ਅਤੇ ਉਤਰੀ ਕੁਰਦਸਤਾਨ ਵਿਚ ਉਮੀਦ ਦੀ ਇਕ ਰੌਸ਼ਨ ਪੈਦਾ ਕੀਤੀ ਹੈ। ਕੱਟੜਪੰਥੀ ਤਾਕਤਾਂ ਵਿਰੁੱਧ ਲੜਨ ਵਾਲੀ ਇਸ ਰੌਸ਼ਨੀ ਦਾ ਚਾਨਣ ਦੁਨੀਆ ਫੈਲ ਰਿਹਾ ਹੈ।

ਦੋਹਾਂ ਜਥੇਬੰਦੀਆਂ ਵਿਚ ਇਕਜੁਟਤਾ ਦਾ ਪ੍ਰਗਟਾਅ ਉਦੋਂ ਹੋ ਮਿਸਾਲੀ ਹੋ ਜਾਂਦਾ ਹੈ ਜਦੋਂ ਪੀ. ਕੇ. ਕੇ. ਅਤੇ ਐਮ. ਐਲ. ਕੇ. ਪੀ. ਦੇ ਸੂਰਬੀਰ ਸ਼ਹੀਦਾਂ ਦੀਆਂ ਸ਼ਵਯਾਤਰਾ ਸਾਂਝੇ ਤੌਰ 'ਤੇ ਕੱਢੀਆਂ ਜਾਂਦੀਆਂ ਹਨ। ਇਨ੍ਹਾਂ ਸਵਯਾਤਰਾਵਾਂ ਵਿਚ ਦੋਹਾਂ ਪਰਟੀਆਂ ਅਤੇ ਉਨ੍ਹਾਂ ਨਾਲ ਸਬੰਧਤ ਸੰਗਠਨਾਂ ਦੇ ਝੰਡੇ ਦਿਖਾਈ ਦਿੰਦੇ ਹਨ। ਸਾਫ਼ ਜੇਹੀ ਗੱਲ ਹੈ ਕਿ ਇਨ੍ਹਾਂ ਦੋ ਵੱਡੇ ਸੰਗਠਨਾਂ ਦੀ ਏਕਤਾ ਨੇ ਨਾ ਸਿਰਫ਼ ਆਈ. ਐਸ. ਆਈ. ਐਸ. ਦੇ ਸਾਹਮਣੇ ਚੁਣੌਤੀ ਪੈਦਾ ਕਰ ਦਿੱਤੀ ਹੈ, ਇਹਨੇ ਪੱਛਮੀ ਦੇਸ਼ਾਂ ਨੂੰ ਵੀ ਸੰਕਟ ਵਿਚ ਪਾ ਦਿੱਤਾ ਹੈ। ਜਿਹੜਾ ਇਸਲਾਮਿਕ ਕੱਟੜਵਾਦ ਤੋਂ ਬਚਨਾ ਤਾਂ ਚਾਹੁੰਦਾ ਹੈ ਪਰ ਇਹ ਨਹੀਂ ਚਾਹੁੰਦਾ ਕਿ ਉਹਨੂੰ ਹਰਾਉਣ ਵਿਚ ਕਮਿਊਨਿਸਟਾਂ ਨੂੰ ਕੋਈ ਕਾਮਯਾਬੀ ਮਿਲੇ। ਸਾਮਰਾਜ ਵਾਦੀ ਦੇਸ਼ਾਂ ਦੇ ਪਿਛਲੇ ਇਤਿਹਾਸ ਨੂੰ ਵੇਖੀਏ ਤਾਂ ਇਹ ਵੀ ਪਤਾ ਲੱਗਦਾ ਹੈ ਕਿ ਇੰਡੋਨੇਸ਼ੀਆ ਤੋਂ ਲੈ ਕੇ ਅਫ਼ਗਾਨਿਸਤਾਨ ਤੱਕ ਇਹਨੇ ਪ੍ਰਗਤੀਸ਼ੀਲ, ਖੱਬੇ ਪੱਖੀ ਅਤੇ ਜਮਹੂਰੀਅਤ ਪਸੰਦ ਤਾਕਤਾਂ ਨੂੰ ਪਿਛੇ ਧੱਕਣ ਦੇ ਲਈ ਇਸਲਾਮਿਕ ਕੱਟੜਵਾਦ ਨੂੰ ਮਦਦ ਪਹੁੰਚਾਈ। ਉਹਨੂੰ ਲਗਦਾ ਸੀ ਕਿ ਕੱਟੜਵਾਦ ਨਾਲ ਨਿਪਟਨਾ ਆਸਾਨ ਹੋਵੇਗੀ। [ਹਾਲਾਂਕਿ ਇਹ ਇਕ ਭਰਮ ਹੀ ਸਾਬਤ ਹੋਇਆ] ਪਰ ਜੇ ਖੱਬੇ ਪੱਖੀ ਤਾਕਤਾਂ ਸਥਾਪਤ ਹੋ ਗਈਆਂ ਤਾਂ ਲੋਕਾਂ ਦੇ ਵਿਚ ਉਨ੍ਹਾਂ ਦੀ ਸਾਖ਼ ਐਨੀ ਮਜ਼ਬੂਤ ਹੋ ਸਕਦੀ ਹੈ ਕਿ ਉਨ੍ਹਾਂ ਨੂੰ ਹਟਾਉਣਾ ਮੁਸ਼ਕਿਲ ਹੋ ਜਾਵੇਗਾ। ਇਸ ਸਭ ਦੇ ਬਾਵਜੂਦ ਰੋਜ਼ਾਵਾ ਵਿਚ ਨਾ ਸਿਰਫ਼ ਐਮ. ਕੇ. ਐਲ. ਪੀ. ਅਤੇ ਪੀ. ਕੇ. ਕੇ. ਸਗੋਂ ਹੋਰ ਕਈ ਛੋਟੇ ਛੋਟੇ ਖੱਬੇਪੱਖੀ ਸੰਗਠਨ ਇਕ ਮੰਚ ਉਤੇ ਇਕੱਠੇ ਹੋ ਗਏ ਹਨ ਅਤੇ ਇਸਲਾਮਿਕ ਕੱਟੜਵਾਦ ਦੇ ਨਾਲ ਨਾਲ ਸਾਮਰਾਜੀ ਤਾਕਤਾਂ ਦਾ ਵੀ ਮੁਕਾਬਲਾ ਕਰਨ ਦਾ ਸੰਕਲਪ ਅਮਲ 'ਚ ਲਿਆ ਰਹੇ ਹਨ।

ਇਸੇ ਦੌਰਾਨ ਤੁਰਕੀ ਦੀ ਸਰਕਾਰ ਨੇ ਅਜੇ ਵੀ ਕੁਰਦਿਸ਼ ਲੋਕਾਂ ਦੇ ਵਿਰੁੱਧ ਜ਼ਬਰ ਤਸ਼ੱਦਦ ਦਾ ਰਾਹ ਅਪਣਾਇਆ ਹੋਇਆ ਹੈ। ਤੁਰਕੀ ਵਿਚ ਕਈ ਥਾਵਾਂ ਉਤੇ ਕੋਬਾਨੇ ਦੀ ਜਿੱਤ ਦਾ ਜਸ਼ਨ ਮਨਾ ਰਹੇ ਲੋਕਾਂ ਉਤੇ ਪੁਲਿਸ ਨੇ ਹਮਲਾ ਕੀਤਾ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ। ਇਸ ਸਮੂਹ ਦੇ ਵਿਚ ਸੀਰੀਆ ਦੇ ਭਵਿੱਖ ਨੂੰ ਲੈ ਕੇ ਵੀ ਵਿਚਾਰ ਚਰਚਾ ਲਗਾਤਾਰ ਚਲ ਰਹੀ ਹੈ। ਅਜੇ ਤੱਕ ਰੋਜ਼ਾਵਾ ਨੂੰ ਕਿਸੇ ਵੀ ਦੇਸ਼ ਨੇ ਰਸਮੀ ਮਾਨਤਾ ਨਹੀਂ ਦਿੱਤੀ ਪਰ ਆਜ਼ਾਦੀ ਦੀ ਸੰਘਰਸ਼ ਵਿਚ ਲੱਗੇ ਲੋਕਾਂ ਦੀ ਉਮੀਦ ਹੈ ਕਿ ਸ਼ਾਇਦ ਰੂਸ ਤੋਂ ਉਨ੍ਹਾਂ ਨੂੰ ਕੋਈ ਸੱਦਾ ਆਵੇ। ਮਿਸਰ ਸਬੰਧੀ ਵੀ ਇਹੋ ਅਨੁਮਾਨ ਹੈ।

ਮੁੱਕਦੀ ਗੱਲ ਕਿ ਕੋਬਾਨੇ ਹਾਲ ਦੀ ਘੜੀ ਇਸਲਾਮਿਕ ਕੱਟੜਪੰਥੀਆਂ ਤੋਂ ਮੁਕਤ ਹੋ ਚੁੱਕਾ ਹੈ ਅਤੇ ਰੋਜ਼ਾਵਾ ਨੇ ਦੁਨੀਆ ਦੇ ਨਕਸ਼ੇ ਉਤੇ ਇਕ ਨਵੀਂ ਕਹਾਣੀ ਲਿਖ ਦਿੱਤੀ ਹੈ ਪਰ ਭੁੱਲਣਾ ਨਹੀਂ ਚਾਹੀਦਾ ਕਿ ਸਾਮਰਾਜਵਾਦੀ ਬੇਹੱਦ ਖਤਰਨਾਕ ਜਾਨਵਰ ਹੈ, ਇਹ ਉਨ੍ਹਾਂ ਨੂੰ ਸਪੇਨ ਵਾਂਗੂੰ ਘਰੇਲੂ ਜੰਗ ਵਿਚ ਵੀ ਧੱਕ ਸਕਦਾ ਹੈ ਅਤੇ ਹੋਰ ਸਾਜ਼ਿਸ਼ਾਂ ਦਾ ਸ਼ਿਕਾਰ ਵੀ ਬਣਾ ਸਕਦਾ ਹੈ। ਪਰ ਇਕ ਗੱਲ ਸਾਫ਼ ਹੈ ਕਿ ਇਸਲਾਮਿਕ ਕੱਟੜਵਾਦ ਜਾਂ ਇਉਂ ਕਹੋ ਧਾਰਮਿਕ ਕੱਟੜਵਾਦ ਵਿਰੁੱਧ ਲੜਨ ਦਾ ਜਿਹੜਾ ਮਾਡਲ ਰੋਜ਼ਾਵਾ ਨੇ ਪੇਸ਼ ਕੀਤਾ ਹੈ, ਇਹ ਇਕ ਇਤਿਹਾਸਕ ਸਬਕ ਹੈ।

ਜਿਹੜਾ ਸਾਮਰਾਜਵਾਦ ਅਤੇ ਉਹਦਾ ਸਰਗਨਾ ਅਮਰੀਕਾ ਸਮੇਤ ਦੁਨੀਆ ਦੀ ਕਾਰਪੋਰੇਟੀ ਪੂੰਜੀ ਦੇ ਟੁਕੜਿਆਂ ਤੇ ਪਲਨ ਵਾਲਾ ਮੀਡੀਆ ਇਸਲਾਮਿਕ ਕੱਟੜਵਾਦ ਦੀ ਬੂ ਦੁਹਾਈ ਪਾ ਕੇ ਦੁਨੀਆ ਦੇ ਕੁਦਰਤੀ ਖਜ਼ਾਨਿਆਂ ਅਤੇ ਮੰਡੀਆਂ ਉਤੇ ਕਬਜ਼ੇ ਲਈ ਹਾਬੜਿਆ ਫਿਰਦਾ ਹੈ, ਇਹਨੇ ਧਾਰਮਿਕ ਕੱਟੜਵਾਦ ਵਿਰੁੱਧ ਤਾਂ ਕੀ ਲੜਨਾ ਹੈ ਇਹ ਲਗਾਤਾਰ ਉਹਨੂੰ ਪਾਲਦਾ ਆ ਰਿਹਾ ਹੈ। ਇਸ ਨੂੰ ਦੁਹਰਾਉਣ ਦੀ ਲੋੜ ਨਹੀਂ ਸ਼ੁਰੂ ਵਿਚ ਅਸੀਂ ਤੁਰਕੀ ਦੇ ਪੱਤਰਕਾਰ ਉਜ਼ਗੁਰੂ ਆਮੇਦ ਦੀ ਮੁਲਾਕਾਤ ਦੇ ਜਿਹੜੇ ਅੰਸ਼ ਦਿੱਤੇ ਸਨ, ਵਿਚ ਉਨ੍ਹਾਂ ਇਕ ਸਾਫ਼ ਹੀ ਕਰ ਦਿੱਤ ਹੈ। ਕੁਰਦ ਲੋਕਾਂ ਵਿਸ਼ੇਸ਼ ਕਰਕੇ ਕੋਬਾਨੇ ਦੇ ਲੋਕਾਂ ਨੇ ਇਸਲਾਮਿਕ ਸਟੇਟ ਵਿਰੁੱਧ ਜਿਹੜੀ ਇਤਿਹਾਸਕ ਫ਼ਖ਼ਰਯੋਗ ਲੜਾਈ ਦਿੱਤੀ ਹੈ ਅਤੇ ਜਿਸ ਵਿਚ ਔਰਤਾਂ ਦੀ ਸ਼ਮੂਲੀਅਤ ਲਾ ਮਿਸਾਲੀ ਹੈ, ਇਹ ਅਜੋਕੇ ਦੌਰ ਵਿਚ ਆਪਣੇ ਆਪ ਵਿਚ ਹੀ ਦੁਨੀਆ ਦੇ ਪੱਤਰਕਾਰ ਉਜ਼ਗੁਰੂ ਆਮੇਦ ਦੀ ਮੁਲਾਕਾਤ ਦੇ ਜਿਹੜੇ ਅੰਸ਼ ਦਿੱਤੇ ਸਨ, ਵਿਚ ਉਨ੍ਹਾਂ ਇਹ ਸਾਫ਼ ਹੀ ਕਰ ਦਿੱਤਾ ਹੈ। ਕੁਰਦ ਲੋਕਾਂ ਵਿਸ਼ੇਸ਼ ਕਰਕੇ ਕੋਬਾਨੇ ਦੇ ਲੋਕਾਂ ਨੇ ਇਸਲਾਮਿਕ ਸਟੇਟ ਵਿਰੁੱਧ ਜਿਹੜੀ ਇਤਿਹਾਸਕ ਫਖ਼ਰਯੋਗ ਲੜਾਈ ਦਿੱਤੀ ਹੈ ਅਤੇ ਜਿਸ ਵਿਚ ਔਰਤਾਂ ਦੀ ਸ਼ਮੂਲੀਅਤ ਲਾ ਮਿਸਾਲ ਹੈ, ਇਹ ਅਜੋਕੇ ਦੌਰ ਵਿਚ ਆਪਣੇ ਆਪ ਵਿਚ ਹੀ ਦੁਨੀਆ ਦੇ ਖੱਬੇਪੱਖੀਆਂ ਲਈ ਬਹੁਮੁੱਲਾ, ਵਿਰਾਸਤੀ ਸਬਕ ਹੈ। ਜਿਹੜਾ ਪ੍ਰੇਰਨਾ ਦੇਣ ਵਾਲਾ ਹੈ। ਵਿਸ਼ੇਸ਼ ਕਰਕੇ ਇਸ ਮੌਕੇ ਜਦੋਂ ਪੂਰੇ ਯੂਰਪ, ਏਸ਼ੀਆ ਅਤੇ ਅਮਰੀਕੀ ਮਹਾਂਦੀਪ ਵਿਚ ਇਸ ਦਾ ਹਾਊਆ ਖੜ੍ਹਾ ਕੀਤਾ ਗਿਆ ਹੈ।

**ਭਾਗ ਤੀਜਾ**

ਇਸੇ ਲੇਖ ਦੇ ਅਖੀਰ ਵਿਚ ਅਸੀਂ ਸੋਸ਼ਲਿਸਟ ਅਲਾਇੰਸ (ਸਮਾਜਵਾਦੀ ਇਕਜੁਟਤਾ) ਨਾਂ ਦੇ ਜਾਰੀ ਹੋਏ ਪਰਚੇ ਦੇ ਅੰਸ਼ ਵੀ ਦੇਣਾ ਚਾਹਾਂਗੇ। ਇਹ ਪਰਚਾ ਇਸਲਾਮਿਕ ਸਟੇਟ ਅਤੇ ਉਹਨੂੰ ਪਾਲਣ ਵਾਲਿਆਂ ਦੇ ਚਿਹਰੇ ਬੇਪਰਦ ਕਰਦਾ ਹੈ। "ਪੱਛਮੀ ਦੇਸ਼ ਇਕ ਜਮਹੂਰੀ ਇਨਕਲਾਬ ਦੇ ਮੁਕਾਬਲੇ ਇਸਲਾਮਿਕ ਸਟੇਟ ਦੇ ਹੱਤਿਆਰਿਆਂ ਨੂੰ ਤਰਜੀਹ ਦਿੰਦੇ ਹਨ।"

"ਉਤਰੀ ਸੀਰੀਆ ਦੇ ਕੁਰਦਿਸ਼ ਬਹੁਗਿਣਤੀ ਵਾਲੇ ਸ਼ਹਿਰ ਕੋਬਾਨੇ ਦੇ ਲੋਕਾਂ ਨੇ 'ਇਸਲਾਮਿਕ ਸਟੇਟ' ਨਾਮੀ ਹੱਤਿਆਰਿਆਂ ਦੇ ਗਿਰੋਹ ਦੇ ਵਿਰੁੱਧ ਜ਼ਬਰਦਸਤ ਵਿਰੋਧ ਦਾ ਸਬੂਤ ਦਿੱਤਾ ਹੈ। ਆਧੁਨਿਕ ਹਥਿਆਰਾਂ ਨਾਲ ਲੈਸ ਹੋਣ ਦੇ ਬਾਵਜੂਦ ਆਈ. ਐਸ. ਦੇ ਹੱਤਿਆਰਿਆਂ ਨੂੰ ਪਿਛੇ ਹਟਨਾ ਪਿਆ ਹੈ। ਅਮਰੀਕਾ ਦੀ ਅਗਵਾਈ 'ਚ ਜਿਹੜਾ ਆਈ. ਐਸ. ਵਿਰੋਧੀ ਗਠਜੋੜ ਬਣਿਆ ਹੈ ਉਹਨੇ ਕੋਬਾਨੇ ਦੇ ਇਨਕਲਾਬੀ ਦਸਤਿਆਂ ਨੂੰ ਕਿਸੇ ਕਿਸਮ ਦੀ ਮਦਦ ਨਹੀਂ ਪਹੁੰਚਾਈ। ਇਹਨੇ ਉਤਰੀ ਸੀਰੀਆ ਵਿਚ ਅਨੇਕਾਂ ਥਾਵਾਂ ਉਤੇ ਬੰਬਾਰੀ ਕੀਤੀ ਪਰ ਕੋਬਾਨੇ ਦੇ ਆਲੇ ਦੁਆਲੇ ਕੰਮ ਕਰਦੇ ਆਈ. ਐਸ. ਦੇ ਟਿਕਾਣਿਆਂ ਨੂੰ ਖੁੱਲ੍ਹਾ ਛੱਡ ਦਿੱਤਾ। ਪੱਛਮ ਦੇ ਇਨ੍ਹਾਂ ਦੇਸ਼ਾਂ ਨੇ ਵਿਰੋਧ ਕਰ ਰਹੇ ਇਨ੍ਹਾਂ ਕੁਰਦ ਲੋਕਾਂ ਨੂੰ ਹਥਿਆਰ ਦੇਣ ਤੋਂ ਵੀ ਇਨਕਾਰ ਕਰ ਦਿੱਤਾ।

ਰੋਜ਼ਾਵਾ ਸਮੁੱਚੇ ਮੱਧ ਪੂਰਬ ਲਈ ਇਕ ਮਾਡਲ ਹੈ : ਤੁਰਕੀ ਦੀ ਸੀਮਾ ਦੇ ਕੋਲ ਅਲੇਪਪੋ ਤੋਂ 135 ਕਿਲੋਮੀਟਰ ਉਤਰ ਪੂਰਬ ਵਿਚ ਸਥਿਤ ਕੋਬਾਨੇ 'ਰੋਜ਼ਾਵਾ ਇਨਕਲਾਬ' ਦੇ ਤਿੰਨਾਂ ਸੂਬਿਆਂ 'ਚੋਂ ਇਕ ਹੈ। ਰੋਜ਼ਾਵਾ ਨੇ ਜਿਸ 'ਜਮਹੂਰੀ ਵਿਸ਼ਾਲ ਸਾਂਝੇ ਮੋਰਚੇ ਦੀ ਸ਼ੁਰੂਆਤ ਕੀਤੀ ਹੈ। ਉਹਨੇ ਸਾਰੇ ਕਬੀਲਿਆਂ, ਆਦਿਵਾਸੀਆਂ, ਜਨਜਾਤੀਆਂ ਅਤੇ ਵੱਖ-ਵੱਖ ਧਾਰਮਿਕ ਸਮੁਦਾਇਆਂ ਨੂੰ ਇਕ ਥੜੇ ਉਤੇ ਇਕੱਠੇ ਕਰਦਿਆਂ ਔਰਤਾਂ ਨੂੰ ਤਾਕਤਵਾਰ ਬਣਾਉਣ ਦੀ ਇਕ ਪ੍ਰੇਰਣਾਦਾਇਕ ਕੋਸ਼ਿਸ਼ ਕੀਤੀ ਹੈ। ਰੋਜ਼ਾਵਾ ਦੀ ਇਨਕਲਾਬੀ ਮੁਕਾਬਲੇ ਦੀ ਫੌਜ ਵਿਚ ਘੱਟੋ ਘੱਟ ਇਕ ਤਿਹਾਈ ਔਰਤਾਂ ਹਨ। ਉਹ ਮੋਰਚੇ ਦੀ ਮੂਹਰਲੀ ਕਤਾਰ ਵਿਚ ਹਨ ਅਤੇ ਯੁੱਧ ਦੀ ਕਮਾਨ ਸੰਭਾਲ ਰਹੀਆਂ ਹਨ। ਇਸ ਯੁੱਧ ਵਿਚ ਅਨੇਕਾਂ ਔਰਤਾਂ ਨੇ ਕੁਰਬਾਨੀ ਦਿੱਤੀ ਹੈ। ਉਨ੍ਹਾਂ ਦੀਆਂ ਬਹਾਦਰੀ ਭਰੀਆਂ ਕਹਾਣੀਆਂ ਨਾਲ ਬਹੁਤ ਸਾਰੀਆਂ ਸਮਾਜਿਕ ਮਨਾਹੀਆਂ ਢਹਿ ਢੇਰੀ ਹੋ ਗਈਆਂ ਅਤੇ ਸਮਾਜ ਵਿਚ ਮੌਜੂਦ ਜਗੀਰੂ, ਮਰਦ ਪ੍ਰਧਾਨ ਸਮਾਜ ਦੀਆਂ ਕਦਰਾਂ ਕੀਮਤਾਂ/ ਮੁੱਲਾਂ ਨੂੰ ਚੁਣੌਤੀ ਮਿਲੀ ਹੈ। ਰੋਜ਼ਾਵਾ ਨੇ ਘਰੇਲੂ ਹਿੰਸਾ ਦੇ ਵਿਰੁੱਧ ਵੀ ਜਬਰਦਸਤ ਮੁਹਿਮ ਚਲਾਈ ਹੋਈ ਹੈ। ਰੋਜ਼ਾਵਾ ਵਿਚ ਕੁਰਦ ਲੋਕਾਂ ਦਾ ਬਹੁਮਤ ਹੈ ਪਰ ਮੁਕਤੀ ਦੇ ਇਸ ਤਜਰਬੇ ਦੇ ਨਾਲ ਹੋਰ ਅਨੇਕਾਂ ਜਾਤੀ ਅਤੇ ਧਾਰਮਿਕ ਸਮੂਹਾਂ ਜਿਵੇਂ ਅਰਬ, ਏਗਿਰਿਯਨ,, ਸਾਰਿਕ, ਕਿਸ਼ਚੀਅਨ, ਤੁਰਕਮਾਨ ਆਦਿ ਨਾਲ ਜੁੜੇ ਹੋਏ ਹਨ। ਏਸੇ ਨਜ਼ਰੀਏ ਨਾਲ ਵੇਖੀਏ ਤਾਂ ਰੋਜ਼ਾਵਾ ਸਮੁੱਚੇ ਮੱਧ ਪੂਰਬ ਦੇ ਲਈ ਇਕ ਮਾਡਲ ਹੈ। ਮਾਨਵੀ ਜਮਹੂਰੀ ਰੋਜ਼ਾਵਾ ਦਾ ਇਨਕਲਾਬ ਅਤੇ ਬਰਾਬਰ ਕੱਟੜਪੰਥੀ ਨਾਰੀ ਵਿਰੋਧੀ 'ਇਸਲਾਮਿਕ ਸਟੇਟ' ਦੀਆਂ ਹਰਕਤਾਂ ਦੇ ਫਰਕ ਨੂੰ ਸਾਫ਼ ਵੇਖਿਆ ਜਾ ਸਕਦਾ ਹੈ।

**ਕੋਬਾਨੇ ਕੁਰਦਸ਼ ਲੋਕਾਂ ਦਾ ਇਕ ਕੌਮੀ ਟੀਚਾ ਹੈ :** ਕੋਬਾਨੇ ਦੀ ਰਾਖੀ ਕੁਰਦਸ਼ ਲੋਕਾਂ ਦੇ ਲਈ ਇਕ ਕੌਮੀ ਮਕਸਦ ਹੈ। ਕੁਰਦਸਤਾਨ ਵਰਕਰਜ਼ ਪਾਰਟੀ ਨੇ, ਜਿਹਨੇ ਕੁਰਦਸਤਾਨ ਦੇ ਲੋਕਾਂ ਨੂੰ ਉਨ੍ਹਾਂ ਦਾ ਅਧਿਕਾਰ ਦਿਵਾਉਣ ਦੇ ਲਈ ਤੁਰਕੀ ਵਿਚ ਕਈ ਦਹਾਕਿਆਂ ਤੋਂ ਸੰਘਰਸ਼ ਦੀ ਅਗਵਾਈ ਕੀਤੀ ਹੈ, ਨੇ ਕੁਰਦਿਸ਼ ਨੌਜਵਾਨਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਕੋਬਾਨੇ 'ਚ ਜਾਣ। ਉਨ੍ਹਾਂ ਦੀ ਅਪੀਲ ਤੋਂ ਪਿਛੋਂ ਤੁਰਕੀ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਕੋਬਾਨੇ ਪਹੁੰਚੇ ਅਤੇ ਵਾਈ. ਪੀ. ਜੀ. [ਲੋਕ ਰੱਖਿਆ ਯੂਨਿਟ] ਅਤੇ ਵਾਈ. ਪੀ. ਜੇ. [ਔਰਤਾਂ ਦੀ ਹਥਿਆਰਬੰਦ ਯੂਨਿਟ] ਦੀ ਅਗਵਾਈ ਵਿਚ ਚਲ ਰਹੇ ਹਥਿਆਰਬੰਦ ਵਿਦਰੋਹੀ ਮੁਕਾਬਲੇ ਵਿਚ ਹਿੱਸਾ ਲਿਆ। ਹਜ਼ਾਰਾਂ ਦੀ ਗਿਣਤੀ ਵਿਚ ਪੀ. ਕੇ. ਕੇ. ਦੇ ਸੂਰਬੀਰ ਕੰਦੀਲ, ਮਾਊਂਟੇਨ ਦੇ ਆਪਣੇ ਟਿਕਾਣਿਆਂ ਤੋਂ ਕੋਬਾਨੇ ਦੇ ਲਈ ਰਵਾਨਾ ਹੋਏ ਹਨ।

ਰੋਜ਼ਾਵਾ ਇਨਕਲਾਬ ਨੂੰ ਫੇਲ੍ਹ ਕਰਨ ਲਈ ਤੁਰਕੀ ਆਈ. ਐਸ. ਦੀ ਵਰਤੋਂ ਕਰ ਰਿਹਾ ਹੈ : ਨਾਟੋ ਦਾ ਮੈਂਬਰ ਦੇਸ਼ ਤੁਰਕੀ, ਜਿਹਨੇ ਲੰਬੇ ਸਮੇਂ ਤੋਂ ਲਗਭਗ 20 ਫੀਸਦੀ ਕੁਰਦਿਸ਼ ਘੱਟ ਗਿਣਤੀਆਂ ਉਤੇ ਜ਼ਬਰ ਕੀਤਾ ਹੈ। ਲੁੱਟਿਆ ਹੈ; ਪੂਰੀ ਤਰ੍ਹਾਂ ਰੋਜ਼ਾਵਾ ਇਨਕਲਾਬ ਦੇ ਵਿਰੁੱਧ ਹੈ। ਇਹਨੇ ਕੋਬਾਨੇ ਸੂਬੇ ਉਤੇ ਆਈ. ਐਸ. ਗ੍ਰੁਹ ਤੋਂ ਹਮਲਾ ਕਰਵਾ ਕੇ ਇਸ ਇਨਕਲਾਬ ਨਾਲ ਨਿਪਟਣ ਦਾ ਫੈਸਲਾ ਕੀਤਾ ਹੈ। ਮੀਡੀਆ ਨੂੰ ਤਰ੍ਹਾਂ ਤਰ੍ਹਾਂ ਦੇ ਝਾਂਸੇ ਦਿੰਦਿਆਂ ਹੋਇਆਂ ਤੁਰਕੀ ਆਈ. ਐਸ. ਦੇ ਹੱਤਿਆਰਿਆਂ ਨੂੰ ਪ੍ਰਤੱਖ ਹਮਾਇਤ ਦਿੱਤੀ ਹੈ। ਜੇਹਾਦੀ ਦਲ, ਤੁਰਕੀ ਨੂੰ ਬਿਨਾਂ ਕਿਸੇ ਰੋਕ ਰੁਕਾਵਟ ਦੇ ਪਾਰ ਕਰਕੇ ਸੀਰੀਆ ਜਾਂਦੇ ਹਨ ਤਾਂ ਕਿ ਉਹ ਆਈ. ਐਸ. ਵਿਚ ਭਰਤੀ ਹੋ ਸਕਣ। ਆਈ. ਐਸ. ਦੇ ਜ਼ਖ਼ਮੀਆਂ ਦਾ ਸ਼ਰੇਆਮ ਤੇ ਨਿਸ਼ੰਗ ਤੌਰ 'ਤੇ ਤੁਰਕੀ ਦੇ ਹਸਪਤਾਲਾਂ ਵਿਚ ਸਪਲਾਈ ਕੀਤੀ ਹੈ ਅਤੇ ਆਈ. ਐਸ. ਨੇ ਉਤਰੀ ਸੀਰੀਆ ਦੇ ਜਿਹੜੇ ਤੇਲ ਖੇਤਰਾਂ ਉਤੇ ਕਬਜ਼ਾ ਕੀਤਾ ਹੈ, ਉਹਦਾ ਤੇਲ ਤੁਰਕੀ ਰਾਹੀਂ ਬਾਜ਼ਾਰ ਵਿਚ ਵੇਚਿਆ ਜਾ ਰਿਹਾ ਹੈ ਅਤੇ ਹੁਣ ਤੁਰਕੀ ਦੀ ਸਰਕਾਰ ਇਕ 'ਬਫ਼ਰ ਜੋਨ' ਦੀ ਯੋਜਨਾ ਉਤੇ ਕੰਮ ਕਰ ਰਹੀ ਹੈ। ਇਹ ਸਰਹੱਦ ਉਤੇ ਸੀਰੀਆ ਦੇ ਵੱਲ ਹੋਵੇਗਾ। ਜ਼ਾਹਿਰ ਹੈ ਕਿ ਇਹਦਾ ਮਕਸਦ ਰੋਜ਼ਾਵਾ ਨੂੰ ਨਸ਼ਟ ਕਰਨਾ ਹੈ। ਉਂਝ ਤਾਂ ਤੁਰਕੀ ਦਾ ਰਾਸ਼ਟਰਪਤੀ ਕੁਰਦ ਲੋਕਾਂ ਨਾਲ 'ਸ਼ਾਂਤੀ' ਵਾਰਤਾ ਚਲਾਉਣ ਦਾ ਨਾਟਕ ਕਰ ਰਿਹਾ ਹੈ, ਪਰ ਉਹਦਾ ਇਰਾਦਾ ਕੁਝ ਹੋਰ ਹੀ ਹੈ।

**ਰੋਜ਼ਾਵਾ ਨੂੰ ਹਥਿਆਰ ਦੇ ਕੇ ਹੀ ਆਈ. ਐਸ. ਹੱਤਿਆਰਿਆਂ ਨੂੰ ਹਾਰ ਦਿੱਤੀ ਜਾ ਸਕਦੀ ਹੈ :** ਜ਼ਬਰਦਸਤ ਹਿੰਮਤ ਅਤੇ ਪ੍ਰਤਿਬੱਧਤਾ ਦੇ ਬਾਵਜੂਦ ਕੋਬਾਨੇ ਦੇ ਲੋਕਾਂ ਨੂੰ ਅਜਿਹੇ ਦੁਸ਼ਮਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਨੂੰ ਰਾਜ ਦੀ ਸੱਤਾ ਦੀ ਹਮਾਇਤ ਹਾਸਲ ਹੈ ਅਤੇ ਜਿਹਦੇ ਕੋਲ ਆਧੁਨਿਕ ਹਥਿਆਰ ਹਨ। ਕੋਬਾਨੇ ਦੀ ਹਾਰ ਨਾਲ ਰੋਜ਼ਾਵਾ ਇਨਕਲਾਬ ਖ਼ਤਰੇ ਵਿਚ ਪੈ ਜਾਵੇਗਾ। ਪੱਛਮੀ ਦੇਸ਼ ਆਈ. ਐਸ. ਵਿਰੁੱਧ ਯੁੱਧ ਦੀਆਂ ਗੱਲਾਂ ਤਾਂ ਕਰਦੇ ਹਨ ਪਰ ਅਸਲੀ ਲੜਾਈ ਵਾਈ. ਪੀ. ਜੀ. ਅਤੇ ਵਾਈ. ਪੀ. ਜੇ. ਅਤੇ ਪੀ. ਕੇ. ਕੇ. ਅਤੇ ਉਹਦੇ ਸਹਿਯੋਗ ਹੀ ਦੇ ਰਹੇ ਹਨ। ਸਾਮਰਾਜਵਾਦੀ ਦੇਸ਼ ਕਿਸੇ ਵੀ ਹਾਲਤ ਵਿਚ ਰੋਜ਼ਾਵਾ ਨੂੰ ਮਦਦ ਪਹੁੰਚਾਉਣਾ ਨਹੀਂ ਚਾਹੁੰਦੇ। ਉਨ੍ਹਾਂ ਨੂੰ ਲੋਕਾਂ ਦੇ ਹਕੀਕੀ ਇਨਕਲਾਬ ਤੋਂ ਡਰ ਲਗਦਾ ਹੈ।

**ਸਵੈ ਰੱਖਿਆ ਦੀ ਲੜਾਈ ਅੱਤਵਾਦ ਨਹੀਂ ਹੁੰਦਾ :** ਪੀ. ਕੇ. ਕੇ. ਅਤੇ ਇਹਦੇ ਨਾਲ ਸਬੰਧਤ ਵਾਈ. ਪੀ. ਜੇ. ਅਤੇ ਵਾਈ. ਪੀ. ਜੀ. ਹੀ ਆਈ. ਐਸ. ਗਿਰੋਹ ਦੇ ਵਿਰੁੱਧ ਸੰਘਰਸ਼ ਦੀ ਮੁੱਖ ਸ਼ਕਤੀ ਹਨ ਜਿਨ੍ਹਾਂ ਨੂੰ ਅਮਰੀਕਾ, ਯੂਰਪੀਨ ਯੂਨੀਅਨ, ਆਸਟ੍ਰੇਲੀਆ ਆਦਿ ਦੇਸ਼ਾਂ ਨੇ 'ਅੱਤਵਾਦੀ' ਸੰਗਠਨਾਂ ਦੀ ਕਤਾਰ ਵਿਚ ਰੱਖਿਆ ਹੋਇਆ ਹੈ। ਇਨ੍ਹਾਂ ਦੇਸ਼ਾਂ ਦੇ ਲੋਕਾਂ ਨੂੰ ਇਹ ਸਮਝਾਉਣਾ ਪਵੇਗਾ ਕਿ ਕੱਟੜਵਾਦੀ ਅੱਤਵਾਦ ਦਾ ਲੋਕਾਂ ਵਲੋਂ ਕੀਤਾ ਮੁਕਾਬਲਾ ਅੱਤਵਾਦ ਨਹੀਂ ਹੁੰਦਾ। ਅਮਰੀਕਾ, ਯੂਰਪੀਨ ਯੂਨੀਅਨ, ਆਸਟ੍ਰੇਲੀਆ ਦੀਆਂ ਯੁੱਧ ਮੁਹਿੰਮਾਂ ਆਈ. ਐਸ. ਦੀ ਦਹਿਸ਼ਤ ਨੂੰ ਖ਼ਤਮ ਨਹੀਂ ਕਰ ਸਕਦੀਆਂ। ਇਹਨੂੰ ਕੁਰਦਿਸ਼, ਸੀਰੀਅਨ ਅਤੇ ਇਰਾਕੀ ਲੋਕ ਹੀ ਸਮਾਪਤ ਕਰ ਸਕਦੇ ਹਨ। ਅੱਜ ਸਾਨੂੰ ਰੋਜ਼ਾਵਾ ਦੇ ਇਨਕਲਾਬੀ ਲੋਕਾਂ ਦੇ ਨਾਲ ਇਕਜੁਟ ਹੋਣ ਦੀ ਲੋੜ ਹੈ।




# ਧਰਮ ਦਾ ਨਾਮ-ਇਸਤਰੀ ਹੱਕਾਂ ਦਾ ਘਾਣ



**ਜਸਵੰਤ ਜੀਰਖ**



ਕਹਿਣ ਨੂੰ ਭਾਵੇਂ ਸਾਡਾ ਦੇਸ਼ 21ਵੀਂ ਸਦੀ ਵਿਚ ਪਹੁੰਚ ਗਿਆ ਹੈ ਪਰ ਅੱਜ ਤੱਕ ਵਿਗਿਆਨ ਨੇ ਜੋ ਉਪਲਬਤਾਵਾਂ ਮਨੁੱਖ ਲਈ ਪੈਦਾ ਕੀਤੀਆਂ ਹਨ ਉਨ੍ਹਾਂ ਦਾ ਧਰਮਾਂ ਦੇ ਸਾਏ ਹੇਠ ਸਦੀਆਂ ਤੋਂ ਚਲ ਰਹੀਆਂ ਪ੍ਰੰਪਰਾਵਾਂ ਉਪਰ ਕੋਈ ਖਾਸ ਪ੍ਰਭਾਵ ਨਹੀਂ ਦਿਸ ਰਿਹਾ। ਧਾਰਮਿਕ ਕੱਟੜ ਮੂਲਵਾਦੀ ਜਿਥੇ ਇਕ ਪਾਸੇ ਤਾਂ ਵਿਗਿਆਨਕ ਉਪਲਬਧੀਆਂ ਰਾਹੀਂ ਆਪਣੀ ਜ਼ਿੰਦਗੀ ਵਿਚ ਆਨੰਦ ਮਾਣ ਰਹੇ ਹਨ ਪਰ ਦੂਜੇ ਪਾਸੇ ਵਿਗਿਆਨ ਨੂੰ ਭੰਡਦੇ ਵੀ ਨਹੀਂ ਥੱਕ ਰਹੇ। ਆਪਦੇ ਨਿੱਜੀ ਮੁਫ਼ਾਦਾਂ ਲਈ ਸੈਂਕੜੇ ਸਾਲਾਂ ਤੋਂ ਚੱਲ ਰਹੇ ਅੰਧਵਿਸ਼ਵਾਸਾਂ ਨੂੰ ਕਿਵੇਂ ਆਪ ਲੋਕਾਂ ਵਿਚ ਜਿਉਂ ਦੇ ਤਿਉਂ ਚਾਲੂ ਰੱਖਣ ਲਈ ਲੋਕਾਂ ਦੀ ਆਗਿਆਨਤਾ ਦਾ ਰੱਜ ਕੇ ਫਾਇਦਾ ਉਠਾ ਰਹੇ ਹਨ, ਨੂੰ ਸ਼ਰੇਆਮ ਟੀ.ਵੀ. ਚੈਨਲਾਂ ’ਤੇ ਵੇਖਿਆ ਜਾ ਸਕਦਾ ਹੈ। ਅੱਜ ਵੀ 4-5 ਸੌ ਸਾਲਾਂ ਤੋਂ ਚੱਲ ਰਹੇ ਅੰਧਵਿਸ਼ਵਾਸਾਂ ਨੂੰ ਖਤਮ ਕਰਨ ਦੀ ਬਜਾਏ ਸਾਡੀਆਂ ਸਰਕਾਰਾਂ ਵੀ ਮੂਕ ਦਰਸ਼ਕ ਬਣਕੇ ਵੇਖੀ ਜਾ ਰਹੀਆਂ ਹਨ ਜਦੋਂ ਕਿ ਸਾਡੇ ਦੇਸ਼ ਦੇ ਸੰਵਿਧਾਨ ਵਿਚ ਪਿਛਾਖੜੀ ਪ੍ਰੰਪਰਾਵਾਂ ਨੂੰ ਖਤਮ ਕਰਕੇ ਵਿਗਿਆਨਕ ਵਿਚਾਰਾਂ ਦਾ ਪਸਾਰਾ ਕਰਨਾ ਹਰ ਨਾਗਰਿਕ ਦਾ ਫਰਜ਼ ਹੈ। ਪਰ ਸਾਡੇ ਸਿਆਸੀ ਚੌਧਰੀਆਂ ਨੇ ਸੰਵਿਧਾਨ ਨੂੰ ਸਿਰਫ਼ ਤੇ ਸਿਰਫ਼ ਰਾਜ ਗੱਦੀਆਂ ਸੰਭਾਲਣ ਸਮੇਂ ਸੌਂਹ ਚੁੱਕਣ ਤੱਕ ਹੀ ਇਕ ਰਸਮ ਬਣਾ ਰੱਖਿਆ ਹੈ। ਅੰਧ ਵਿਸ਼ਵਾਸੀ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ ਪਰ ਸੰਵਿਧਾਨ ਦੀ ਸੌਂਹ ਚੁੱਕਣ ਵਾਲੇ ਕਿਸੇ ਵੀ ਅਧਿਕਾਰੀ ਦੇ ਕੰਨ ’ਤੇ ਜੂੰ ਨਹੀਂ ਸਰਕਦੀ। ਜੇ ਸਮਾਜ ਨੂੰ ਸਹੀ ਸੇਧ ਦੇਣ ਵਾਲੀ ਕੋਈ ਸੰਸਥਾ ਜਾਂ ਵਿਅਕਤੀ ਅਜਿਹੇ ਵਰਤਾਰਿਆਂ ਨੂੰ ਖ਼ਤਮ ਕਰਨਲਈ ਆਵਾਜ਼ ਉਠਾਉਂਦੇ ਹਨ ਤਾਂ ਧਰਮਾਂ ਦੇ ਠੇਕੇਦਾਰਾਂ ਵਲੋਂ ਉਨ੍ਹਾਂ ਦੀ ਆਵਾਜ਼ ਬੰਦ ਕਰਨ ਲਈ ਚੀਕ-ਚਿਹੜਾ ਮਚਾਇਆ ਜਾਂਦਾ ਹੈ ਅਤੇ ਸਰਕਾਰਾਂ ਦੀ ਇਨ੍ਹਾਂ ‘ਧਰਮੀ ਠੇਕੇਦਾਰਾਂ’ ਦੀ ਪਿੱਠ ’ਤੇ ਆ ਖੜ੍ਹਦੀਆਂ ਹਨ।

ਹੁਣੇ ਹੀ ਮਹਾਰਾਸ਼ਟਰ ਵਿਚ ਸਿੰਗਾਣਪੁਰ ਵਿਖੇ ਚੱਲ ਰਹੇ ਸ਼ਨੀ-ਮੰਦਰ ਵਿਚ ਵਾਪਰੀ ਇਕ ਘਟਨਾ ਨੇ ਜਿਥੇ ਦੁਨੀਆ ਭਰ ਵਿਚ ਦੇਸ਼ ਦਾ ਸਿਰ ਨੀਵਾਂ ਕੀਤਾ ਹੈ, ਉਥੇ ਔਰਤ ਵਰਗ ਨੂੰ ਵੀ ਜਲੀਲ ਤੇ ਸ਼ਰਮਸਾਰ ਕੀਤਾ ਹੈ। ਟੀ. ਵੀ. ਰਾਹੀਂ ਸਾਰੀ ਦੁਨੀਆ ਨੇ ਇਸ ਘਟਨਾ ਨੂੰ ਵੇਖਿਆ ਜਦੋਂ ਇਕ ਲੜਕੀ ਉਪਰੋਕਤ ਮੰਦਰ ਵਿਚ ‘ਸ਼ਨੀ-ਦੇਵਤਾ’ ਦੀ ਮੂਰਤੀ ਉਪਰ ਤੇਲ ਚੜ੍ਹਾਉਣ ਲਈ ਗਈ ਤੇ ਮੂਰਤੀ ਉਪਰ ਤੇਲ ਚਾੜ੍ਹ ਆਈ। ਜਦੋਂ ਇਸ ਬਾਰੇ ਮੰਦਰ ਦੇ ਪ੍ਰਬੰਧਕਾਂ ਨੂੰ ਪਤਾ ਲੱਗਾ ਤਾਂ ਦੁਹਾਈ ਮੱਚ ਗਈ, ਕਿਉਂਕਿ ਕੋਈ ਔਰਤ ਇਸ ਮੂਰਤੀ ਦੀ ਪੂਜਾ ਨਹੀਂ ਕਰ ਸਕਦੀ ਤੇ ਨਾ ਹੀ ਉਸ ’ਤੇ ਤੇਲ ਚੜ੍ਹਾ ਸਕਦੀ ਹੈ। ਭਾਵੇਂ ਹਰ ਸ਼ਨੀਵਾਰ ਕੁਇੰਟਲਾਂਬੱਧੀ ਤੇਲ ਇਸ ਮੂਰਤੀ ਉਪਰ ਡੋਲਿਆ ਜਾਂਦਾ ਹੈ ਤੇ ਪਰ ਇਹ ਤੇਲ ਪੈਦਾ ਕਰਨ ਲਈ ਜਿਸ ਔਰਤ ਨੇ ਆਪਣੀ ਕਿਰਤ ਦਾ ਵੱਡਾ ਹਿੱਸਾ ਪਾਇਆ ਹੁੰਦਾ ਹੈ, ਉਸ ਨੂੰ ਇਥੇ ਪੂਜਾ ਕਰਨ ਦਾ ਕੋਈ ਹੱਕ ਨਹੀਂ। ਇਸ ਘਟਨਾ ਕਾਰਨ ਮੰਦਰ ਦੀ ਪ੍ਰਬੰਧਕੀ ਕਮੇਟੀ ਨੇ ਇਥੋਂ ਦੇ 6 ਪੁਜਾਰੀਆਂ ਨੂੰ ਸਸਪੈਂਡ ਕਰ ਦਿੱਤਾ ਕਿਉਂਕਿ ਉਨ੍ਹਾਂ ਨੇ ਇਸ ਲੜਕੀ ਨੂੰ ਮੂਰਤੀ ਤੱਕ ਜਾਣ ਤੋਂ ਕਿਉਂ ਨਹੀਂ ਰੋਕਿਆ। ਔਰਤਾਂ ਉਪਰ ਇਹ ਪਾਬੰਦੀ ਪਿਛਲੇ 400 ਸਾਲਾਂ ਤੋਂ ਪ੍ਰਚਲਤ ਹੈ ਜੋ ਕਿ ਅੱਜ ਕੱਲ੍ਹ ਪੀੜ੍ਹੀ-ਦਰ-ਪੀੜ੍ਹੀ ਚੱਲ ਰਹੀ ਹੈ। ਇਥੇ ਸਵਾਲ ਪੈਦਾ ਹੁੰਦਾ ਹੈਕਿ ਜੇਕਰ 400 ਸਾਲ ਪਹਿਲਾਂ ਵਾਲੀਆਂ ਧਾਰਮਿਕ ਪ੍ਰੰਪਰਾਵਾਂ ਨੂੰ ਜਾਰੀ ਰੱਖਣਾ ਬਹੁਤ ਜ਼ਰੂਰੀ ਹੈ ਤਾਂ ਇਨ੍ਹਾਂ ਧਾਰਮਿਕ ਪ੍ਰੰਪਰਾਵਾਂ ਨੂੰ ਜਾਰੀ ਰੱਖਣਾ ਬਹੁਤ ਜ਼ਰੂਰੀ ਹੈ ਤਾਂ ਇਨ੍ਹਾਂ ਧਾਰਮਿਕ ਅਦਾਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਤੇ ਪੁਜ਼ਾਰੀ ਆਪਣੀ ਆਧੁਨਿਕ ਜ਼ਿੰਦਗੀ ਵਿਚ ਵਿਗਿਆਨ ਵਲੋਂ ਦਿੱਤੀਆਂ ਅਨੇਕਾਂ ਸੁੱਖ ਸਹੂਲਤਾਂ ਦਾ ਆਨੰਦ ਕਿਉਂ ਮਾਣ ਰਹੇ ਹਨ? ਇਨ੍ਹਾਂ ਨੂੰ ਆਪਣੀ ਹੁਣ ਵਾਲੀ ਜ਼ਿੰਦਗੀ ਦੀ 400 ਸਾਲ ਪਹਿਲਾਂ ਵਾਲੇ ਮਨੁੱਖ ਦੀ ਤਰ੍ਹਾਂ ਜਿਉਣੀ ਚਾਹੀਦੀ ਹੈ। ਇਕ ਪਾਸੇ ਸਰਕਾਰਾਂ ਵਲੋਂ “ਬੇਟੀ ਬਚਾਓ-ਬੇਟੀ ਪੜ੍ਹਾਓ’ ਦਾ ਨਾਅਰਾ ਦਿੱਤਾ ਜਾ ਰਿਹਾ ਹੈ ਪਰ ਦੂਜੇ ਪਾਸੇ ਲੜਕੀਆਂ ਨੂੰ ਇਸ ਤਰ੍ਹਾਂ ਬੇਇੱਜ਼ਤ ਕਰਨ ਵਾਲਿਆਂ ਖਿਲਾਫ਼ ਕੋਈ ਚੂੰ ਤੱਕ ਵੀ ਨਹੀਂ ਕੀਤੀ ਜਾ ਰਹੀ।

ਮੁਸਲਿਮ ਧਰਮ ਦੇ ਇਕ ਆਗੂ ਨੇ ਵੀ ਔਰਤ ਬਾਰੇ ਬੇਹੂਦਾ ਬਿਆਨ ਜਾਰੀ ਕਰਕੇ ਔਰਤ ਨੂੰ “ਸਿਰਫ਼ ਬੱਚੇ ਪੈਦਾ ਕਰਨ” ਵਾਲੀ ਜੀਵ ਗਰਦਾਨਕੇ ਬੇਇੱਜ਼ਤ ਕੀਤਾ ਹੈ। ਇਸ ਖਿਲਾਫ਼ ਵੀ ਕੋਈ ਕਾਨੂੰਨੀ ਕਾਰਵਾਈ ਨਹੀਂ ਹੋਈ ਜਿਸ ਤੋਂ ਸਪਸ਼ਟ ਹੈ ਕਿ ਧਰਮਾਂ ਦੇ ਠੇਕੇਦਾਰ ਜੋ ਮਰਜ਼ੀ ਊਟ-ਪਟਾਂਗ ਬੋਲੀ ਜਾਣ, ਉਨ੍ਹਾਂ ਨੂੰ ਕੋਈ ਪੁੱਛਣ ਵਾਲਾ ਨਹੀਂ ਪਰ ਜਦੋਂ ਕੋਈ ਬੇਹੂਦਾ ਧਾਰਮਿਕ ਟਿੱਪਣੀਆਂ ਖਿਲਾਫ਼ ਆਵਾਜ਼ ਉਠਾਉਂਦਾ ਹੈ ਤਾਂ ਧਰਮਾਂ ਅਤੇ ਸਰਕਾਰਾਂ ਨੂੰ ਉਸੇ ਵੇਲੇ ਸੱਤੀਂ ਕੱਪੜੀਂ ਅੱਗ ਲੱਗ ਜਾਂਦੀ ਹੈ ਅਤੇ ਤੁਰੰਤ ਕਾਨੂੰਨ ਵੀ ਹਰਕਤ ਵਿਚ ਆ ਜਾਂਦਾ ਹੈ।

ਜੋਤਸ਼ੀ ਅਤੇ ਤਾਂਤਰਿਕ ਆਦਿ ਦੀ ਸ਼ਰੇਆਮ ਟੀ. ਵੀ. ’ਤੇ ਆਪਣੇ ਅੰਧਵਿਸ਼ਵਾਸੀ ਮਨਘੜਤ ਵਿਚਾਰਾਂ ਦਾ ਪ੍ਰਚਾਰ ਕਰਕੇ ਆਪਣੀਆਂ ਲੁੱਟ ਦੀਆਂ ਦੁਕਾਨਾਂ ਚਲਾ ਰਹੇ ਹਨ। ਕੋਈ ਪੁੱਛਣ ਵਾਲਾ ਨਹੀਂ ਜਦੋਂ ਕਿ ਅਨੇਕਾਂ ਭੋਲੇ ਭਾਲੇ ਲੋਕਾਂ ਤੋਂ ਧੋਖੇ ਨਾਲ ਬਟੋਰੇ ਗਏ ਲੱਖਾਂ ਰੁਪਏ ਅਜਿਹੇ ਜੋਤਸ਼ੀਆਂ ਤਾਂਤਰਿਕਾਂ ਆਦਿ ਦੀਆਂ ਜੇਬਾਂ ’ਚੋਂ ਪੁਲਿਸ ਦੀ ਹਾਜ਼ਰੀ ਵਿਚ ਤਰਕਸ਼ੀਲਾਂਵਲੋਂ ਕਢਵਾਏ ਹਨ। ਇਸ ਦੇ ਬਾਵਜੂਦ ਵੀ ਇਨ੍ਹਾਂ ਦੀਆਂ ਦੁਕਾਨਾਂ/ਡੇਰੇ ਆਦਿ ਉਪਰ ਕੋਈ ਪਾਬੰਦੀ ਨਹੀਂ ਲਗਾਈ ਜਾ ਰਹੀ ਸਗੋਂ ਇਨ੍ਹਾਂ ਦੀ ਰਾਖੀ ਕੀਤੀ ਜਾ ਰਹੀ ਹੈ।

ਔਰਤ ਵਰਗ ਲਈ ਹਰ ਧਰਮ ਵਿਚ ਤਰ੍ਹਾਂ-ਤਰ੍ਹਾਂ ਦੀਆਂ ਪਾਬੰਦੀਆਂ ਜਾਰੀ ਹਨ। ਮੁਸਲਿਮ ਧਰਮ ਵਿਚ ਔਰਤਾਂ ਮਸਜਿਦ ਜਾਂ ਮੱਕੇ ਨਹੀਂ ਜਾ ਸਕਦੀਆਂ। ਹਿੰਦੂ ਧਰਮ ਦੇ ਠੇਕੇਦਾਰਾਂ ਨੇ ਔਰਤ ਲਈ ਕਈ ਮੰਦਰਾਂ ਵਿਚ ਜਾਣ ’ਤੇ ਪਾਬੰਦੀ ਲਾਈ ਹੋਈ ਹੈ ਅਤੇ ਸਿੱਖ ਧਰਮ ਦੇ ਠੇਕੇਦਾਰਾਂ ਨੇ ਔਰਤਾਂ ਤੇ ਹਰਿਮੰਦਰ ਸਾਹਿਬ ਵਿਚ ਕੀਰਤਨ ਕਰਨ ’ਤੇ ਪਾਬੰਦੀ ਲਾਈ ਹੋਈ ਹੈ। ਸੋ ਅੱਜ ਇਨ੍ਹਾਂ ਅਖੌਤੀ ਧਰਮਾਂ ਦੀ ਅਸਲੀਅਤ ਨੂੰ ਸਮਝਦੇ ਹੋਏ ਅਤੇ ਪਛਾੜਦੇ ਹੋਏ ਇਨਸਾਨੀਅਤ ਵੱਲ ਅੱਗੇ ਵਧਣ ਦੀ ਲੋੜ ਹੈ।

98151-69825




# ਬਰੈਂਪਟਨ ਸ਼ਹਿਰੀਆਂ ’ਤੇ ਜਾਇਦਾਦ ਟੈਕਸ ਦਾ ਹੋਰ ਵਧਿਆ ਬੋਝ

ਕੈਨੇਡਾ ਦੇ ਓਂਟਾਰੀਓ ਸੂਬੇ ਦੇ ਬਰੈਂਪਟਨ ਸ਼ਹਿਰ ਦੇ ਵਾਸੀਆਂ ਨੂੰ ਸਾਲ 2016 ਲਈ ਜਾਇਦਾਦ ਟੈਕਸ ਵਿਚ 4.9% ਦੇ ਵਾਧੇ ਦਾ ਬੋਝ ਝੱਲਣਾ ਪਵੇਗਾ। ਪਹਿਲਾਂ ਹੀ ਟੈਕਸਾਂ ਦੇ ਬੋਝ ਤੋਂ ਪ੍ਰੇਸ਼ਾਨ ਸ਼ਹਿਰ ਵਾਸੀ ਚਿੰਤਾ ਦਾ ਘੇਰੇ ਵਿੱਚ ਹਨ। ਇੱਕ ਸਰਕਾਰੀ ਸਰਵੇਖਣ ਅਨੁਸਾਰ ਸੰਨ 2004 ਤੋਂ 2013 ਤੱਕ ਦੇ ਦਸ ਸਾਲ ਵਿਚ ਇਸ ਸ਼ਹਿਰ ਦੇ ਘਰਾਂ ਲਈ ਜਾਇਦਾਦ ਟੈਕਸ ਵਿਚ 120% ਦਾ ਵਾਧਾ ਵੇਖਿਆ ਗਿਆ ਜਦਕਿ ਮੇਅਰ ਦਫ਼ਤਰ ਤੇ ਕੌਂਸਲ ਅਧਿਕਾਰੀਆਂ ਨੇ ਇਨ੍ਹਾਂ ਸਾਲਾਂ ਵਿੱਚ ਆਪਣੀਆਂ ਤਨਖਾਹਾਂ ਵਿਚ 121% ਦੇ ਹੋਏ ਵਾਧੇ ਕਰਕੇ ਟੈਕਸ ਦਾਤਾ ਤੇ ਬੋਝ ਵਾਧਾ ਕੀਤਾ ਹੈ।

ਸਾਰੇ ਸੰਸਾਰ ਦੀਆਂ ਸਰਕਾਰਾਂ ਬਜਟ ਘਾਟਿਆਂ ਦਾ ਬਹਾਨਾ ਬਣਾਕੇ ਆਮ ਮਿਹਨਤਕਸ਼ ਲੋਕਾਂ ਤੇ ਟੈਕਸਾਂ ਦਾ ਵਾਧਾ ਅਤੇ ਜੀਵਨ ਸਹੂਲਤਾਂ ਦੀਆਂ ਕਟੌਤੀਆਂ ਕਰਨ ਦੇ ਰਾਹ ਪਈਆਂ ਹੋਈਆਂ ਹਨ। ਸ਼ਾਇਦ ਬਰੈਂਪਟਨ ਸ਼ਹਿਰ ਦੀ ਸਿਟੀ ਕੌਂਸਲ ਵੀ ਪਿਛਲੇ ਕਈ ਸਾਲਾਂ ਤੋਂ ਇਸੇ ਨੀਤੀ ਦੀ ਧਾਰਨੀ ਬਣੀ ਹੋਈ ਹੈ। ਇਸ ਗੱਲ ਦਾ ਸਬੂਤ ਹੈ, ਸ਼ਹਿਰ ਦੇ ਲਗਾਤਾਰ ਵੱਧ ਰਹੇ ਟੈਕਸ ਅਤੇ ਨਵੇਂ ਵੱਡੇ ਪ੍ਰੋਜੈਕਟਾਂ ਦੀ ਅਣਹੋਂਦ। ਚਾਹੇ ਅਲਗ ਅਲਗ ਸਿਆਸੀ ਪਾਰਟੀਆਂ ਚੋਣਾਂ ਸਮੇਂ ਲੋਕਾਂ ਨੂੰ ਟੈਕਸ ਰਾਹਤ ਦੇ ਵਾਅਦੇ ਕਰਦੀਆਂ ਹਨ ਅਤੇ ਲੋਕਾਂ ਦੀਆਂ ਸਾਰੀਆਂ ਮੁਸ਼ਕਲਾਂ ਦਾ ਠੀਕਰਾ ਸੱਤਾਧਾਰੀ ਪਾਰਟੀ ਦੀਆਂ ਨੀਤੀਆਂ ਵਿੱਚ ਕੱਢਕੇ ਜਿੱਤ ਹਾਸਲ ਕਰਦੀਆਂ ਹਨ, ਪਰ ਸੱਤਾ ਸੰਭਾਲਣ ਬਾਅਦ ਥੋੜ੍ਹਾ ਬਹੁਤਾ ਫ਼ਰਕ ਪਾਕੇ ਪੁਰਾਣੀ ਸਰਕਾਰ ਦੀਆਂ ਨੀਤੀਆਂ ਨੂੰ ਨੰਗੇ ਚਿੱਟੇ ਰੂਪ ਵਿੱਚ ਜਾਰੀ ਰਖ਼ਦੀਆਂ ਹਨ। ਇਹੀ ਵਰਤਾਰਾ ਬਰੈਂਪਟਨ ਸ਼ਹਿਰ ਦੀ ਕੌਂਸਲ ਸੱਤਾ ਤਬਦੀਲੀ ਦਾ ਜਾਪਦਾ ਹੈ ਜਿਥੇ ਨਵੀਂ ਸ਼ਹਿਰੀਂ ਕੌਂਸਲ ਅਤੇ ਨਵੇਂ ਮੇਅਰ ਦੀ ਕਹਿਣੀ ਅਤੇ ਕਰਨੀ ਦੇ ਫਰਕ ਕਰਕੇ ਘਰ ਮਾਲਕਾਂ ਨੂੰ ਆਪਣੀ ਜੇਬ ਵਿਚੋਂ ਹੁਣ ਸਾਲ 2016 ਤੋਂ 4.9% ਵੱਧ ਜਾਇਦਾਦ ਟੈਕਸ ਤਾਰਨਾ ਪਵੇਗਾ। ਸ਼ਹਿਰੀ ਕੌਂਸਲ ਵਲੋਂ ਸਾਲ 2016 ਲਈ ਤਜਵੀਜ਼ ਕੀਤੇ ਬਜਟ ਵਿਚ ਇਹ ਭਾਰੀ ਵਾਧਾ ਪੇਸ਼ ਕਰ ਦਿੱਤਾ ਗਿਆ ਹੈ। ਯਾਦ ਰਹੇ ਮੌਜੂਦਾ ਮੇਅਰ ਲਿੰਡਾ ਜੈਫਰੀ ਨੇ ਜਦੋਂ ਪਿਛਲੇ ਸਾਲ ਮੇਅਰ ਦਫ਼ਤਰ ਦੀ ਕਮਾਨ ਸੰਭਾਲੀ ਸੀ ਤਾਂ ਤਨਖਾਹਾਂ ਅਤੇ ਦਫ਼ਤਰੀ ਖਰਚੇ ਘਟਾਉਣ ਦੇ ਹੁਕਮ ਜਾਰੀ ਕੀਤੇ ਸਨ ਪਰ ਹੁਣ ਇਸ ਦੇ ਉਲਟ ਇਸ ਸਾਲ 2016 ਲਈ ਪੇਸ਼ ਕੀਤੇ ਬਜਟ ਵਿਚ ਇਹ ਖਰਚੇ ਪਿਛਲੇ ਸਾਲ ਨਾਲੋਂ 9.6% ਜ਼ਿਆਦਾ ਕਰ ਦਿੱਤੇ ਗਏ ਹਨ। ਇਸ ਦਾ ਨਤੀਜਾ ਸ਼ਹਿਰ ਵਾਸੀਆਂ ਨੂੰ ਆਪਣੇ ਰੋਜ਼ਾਨਾ ਜੀਵਨ ਖ਼ਰਚਿਆਂ ਦੀ ਕਟੌਤੀ ਕਰਕੇ, ਕੌਂਸਲ ਨੂੰ ਜਾਇਦਾਦ ਟੈਕਸ ਦੇ ਰੂਪ ਵਿਚ 4.9% ਵੱਧ ਟੈਕਸ ਭਰ ਕੇ ਦੇਣਾ ਪੈ ਰਿਹਾ ਹੈ। ਮੇਅਰ ਲਿੰਡਾ ਵਲੋਂ ਪਿਛਲੇ ਸਾਲ ਖ਼ਰਚਿਆਂ ਦੀ ਕਟੌਤੀ ਦੇ ਐਲਾਨਾਂ ਨੇ ਸ਼ਹਿਰ ਵਾਸੀਆਂ ਨੂੰ ਜਿਥੇ ਰਾਹਤ ਮਹਿਸੂਸ ਹੋਈ ਸੀ ਪਰ ਨਾਲ ਹੀ ਹੁਣ ਇਸ ਦੁਆਰਾ ਇਸ ਬਜਟ ਵਿਚ ਆਪਣੇ ਹੀ ਹੁਕਮਾਂ ਦੇ ਉਲਟ ਨੀਤੀ ਕਰਕੇ ਸ਼ਹਿਰ ਵਾਸੀ ਹੈਰਾਨ ਹਨ। ਇਸ ਬਜਟ ਵਿਚ ਸ਼ਹਿਰ ਦੇ ਸਾਰੇ ਕੌਂਸਲਰਾਂ ਵਲੋਂ ਆਪਣੀਆਂ ਤਨਖਾਹਾਂ ਅਤੇ ਭੱਤਿਆਂ ਦੇ ਵਿਚ ਪਿਛਲੇ ਸਾਲ ਨਾਲੋਂ 7% ਵਾਧੇ ਦੇ ਹੱਕ ਵਿਚ ਵੋਟ ਪਾ ਕੇ ਮਨਜ਼ੂਰੀ ਦਿੱਤੀ ਹੈ, ਜਿਹੜੀ ਕਿ ਇਸ ਬਜਟ ਟੈਕਸ ਦਾਤਾਵਾਂ ਸਿਰ 1,82,000 ਡਾਲਰ ਦਾ ਸਲਾਨਾ ਬੋਝ ਸਾਬਤ ਹੋਇਆ ਹੈ । ਸ਼ਹਿਰ ਦੀ ਮੌਜੂਦਾ ਮੇਅਰ ਲਿੰਡਾ ਜੈਫ਼ਰੀ ਵਲੋਂ ਰੱਖਿਆ ਜਾ ਰਿਹਾ ਇਹ ਦੂਸਰਾ ਬਜਟ ਹੈ ਜਿਸ ਵਿਚ ਪਿਛਲੇ ਸਾਲ ਵੀ ਇਸ ਜਾਇਦਾਦ ਟੈਕਸ ਵਿਚ ਵਾਧਾ ਕੀਤਾ ਗਿਆ ਸੀ ਜਿਹੜਾ ਕਿ 5.79% ਸੀ ।

ਮੇਅਰ ਦੀ ਕੁਰਸੀ ਦੀ ਕਮਾਨ ਸੰਭਾਲਦੇ ਹੀ ਮੇਅਰ ਜੈਫ਼ਰੀ ਵਲੋਂ ਓਂਟਾਰੀਓ ਆਡੀਟਰ ਜਨਰਲ ਜਿਮ ਮੈਕ-ਕਾਰਟਰ ਨੂੰ ਸ਼ਹਿਰ ਦੇ ਆਰਥਿਕ ਸਰਵੇਖਣ ਲਈ ਨਿਯੁਕਤ ਕਰ ਲਿਆ ਸੀ। ਇਹ ਆਰਥਿਕ ਸਰਵੇਖਣ ਆਪਣੇ ਆਪ ਵਿੱਚ ਹੀ ਕਰਦਾਤਾ ਸ਼ਹਿਰ ਵਾਸੀਆਂ ਲਈ 50,000 ਡਾਲਰ ਦੇ ਖਰਚ ਦਾ ਬੋਝ ਸਾਬਤ ਹੋਇਆ। ਇਸ ਸਰਵੇਖਣ ਅਨੁਸਾਰ ਸ਼ਹਿਰੀ ਸਹੂਲਤਾਂ ਦੇ ਅਧਾਰ ਢਾਂਚੇ ਦੇ ਖਰਚੇ ਵਿਚ 1.2 ਬਿਲੀਅਨ ਡਾਲਰ ਦਾ ਫਰਕ ਹੈ ਅਤੇ 141 ਮਿਲੀਅਨ ਡਾਲਰ ਦਾ ਕਰਜ਼ਾ ਹੈ। ਸ਼ਹਿਰੀ ਸਹੂਲਤਾਂ ਵਿਚ ਪਹਿਲਾਂ ਹੀ ਘਾਟ ਮਹਿਸੂਸ ਕਰ ਰਹੇ ਬਰੈਂਪਟਨ ਵਾਸੀਆਂ ਨੂੰ ਹੋਰ ਜ਼ਿਆਦਾ ਵੱਡੀਆਂ ਸਕੀਮਾਂ ਦੀ ਆਸ-ਕਿਰਨ ਵੀ ਧੁੰਦਲੀ ਹੀ ਨਜ਼ਰ ਆ ਰਹੀ ਹੈ। ਇਸ ਆਰਥਿਕ ਸਰਵੇਖਣ ਵਿਚ ਜਿਮ ਮੈਕ ਕਾਰਟਰ ਵਲੋਂ ਅਨੁਸਾਰ ਸੰਨ 2004 ਤੋਂ 2013 ਤੱਕ ਦਸ ਸਾਲ ਵਿਚ ਸ਼ਹਿਰ ਦੇ ਘਰਾਂ ਲਈ ਜਾਇਦਾਦ ਟੈਕਸ ਵਿਚ 120% ਦਾ ਵਾਧਾ ਕੀਤਾ ਗਿਆ ਅਤੇ ਮੇਅਰ ਦੇ ਦਫ਼ਤਰ ਤੇ ਕੌਂਸਲ ਅਧਿਕਾਰੀਆਂ ਦੇ ਤਨਖਾਹਾਂ ਵਿਚ 121% ਦਾ ਵਾਧਾ ਕਰਕੇ ਖ਼ਜ਼ਾਨੇ ਤੇ ਬੋਝ ਪਾਇਆ। ਇਸ ਸਰਵੇਖਣ ਦੇ ਮੁਤਾਬਕ ਸ਼ਹਿਰ ਵਾਸੀਆਂ ਤੋਂ ਜਾਇਦਾਦ ਟੈਕਸ ਤੇ 120% ਵੱਧ ਇਕੱਠੀ ਕੀਤੀ ਗਈ ਧਨ ਰਾਸ਼ੀ ਦਾ 90% ਹਿੱਸਾ ਕੌਂਸਲ ਅਧਿਕਾਰੀਆਂ ਦੇ ਤਨਖਾਹਾਂ ਵਿਚ ਖਰਚਿਆ। ਸਾਲ 2016 ਦਾ ਇਹ ਬਜਟ 607 ਮਿਲੀਅਨ ਡਾਲਰ ਦਾ ਹੋਵੇਗਾ ਜਿਹੜਾ ਕਿ ਸਾਲ 2015 ਨਾਲੋਂ 36.3 ਮਿਲੀਅਨ ਡਾਲਰ ਜ਼ਿਆਦਾ ਦਾ ਬਣਦਾ ਹੈ। ਇਸ ਬਜਟ ਵਿਚ ਨਵੇਂ ਪਲੈਨ ਮੁਤਾਬਕ ਗੌਰ ਮੀਡੋਜ਼ ਕਮਿਊਨਿਟੀ ਸੈਂਟਰ ਫੇਸ-2 ਦਾ ਵਿਕਾਸ, ਸੰਡਲਵੁਡ ਟਰਾਜਿਟ ਸਹੂਲਤ ਵਿਚ ਵਾਧਾ, ਅੱਗ ਬੁਝਾਓ ਜੰਤਰ ਅਤੇ ਬਿਲਡਿੰਗ ਰੱਖ ਰਖਾਅ, ਸਪਰਿੰਗ ਡੇਲ ਲਾਇਬ੍ਰੇਰੀ ਦਾ ਵਿਕਾਸ, ਕੈਨੇਡਾ 55+ ਖੇਡਾਂ ਲਈ ਬਜਟ ਖਰਚਾ, ਟਰਾਜਿੰਟ ਬੱਸ ਸੇਵਾ ਉਪਰ ਹੋਰ 3.4 ਮਿਲੀਅਨ ਡਾਲਰ ਖਰਚ ਕੇ ਜ਼ੂਮ ਬਸ ਸਰਵਿਸ ਵਿਚ ਹੋਰ ਫੈਲਾਅ ਕਰਨਾ ਹੈ ਚਾਹੇ ਇਸ ਬਜਟ ਰਾਹੀਂ ਕੌਂਸਲ ਨੇ ਇਸ ਨੂੰ ਵਿਕਾਸ ਮੁਖੀ ਕਾਰਜ਼ ਕੁਸ਼ਲਤਾ ਦਾ ਦਾਅਵਾ ਕੀਤਾ ਹੈ ਪਰ ਵਧ ਰਹੇ ਟੈਕਸ ਬੋਝ ਦੇ ਮੁਕਾਬਲੇ ਇਹ ਬਜਟ ਮੁੱਖ ਰੂਪ ਵਿੱਚ ਆਧਾਰਢਾਂਚੇ ਨੂੰ ਰੱਖ ਰਖਾਅ ਦਾ ਬਜਟ ਹੀ ਬਣਦਾ ਹੈ ਜਦਕਿ ਬਰੈਂਪਟਨ ਸ਼ਹਿਰਵਾਸੀ ਜੀਵਨ ਸਹੂਲਤਾਂ ਲਈ ਵੱਡੇ ਨਵੇਂ ਪ੍ਰੋਜੈਕਟਾਂ ਦੀ ਮੰਗ ਮਹਿਸੂਸ ਕਰ ਰਹੇ ਹਨ । ਇਸੇ ਦੂਰਅੰਦੇਸ਼ੀ ਅਤੇ ਨਿਪੁੰਨ ਕਾਰਜਕੁਸ਼ਲ ਅਗਵਾਈ ਦੀ ਆਸ ਵਿੱਚ ਸ਼ਹਿਰ ਵਾਸੀਆਂ ਨੇ ਨਵੇਂ ਕੌਂਸਲਰਾਂ ਅਤੇ ਮੇਅਰ ਦੀ ਚੋਣ ਕੀਤੀ ਸੀ। ਪੰਚਾਂ ਦਾ ਕਿਹਾ ਸਿਰ ਮੱਥੇ ਪਨਾਲਾ ਉਥੇ ਦਾ ਉਥੇ।

**ਵਿਸ਼ੇਸ਼ ਪੱਤਰਕਾਰ**

ਸੁਆਲ ਸੰਵਾਦ

# ਪਿੰਕੀ ਦੇ ਹਵਾਲੇ ਨਾਲ ਸੜਕ ਹਾਦਸਿਆਂ ਦੀ ਸਿਆਸਤ



ਦਲਜੀਤ ਅਮੀ

ਪੰਜਾਬ ਵਿੱਚ ਸੜਕ ਹਾਦਸਿਆਂ ਦੀਆਂ ਖ਼ਬਰਾਂ ਰੋਜ਼ ਅਖ਼ਬਾਰਾਂ ਦੇ ਪਹਿਲੇ ਪੰਨੇ ਉੱਤੇ ਛਪਦੀਆਂ ਹਨ। ਇਨ੍ਹਾਂ ਹਾਦਸਿਆਂ ਦੇ ਸੇਕ ਤੋਂ ਸ਼ਾਇਦ ਹੀ ਕੋਈ ਪੰਜਾਬੀ ਘਰ ਬਚਿਆ ਹੋਵੇ। ਪੰਜਾਬੀਆਂ ਨੇ ਆਪਣੇ ਸਕੇ-ਸਨੇਹੀਆਂ ਅਤੇ ਦੋਸਤਾਂ-ਮਿੱਤਰਾਂ ਦੀਆਂ ਬੇਵਕਤ ਮੌਤਾਂ ਅਤੇ ਜ਼ਖ਼ਮਾਂ ਦੀ ਮਾਰ ਹੇਠ ਰਹਿੰਦੀ ਜ਼ਿੰਦਗੀ ਗੁਜ਼ਾਰਨ ਲਈ ਮਜਬੂਰ ਹੋਈ ਜਵਾਨੀ ਦਾ ਭਾਰ ਆਪਣੇ ਮੋਢਿਆਂ ਉੱਤੇ ਢੋਇਆ ਹੈ। ਸੜਕ ਹਾਦਸਿਆਂ ਬਾਬਤ ਹੋਈ ਚਰਚਾ ਨਾਲ ਇਹ ਸਾਬਤ ਹੋ ਚੁੱਕਿਆ ਹੈ ਕਿ ਪੰਜਾਬ ਦੀਆਂ ਸੜਕਾਂ ਉੱਤੇ ਹਾਦਸੇ ਨਹੀਂ ਵਾਪਰਦੇ ਸਗੋਂ ਕਤਲ ਹੁੰਦੇ ਹਨ। ਜੇ ਸੂਬਾ ਸਰਕਾਰ ਸੜਕ ਹਾਦਸਿਆਂ ਨੂੰ ਠੱਲ੍ਹਣ ਵਿੱਚ ਨਾਕਾਮਯਾਬ ਰਹੀ ਹੈ ਜਾਂ ਜੇ ਇਸ ਦੇ ਉਪਰਾਲੇ ਅਕਾਰਥ ਸਾਬਤ ਹੋਏ ਹਨ ਤਾਂ ਇਹ ਜਾਨਾਂ ਨਾਕਸ ਸਰਕਾਰੀ ਤੰਤਰ ਦੀ ਭੇਟ ਚੜ੍ਹੀਆਂ ਹਨ। ਮੌਜੂਦਾ ਦੌਰ ਵਿੱਚ ਸਮਾਜ ਸ਼ਾਸਤਰ ਸਾਬਤ ਕਰਦਾ ਹੈ ਕਿ ਸਰਕਾਰੀ ਅਣਗਹਿਲੀ ਜਾਂ ਬਦਇੰਤਜ਼ਾਮੀ ਨਾਲ ਹੋਏ ਜਾਨੀ-ਮਾਲੀ ਨੁਕਸਾਨ ਦਾ ਫ਼ੌਰੀ ਕਾਰਨ ਕੁਝ ਵੀ ਹੋਵੇ ਪਰ ਇਸ ਦੀ ਸਿਆਸਤ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਜਦੋਂ ਇਸ ਦਲੀਲ ਨੂੰ ਹੜ੍ਹਾਂ, ਤੁਫ਼ਾਨਾਂ ਅਤੇ ਭੁਚਾਲਾਂ ਵਰਗੇ ਕੁਦਰਤੀ ਰੁਝਾਨਾਂ ਬਾਬਤ ਪੇਸ਼ ਕੀਤੇ ਜਾਣ ਦਾ ਵਿਗਿਆਨਕ ਪੱਖ ਸਾਹਮਣੇ ਹੈ ਤਾਂ ਸੜਕ ਹਾਦਸਿਆਂ ਨੂੰ ਬਾਹਰ ਕਿਵੇਂ ਰੱਖਿਆ ਜਾ ਸਕਦਾ ਹੈ?

ਕੁਦਰਤੀ ਰੁਝਾਨਾਂ ਦੇ ਨਤੀਜੇ ਵਜੋਂ ਹੋਏ ਜਾਨੀ-ਮਾਲੀ ਨੁਕਸਾਨ ਬਾਬਤ ਪੜਚੋਲ ਵਿੱਚ ਇਹ ਪੱਖ ਅਹਿਮ ਰਹਿੰਦੇ ਹਨ ਕਿ ਪੇਸ਼ਬੰਦੀਆਂ ਕਿਸ ਤਰ੍ਹਾਂ ਦੀਆਂ ਸਨ; ਅਗਾਊਂ ਜਾਣਕਾਰੀ ਨਸ਼ਰ ਕਰਨ ਦਾ ਕੀ ਇੰਤਜ਼ਾਮ ਸੀ; ਰਾਹਤ ਕਾਰਜਾਂ ਲਈ ਲੋੜੀਂਦੇ ਬੰਦੋਬਸਤ ਕਿੰਨੇ ਪੁਖ਼ਤਾ ਸਨ। ਇਸੇ ਤਰ੍ਹਾਂ ਜੇ ਸੜਕ ਹਾਦਸੇ ਲਗਾਤਾਰ ਹੋ ਰਹੇ ਹਨ ਤਾਂ ਉਨ੍ਹਾਂ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਨਾ ਹੀ ਤਾਂ ਸਰਕਾਰ ਅਤੇ ਇੰਤਜ਼ਾਮੀਆ ਦਾ ਕੰਮ ਹੈ। ਜੇ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਅਤੇ ਲੋੜੀਂਦੀਆਂ ਪਹਿਲਕਦਮੀਆਂ ਕਰਨ ਵਿੱਚ ਸਰਕਾਰ ਅਤੇ ਇੰਤਜ਼ਾਮੀਆਂ ਨਾਕਾਮਯਾਬ ਰਹਿੰਦਾ ਹੈ ਤਾਂ ਕਸੂਰਵਾਰ ਦੀ ਨਿਸ਼ਾਨਦੇਹੀ ਤਾਂ ਸਾਫ਼ ਹੈ। ਹੁਣ ਸੁਆਲ ਤਾਂ ਸਿਰਫ਼ ਜੁਆਬਦੇਹੀ ਅਤੇ ਜੁਆਬਤਲਬੀ ਦਾ ਹੈ। ਮਸਲਾ ਤਾਂ ਸਿਰਫ਼ ਕਤਲ ਨੂੰ ਕਤਲ ਅਤੇ ਕਾਤਲ ਨੂੰ ਕਾਤਲ ਕਹਿਣ ਦਾ ਹੈ।

ਚੰਨੋ ਪਿੰਡ ਵਿੱਚ ਅੱਠਵੀਂ ਜਮਾਤ ਦੀ ਵਿਦਿਆਰਥਣ ਸੜਕ ਉੱਤੇ ਬੱਸ ਹੇਠ ਆ ਕੇ ਮਾਰੀ ਗਈ ਹੈ। ਸੜਕ ਉੱਤੇ ਹਾਦਸਿਆਂ ਵਿੱਚ ਜਾਨੀ-ਮਾਲੀ ਨੁਕਸਾਨ ਹੋ ਸਕਦਾ ਹੈ ਅਤੇ ਹੋ ਰਿਹਾ ਹੈ। ਇਸ ਹਾਦਸੇ ਨਾਲ ਜੁੜੇ ਕੁਝ ਤੱਥ ਅਹਿਮ ਹੈ। ਇਹ ਬੱਸ ਦੇ ਮਾਲਕ ਦਾ ਨਾਮ ਹਰਦੀਪ ਸਿੰਘ 'ਡਿੰਪੀ' ਢਿੱਲੋਂ ਹੈ ਜੋ ਸ਼੍ਰੋਮਣੀ ਅਕਾਲੀ ਦਲ ਦਾ ਆਗੂ ਹੋਣ ਦੇ ਨਾਲ-ਨਾਲ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਕਰੀਬੀਆਂ ਵਿੱਚ ਮੰਨਿਆ ਜਾਂਦਾ ਹੈ। ਉਹ ਗਿੱਦੜਬਾਹਾ ਦੇ ਹਲਕਾ ਇੰਚਾਰਜ ਹੋਣ ਦੇ ਨਾਲ-ਨਾਲ ਮੁਕਤਸਰ ਦੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਹੈ। ਨਿਊ ਦੀਪ ਕੰਪਨੀ ਉਸ ਦੀਆਂ ਬੱਸਾਂ ਦੇ ਕਾਰੋਬਾਰ ਦਾ ਨਾਮ ਹੈ। ਮੋਗੇ ਵਿੱਚ ਔਰਬਿਟ ਦੀ ਬੱਸ ਵਿੱਚ ਹੋਏ ਕਤਲ ਤੋਂ ਬਾਅਦ ਨਿਊ ਦੀਪ ਕੰਪਨੀ ਦੀਆਂ ਬੱਸਾਂ ਦੇ ਕਰਿੰਦੇ ਹੀ ਪੰਜਾਬ ਸਟੂਡੈਂਟਸ ਯੂਨੀਅਨ ਦੇ ਵਿਦਿਆਰਥੀਆਂ ਨਾਲ ਟਕਰਾਅ ਵਿੱਚ ਆਏ ਸੀ। ਉਸੇ ਦੌਰਾਨ ਪੰਜ ਮਈ ਨੂੰ 29 ਵਿਦਿਆਰਥੀਆਂ ਉੱਤੇ ਇਰਾਦਾ ਕਤਲ ਦੇ ਪਰਚੇ ਦਰਜ ਹੋਏ ਸਨ। ਜਦੋਂ ਸਮੂਹ ਸਿਆਸੀ ਪਾਰਟੀਆਂ ਸੜਕਾਂ ਉੱਤੇ ਮੁਜ਼ਾਹਰੇ ਕਰ ਰਹੀਆਂ ਸਨ ਤਾਂ ਜੁਆਬੀ ਬਿਆਨ ਹਰਦੀਪ ਢਿੱਲੋਂ ਦੇ ਰਹੇ ਸਨ। ਉਨ੍ਹਾਂ ਬਿਆਨਾਂ ਵਿੱਚ ਨਿਖੇੜਾ ਕਰਨਾ ਔਖਾ ਸੀ ਕਿ ਉਹ ਬਿਆਨ ਸਰਕਾਰੀ ਹਨ ਜਾਂ ਕਾਰੋਬਾਰੀ। ਇਹ ਡਿਪਟੀ ਮੁੱਖ ਮੰਤਰੀ ਦੀ ਨੇੜਤਾ ਵਿੱਚੋਂ ਉਪਜੇ ਹਨ ਜਾਂ ਔਰਬਿਟ ਬੱਸ ਦੇ ਮਾਲਕ ਸੁਖਬੀਰ ਸਿੰਘ ਬਾਦਲ ਦੀ ਨੇੜਤਾ ਵਿੱਚੋਂ ਉਪਜੇ ਸਨ। ਹਰਦੀਪ ਢਿੱਲੋਂ ਦੀ ਵੈੱਬਸਾਈਟ ਤੋਂ ਸੁਖਬੀਰ ਸਿੰਘ ਬਾਦਲ ਨਾਲ ਉਨ੍ਹਾਂ ਦੀ ਨੇੜਤਾ ਦਾ ਅੰਦਾਜ਼ਾ ਹੁੰਦਾ ਹੈ। ਉਸੇ ਦੌਰਾਨ ਮੁਕਤਸਰ ਜ਼ਿਲ੍ਹੇ ਵਿੱਚ ਦੋ ਨਾਬਾਲਗ ਕੁੜੀਆਂ ਨਾਲ ਛੇੜਛਾੜ ਦਾ ਮਾਮਲਾ ਪੁਲਿਸ ਨੇ ਦਰਜ ਕੀਤਾ ਸੀ। ਇਸ ਪਰਚੇ ਖ਼ਿਲਾਫ਼ 'ਪੰਜਾਬ ਮੋਟਰ ਯੂਨੀਅਨ' ਨੇ 15 ਮਈ ਨੂੰ ਹੜਤਾਲ ਕੀਤੀ ਸੀ ਜਿਸ ਦੀ ਸਰਕਾਰੀ ਸਰਪ੍ਰਸਤੀ ਦੀ ਖ਼ਬਰਾਂ ਅਖ਼ਬਾਰਾਂ ਵਿੱਚ ਛਪੀਆਂ ਸਨ। ਪ੍ਰਾਈਵੇਟ ਬੱਸਾਂ ਦੀ ਇਸ ਹੜਤਾਲ ਬਾਬਤ ਹਰਦੀਪ ਢਿੱਲੋਂ ਦਾ ਇਹ ਬਿਆਨ ਛਪਿਆ ਸੀ, ਬੱਸਾਂ ਦੇ ਡਰਾਈਵਰਾਂ ਅਤੇ ਕੰਡਕਟਰਾਂ ਖ਼ਿਲਾਫ਼ ਛੇੜਛਾੜ ਜਾਂ ਬਦਸਲੂਕੀ ਦਾ ਪਰਚਾ ਦਰਜ ਤੋਂ ਪਹਿਲਾਂ ਜਾਂਚ ਹੋਣੀ ਚਾਹੀਦੀ ਹੈ। ਇਹ ਭਰੋਸਾ ਅਸੀਂ ਸਰਕਾਰ ਤੋਂ ਚਾਹੁੰਦੇ ਹਾਂ।

ਚੰਨੋ ਵਿੱਚ ਸੜਕ ਹੇਠ ਆ ਕੇ ਮਾਰੀ ਗਈ ਕੁੜੀ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈਣ ਲਈ ਪੁਲਿਸ ਨੇ ਕਾਰਵਾਈ ਕੀਤੀ। ਅਖ਼ਬਾਰਾਂ ਵਿੱਚ ਛਪੇ ਮੌਕੇ ਦੇ ਗਵਾਹਾਂ ਦੇ ਬਿਆਨਾਂ ਮੁਤਾਬਕ ਪੁਲਿਸ ਨੇ ਆਪ ਬਿਜਲੀ ਬੰਦ ਕਰਵਾ ਕੇ ਹਮਲਾ ਕੀਤਾ ਅਤੇ ਅੰਨ੍ਹੇਵਾਹ ਗੋਲੀ ਚਲਾਈ। ਗੋਲੀਆਂ ਦੇ ਖਾਲੀ ਖੋਖਿਆਂ ਦੀਆਂ ਤਸਵੀਰਾਂ ਅਖ਼ਬਾਰਾਂ ਅਤੇ ਇੰਟਰਨੈੱਟ ਉੱਤੇ ਛਪੀਆਂ ਹਨ। ਇਸ ਤੋਂ ਬਾਅਦ ਪੁਲਿਸ ਨੇ ਲਾਸ਼ ਨੂੰ ਕੁੜੀ ਦੇ ਦਾਦੇ ਤੋਂ ਖੋਹਿਆ ਅਤੇ ਇਸ ਨੂੰ ਦੋ ਸੌ ਮੀਟਰ ਤੱਕ ਧੂਹ ਕੇ ਲੈ ਗਏ। ਇਸ ਤਰ੍ਹਾਂ ਧੂਹ ਨੇ ਲਿਜਾਣ ਨਾਲ ਸੜਕ ਉੱਤੇ ਪਏ ਖ਼ੂਨ ਦੇ ਦਾਗ਼ ਦੀਆਂ ਖ਼ਬਰਾਂ ਅਖ਼ਬਾਰਾਂ ਨੇ ਛਾਪੀਆਂ ਹਨ। ਖ਼ਬਰਾਂ ਇਹ ਵੀ ਛਪੀਆਂ ਹਨ ਕਿ ਕੁੜੀਆਂ ਦੇ ਪਰਿਵਾਰ ਨਾਲ ਬੱਸ ਵਾਲਿਆਂ ਦਾ ਦਸ ਲੱਖ ਰੁਪਏ ਵਿੱਚ ਸਮਝੌਤਾ ਹੋਇਆ ਹੈ। ਇਸ ਵੇਲੇ ਮੁਕਤਸਰ ਦਾ ਵਾਧੂ ਕਾਰਜਭਾਰ ਵੇਖ ਰਹੇ ਬਠਿੰਡੇ ਦੇ ਡਿਪਟੀ ਕਮਿਸ਼ਨਰ ਬਸੰਤ ਗਰਗ ਨੇ ਬਿਆਨ ਦਿੱਤਾ ਹੈ ਕਿ ਵਿੱਤੀ ਮੁਆਵਜ਼ੇ ਲਈ ਮਾਮਲਾ ਸਰਕਾਰ ਨੂੰ ਭੇਜ ਦਿੱਤਾ ਗਿਆ ਹੈ ਜੋ ਢੁਕਵੀਂ ਨੀਤੀ ਤਹਿਤ ਕਾਰਵਾਈ ਕਰੇਗੀ।

ਇਨ੍ਹਾਂ ਸਾਰੇ ਤੱਥਾਂ ਵਿੱਚੋਂ ਇੱਕ ਤਰਤੀਬ ਉਭਰਦੀ ਹੈ। ਹਲਕਾ ਇੰਚਾਰਜ ਦੀ ਬੱਸ ਨਾਲ ਜੁੜੇ ਮਾਮਲੇ ਵਿੱਚ ਪੁਲਿਸ ਰਾਤ ਨੂੰ ਗ਼ੈਰ-ਕਾਨੂੰਨੀ ਕਾਰਵਾਈ ਕਰਦੀ ਹੈ ਅਤੇ ਡਿਪਟੀ ਕਮਿਸ਼ਨਰ ਮੁਆਵਜ਼ੇ ਬਾਬਤ ਬਿਆਨ ਦਿੰਦਾ ਹੈ। ਮਕਤੂਲਾ ਦੇ ਪਰਿਵਾਰ ਨਾਲ ਪ੍ਰਾਈਵੇਟ



ਬਸ ਵਾਲਿਆਂ ਦਾ ਸਮਝੌਤਾ ਚਰਚਾ ਵਿੱਚ ਆਉਂਦਾ ਹੈ। ਇਸ ਸਮੁੱਚੇ ਮਾਮਲੇ ਵਿੱਚ ਸਰਕਾਰ, ਹੁਕਮਰਾਨ ਸਿਆਸੀ ਪਾਰਟੀ, ਬਸ ਮਾਲਕ, ਪ੍ਰਸ਼ਾਸਨ ਅਤੇ ਪੁਲਿਸ ਇੱਕ ਧਿਰ ਬਣ ਕੇ ਉਭਰਦੇ ਹਨ। ਹਲਕਾ ਇੰਚਾਰਜ ਦੀ ਸਰਕਾਰੀ ਅਤੇ ਪ੍ਰਸ਼ਾਸਨ ਦੇ ਕੰਮਾਂ ਵਿੱਚ ਦਖ਼ਲਅੰਦਾਜ਼ੀ ਜੱਗ-ਜ਼ਾਹਿਰ ਹੈ। ਇਹ ਗ਼ੈਰ-ਕਾਨੂੰਨੀ ਦਖ਼ਲਅੰਦਾਜ਼ੀ ਹੈ ਜੋ ਸਰਕਾਰੀ ਸਰਪ੍ਰਸਤੀ ਵਿੱਚ ਹੁੰਦੀ ਹੈ। ਪੁਲਿਸ ਪ੍ਰਸ਼ਾਸਨ ਇਸ ਦਖ਼ਲਅੰਦਾਜ਼ੀ ਨੂੰ ਪ੍ਰਵਾਨ ਕਰਦਾ ਹੈ ਅਤੇ ਇਸ ਨੂੰ ਆਵਾਮ ਉੱਤੇ ਲਾਗੂ ਕਰਦਾ ਹੈ। ਨਤੀਜੇ ਵਜੋਂ ਪੁਲਿਸ ਅਤੇ ਸਿਆਸੀ ਆਗੂਆਂ ਦੀ ਯੂਥ ਬ੍ਰਿਗੇਡ ਜਾਂ ਕਾਰੋਬਾਰੀਆਂ ਦੇ ਲੱਠਮਾਰਾਂ ਵਿੱਚ ਵਰਦੀ ਤੋਂ ਬਿਨਾਂ ਕੋਈ ਹੋਰ ਨਿਖੇੜਾ ਕਰਨਾ ਮੁਸ਼ਕਲ ਹੋ ਜਾਂਦਾ ਹੈ।

ਇਸ ਰੁਝਾਨ ਦੀ ਇਤਿਹਾਸਕ ਕੜੀ ਦੀ ਗਵਾਹੀ ਪਿਛਲੇ ਦਿਨਾਂ ਵਿੱਚ ਗੁਰਮੀਤ ਸਿੰਘ ਪਿੰਕੀ ਨੇ ਦਿੱਤੀ ਹੈ। ਪਿੰਕੀ ਦੀ ਗਵਾਹੀ ਸਾਫ਼ ਦਰਸਾਉਂਦੀ ਹੈ ਕਿ ਨਿਜ਼ਾਮ ਦੀ ਸਰਪ੍ਰਸਤੀ ਵਿੱਚ ਕਿਸ ਤਰ੍ਹਾਂ ਪੁਲਿਸ ਅਫ਼ਸਰ ਆਪਣੇ ਬੇਵਰਦੀ ਅਤੇ ਬਾਵਰਦੀ ਗਰੋਹ ਪਾਲਦੇ ਹਨ। ਪੁਲਿਸ ਦੇ ਮੁਖ਼ਬਰਾਂ ਅਤੇ ਆਰਜ਼ੀ ਮੁਲਾਜ਼ਮਾਂ ਤੋਂ ਲੈਕੇ ਕੱਚੀਆਂ ਤਰੱਕੀਆਂ ਅਤੇ ਲੁੱਟਾਂ-ਖੋਹਾਂ ਦੇ ਮਾਮਲੇ ਆਪਸ ਵਿੱਚ ਜੁੜੇ ਨਜ਼ਰ ਆਉਂਦੇ ਹਨ। ਪੰਜਾਬ ਪੁਲਿਸ ਦੇ ਸਾਬਕਾ ਮੁਖੀ ਕੇ.ਪੀ.ਐੱਸ. ਗਿੱਲ ਦਾ ਮੰਨਣਾ ਹੈ ਕਿ ਪੁਲਿਸ ਅੰਦਰ ਸਰਕਾਰੀ ਦਖ਼ਲਅੰਦਾਜ਼ੀ ਥਾਣੇਦਾਰਾਂ ਤੋਂ ਲੈ ਕੇ ਪੁਲਿਸ ਦੇ ਮੁਖੀ ਤੱਕ ਦੇ ਅਹੁਦੇ ਅਤੇ ਤਰੱਕੀਆਂ ਦਾ ਫ਼ੈਸਲਾ ਕਰਦੀ ਹੈ। ਇਸੇ ਕੜੀ ਵਿੱਚ ਹਲਕਾ ਇੰਚਾਰਜ ਆਉਂਦਾ ਹੈ। ਇਹ ਅਹੁਦਾ ਹੁਕਮਰਾਨ ਧਿਰ ਦੇ ਵਿਧਾਇਕਾਂ, ਹਾਰੇ ਹੋਏ ਉਮੀਦਵਾਰਾਂ ਅਤੇ ਸਿਆਸੀ ਵਫ਼ਾਦਾਰਾਂ ਨੂੰ ਦਿੱਤਾ ਜਾਂਦਾ ਹੈ। ਚੰਡੀਗੜ੍ਹ ਦੇ ਸਕੱਤਰੇਤ ਵਿੱਚ ਮੰਤਰੀਆਂ ਨੂੰ ਮਿਲਣ ਲਈ ਇਨ੍ਹਾਂ ਦੀ ਪਰਚੀ ਦਰਵਾਜ਼ਾ ਖੁੱਲ੍ਹਵਾਉਣ ਦਾ ਕੰਮ ਕਰਦੀ ਹੈ। ਇਸ ਤੋਂ ਪਹਿਲਾਂ ਥਾਣਿਆਂ ਦੀ ਹੱਦਬੰਦੀ ਨੂੰ ਵਿਧਾਨ ਸਭਾ ਹਲਕਿਆਂ ਦੀਆਂ ਹੱਦਾਂ ਮੁਤਾਬਕ ਕਰ ਦਿੱਤਾ ਗਿਆ ਹੈ। ਜ਼ਿਲ੍ਹਾ ਯੋਜਨਾ ਬੋਰਡ ਦੀ ਚੇਅਰਮੈਨੀ ਇਸੇ ਕੜੀ ਦਾ ਹਿੱਸਾ ਹੈ। ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲ੍ਹਾ ਸਮਿਤੀਆਂ, ਮਿਉਂਸਪਲ ਕਮੇਟੀਆਂ, ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੇ ਹੁੰਦਿਆਂ ਇਹ ਹੁਕਮਰਾਨ ਧਿਰ ਦੇ ਨੁਮਾਇੰਦੇ ਸਿਆਸੀ ਦਖ਼ਲਅੰਦਾਜ਼ੀ ਅਤੇ ਸਰਕਾਰੀ ਖ਼ਜ਼ਾਨੇ ਵਿੱਚੋਂ ਤਨਖ਼ਾਹਾਂ ਲੈਣ ਤੋਂ ਬਿਨਾਂ ਕੀ ਕਰਦੇ ਹਨ? ਜੋ ਕੰਮ ਹਲਕਾ ਇੰਚਾਰਜ ਸਰਕਾਰੀ ਖ਼ਜ਼ਾਨੇ ਵਿੱਚੋਂ ਤਨਖ਼ਾਹ ਲਏ ਤੋਂ ਬਿਨਾਂ ਕਰਦਾ ਹੈ, ਉਹੀ ਕੰਮ ਜ਼ਿਲ੍ਹਾ ਯੋਜਨਾ ਬੋਰਡ ਦਾ ਚੇਅਰਮੈਨ ਸਰਕਾਰੀ ਤਨਖ਼ਾਹ ਅਤੇ ਅਮਲੇ-ਫੈਲੇ ਦੇ ਨਾਲ-ਨਾਲ ਦਫ਼ਤਰ ਦੀ (ਦੁਰ)ਵਰਤੋਂ ਨਾਲ ਕਰਦੇ ਹਨ।

ਇਨ੍ਹਾਂ ਹਾਲਾਤ ਵਿੱਚ ਸੜਕ ਹਾਦਸਿਆਂ ਦੀਆਂ ਕੜੀਆਂ ਸਿਆਸਤ ਅਤੇ ਸਮਾਜ ਵਿੱਚ ਬੇਮੁਹਾਰ ਕੀਤੇ ਗਏ ਆਪਹੁਦਰੇਪਣ ਨਾਲ ਜੁੜਦੀਆਂ ਹਨ। ਇਹ ਸੜਕ ਹਾਦਸੇ ਸਿਆਸੀ ਕਤਲ ਹਨ। ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਸ਼ਰਾਬੀਆਂ ਅਤੇ ਭੀੜ ਨਾਲ ਜੁੜੇ ਸੜਕ ਹਾਦਸੇ ਸਿਆਸਤ ਨਾਲ ਕਿਵੇਂ ਜੁੜਦੇ ਹਨ? ਦਰਅਸਲ ਦੋਵੇਂ ਤਰ੍ਹਾਂ ਦੇ ਹਾਦਸਿਆਂ ਲਈ ਸਰਕਾਰ ਜ਼ਿੰਮੇਵਾਰ ਹੈ। ਇੱਕ ਪਾਸੇ ਸਰਕਾਰੀ ਸਰਪ੍ਰਸਤੀ ਹੇਠੋਂ ਫੈਲੀ ਬੁਰਛਾਗਰਦੀ ਹੈ ਅਤੇ ਦੂਜੇ ਪਾਸੇ ਕਾਨੂੰਨ ਲਾਗੂ ਕਰਨ ਵਿੱਚ ਸਰਕਾਰ ਦੀ ਨਾਕਾਮਯਾਬੀ ਹੈ। ਆਖ਼ਰ ਹਲਕਾ ਇੰਚਾਰਜਾਂ ਨੂੰ ਖੁੱਲ੍ਹਾਂ ਦੇ ਕੇ ਸਰਕਾਰ ਬਾਕੀ ਆਵਾਮ ਉੱਤੇ ਕਾਨੂੰਨ ਲਾਗੂ ਕਰਨ ਦਾ ਨੈਤਿਕ ਬਲ ਅਤੇ ਇੱਛਾ ਖੋਹ ਦਿੰਦੀ ਹੈ।

ਹੁਣ ਇਸ ਮਾਮਲੇ ਦੀਆਂ ਵਿਉਂਤ ਵਜੋਂ ਪਰਤਾਂ ਖੋਲ੍ਹਣੀਆਂ ਜ਼ਰੂਰੀ ਹਨ। ਜੋ ਵਿਉਂਤ ਗੁਰਮੀਤ ਸਿੰਘ ਪਿੰਕੀ ਦੇ ਹਵਾਲੇ ਨਾਲ ਉਘੜ ਕੇ ਸਾਹਮਣੇ ਆਉਂਦੀ ਹੈ ਉਸ ਦਾ ਦੂਜਾ ਪੱਖ ਹਲਕਾ ਇੰਚਾਰਜਾਂ ਦੇ ਅਹੁਦਿਆਂ ਵਿੱਚ ਨਜ਼ਰ ਆਉਂਦਾ ਹੈ। ਪਿੰਕੀ ਵਰਗਿਆਂ ਨੇ ਮੁਖ਼ਬਰੀਆਂ ਕੀਤੀਆਂ, ਕਤਲਾਂ ਦੇ ਭਾਗੀਦਾਰ ਬਣੇ, ਕਾਤਲ ਬਣੇ ਅਤੇ ਕੁਝ ਮੁੜ ਕੇ ਉਸੇ ਆਦਮਖ਼ੋਰੇ ਨਿਜ਼ਾਮ ਦੀਆਂ ਲਾਸ਼ਾਂ ਵਿੱਚ ਹਿੰਦਸਾ ਬਣ ਗਏ। ਕੁਝ ਦੀਆਂ ਵਫ਼ਾਦਾਰੀਆਂ ਨਾਲ ਉਨ੍ਹਾਂ ਨੂੰ ਬੇਵਰਦੀ ਤੋਂ ਬਾਵਰਦੀ ਹੋਣ ਦਾ 'ਮਾਣ' ਮਿਲ ਗਿਆ। ਇਸ ਤੋਂ ਬਾਅਦ ਕੱਚੀਆਂ ਅਤੇ ਪੱਕੀਆਂ ਤਰੱਕੀਆਂ ਮਿਲੀਆਂ। ਕੁਝ ਅਦਾਲਤੀ ਮਾਮਲਿਆਂ ਵਿੱਚ ਉਲਝੇ ਅਤੇ ਕੁਝ ਮੌਕੇ ਦਾ ਲਾਹਾ ਲੈ ਕੇ ਗੁੰਮਨਾਮ ਖ਼ੁਸ਼ਹਾਲੀ ਦਾ 'ਆਨੰਦ' ਮਾਣ ਰਹੇ ਹਨ। ਇਹ ਪੁਲਿਸ ਨਿਜ਼ਾਮ ਦੀ ਕਾਰਗੁਜ਼ਾਰੀ ਹੈ ਜਿਸ ਦਾ ਸਿਖ਼ਰ ਕੇ.ਪੀ.ਐੱਸ. ਗਿੱਲ ਜਾਂ ਸੁਮੇਧ ਸਿੰਘ ਸੈਣੀ ਨੂੰ ਮੰਨਿਆ ਜਾਂਦਾ ਹੈ। ਜੇ ਪੁਲਿਸ ਦੀ ਇਸੇ ਵਿਉਂਤ ਨੂੰ ਕਾਰਜਪਾਲਿਕਾ, ਵਿਧਾਨਪਾਲਿਕਾ, ਮੀਡੀਆ, ਸਿਆਸੀ ਪਾਰਟੀਆਂ ਜਾਂ ਸਮਾਜਿਕ-ਧਾਰਮਿਕ ਜਥੇਬੰਦੀਆਂ ਉੱਤੇ ਲਾਗੂ ਕਰ ਕੇ ਵੇਖਿਆ ਜਾਵੇ ਤਾਂ ਕੀ ਨਜ਼ਰ ਆਉਂਦਾ ਹੈ? ਜੇ ਨਜ਼ਰ ਆਉਂਦੇ ਸੱਚ ਦਾ ਨਾਮ ਖ਼ੌਫ਼ ਹੈ ਤਾਂ ਆਪਣੀਆਂ ਅੱਖਾਂ ਉੱਤੇ ਸ਼ੱਕ ਕਰਨ ਦੀ ਕਿੰਨੀ ਕੁ ਜ਼ਰੂਰਤ ਹੈ?

ਜੇ ਪੁਲਿਸ ਦੀ ਕਾਰਗੁਜ਼ਾਰੀ ਨੂੰ ਮੌਜੂਦਾ ਸਿਆਸੀ ਮੁਹਾਵਰੇ ਵਿਚ ਸਮਝਣਾ ਹੋਵੇ ਤਾਂ ਨੁਕਤਾ ਇਹ ਬਣਦਾ ਹੈ ਕਿ ਗੁਰਮੀਤ ਸਿੰਘ ਪਿੰਕੀ ਨੇ ਆਪਣੀ ਪਾਰਟੀ ਬਦਲ ਕੇ ਨਵੀਂ ਪਾਰਟੀ ਦੇ ਉਮੀਦਵਾਰ ਵਜੋਂ ਵਿਧਾਨ ਸਭਾ ਦੀ ਚੋਣ ਲੜੀ ਸੀ, ਉਹ ਹਲਕਾ ਇੰਚਾਰਜ ਅਤੇ ਜ਼ਿਲ੍ਹਾ ਵਿਕਾਸ ਬੋਰਡ ਦਾ ਚੇਅਰਮੈਨ ਬਣਿਆ ਅਤੇ ਔਖੇ ਵੇਲੇ ਉਸ ਦੀ 'ਵਫ਼ਾਦਾਰੀ' ਵਿਸਾਰ ਦਿੱਤੀ ਗਈ। ਦੂਜੀ ਧਿਰ ਨੇ ਸਿਆਸੀ ਸ਼ਰੀਕੇਬਾਜ਼ੀ ਕੱਢੀ ਪਰ ਨਵੀਂ ਵਫ਼ਾਦਾਰੀ ਪਿੰਕੀ ਨੂੰ ਰਾਸ ਆਉਣ ਦੀ ਸੰਭਾਵਨਾ ਘੱਟ ਜਾਪਦੀ ਹੈ। ਪਿੰਕੀ ਭੁੱਲ ਗਿਆ ਹੈ ਕਿ ਨਿਜ਼ਾਮ ਦੀ ਮਸ਼ੀਨ ਵਿੱਚ ਉਸ ਤੋਂ ਲੈ ਕੇ ਕੇ.ਪੀ.ਐੱਸ. ਗਿੱਲ ਅਤੇ ਸੁਮੇਧ ਸਿੰਘ ਸੈਣੀ ਤੱਕ ਸਭ ਪੁਰਜ਼ੇ ਹਨ। ਪੁਰਜ਼ਿਆਂ ਦੀ ਸਾਂਭ-ਸੰਭਾਲ ਅਤੇ ਮੁਰੰਮਤ ਲੋੜ ਅਤੇ ਅਹਿਮੀਅਤ ਮੁਤਾਬਕ ਹੁੰਦੀ ਹੈ। ਨੁਮਾਇਸ਼ੀ ਪੁਰਜ਼ਿਆਂ ਅਤੇ ਅਣਸਰਦੇ ਪੁਰਜ਼ਿਆਂ ਦਾ ਕੁਝ ਫ਼ਰਕ ਤਾਂ ਰਹਿੰਦਾ ਹੈ। ਔਖੇ ਵੇਲੇ ਅਣਸਰਦੇ ਪੁਰਜ਼ੇ ਮਹਿੰਗੇ ਹੋ ਜਾਂਦੇ ਹਨ। ਸੌਖੇ ਵੇਲੇ ਨੁਮਾਇਸ਼ੀ ਪੁਰਜ਼ੇ ਵਸਤਾਂ ਦਾ ਮੁੱਲ ਤੈਅ ਕਰਦੇ ਹਨ। ਲਾਸ਼ ਨੂੰ ਧੂਹ ਕੇ ਲਿਜਾਣ ਦੀਆਂ ਖ਼ਬਰਾਂ ਪੜ੍ਹ-ਸੁਣ ਕੇ ਪਿੰਕੀ ਨੂੰ ਬਹੁਤ ਕੁਝ ਯਾਦ ਆਇਆ ਹੋਵੇਗਾ। ਉਹ ਤਾਂ ਮੁਖ਼ਬਰ ਤੋਂ ਲੈ ਕੇ ਬਿਜਲੀ ਬੰਦ ਕਰਨ ਵਾਲਾ, ਮੁਆਵਜ਼ਾ ਦੇਣ ਵਾਲਾ ਕਾਰੋਬਾਰੀ, ਹਲਕਾ ਇੰਚਾਰਜ ਅਤੇ ਜ਼ਿਲ੍ਹਾ ਬੋਰਡ ਦਾ ਚੇਅਰਮੈਨ ਰਿਹਾ ਹੈ। ਉਹ ਤਾਂ ਇਸ ਤੋਂ ਉੱਪਰਲੇ ਅਹੁਦਿਆਂ ਉੱਤੇ ਬੈਠ ਕੇ ਕੀਤੀ ਜਾਂਦੀ ਵਿਉਂਤਬੰਦੀ ਅਤੇ ਨੇਪਰੇ ਚੜ੍ਹੇ 'ਕਾਰਜਾਂ' ਦੇ ਜਸ਼ਨ ਵਿੱਚ ਸ਼ਾਮਿਲ ਰਿਹਾ ਹੈ।

ਕੀ ਪਿੰਕੀ ਦੇ ਹਵਾਲੇ ਨਾਲ ਉਸ ਦੇ ਸਿਆਸਤ, ਵਿਧਾਨਪਾਲਿਕਾ, ਕਾਰਜਪਾਲਿਕਾ, ਨਿਆਂਪਾਲਿਕਾ ਅਤੇ ਮੀਡੀਆ ਵਾਲੇ ਸਹਿਕਰਮੀਆਂ ਜਾਂ ਅਗਲੀ ਪੀੜ੍ਹੀ ਨੂੰ ਕੁਝ ਸਮਝ ਆ ਸਕਦਾ ਹੈ? ਤਾਕਤ ਦੇ ਨਸ਼ੇ ਅਤੇ ਸਮਝ ਦਾ ਆਪਸ ਵਿੱਚ ਕੀ ਰਿਸ਼ਤਾ ਬਣਦਾ ਹੈ? ਇਸ ਤੋਂ ਪਹਿਲਾਂ ਕਿ ਘਰਾਂ ਦੀਆਂ ਬਰੂਹਾਂ ਉੱਤੇ ਪੁੱਜੇ ਖ਼ੌਫ਼ਜ਼ਦਾ ਸੜਕ ਹਾਦਸੇ ਬੂਹੇ ਭੰਨ੍ਹ ਦੇਣ, ਸਮੁੱਚੇ ਆਵਾਮ ਨੂੰ ਇਹ ਟੋਹ ਲੈਣਾ ਚਾਹੀਦਾ ਚਾਹੀਦਾ ਹੈ ਕਿ ਸੜਕ ਉੱਤੇ ਧੂਹੀ ਗਈ ਲਾਸ਼ ਨਾਲ ਅੰਦਰ ਕਿੰਨਾ ਖੋਰਾ ਲੱਗਿਆ ਹੈ? ਕੀ ਇਹ ਖੋਰਾ ਕਿਸੇ ਮੁਆਵਜ਼ੇ ਦਾ ਮੁਹਤਾਜ ਹੈ? ਜੇ ਮਕਤੂਲਾ ਦੇ ਘਰ ਦਿਆਂ ਨੂੰ ਮੁਆਵਜ਼ਾ ਮਿਲਣ ਤੋਂ ਬਾਅਦ ਵੀ ਆਵਾਮ ਨੂੰ ਇਹ ਖੋਰਾ ਧੂਹ ਪਾਉਂਦਾ ਹੈ ਤਾਂ ਸਾਡਾ ਉਸ ਨਾਲ ਕੀ ਰਿਸ਼ਤਾ ਹੈ? ਇਹ ਰਿਸ਼ਤਾ ਸਾਥੋਂ ਕੀ ਆਸ ਕਰਦਾ ਹੈ?



# And for my next trick… The child care juggling act



Erika Shaker

Child care—in theory and practice—has signposted my life for well over a decade. The practice part started in 2004 when, newly pregnant with a daughter, my partner and I called every child care centre in Ottawa to try and secure a space for when she would need it 18 months later. When she was born, I took six months off work to care for her at home and my partner did the same after that. It wasn't until our daughter was 11 months old that we found out she would have a care space within walking distance from our house. It felt like we'd won the lottery.

In the summer of 2006, our 13-month-old daughter entered the infant program at a unionized, parent-run daycare co-op. Within two weeks of playing with the other children she was crawling. Within three more she was walking. Her vocabulary, already impressive, grew exponentially. While the direct benefits were and continue to be obvious, as a family we also gained a lot from the professionalism, care, love and support of the many caregivers who worked with our kid through infant, toddler, preschool and kindergarten programs.

In the spring of 2009, with our daughter spending half her day in junior kindergarten and the other half in daycare (this was before full-day kindergarten had arrived at our school) I became pregnant with our second child. The four-and-a-half years between our kids speaks directly to two issues: the cost of child care, and student loan repayments. With the student loan paid off, we could afford to have another child—or, more accurately, we could afford the child care fees for two kids simultaneously.

Our son was born late that same year, and once again we split the year of parental leave 50/50. This time, of course, we had to incorporate school and daycare pickups into our daily commutes. And though our family was grandfathered at the daycare centre (so we didn't have to go back on the waiting list), no spot was available when our son needed one. We managed to find six months' of temporary homecare with a very capable, experienced woman in the neighbourhood who also walked kids to and from school. Then, at the age of 18 months, our little boy entered the toddler program downstairs from his sister who was enrolled in the senior kindergarten program in the afternoon. While there were two different drop-offs, at least we had a central pickup that was more-or-less on the way home from work.

Things got more complicated over the next three years, as many parents of two children in child care find out. I was responsible for drop-offs, my partner (on his bike) for daycare pickup while I got groceries and made dinner, and we took turns with homework help and story time. Our schedule was balanced, barely. Doctor's appointments, colds, work events or inclement weather could throw off everything without warning—and frequently did. Fortunately, both our workplaces have family-friendly policies so if we had to work from home or bring a child in for an hour or two we could accommodate it. But don't ask me how we managed—car-less and in the winter—the year I broke my leg and was housebound for two months.

The year 2014-15 was the first time both kids were at the same school, our son now in full-day kindergarten, which had just started in Ottawa. We had one location for drop-off and pick-up and it was—bonus!—on the way to and from work. (I can talk your ear off about how much time and joy this one simple thing can add to your life, particularly if you do not own a car.) With only pre- and post-school care to pay for, our child care expenses were significantly reduced.

But that stage was short-lived: our neighbourhood catchment school switched, after the board-wide accommodation review, to one less convenient from a commuter's perspective. This fall, arrangements for our youngest changed for after-school care. And, on a more emotional note, as of this summer our eldest, now 10, no longer required the daycare's satellite programs, including the extended day program at her grade school. After nine years, over 30 full- and part-time caregivers, extracurricular activities, carefully prepared meals, arts and crafts, sign language, day trips and satellite programs with her school, she has graduated from the daycare that taught us all so much.

Our decade-long child care journey is coming to an end. In recapping it here, I'm reminded that alongside the warmth, support and gratitude I experienced is the emotional rollercoaster: the wave of panic about whether we could find a space before going back to work, the relief when we did, the overwhelming shock at the cost of child care, followed by the rejigging of the household budget to manage it effectively, and finally the plateau of stability—until the next child came along, when it all repeated. I'll remember this period as a prolonged state of tentative existence where anything—a cold, a snowstorm, a meeting—could upset the delicate balance we'd managed to achieve.

I'm also conscious that, in the current market that we pretend passes for a child care system, we are the lucky ones:

We are a dual-income household.

Our kids do not have special needs.

We are not precariously employed.

We are not socioeconomically or racially marginalized.

We do not live in a rural community.

While car-less, we have access to public transportation.

We have flexible, child-friendly, unionized, accommodating workplaces.

We could take time off at fully topped-up pay to be with our kids for the first 12 months.

We work (mostly) regular hours.

We are walking- (or biking- or, in the winter, sledding-) distance from our public school and our day care, both of which are excellent.

Is the lesson here that in a country that does not adequately prioritize the care and well-being of its youngest and most vulnerable, you have to be my kind of family—with our luck, location, and privilege—to navigate, with some mishaps, the patchwork, piecemeal, punitively priced market-based child care system that does exist, without devastating hardship? If so, that is an excruciatingly low-water mark for one of the wealthiest countries in the world.

We know—here's the theory part—what's required to meet the changing needs of today's families, and how out-of-reach (because there are not enough spaces, because those that exist are too expensive) child care is for too many families. This has been starkly detailed in our report They Go Up So Fast: 2015 child care fees in Canadian cities.

## THEY GO UP SO FAST

2015 monthly preschool child care fees in Canada

| | | | | | |
|---|---|---|---|---|---|
| Toronto, ON | $1,033 | St. John's, NL | $857 | Saint John, NB | $651 |
| Markham, ON | $1,000 | Hamilton, ON | $852 | Charlottetown, PEI | $586 |
| Ottawa, ON | $987 | Kitchener, ON | $813 | Regina, SK | $560 |
| Vaughan, ON | $981 | Burnaby, BC | $811 | Winnipeg, MB | $451 |
| Brampton, ON | $977 | Edmonton, AB | $800 | Gatineau, QC | $174 |
| Mississauga, ON | $977 | Halifax, NS | $785 | Montréal,QC | $174 |
| London, ON | $970 | Windsor, ON | $760 | Laval, QC | $174 |
| Calgary, AB | $910 | Surrey, BC | $750 | Longueuil, QC | $174 |
| Vancouver, BC | $905 | Saskatoon, SK | $655 | Québec City, QC | $174 |

policyalternatives.ca/childcare2015

Hiring Drivers/Owners/Operators
GALAXY Frightline inc.
We Offer:
*Competitive Salary
*Fuel Cards
*Late Model Equipment
*NewPay Package
*On Site Maintenance Facility
*Extra Drops and Pickups Paid
*Guaranteed Miles Per Month
*Guaranteed Home Time
We Require:
*2 Years Experience
*Clean Current Abstract
*Ability to Cross Border
*Positive, Professional Attitude
For:
*GTA
*ON-QC
*ON-MB-AB-BC
*USA
TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

# New study reveals the most and least expensive Canadian cities for child care



OTTAWA—A new study released today by the Canadian Centre for Policy Alternatives (CCPA) reveals the most and least expensive cities for child care in Canada. The study examines median unsubsidized child care fees in Canada's biggest 27 cities for infants, toddlers, and preschoolers, as well as the different subsidization regimes that reduce costs for low-income families. It finds Canada's child care systems can vary dramatically from province to province and city to city, but two things hold true in nearly all places: child care is expensive and regulated spaces are hard to find. "There is a huge variation in the cost of child care between Canadian cities, which verges on the absurd when you compare the $987 per month Ottawa parents pay for a preschool space that costs just $174 per month across the river in Gatineau," says CCPA Senior Economist David Macdonald. "While child care is a provincial responsibility, there is clearly room for federal leadership and funding to close the large differences in fees and availability across Canada." Among the study's findings: Toronto has the highest fees in Canada for infants, toddlers or preschoolers. A couple in Toronto with a toddler and a preschooler pays $28,300 in annual child care fees. That's equal to 48% of the median family after-tax income for families with children in that city. The seven most expensive cities for preschooler care are all in Ontario (Toronto, Markham, Ottawa, Vaughan, Mississauga, Brampton, and London). At $174 a month across all age categories, fees were lowest in the cities of Gatineau, Laval, Montreal, Longueuil, and Quebec City. Quebec, Manitoba, and PEI are the only provinces that cap child care fees and make up the difference for all families through core transfers to services. Since last year, child care fees have increased by 5% on average, or five times the rate of inflation. Fees have increased $56 a month in Toronto since 2014 and $22 a month in Quebec cities. In spite of high child care fees, child care workers have some of the lowest average wages of any occupation. Even working full time, early child care educators and home care providers earn $25,000 and $18,000 a year, respectively. The high cost of child care is just part of the challenge facing parents. Even where families can afford to pay for child care they will often face long waiting lists due to significant shortfalls in available spaces. There are currently close to a million children in Canada whose parents could use regulated care if more spaces were available. "Being able to access affordable, high quality child care should not be an accident of birth. Instead, it should be available to all Canadian families," says Macdonald. –30– They Go Up So Fast: Child Care Fees in Canada 2015 is available on the CCPA website: http://policyalternatives.ca For more information contact Kerri-Anne Finn, CCPA Senior Communications Officer, at 613-563-1341 x306. - See more at: https://www.policyalternatives.ca/newsroom/news-releases/new-study-reveals-most-and-least-expensive-canadian-cities-child-care#sthash.6bHDIAWS.dpuf

# ਢੰਡਾਰੀ ਅਗਵਾ, ਬਲਾਤਕਾਰ ਅਤੇ ਕਤਲ ਕਾਂਡ-2014 ਦੀ ਪੀੜਤ

## ਸ਼ਹਿਨਾਜ਼ ਦੀ ਪਹਿਲੀ ਬਰਸੀ ਮੌਕੇ ਸ਼ਰਧਾਂਜਲੀ ਸਮਾਗਮ

ਲੋਕਾਂ ਦੇ ਵੱਡੇ ਇਕੱਠ ਨੇ ਸ਼ਹਿਨਾਜ਼ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਉਸਨੂੰ ਇਨਸਾਫ਼ ਦੁਆਉਣ ਲਈ ਜੁਝਾਰੂ ਘੋਲ਼ ਜ਼ਾਰੀ ਰੱਖਣ ਦਾ ਐਲ਼ਾਨ ਕੀਤਾ 20 ਦਸੰਬਰ 2015, ਲੁਧਿਆਣਾ। ਢੰਡਾਰੀ ਅਗਵਾ, ਸਮੂਹਿਕ ਬਲਾਤਕਾਰ ਅਤੇ ਕਤਲ ਕਾਂਡ ਦੀ ਪੀੜਤ ਸ਼ਹਿਨਾਜ਼ ਦੀ ਮੌਤ ਦਾ ਇੱਕ ਵਰ੍ਹਾ ਪੂਰਾ ਹੋਣ ’ਤੇ ਅੱਜ ਢੰਡਾਰੀ ਬਲਾਤਕਾਰ ਅਤੇ ਕਤਲ ਕਾਂਡ ਵਿਰੋਧੀ ਸੰਘਰਸ਼ ਕਮੇਟੀ ਦੇ ਸੱਦੇ ’ਤੇ ਅੱਜ ਢੰਡਾਰੀ, ਲੁਧਿਆਣਾ ਵਿਖੇ ਸ਼ਰਧਾਂਜਲੀ ਸਮਾਗਮ ਆਯੋਜਿਤ ਕੀਤਾ ਗਿਆ। ਪਰਿਵਾਰ ਅਤੇ ਸੰਘਰਸ਼ ਕਮੇਟੀ ਦੇ ਮੈਂਬਰਾਂ ਨੇ ਸ਼ਹਿਨਾਜ਼ ਦੀ ਤਸਵੀਰ ’ਤੇ ਫੁੱਲਾਂ ਦਾ ਹਾਰ ਪਾ ਕੇ ਸ਼ਰਧਾਂਜਲੀ ਸਮਾਗਮ ਦੀ ਸ਼ੁਰੂਆਤ ਕੀਤੀ। ਲੋਕਾਂ ਨੇ ਸ਼ਹਿਨਾਜ਼ ਨੂੰ ਇਨਸਾਫ਼ ਦੁਆਉਣ ਲਈ ਸੰਘਰਸ਼ ਜ਼ਾਰੀ ਰੱਖਣ ਦਾ ਅਹਿਦ ਲਿਆ। ਸੰਘਰਸ਼ ਕਮੇਟੀ ਨੇ ਐਲਾਨ ਕੀਤਾ ਕਿ ਸਿਆਸੀ–ਪੁਲਸ–ਪ੍ਰਸ਼ਾਸਨਿਕ ਥਾਪੜੇ ਹੇਠ ਪਲ਼ਣ ਵਾਲ਼ੀ ਗੁੰਡਗਰਦੀ ਨੂੰ ਜੜ੍ਹ ਤੋਂ ਮਿਟਾਉਣ ਲਈ ਲੋਕ ਲਹਿਰ ਉਸਾਰਨ ਦੀਆਂ ਕੋਸ਼ਿਸ਼ਾਂ ਜ਼ਾਰੀ ਰਹਿਣਗੀਆਂ। ਸ਼ਰਧਾਂਜਲੀ ਸਮਾਗਮ ਨੂੰ ਵੱਖ–ਵੱਖ ਲੋਕ ਆਗੂਆਂ ਤੇ ਸ਼ਹਿਨਾਜ਼ ਦੇ ਮਾਪਿਆਂ ਨੇ ਸੰਬੋਧਿਤ ਕੀਤਾ ਅਤੇ ਇਨਕਲਾਬੀ ਸੱਭਿਆਚਾਰਕ ਮੰਚ ‘ਦਸਤਕ’ ਵੱਲੋਂ ਜੁਝਾਰੂ ਗੀਤ ਪੇਸ਼ ਕੀਤੇ ਗਏ।

ਕਾਰਖਾਨਾ ਮਜ਼ਦੂਰ ਯੂਨੀਅਨ, ਪੰਜਾਬ; ਟੈਕਸਟਾਈਲ ਹੌਜ਼ਰੀ ਕਾਮਗਾਰ ਯੂਨੀਅਨ, ਪੰਜਾਬ; ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ); ਨੌਜਵਾਨ ਭਾਰਤ ਸਭਾ ਅਤੇ ਬਿਗੁਲ ਮਜ਼ਦੂਰ ਦਸਤਾ ਵੱਲੋਂ ਪੀੜਤਾਂ ਨੂੰ ਇਨਸਾਫ਼ ਦੁਆਉਣ ਲਈ ਗਠਿਤ ‘ਢੰਡਾਰੀ ਬਲਾਤਕਾਰ ਅਤੇ ਕਤਲ ਕਾਂਡ ਵਿਰੋਧੀ ਸੰਘਰਸ਼ ਕਮੇਟੀ’ ਦੇ ਵੱਖ–ਵੱਖ ਬੁਲਾਰਿਆਂ ਨੇ ਕਿਹਾ ਕਿ ਸ਼ਹਿਨਾਜ਼ ਜ਼ਬਰ–ਜ਼ੁਲਮ ਦਾ ਸ਼ਿਕਾਰ ਸਭਨਾਂ ਔਰਤਾਂ ਅਤੇ ਆਮ ਲੋਕਾਂ ਸਾਹਮਣੇ ਸੰਘਰਸ਼ ਦਾ ਇੱਕ ਪ੍ਰਤੀਕ ਹੈ। ਬਲਾਤਕਾਰ, ਅਗਵਾ, ਛੇੜਛਾੜ ਜਿਹੇ ਜ਼ੁਲਮਾਂ ਦਾ ਸ਼ਿਕਾਰ ਜਿਆਦਾਤਰ ਔਰਤਾਂ ਅਤੇ ਉਹਨਾਂ ਦੇ ਪਰਿਵਾਰ ਇਹਨਾਂ ਘਟਨਾਵਾਂ ਨੂੰ ਸਮਾਜਕ ਬਦਨਾਮੀ, ਮਾਰਕੁੱਟ, ਜਾਨ ਤੋਂ ਮਾਰੇ ਜਾਣ, ਨਿਆਂ ਮਿਲਣ ਦੀ ਨਾਉਮੀਦੀ ਆਦਿ ਕਾਰਨਾਂ ਕਰਕੇ ਛੁਪਾ ਜਾਂਦੇ ਹਨ। ਪਰ ਬਹਾਦਰ ਸ਼ਹਿਨਾਜ਼ ਅਤੇ ਉਸਦੇ ਪਰਿਵਾਰ ਨੇ ਅਜਿਹਾ ਨਹੀਂ ਕੀਤਾ। ਸ਼ਹਿਨਾਜ਼ ਨੇ ਲੜਾਈ ਲੜੀ ਅਤੇ ਲੜਦੀ–ਲੜਦੀ ਮੌਤ ਨੂੰ ਗਲੇ ਲਗਾ ਗਈ। ਉਹ ਜ਼ੁਲਮ ਅੱਗੇ ਗੋਡੇ ਨਾ ਟੇਕਣ ਦੀ ਮਿਸਾਲ ਕਾਇਮ ਕਰਕੇ ਗਈ ਹੈ। ਉਸਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ।

ਸ਼ਹਿਨਾਜ਼ ਨੂੰ 4 ਦਸੰਬਰ ਨੂੰ ਇੱਕ ਗੁੰਡਾ ਗਿਰੋਹ ਨੇ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਕੇ ਸਾੜ ਦਿੱਤਾ ਸੀ। ਅੱਠ ਦਸੰਬਰ ਨੂੰ ਉਸਦੀ ਮੌਤ ਹੋ ਗਈ ਸੀ। ਸ਼ਹਿਨਾਜ ਨੂੰ 25 ਅਕਤੂਬਰ ਨੂੰ ਅਗਵਾ ਕਰਕੇ ਦੋ ਦਿਨ ਤੱਕ ਸਮੂਹਕ ਬਲਾਤਕਾਰ ਕੀਤਾ ਸੀ। ਸਿਆਸੀ ਸਰਪ੍ਰਸਤੀ ਹੇਠ ਪਲ਼ਣ ਵਾਲ਼ੇ ਇਸ ਗੁੰਡਾ ਗਿਰੋਹ ਖਿਲਾਫ਼ ਕਾਰਵਾਈ ਕਰਨ ਵਿੱਚ ਪੁਲੀਸ ਨੇ ਬੇਹੱਦ ਢਿੱਲ ਵਰਤੀ, ਪੀੜਤਾਂ ਦੀ ਢੰਗ ਸੁਣਵਾਈ ਨਹੀਂ ਕੀਤੀ ਗਈ, ਰਿਪੋਰਟ ਲਿਖਣ ਅਤੇ ਮੈਡੀਕਲ ਕਰਾਉਣ ਵਿੱਚ ਦੇਰੀ ਕੀਤੀ ਗਈ। ਬਲਾਤਕਾਰ ਅਤੇ ਅਗਵਾ ਕਰਨ ਦੇ ਦੋਸ਼ੀ 18 ਦਿਨ ਬਾਅਦ ਜਮਾਨਤ ਕਰਾਉਣ ਵਿੱਚ ਕਾਮਯਾਬ ਹੋ ਗਏ। ਗੁੰਡਾ ਗਿਰੋਹ ਨੇ ਸ਼ਹਿਨਾਜ਼ ਅਤੇ ਉਸਦੇ ਪਰਿਵਾਰ ਨੂੰ ਕੇਸ ਵਾਪਿਸ ਲੈਣ ਲਈ ਡਰਾਇਆ, ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੱਤੀ। 4 ਦਸੰਬਰ ਨੂੰ ਦਿਨ–ਦਿਹਾੜੇ ਸੱਤ ਗੁੰਡਿਆਂ ਨੇ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ ਗਿਆ। 9 ਦਸੰਬਰ 2014 ਨੂੰ ਉਸਦੀ ਮੌਤ ਹੋ ਗਈ ਸੀ। ਗੁੰਡਾ ਗੋਰਹ ਦੇ ਇਸ ਕਾਰੇ ਅਤੇ ਗੁੰਡਾ–ਸਿਆਸੀ–ਪੁਲੀਸ ਨਾਪਾਕ ਗਠਜੋੜ ਖਿਲਾਫ਼ ਹਜ਼ਾਰਾਂ ਲੋਕਾਂ ਵੱਲ਼ੋਂ ‘ਸੰਘਰਸ਼ ਕਮੇਟੀ’ ਦੀ ਅਗਵਾਈ ਵਿੱਚ ਵਿਸ਼ਾਲ ਜੁਝਾਰੂ ਘੋਲ਼ ਲੜਿਆ ਗਿਆ ਸੀ। ਲੋਕ ਘੋਲ਼ ਦੇ ਦਬਾਅ ਹੇਠ ਦੋਸ਼ੀਆਂ ਨੂੰ ਸਜ਼ਾਵਾਂ ਦੀ ਆਸ ਬੱਝੀ ਹੋਈ ਹੈ। ਕਤਲ ਕਾਂਡ ਦੇ ਸੱਤ ਦੋਸ਼ੀ ਜੇਲ੍ਹ ਵਿੱਚ ਹਨ। ਪੁਲੀਸ ਵੱਲ਼ੋਂ ਐਫ.ਆਈ.ਆਰ. ਦਰਜ਼ ਕਰਨ ਵਿੱਚ ਕੀਤੀਆਂ ਗਈਆਂ ਗੜਬੜਾਂ ਕਾਰਨ ਅਗਵਾ ਤੇ ਬਲਾਤਕਾਰ ਦਾ ਇੱਕ ਦੋਸ਼ੀ ਜਮਾਨਤ ’ਤੇ ਅਜ਼ਾਦ ਘੁੰਮ ਰਿਹਾ ਹੈ। ਇਸ ਖਿਲਾਫ਼ ਹਾਈਕੋਰਟ ਵਿੱਚ ਅਪੀਲ ਕੀਤੀ ਗਈ ਹੈ ਅਤੇ ਉਸਨੂੰ ਵੀ ਜੇਲ੍ਹ ਪਹੁੰਚਾਉਣ ਲਈ ਪੁਰਜ਼ੋਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਸ਼ਰਧਾਂਜਲੀ ਸਮਾਗਮ ਨੂੰ ਕਾਰਖਾਨਾ ਮਜ਼ਦੂਰ ਯੂਨੀਅਨ, ਪੰਜਾਬ ਦੇ ਪ੍ਰਧਾਨ ਲਖਵਿੰਦਰ; ਟੈਕਸਟਾਈਲ–ਹੌਜ਼ਰੀ ਕਾਮਗਾਰ ਯੂਨੀਅਨ, ਪੰਜਾਬ ਦੇ ਪ੍ਰਧਾਨ ਰਾਜਵਿੰਦਰ; ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਦੀ ਆਗੂ ਬਿੰਨੀ; ਨੌਜਵਾਨ ਭਾਰਤ ਸਭਾ ਦੇ ਆਗੂ ਕੁਲਵਿੰਦਰ, ਬਿਗੁਲ ਮਜ਼ਦੂਰ ਦਸਤਾ ਦੇ ਆਗੂ ਵਿਸ਼ਵਨਾਥ ਤੇ ਡੈਮੋਕ੍ਰੇਟਿਕ ਲਾਇਰਜ਼ ਐਸੋਸੀਏਸ਼ਨ ਦੇ ਆਗੂ ਐਡਵੋਕੇਟ ਹਰਪ੍ਰੀਤ ਜੀਰਖ, ਸ਼ਹਿਨਾਜ਼ ਦੇ ਪਿਤਾ ਮੁਹੰਮਦ ਇਲੀਆਸ, ਮਾਤਾ ਹੁਸ਼ਨਿਆਰਾ ਖਾਤੂਨ ਆਦਿ ਨੇ ਸੰਬੋਧਿਤ ਕੀਤਾ।





ACCOUNTANT

Corporate & Personal Business Attends: CRA Audits and Appeals

SUKHDEV SINGH CPA, CGA

TEL: (905) 793-0909
FAX: (905)-450-2165
10-2084 STEELES AVE EAST, BRAMPTON, L6T 5A6
EMAIL: sukhdevcga@gmail.com

# ਸਰਬਤ ਭਲੇ ਦਾ ਸਰਕਾਰੀ ਵਿਦਿਆ ਚਾਨਣ ਮੁਨਾਰਾ ਵੱਲੋਂ ਪ੍ਰਾਈਵੇਟ ਨੂੰ ਮਾਤ



ਸੰਦੀਪ ਰਾਣਾ ਬੁਢਲਾਡਾ

ਇਹ ਗੱਲ ਕੋਈ ਅਚੰਭੇ ਵਾਲੀ ਗੱਲ ਹੀ ਹੈ ਕਿ ਕੋਈ ਸਰਕਾਰੀ ਸਕੂਲ ਕਿਸੇ ਪ੍ਰਾਈਵੇਟ ਸਕੂਲ ਦੀ ਬਰਾਬਰੀ ਕਰ ਸਕਦਾ ਹੈ, ਕਿਉਂਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਦਾ ਪੱਧਰ ਪ੍ਰਾਈਵੇਟ ਸਕੂਲਾਂ ਵਾਂਗੂ ਉੱਚ ਪਾਏ ਦਾ ਨਹੀਂ ਹੁੰਦਾ ਕਿਉਂਕਿ ਨਾ ਹੀ ਕਿਸੇ ਸਰਕਾਰੀ ਸਕੂਲ ਦੀ ਦਿੱਖ ਪ੍ਰਾਈਵੇਟ ਸਕੂਲ ਦੇ ਬਰਾਬਰ ਦੀ ਹੁੰਦੀ ਹੈ ਅਤੇ ਨਾ ਹੀ ਉੱਚ ਪੱਧਰੀ ਸੁਵਿਧਾਵਾਂ ਸਰਕਾਰੀ ਸਕੂਲਾਂ ਵਿੱਚ ਮੌਜੂਦ ਹੁੰਦੀਆ ਹਨ, ਪ੍ਰੰਤੂ ਇਹ ਵਿਚਾਰ ਸਰਕਾਰੀ ਪ੍ਰਾਇਮਰੀ ਸਕੂਲ ਰੱਲੀ ਲਈ ਢੁੱਕਵੇਂ ਨਹੀਂ ਹਨ। ਕੁਝ ਸਮਾਂ ਪਹਿਲਾਂ ਸ਼ੋਸ਼ਲ ਮੀਡੀਆ ਰਾਹੀਂ ਚਰਚਾ ਵਿੱਚ ਆਏ ਪਿੰਡ ਰੱਲੀ ਦੇ ਸਰਕਾਰੀ ਪ੍ਰਾਇਮਰੀ ਸਕੂਲ ਨੂੰ ਦੇਖ ਹਰ ਕੋਈ ਹੈਰਾਨ ਹੋ ਜਾਂਦਾ ਹੈ। ਇਹ ਸਕੂਲ ਪੜ੍ਹਾਈ, ਸੁਵਿਧਾਵਾਂ ਅਤੇ ਦਿੱਖ ਪੱਖੋਂ ਕਿਸੇ ਵੀ ਪ੍ਰਾਈਵੇਟ ਸਕੂਲਾਂ ਨਾਲੋਂ ਊਣਾ ਨਹੀਂ।ਕੁਝ ਦਿਨ ਪਹਿਲਾਂ ਮੇਰਾ ਇਸ ਸਕੂਲ ਵਿੱਚ ਜਾਣ ਦਾ ਸਬੱਬ ਬਣਿਆ ਤਾਂ ਦੇਖ ਕੇ ਇੰਝ ਲੱਗਿਆ ਕਿ ਜਿਵੇਂ ਮੈਂ ਕੋਈ ਸੁਪਨਾ ਦੇਖ ਰਿਹਾ ਹੋਵਾਂ। ਜਿਸ 'ਤੇ ਪਹਿਲੀ ਵਾਰ ਕਿਸੇ ਵੀ ਵਿਅਕਤੀ ਨੂੰ ਯਕੀਨ ਨਹੀਂ ਹੋਵੇਗਾ।

ਲਗਭਗ 1800 ਦੇ ਕਰੀਬ ਦੀ ਆਬਾਦੀ ਵਾਲਾ ਮਾਨਸਾ ਜ਼ਿਲ੍ਹੇ ਦੀ ਤਹਿਸੀਲ ਬੁਢਲਾਡਾ ਵਿੱਚ ਪੈਂਦਾ ਪਿੰਡ ਰੱਲੀ ਜੋ ਬੁਢਲਾਡਾ ਤੋਂ ਕਰੀਬ 5 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਇਹ ਪਿੰਡ ਕੁਝ ਦਿਨਾਂ ਤੋਂ ਸ਼ੋਸ਼ਲ ਮੀਡੀਆ ਰਾਂਹੀ ਚਰਚਾ ਦਾ ਵਿਸ਼ਾ ਬਣ ਚੁੱਕਿਆ ਹੈ। ਮਾਨਸਾ ਜ਼ਿਲ੍ਹੇ ਨੂੰ ਭਾਵੇਂ ਹੀ ਸਿੱਖਿਆ ਪੱਖੋਂ ਪਛੜਿਆ ਹੋਇਆ ਹੀ ਮੰਨਿਆ ਜਾਂਦਾ ਹੈ ਪ੍ਰੰਤੂ ਇਸ ਸਕੂਲ ਨੇ ਜਿੱਥੇ ਆਪਣੇ ਪਿੰਡ ਦਾ ਨਾਮ ਉੱਚਾ ਕੀਤਾ ਹੈ ਉੱਥੇ ਮਾਨਸਾ ਜ਼ਿਲ੍ਹੇ ਨੂੰ ਮਾਣ ਵੀ ਬਖਸ਼ਿਆ ਹੈ।

ਹੁਣ ਕੋਈ ਵੀ ਇਹ ਕਹਿਣ ਤੋਂ ਪਹਿਲਾਂ ਜ਼ਰੂਰ ਸੋਚੇਗਾ ਕਿ ਮਾਨਸਾ ਜ਼ਿਲ੍ਹਾ ਹੁਣ ਸਿੱਖਿਆ ਦੇ ਪੱਖੋਂ ਪੱਛੜਿਆ ਹੋਇਆ ਨਹੀਂ। ਜਦੋਂ ਕਦੇ ਵੀ ਸਿੱਖਿਆ ਦੇ ਵਿੱਚ ਬਦਲਾਅ ਦਾ ਜ਼ਿਕਰ ਹੋਵੇਗਾ ਉੱਥੇ ਪਿੰਡ ਰੱਲੀ ਦੇ ਪ੍ਰਾਇਮਰੀ ਸਕੂਲ ਦਾ ਜ਼ਿਕਰ ਜ਼ਰੂਰ ਹੋਵੇਗਾ। ਇਸ ਸਕੂਲ ਦੇ ਨਾਲ ਜੁੜੀ ਸਾਰੀ ਕਹਾਣੀ ਸੰਬੰਧੀ ਮੈਂ ਸਕੂਲ ਦੇ ਹੈਡ ਟੀਚਰ ਸ੍ਰ. ਅਮਰਜੀਤ ਸਿੰਘ ਚਹਿਲ ਨਾਲ ਸਕੂਲ ਸਬੰਧੀ ਕੁਝ ਜਾਣਕਾਰੀ ਹਾਸਿਲ ਕੀਤੀ ਜੋ ਤੁਹਾਡੇ ਸਾਰਿਆ ਨਾਲ ਸਾਂਝੀ ਕਰ ਰਿਹਾ ਹਾਂ।

ਚਹਿਲ ਸਾਹਿਬ ਦੇ ਕਹਿਣ ਅਨੁਸਾਰ ਪ੍ਰਾਇਮਰੀ ਸਕੂਲ ਵਿਦਿਆਰਥੀ ਦੀ ਜ਼ਿੰਦਗੀ ਦਾ ਸਭ ਤੋਂ ਮਹੱਤਵਪੂਰਨ ਅਨਿੱਖੜਵਾਂ ਅੰਗ ਹੈ ਸ਼ੁਰੂ ਵਿੱਚ ਪ੍ਰਾਇਮਰੀ ਸਕੂਲ ਦੀ ਸਿੱਖਿਆ ਹੀ ਬੱਚੇ ਦੇ ਜੀਵਨ ਦੀ ਸਹੀ ਨੀਹ ਰੱਖਦੀ ਹੈ ਅਤੇ ਨਰੋਏ ਸਮਾਜ ਦੀ ਸਿਰਜਣਾ ਦੀ ਸ਼ੁਰੂਆਤ ਹੁੰਦੀ ਹੈ ਬੱਚਾ ਵੱਡਾ ਹੋ ਕੇ ਕੀ ਬਣੇਗਾ, ਉਸ ਦੇ ਜੀਵਨ ਦੇ ਕੀ ਉਦੇਸ਼ ਹਨ, ਸੁਪਨਿਆਂ ਨੂੰ ਪੂਰਾ ਕਰਨ ਦੇ ਲਈ ਉਸਨੂੰ ਯੋਗ ਬਣਾਉਂਦੀ ਹੈ।ਜੇਕਰ 5-6 ਸਾਲ ਦੇ ਬੱਚੇ ਨੂੰ ਪ੍ਰਾਇਮਰੀ ਸਕੂਲ ਵਿੱਚ ਮਨੋਵਿਗਿਆਨਿਕ, ਰੰਗਦਾਰ, ਮੰਨੋਰੰਜਕ ਵਾਤਾਵਰਨ ਨਾ ਮਿਲੇ ਤਾਂ ਸ਼ਾਇਦ ਉਹ ਆਪਣੇ ਸਰਵਪੱਖੀ ਵਿਕਾਸ ਤੋਂ ਅਧੂਰਾ ਰਹਿ ਜਾਂਦਾ ਹੈ। ਇਸੇ ਕਰਕੇ ਪ੍ਰਾਇਮਰੀ ਸਿੱਖਿਆ ਦਾ ਬੱਚਿਆਂ ਦੀ ਜ਼ਿੰਦਗੀ ਵਿੱਚ ਬਹੁਤ ਪ੍ਰਭਾਵਸ਼ਾਲੀ ਰੋਲ ਹੈ। ਇਸ ਲਈ ਜੋ ਮਨੋਵਿਗਿਆਨਿਕ ਉਦੇਸ਼ਾਂ ਨੂੰ ਲੈ ਕੇ ਸ਼੍ਰੀ ਅਮਰਜੀਤ ਸਿੰਘ ਚਹਿਲ ਨੇ ਪ੍ਰਾਇਮਰੀ ਸਿੱਖਿਆ ਨੂੰ ਸਮੇਂ ਦੇ ਹਾਣਦਾ, ਰੌਚਕ ਅਤੇ ਗਿਆਨਮਈ ਬਣਾਉਣ ਦੇ ਲਈ ਜੋ ਇੱਕ ਸਾਰਥਕ ਕੋਸ਼ਿਸ਼ ਕੀਤੀ ਹੈ, ਕਾਬਿਲੇ ਤਾਰੀਫ ਹੈ।

ਸਾਲ 2006 ਵਿੱਚ ਜਦੋਂ 5752 ਜ਼ਿਲ੍ਹਾ ਪ੍ਰੀਸ਼ਦ ਸਕੂਲ ਹੋਂਦ ਵਿੱਚ ਆਏ ਤਾਂ ਰੱਲੀ ਦਾ ਸਰਕਾਰੀ ਪ੍ਰਾਇਮਰੀ ਸਕੂਲ ਇਨ੍ਹਾਂ ਵਿੱਚੋਂ ਇੱਕ ਸੀ। ਉਸ ਸਮੇਂ ਇਸ ਸਰਕਾਰੀ ਸਕੂਲ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਧੀਨ 6 ਹੋਣਹਾਰ ਅਧਿਆਪਕਾਂ ਦੀ ਨਿਯੁਕਤੀ ਕੀਤੀ ਗਈ ਜਿਸ ਵਿੱਚ ਹੈਡ ਟੀਚਰ ਮਿਸ ਜੋਯਤੀ, ਸ੍ਰੀਮਤੀ ਸੁਖਪਾਲ ਕੌਰ, ਸ੍ਰੀਮਤੀ ਤ੍ਰਿਪਤਾ ਰਾਣੀ, ਸ੍ਰੀਮਤੀ ਕਿਰਨਪਾਲ ਕੌਰ, ਸ੍ਰੀ ਰਾਜੇਸ਼ ਕੁਮਾਰ ਅਤੇ ਸ੍ਰ. ਜਰਨੈਲ ਸਿੰਘ ਸ਼ਾਮਿਲ ਸਨ। ਬਾਅਦ ਵਿੱਚ ਸਮੇਂ ਸਮੇਂ ਇਸ ਸਕੂਲ ਵਿੱਚ ਸ੍ਰ ਅਮਰਜੀਤ ਸਿੰਘ, ਸ੍ਰ ਪਰਮਜੀਤ ਸਿੰਘ, ਸ੍ਰੀਮਤੀ ਸੁਨੀਤਾ ਰਾਣੀ ਅਤੇ ਸ੍ਰੀ ਤੇਜਿੰਦਰ ਕੁਮਾਰ ਆਪਣੀਆ ਸੇਵਾਂਵਾ ਨਿਭਾਦੇ ਰਹੇ। 2006 ਤੋਂ ਵਿੱਦਿਅਕ ਪੱਖੋਂ ਲਗਾਤਾਰ ਤਰੱਕੀ ਕਰਦਾ ਆ ਰਿਹਾ ਇਹ ਸਕੂਲ ਭਾਵੇਂ ਸਰਕਾਰੀ ਸਕੂਲਾਂ ਦਾ ਹੀ ਇੱਕ ਹਿਸਾ ਸੀ ਪਰ ਸਾਲ 2012-13 ਤੋਂ ਬਾਅਦ ਇਸ ਸਕੂਲ ਵਿੱਚ ਸੁਪਨਾਮਈ



ਵਿਕਾਸ ਹੋਇਆ ਜਿਵੇਂ ਇਸ ਸਕੂਲ ਵਿੱਚ ਕੋਈ ਕ੍ਰਾਂਤੀ ਆ ਗਈ ਹੋਵੇ। ਇਸ ਸਕੂਲ ਦੇ ਅਣਥੱਕ ਅਧਿਆਪਕਾਂ ਦੀ ਮਿਹਨਤ ਕਾਰਨ ਅੱਜ ਇਹ ਸਕੂਲ ਬਾਕੀ ਸਰਕਾਰੀ ਸਕੂਲਾਂ ਨਾਲੋਂ ਆਪਣੀ ਵੱਖਰੀ ਪਹਿਚਾਨ ਬਣਾਉਣ ਵਿੱਚ ਕਾਮਯਾਬ ਹੋਇਆ ਹੈ।

ਗੱਲਬਾਤ ਦੌਰਾਨ ਸ੍ਰ. ਅਮਰਜੀਤ ਨੇ ਦੱਸਿਆ ਕਿ ਜਦੋਂ ਇੱਕ ਦਿਨ ਉਹ ਵਿਦਿਆਰਥੀਆਂ ਨਾਲ ਸੰਮੁਦਰੀ ਜੀਵ-ਵੇਲ੍ਹ ਬਾਰੇ ਚਰਚਾ ਕਰ ਰਹੇ ਸਨ ਤਾਂ ਵਿਦਿਆਰਥੀ ਇਹ ਮੰਨਣ ਨੂੰ ਤਿਆਰ ਨਹੀਂ ਸਨ ਕਿ ਵੇਲ੍ਹ ਦੀ ਲੰਬਾਈ ਅਤੇ ਭਾਰ ਇੰਨਾ ਜਿਆਦਾ ਹੋ ਸਕਦਾ ਹੈ! ਸਿੱਖਣ-ਸਿਖਾਉਣ ਦੀ ਪ੍ਰਕ੍ਰਿਆ ਤੋਂ ਉਤਪੰਨ ਹੋਈ ਇਸ ਸਮੱਸਿਆ ਦੇ ਹੱਲ ਲਈ ਸਾਲ 2012 ਵਿੱਚ ਸਕੂਲ ਸਟਾਫ਼? ਮਾਪਿਆਂ ਅਤੇ ਦਾਨੀ ਸੱਜਣਾਂ ਦੀ ਮਦਦ ਨਾਲ ਸਕੂਲ ਵਿੱਚ ਇੱਕ ਪੁਰਾਣੇ ਟੈਲੀਵਿਜ਼ਨ ਅਤੇ ਡੀ.ਵੀ.ਡੀ. ਪਲੇਅਰ ਦਾ ਪ੍ਰਬੰਧ ਕੀਤਾ ਗਿਆ। ਜਿਸ ਨਾਲ ਪਾਠਕ੍ਰਮ ਦੇ ਕੁਝ ਅੰਸ਼ਾ ਨੂੰ ਇਸ ਆਡਿਓ-ਵਿਜ਼ੂਅਲ ਤਕਨੀਕ ਰਾਹੀਂ ਵਿਦਿਆਰਥੀਆਂ ਦੇ ਰੂ-ਬ-ਰੂ ਕੀਤਾ ਗਿਆ। ਜਿੱਥੇ ਇਸ ਤਕਨੀਕ ਨਾਲ ਗੁਝਲਦਾਰ ਪਾਠਕ੍ਰਮ ਨੂੰ ਪੜ੍ਹਾਉਣਾ ਸੌਖਾ ਹੋਇਆ ਉੱਥੇ ਅਧਿਆਪਕਾਂ ਨੂੰ ਕੁਝ ਨਿਵੇਕਲੇ ਤਜ਼ਰਬੇ ਹਾਸਿਲ ਤਾਂ ਹੋਏ ਹੀ ਨਾਲ ਸਕੂਲ ਵਿੱਚ ਖ਼ਾਸ ਕਰਕੇ ਪਹਿਲੀ-ਦੂਜੀ ਜਮਾਤ ਦੇ ਵਿਦਿਆਰਥੀਆਂ ਦੀ ਰੋਜ਼ਾਨਾ ਹਾਜ਼ਰੀ ਵਿੱਚ ਵਾਧਾ ਵੀ ਹੋਇਆ।

ਅਗਸਤ 2013 ਵਿੱਚ ਏ.ਡੀ.ਸੀ(ਡੀ) ਮਾਨਸਾ, ਸ੍ਰੀ ਵਰਿੰਦਰ ਸ਼ਰਮਾਂ ਨੇ ਸਕੂਲ ਵਿੱਚ ਵਰਤੀ ਜਾਂਦੀ ਇਸ ਤਕਨੀਕ ਤੋਂ ਜਾਣੂ ਹੋ ਕੇ ਸਕੂਲ ਲਈ ਇੱਕ ਵਿਸ਼ੇਸ਼ ਗ੍ਰਾਂਟ ਦੇਣ ਲਈ ਘੋਸ਼ਣਾ ਕੀਤੀ। ਇਸ ਤੋਂ ਬਾਅਦ ਇਸ ਸਕੂਲ ਵੱਲੋਂ ਸਕੂਲ ਮੈਨੇਜਮੈਂਟ ਕਮੇਟੀ, ਗ੍ਰਾਮ ਪੰਚਾਇਤ ਰੱਲੀ ਅਤੇ ਸ੍ਰੀ ਸੰਜੀਵ ਕੁਮਾਰ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਦੇ ਸਹਿਯੋਗ ਨਾਲ ਬਲਾਕ ਪੱਧਰੀ ਖੇਡਾਂ ਦਾ ਅਯੋਜਨ ਸਕੂਲ ਵਿਖੇ ਕੀਤਾ ਗਿਆ। ਇਹਨਾਂ ਖੇਡਾਂ ਦੌਰਾਨ ਏ. ਡੀ. ਸੀ (ਡੀ) ਸ੍ਰੀ ਹਰਿੰਦਰ ਸਿੰਘ ਸਰਾਂ ਖੇਡਾਂ ਦੇ ਉੱਚ-ਪੱਧਰੀ ਪ੍ਰਬੰਧ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਉਹਨਾਂ ਨੇ ਸਕੂਲ ਦੇ ਵਿਕਾਸ ਲਈ ਗ੍ਰਾਮ ਪੰਚਾਇਤ ਰੱਲੀ ਨੂੰ ਇੱਕ ਵਿਸ਼ੇਸ਼ ਗ੍ਰਾਂਟ ਜਾਰੀ ਕਰ ਦਿੱਤੀ। ਇਸ ਗ੍ਰਾਂਟ ਨਾਲ ਇਸ ਸਕੂਲ ਵਿੱਚ ਇੱਕ ਆਧੁਨਿਕ ਕੰਪਿਊਟਰ ਲੈਬ, ਐਜੂਕੇਸ਼ਨਲ ਪਾਰਕ, ਹਾਈ-ਟੈਕ ਸਾਊਂਡ ਸਿਸਟਮ ਅਤੇ ਵਿਦਿਆਰਥੀਆਂ ਦੇ ਬੈਠਣ ਲਈ ਆਧੁਨਿਕ ਫਰਨੀਚਰ ਦਾ ਪ੍ਰਬੰਧ ਕੀਤਾ ਗਿਆ। ਪਹਿਲੀ ਅਤੇ ਦੂਜੀ ਜਮਾਤ ਲਈ ਬਣਾਇਆ ਫ਼ਰਨੀਚਰ ਅੰਗਰੇਜ਼ੀ ਦੇ ਅੱਖਰ ਦੇ ਆਕਾਰ ਦਾ ਹੈ। ਇਹ ਜਿੱਥੇ ਰੰਗਦਾਰ ਅਤੇ ਅਕ੍ਰਸ਼ਿਤ ਹੈ ਉੱਥੇ ਅਧਿਆਪਕ ਨੂੰ ਹਰ ਇੱਕ ਵਿਦਿਆਰਥੀ ਨਾਲ ਤਾਲ-ਮੇਲ ਕਰਨ ਲਈ ਵੀ ਸਹਾਈ ਹੈ। ਜਿਥੇ ਬੈਠ ਕੇ ਪੜ੍ਹਾਈ ਵਿੱਚ ਰੁਚੀ ਵੱਧਦੀ ਹੈ। ਇਸ ਕਾਰਨ ਇਸ ਸਕੂਲ ਦਾ ਫਰਨੀਚਰ ਵੀ ਇਹ ਅਹਿਸਾਸ ਹੀ ਨਹੀਂ ਹੋਣ ਦਿੰਦਾ ਕਿ ਇਹ ਕਿਸੇ ਸਰਕਾਰੀ ਸਕੂਲ ਦਾ ਹੈ।

ਘਰਾਂ ਵਰਗਾਂ ਮਾਹੌਲ ਦੇਣ ਲਈ ਸਕੂਲ ਵਿੱਚ ਰੰਗ ਰੋਗਨ ਵੀ ਬੱਚਿਆਂ ਦੀ ਪਸੰਦ ਦੇ ਹੀ ਕਰਵਾਏ ਗਏ ਹਨ ਤਾਂ ਜੋ ਵਿਦਿਆਰਥੀਆਂ ਨੂੰ ਸਕੂਲ ਉਹਨਾਂ ਦੇ ਘਰ ਵਰਗਾ ਹੀ ਲੱਗੇ। ਇਹਨਾਂ ਬਹੁ-ਰੰਗੀ ਦੀਵਾਰਾਂ ਤੇ ਉੱਕਰੇ ਚਿੱਤਰ ਜਿੱਥੇ ਸਕੂਲ ਨੂੰ ਅਨੂਠੀ ਦਿੱਖ ਪ੍ਰਦਾਨ ਕਰਦੇ ਹਨ ਉੱਥੇ ਵਿਦਿਆਰਥੀ ਇਹਨਾਂ ਬਾਰੇ ਸੰਵਾਦ ਵੀ ਕਰ ਸਕਦੇ ਹਨ। ਖ਼ਾਸ ਤੌਰ 'ਤੇ ਪਹਿਲੀ ਅਤੇ ਦੂਜੀ ਜਮਾਤ ਦੇ ਕਮਰਿਆਂ ਨੂੰ ਸਿੱਖਿਆ ਵਿਧੀਆ ਰਾਹੀਂ ਡਿਜਾਇਨ ਕੀਤਾ ਗਿਆ ਹੈ। ਦੀਵਾਰਾਂ ਅਤੇ ਛੱਤਾਂ ਤੇ ਬਣੇ ਦਰਖਤ, ਚੰਦਰਮਾਂ, ਤਾਰਿਆਂ, ਰਾਕੇਟ ਅਤੇ ਹੋਰ ਮਨਮੋਹਕ ਦ੍ਰਿਸ਼ ਵਿਦਿਆਰਥੀਆਂ ਵਿੱਚ ਹਰ ਸਮੇਂ ਕੁਝ ਨਾ ਕੁਝ ਸਿੱਖਣ ਦੀ ਚਾਅ ਕਰਦੇ ਰਹਿੰਦੇ ਹਨ। ਜਿੱਥੇ ਇਹ ਦੀਵਾਰਾਂ ਸਕੂਲ ਦੀ ਸਜਾਵਟ ਵਿੱਚ ਚਾਰ ਚੰਨ ਲਾਉਂਦੀਆਂ ਹਨ ਉੱਥੇ ਹੀ ਇਨ੍ਹਾਂ ਦੀਵਾਰਾਂ ਦੇ ਹਰੇ ਰੰਗ ਤੇ ਉਕਰੀਆ ਹੋਈਆਂ ਲਕੀਰਾਂ ਅਤੇ ਅਕ੍ਰਿਤੀਆਂ ਨਵੇਂ ਬੱਚਿਆਂ ਦੇ ਹੱਥਾਂ ਦੀਆਂ ਮਾਸਪੇਸ਼ੀਆਂ ਨੂੰ ਲਿਖਣ ਲਈ ਸਹਿਜੇ ਹੀ ਤਿਆਰ ਕਰਦੀਆਂ ਹਨ। ਹੈਡ ਟੀਚਰ ਸ੍ਰ. ਅਮਰਜੀਤ ਸਿੰਘ ਚਹਿਲ ਅਨੁਸਾਰ 21:1 ਦੀ ਵਰਤੋਂ ਨਾਲ ਵਿਦਿਆਰਥੀ ਸਕੂਲ ਸਮੇਂ ਅਤੇ ਬਾਅਦ ਵਿੱਚ, ਆਉਂਦੇ-ਜਾਂਦੇ, ਚੇਤਨ-ਅਚੇਤ ਮਨ ਨਾਲ ਅਧਿਆਪਕ ਦੀ ਮਦਦ ਤੋਂ ਬਿਨਾਂ ਵੀ ਬਹੁਤ ਕੁਝ ਸਿਖਦੇ ਰਹਿੰਦੇ ਹਨ।

ਦੂਰ-ਅੰਦੇਸ਼ੀ ਸੋਚ ਅਤੇ ਤਕਨੀਕ ਨਾਲ ਤਿਆਰ ਕੀਤਾ ਸਕੂਲ ਵਿੱਚਲਾ ਪਾਰਕ ਇੱਕ ਉੱਤਮ ਕਲਾ ਦਾ ਨਮੂਨਾ ਤਾਂ ਹੈ ਹੀ ਉਥੇ ਬੱਚਿਆਂ ਲਈ ਖੇਡਦੇ-ਖੇਡਦੇ ਸਿੱਖਿਆ ਲਈ ਬਹੁਤ ਕੁਝ ਰੌਚਕ ਅਤੇ ਗਿਆਨ ਭਰਪੂਰ ਹੈ। ਇਸ ਵਿਚਲੀਆਂ ਕੁਝ ਵਸਤੂਆਂ ਪੂਰੇ ਪੰਜਾਬ ਵਿੱਚ ਹੀ ਨਹੀਂ ਸ਼ਾਇਦ ਭਾਰਤ ਵਿੱਚ ਹੀ ਅਨੂਠੀਆਂ ਹੋਣਗੀਆਂ। ਕਿਉਂਕਿ ਇਹ ਪਾਰਕ ਜਿੱਥੇ ਬੱਚਿਆਂ ਨੂੰ ਸਿੱਧੇ ਤੌਰ 'ਤੇ ਕੁਦਰਤ ਦੇ ਨਾਲ ਜੋੜਦਾ ਹੈ, ਉੱਥੇ ਹੀ ਇਸ ਪਾਰਕ ਵਿੱਚ ਬਣੀਆ ਟ੍ਰੈਫਿਕ ਲਾਈਟਾਂ, ਬਹੁ-ਮਾਰਗੀ ਸੜਕਾਂ ਅਤੇ ਟ੍ਰੈਫਿਕ ਚਿੰਨ੍ਹ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਦੀ ਬਚਪਨ ਤੋਂ ਪਾਲਨਾ ਕਰਨ ਲਈ ਪ੍ਰੇਰਿਤ ਕਰਦੇ ਹਨ। ਪਾਰਕ ਦੇ ਮੱਧ ਵਿੱਚ ਬਣੇ ਗਣਿਤਕ ਚੌਂਕ ਜਿਸ ਨੂੰ ਗਣਿਤ ਦੀਆਂ ਵੱਖ-ਵੱਖ ਅਕ੍ਰਿਤੀਆਂ ਦੀ ਵਰਤੋਂ ਕਰਕੇ ਡਿਜ਼ਾਇਨ ਕੀਤਾ ਗਿਆ ਹੈ, ਜੋ ਗਣਿਤ ਨੂੰ ਮਹਿਸੂਸ ਅਤੇ ਸਮਝਣ ਵਿੱਚ ਸਹਾਇਤਾ ਕਰਦਾ ਹੈ।

ਪਾਰਕ ਵਿੱਚ ਲੋਹੇ ਤੇ ਬੋਰਡ ਤੇ ਬਣਾਈ ਸੱਪ ਸੀੜੀ, ਬੱਚਿਆਂ ਦਾ ਮਨਪ੍ਰਚਾਵਾ ਵੀ ਕਰਦੀ ਹੈ ਨਾਲ ਨਾਲ ਸੱਪ ਸੀੜੀ ਦੀ ਖੇਡ ਖੇਡਦੇ ਬੱਚਿਆਂ ਨੂੰ ਗਣਿਤ ਵਿੱਚ ਜੋੜ ਅਤੇ ਘਟਾਓ ਕਰਨ ਵਿੱਚ ਵੀ ਸਹਾਈ ਹੁੰਦੀ ਹੈ। ਪਾਰਕ ਵਿੱਚ ਹੀ ਬਣਿਆ ਹੋਇਆ ਭਾਖੜਾ ਡੈਮ ਦਾ ਮਾਡਲ ਵੀ ਵਿਦਿਆਰਥੀਆਂ ਨੂੰ ਭੌਂ-ਖੋਰ, ਪੌੜੀਨੁਮਾ ਖੇਤੀ, ਪਹਾੜੀ ਰਹਿਣ-ਸਹਿਣ, ਪੌਦੇ-ਜੰਤੂ, ਨਿਵਾਸ ਸਥਾਨ, ਬਿਜਲੀ ਅਤੇ ਸਿੰਚਾਈ ਜਿਹੇ ਵਿਸ਼ਿਆਂ ਤੋਂ ਜਾਣੂ ਕਰਵਾਉਂਦਾ ਹੈ। ਇਸ ਤੋਂ ਇਲਾਵਾ ਇਸ ਪਾਰਕ ਵਿੱਚ ਮੈਨੂਅਲ ਘੜੀ ਅਤੇ ਕੈਰਮ ਬੋਰਡ ਆਦਿ ਖੇਡਾਂ ਵੀ ਹਨ, ਜੋ ਬੱਚਿਆਂ ਦੇ ਮਨ ਤੇ ਬੁੱਧੀ ਦੇ ਵਿਕਾਸ ਵਿੱਚ ਵਾਧਾ ਕਰਦੀਆਂ ਹਨ। ਇਸ ਸਕੂਲ ਵਿੱਚ ਪਾਰਕ ਤੱਕ ਜਾਣ ਲਈ ਰਸਤੇ ਵਿੱਚ ਜੋ ਮੀਲ ਪੱਥਰ ਬਣਾਏ ਗਏ ਹਨ ਉਹ ਬੱਚਿਆਂ ਦੇ ਸੜਕੀ ਗਿਆਨ ਵਿੱਚ ਵਾਧਾ ਕਰਨ ਵਿੱਚ ਬਹੁਤ ਸਹਾਈ ਹਨ।

ਸਕੂਲ ਦੇ ਚੌਗਿਰਦੇ ਵਿੱਚ ਵੱਖ-ਵੱਖ ਤਰ੍ਹਾਂ ਦੇ ਝੂਲਿਆਂ ਨੂੰ ਸਥਾਪਿਤ ਕੀਤਾ ਗਿਆ ਹੈ ਤਾਂ ਕਿ ਵਿਦਿਆਰਥੀ ਆਪਣੇ ਬਚਪਨ ਵਿੱਚ ਝੂਟਿਆਂ ਤੋਂ ਲਾਂਭੇ ਨਾ ਰਹਿ ਜਾਣ। ਜਿੱਥੇ ਇਹ ਝੂਲੇ ਜਿੱਥੇ ਵਿਦਿਆਰਥੀਆਂ ਦੇ ਮਨਾਂ ਵਿੱਚ ਸਕੂਨ ਪੈਦਾ ਕਰਦੇ ਹਨ ਉੱਥੇ ਹੀ ਉਹਨਾਂ ਦੇ ਸਰੀਰ ਦੀਆਂ ਮਾਸਪੇਸ਼ੀਆਂ ਨੂੰ ਮਜ਼ਬੂਤ ਬਣਾਉਂਦੇ ਹਨ। ਇਸ ਨਾਲ ਉਹਨਾਂ ਦੇ ਦਿਮਾਗ ਦਾ ਸਰੀਰ ਦੇ ਵੱਖ-ਵੱਖ ਅੰਗਾਂ ਨਾਲ ਤਾਲਮੇਲ ਵੱਧਦਾ ਹੈ।

ਸਕੂਲ ਦੀ ਪੁਰਾਣੀ ਬਿਲਡਿੰਗ ਜੋ ਸੁਰਖਿਆ ਪੱਖੋਂ ਉਣੀ ਸੀ ਨੂੰ ਢਾਹ ਕੇ ਗ੍ਰਾਮ ਪੰਚਾਇਤ ਰੱਲੀ ਅਤੇ ਚਤਿੰਨ ਸਿੰਘ ਸਮਾਓ, ਐਮ. ਐਲ. ਏ. ਬੁਢਲਾਡਾ ਦੇ ਸਹਿਯੋਗ ਸਦਕਾ ਤਿਆਰ ਕੀਤੇ ਇੱਕ ਬਹੁ-ਮੰਤਵੀ ਸ਼ੈੱਡ ਵਿੱਚ ਬਣੀ ਰੰਗਦਾਰ ਇਨ-ਡੋਰ ਸਟੇਜ ਸਵੇਰ ਦੀ ਸਭਾ ਕਸਰਤ, ਯੋਗਾ ਅਤੇ ਬਾਲਸਭਾ ਵਰਗੀਆਂ ਗਤੀਵਿਧੀਆਂ ਦੇ ਕੰਮ ਆਉਂਦੀ ਹੈ। ਇਸੇ ਸ਼ੈੱਡ ਵਿੱਚ ਹੀ ਵਿਦਿਆਰਥੀਆਂ ਨੂੰ ਸਾਫ਼-ਸੁੱਥਰੇ ਵਾਤਾਵਰਨ ਵਿੱਚ ਬਿਠਾ ਕੇ ਮਿੱਡ-ਡੇ-ਮੀਲ ਖਵਾਇਆ ਜਾਂਦਾ ਹੈ।

ਇਨ੍ਹਾਂ ਸਾਰੇ ਸਾਧਨਾ ਕਰਕੇ ਸਕੂਲ ਦੀ ਕੇਵਲ ਦਿੱਖ ਹੀ ਨਹੀਂ ਸੁਧਾਰੀ ਸਗੋਂ ਸਕੂਲ ਨੇ ਪੜ੍ਹਾਈ, ਖੇਡਾਂ ਅਤੇ ਸਭਿਆਚਾਰਕ ਗਤੀਵਿਧੀਆ ਵਿੱਚ ਵੀ ਮੱਲ੍ਹਾਂ ਮਾਰੀਆ ਹਨ।2014 ਦੌਰਾਨ ਹੋਈਆਂ ਕਲਸਟਰ ਪੱਧਰ ਦੀਆਂ ਖੇਡਾਂ ਵਿਚੋਂ ਓਵਰ ਆਲ ਟ੍ਰਾਫੀ ਚੈਅਰਮੈਨ, ਜ਼ਿਲ੍ਹਾ ਪ੍ਰੀਸ਼ਦ ਮਾਨਸਾ ਸ੍ਰ. ਸੁਖਦੇਵ ਸਿੰਘ ਚੈਨੇਵਾਲਾ ਤੋਂ ਪ੍ਰਾਪਤ ਕੀਤੀ।ਬਲਾਕ



ਪੱਧਰੀ ਖੇਡਾਂ ਵਿੱਚੋਂ ਵੀ ਇਸ ਸਕੂਲ ਦੇ ਵਧੇਰੇ ਵਿਦਿਆਰਥੀ ਨੇ ਖੇਡਾਂ ਵਿੱਚ ਜਿੱਤ ਅਤੇ ਬਲਾਕ ਬੁਢਲਾਡਾ ਵਿੱਚੋਂ ਓਵਰ-ਆਲ ਟ੍ਰਾਫੀ ਐਮ. ਐਲ. ਏ. ਸ੍ਰ ਚਤਿੰਨ ਸਿੰਘ ਸਮਾਓ ਤੋਂ ਪ੍ਰਾਪਤ ਕੀਤੀ।

26 ਜਨਵਰੀ ਅਤੇ 15 ਅਗਸਤ ਦੇ ਰਾਸ਼ਟਰੀ ਸਮਾਰੋਹਾਂ ਵਿੱਚ ਵੀ ਇਹ ਸਕੂਲ ਪ੍ਰਾਈਵੇਟ ਸਕੂਲਾਂ ਵਾਂਗ ਆਪਣੀ ਹਾਜ਼ਰੀ ਲਵਾ ਰਿਹਾ ਹੈ। 15 ਅਗਸਤ ਦੇ ਸਮਾਰੋਹ ਵਿੱਚ ਸਕੂਲ ਦੇ ਅਧਿਆਪਕਾਂ ਦੁਆਰਾ ਤਿਆਰ ਕਰਵਾਏ ਪਹਿਲੀ ਅਤੇ ਦੂਜੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਕੀਤੀ ਗਈ ਪੇਸ਼ਕਾਰੀ ਆਪਣੇ ਆਪ ਵਿੱਚ ਇੱਕ ਅਦਭੁੱਤ ਮਿਸਾਲ ਸੀ। ਇਸ ਤਰ੍ਹਾਂ ਦੇ ਪ੍ਰੋਗਰਾਮ ਵਿੱਚ ਸ਼ਿਰਕਤ ਕਰਨ ਨਾਲ ਬੱਚਿਆਂ ਵਿੱਚ ਸਵੈ-ਮਾਣ ਵਿੱਚ ਵਾਧਾ ਹੁੰਦਾ ਹੈ ਰੱਲੀ ਪਿੰਡ ਦਾ ਇਹ ਸਕੂਲ ਦੂਰ-ਦੂਰ ਤੱਕ ਚਰਚਾ ਦਾ ਵਿਸ਼ਾ ਬਣਿਆ।

ਸ੍ਰ. ਅਮਰਜੀਤ ਸਿੰਘ ਚਹਿਲ ਦੱਸ ਰਹੇ ਸਨ ਕਿ ਕਿਸੇ ਸਮੇਂ ਪਿੰਡ ਦਾ ਕੋਈ ਪੜ੍ਹਿਆ ਲਿਖਿਆ ਵਿਅਕਤੀ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲ ਵਿੱਚ ਦਾਖਲਾ ਕਰਵਾਉਣ ਤੋਂ ਪਾਸਾ ਵੱਟਦਾ ਸੀ। ਕਿਉਂਕਿ ਉਨ੍ਹਾਂ ਦੇ ਮਨਾਂ ਵਿੱਚ ਸਰਕਾਰੀ ਸਕੂਲ ਦੀ ਤਸਵੀਰ ਕੁਝ ਹੋਰ ਬਣੀ ਹੋਈ ਹੁੰਦੀ ਹੈ। ਸ੍ਰੀ ਚਹਿਲ ਅਨੁਸਾਰ ਇਹਨਾਂ ਵਿਚਾਰਾਂ ਨੂੰ ਦੂਰ ਕਰਨ ਲਈ ਗ੍ਰਾਮ ਪੰਚਾਇਤ, ਸਕੂਲ ਮੈਨੇਜਮੈਂਟ ਕਮੇਟੀ ਦੇ ਸਹਿਯੋਗ ਸਦਕਾ ਸਕੂਲ ਵਿੱਚ ਸੁਖਮਨੀ ਸਾਹਿਬ ਪਾਠ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਪਿੰਡ ਦੇ ਹਰੇਕ ਵਰਗ ਦੇ ਲੋਕਾਂ ਨੇ ਭਰਵੇਂ ਰੂਪ ਵਿੱਚ ਸ਼ਮੂਲੀਅਤ ਕੀਤੀ, ਸਕੂਲ ਦੇ ਅਧਿਆਪਕਾਂ ਨੇ ਹਜ਼ਾਰਾਂ ਵਿਅਕਤੀਆਂ ਨੂੰ ਸਕੂਲ ਵਿੱਚ ਬਣੇ ਨਵੇਂ ਪ੍ਰਬੰਧ ਅਤੇ ਪੜ੍ਹਾਈ ਕਰਵਾਉਣ ਲਈ ਵਰਤੇ ਜਾਂਦੇ ਆਧੁਨਿਕ ਸਾਧਨਾਂ ਬਾਰੇ ਪੂਰੀ ਜਾਣਕਾਰੀ ਦਿੱਤੀ।

ਇਸ ਦੇ ਨਾਲ ਹੀ ਵਿਦਿਆਰਥੀਆਂ ਨੇ ਉੱਚ-ਪੱਧਰੀ ਪ੍ਰੋਗਰਾਮ ਵੀ ਪੇਸ਼ ਕੀਤਾ। ਜਦੋਂ ਪਿੰਡ ਦੇ ਵਸਨੀਕਾਂ ਨੇ ਸਕੂਲ ਦਾ ਉੱਚ-ਪੱਧਰੀ ਪ੍ਰਬੰਧ ਦੇਖਿਆ ਤਾਂ ਉਹ ਲੋਕ ਅਸ਼-ਅਸ਼ ਕਰ ਉਠੇ। ਇਸ ਤਰ੍ਹਾਂ ਇਹ ਸਰਕਾਰੀ ਪ੍ਰਾਇਮਰੀ ਸਕੂਲ, ਪਿੰਡ ਦੇ ਲੋਕਾਂ ਵਿੱਚ ਇਹ ਧਾਰਨਾ ਖਤਮ ਕਰਨ ਵਿੱਚ ਸਫ਼ਲ ਹੋਇਆ ਕਿ ਉਹਨਾਂ ਦਾ ਸਰਕਾਰੀ ਸਕੂਲ ਕਿਸੇ ਪੱਖੋਂ ਵੀ ਕਿਸੇ ਪ੍ਰਾਈਵੇਟ ਸਕੂਲ ਤੋਂ ਘੱਟ ਨਹੀਂ। ਇਸ ਦੇ ਸਿੱਟੇ ਵਜੋਂ ਅਕਾਦਮਿਕ ਸ਼ੈਸ਼ਨ 2015-16 ਲਈ ਪਹਿਲੀ ਜਮਾਤ ਵਿੱਚ 39 ਅਤੇ ਨਾਲ ਹੀ ਪੈਂਦੀ ਤਹਿਸੀਲ ਬੁਢਲਾਡਾ ਦੇ ਸਿਖਰਲੇ ਪ੍ਰਾਈਵੇਟ ਸਕੂਲਾਂ ਵਿੱਚੋਂ ਹੱਟ ਕੇ ਕੁਝ ਬੱਚਿਆਂ ਨੇ ਵੀ ਸਰਕਾਰੀ ਪ੍ਰਾਇਮਰੀ ਸਕੂਲ ਰੱਲੀ ਵਿੱਚ ਦਾਖਲਾ ਲਿਆ।

ਇਸ ਤੋਂ ਇਲਾਵਾ ਸਕੂਲ ਦੇ ਵਿਕਾਸ ਵਿੱਚ ਇੱਕ ਵਿਦਿਆਰਥੀ ਤੋਂ ਲੈ ਕੇ ਸਮਾਜ ਅਤੇ ਪ੍ਰਸ਼ਾਸ਼ਨ ਦਾ ਬਰਾਬਰ ਦਾ ਹਿੱਸਾ ਹੈ। ਸਕੂਲ ਦੇ ਅਧਿਆਪਕਾਂ ਨੇ ਸਮਾਜ ਦੇ ਹਰੇਕ ਵਰਗ ਤੋਂ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਮਦਦ ਲਈ ਹੈ। ਉਹਨਾਂ ਨੇ ਕਿਸੇ ਨਾ ਕਿਸੇ ਢੰਗ ਨਾਲ ਸਕੂਲ ਨੂੰ ਸਮਾਜ ਦਾ ਅਨਿੱਖੜਵਾ ਅੰਗ ਬਣਾਉਣ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਕੋਈ ਵੀ ਸਫ਼ਲ ਕੰਮ ਹੋਵੇ ਉਸ ਵਿੱਚ ਬਹੁਤ ਹੱਥਾਂ ਦਾ ਯੋਗਦਾਨ ਹੁੰਦਾ ਹੈ ਕਿਉਂਕਿ ਇੱਕਲਾ ਬੰਦਾ ਕਿਤੇ ਵੀ ਕੁਝ ਨਹੀਂ ਕਰ ਸਕਦਾ। ਸਕੂਲ ਦੀ ਇੱਕ ਵੱਖਰੀ ਪਹਿਚਾਨ ਬਣਾਉਣ ਵਿੱਚ ਪਿੰਡ ਦੇ ਹਰ ਇੱਕ ਵਰਗ ਤੋਂ ਉਮੀਦ ਤੋਂ ਵੱਧ ਯੋਗਦਾਨ ਮਿਲਿਆ ਅਤੇ ਉਨ੍ਹਾਂ ਦੀਆਂ ਉਮੀਦਾਂ ਨੂੰ ਪੂਰਾ ਵੀ ਕੀਤਾ। ਇਹਨਾਂ ਸ਼ਖ਼ਸ਼ੀਅਤਾਂ ਵਿੱਚ ਐਮ. ਐਲ. ਏ. ਸ੍ਰ.ਚਤਿੰਨ ਸਿੰਘ ਸਮਾਓ, ਚੈਅਰਮੈਨ ਜ਼ਿਲ੍ਹਾ ਪ੍ਰੀਸ਼ਦ ਮਾਨਸਾ, ਸ੍ਰ, ਸੁਖਦੇਵ ਸਿੰਘ ਚੈਨੇਵਾਲਾ ਅਡੀਸ਼ਨਲ ਡਿਪਟੀ ਕਮਿਸ਼ਨਰ (ਵਿਕਾਸ) ਸ੍ਰ. ਹਰਿੰਦਰ ਸਿੰਘ ਸਰ੍ਹਾਂ, ਸ੍ਰ ਜਸਪ੍ਰੀਤ ਸਿੰਘ, ਜ਼ਿਲ੍ਹਾ ਸਿੱਖਿਆ ਅਫਸਰ ਮਾਨਸਾ (ਐ.ਸਿ), ਸੰਜੀਵ ਕੁਮਾਰ ਸ਼ਰਮਾਂ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਬੁਢਲਾਡਾ ਦੇ ਨਾਮ ਖਾਸ ਹਨ।

ਅੱਜ ਸਰਕਾਰੀ ਪ੍ਰਾਇਮਰੀ ਸਕੂਲ ਰੱਲੀ ਇਸ ਪਿਛੜੇ ਹੋਏ ਇਲਾਕੇ ਵਿੱਚ ਆਪਣੀ ਵੱਖਰੀ ਪਹਿਚਾਨ ਬਣਾਉਣ ਲਈ ਕਾਮਯਾਬ ਹੋਇਆ ਹੈ। ਪਿੰਡ ਦੇ ਲੋਕਾ ਦੇ ਮਨਾ ਵਿੱਚ ਇੱਕ ਆਸ ਦੀ ਕਿਰਨ ਲੈ ਕੇ ਰੱਲੀ ਪਿੰਡ ਦਾ ਇਹ ਸਕੂਲ ਜਿਥੇ ਇਲਾਕੇ ਦੇ ਬੱਚਿਆਂ ਨੂੰ ਵਧੀਆ ਤੇ ਨਿਗਰ ਸੋਚ ਦੇਣ ਵਾਲਾ ਬਣਿਆ ਉਥੇ ਮੁਢਲੀ ਸਿੱਖਿਆ ਵੀ ਨਵੇਕਲੇ ਢੰਗਾਂ ਨਾਲ ਦੇ ਰਿਹਾ ਹੈ। ਅਮਰਜੀਤ ਚਾਹਿਲ ਨੇ ਆਪਣੇ ਮਨ ਦੀ ਕਲਪਨਾ ਦਾ ਵਿਕਾਸ ਸਕੂਲ ਨੂੰ ਸ਼ਿੰਗਾਰ ਕੇ ਇਸ ਤਰ੍ਹਾ ਕੀਤਾ ਕਿ ਸਭਨਾ ਦੀ ਨਿਗ੍ਹਾ ਵਿੱਚ ਵਧਾਈ ਦੇ ਪਾਤਰ ਬਣ ਗਏ ਅਤੇ ਆਪਣੇ ਨਾਮ ਨਾਲ ਪਿੰਡ ਰੱਲੀ ਦੇ ਸਰਕਾਰੀ ਪ੍ਰਾਇਮਰੀ ਸਕੂਲ ਦਾ ਨਾਮ ਸਦਾ ਲਈ ਜੋੜ ਲਿਆ।ਚਾਹਿਲ ਦੀ ਖੁਸ਼ੀ ਉਸ ਵੇਲੇ ਚੋਣੀ ਹੋ ਗਈ ਜਦੋਂ ਇਨ੍ਹਾਂ ਨੂੰ ਅਧਿਆਪਕ ਦਿਵਸ ਤੇ ਹੋਣ ਵਾਲੇ ਰਾਜ ਪੱਧਰੀ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਬੁਲਾਵਾ ਆਇਆ ਪੰਜਾਬ ਦੇ ਸਿੱਖਿਆ ਮੰਤਰੀ ਡਾ.ਦਲਜੀਤ ਸਿੰਘ ਚੀਮਾਂ ਨੇ 5 ਸਤੰਬਰ 2015 ਨੂੰ ਇੱਕ ਪ੍ਰਸ਼ੰਸਾ ਪੱਤਰ ਦੇ ਕੇ ਇਨ੍ਹਾਂ ਨੂੰ ਸਨਮਾਨਿਤ ਵੀ ਕੀਤਾ। ਹੁਣ ਸਭ ਦੀ ਦਿਲੀ ਤਮੰਨਾ ਹੈ ਕਿ ਇਹ ਸਕੂਲ ਲਈ ਚਾਹਿਲ ਆਪਣਾ ਯੋਗਦਾਨ ਦਿੰਦੇ ਰਹਿਣ। ਸਰਕਾਰਾਂ ਤੋਂ ਵੀ ਸਭ ਨੂੰ ਸਮਰਥਨ ਦੀ ਆਸ ਹੁੰਦੀ ਹੈ ਤਾਂ ਸਰਕਾਰ ਵੀ ਇਨ੍ਹਾਂ ਦੇ ਹੌਸਲੇ ਨੂੰ ਵਧਾਵੇ। ਸਾਰੇ ਸਰਕਾਰੀ ਸਕੂਲਾ ਦੇ ਅਧਿਆਪਕ ਵੀ ਇਸ ਸਕੂਲ ਵਿੱਚ ਆ ਕੇ ਦੇਖਣ ਕਿ ਜੇ ਕਿਸੇ ਅੰਦਰ ਕੋਈ ਜਜ਼ਬਾ ਹੋਵੇ ਤਾਂ ਜੋ ਨਹੀਂ ਹੋ ਸਕਦਾ ਉਹ ਵੀ ਹੋ ਸਕਦਾ ਹੈ।ਇਸ ਵੇਲੇ ਨਾਮੋਸ਼ੀ ਝੱਲ ਰਹੇ ਸਰਕਾਰੀ ਸਕੂਲਾਂ ਪ੍ਰਤੀ ਲੋਕਾਂ ਦਾ ਨਜ਼ਰੀਆ ਬਦਲੇ, ਅਤੇ ਲੋਕ ਸਰਕਾਰੀ ਸਕੂਲਾਂ ਤੋਂ ਪੂਰਾ ਪੂਰਾ ਲਾਭ ਲੈ ਸਕਣ।

# ਬਰਨਾਲਾ ਕਿਸਾਨ ਮਜ਼ਦੂਰ ਲਲਕਾਰ ਰੈਲੀ 'ਚ ਬੇ-ਮਿਸਾਲ ਇਕੱਠ
# 6 ਤੋਂ 8 ਜਨਵਰੀ ਤੱਕ ਬਾਦਲ ਪਿੰਡ 'ਚ ਪੱਕਾ ਮੋਰਚਾ ਲਾਉਣ ਦਾ ਐਲਾਨ





ਬਰਨਾਲਾ : 8 ਕਿਸਾਨ ਤੇ 4 ਪੇਂਡੂ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਸੱਦੇ 'ਤੇ ਅੱਜ ਇੱਥੇ ਦਾਣਾ ਮੰਡੀ ਵਿਖੇ ਕੀਤੀ ਗਈ ਲਲਕਾਰ ਰੈਲੀ ਵਿੱਚ ਹਜ਼ਾਰਾਂ ਦੀ ਤਦਾਦ 'ਚ ਪਰਿਵਾਰਾਂ ਸਮੇਤ ਪੁੱਜੇ ਕਿਸਾਨ ਮਜ਼ਦੂਰ ਤਣੇ ਮੁੱਕੇ ਵਾਰ-ਵਾਰ ਹਵਾ 'ਚ ਲਹਿਰਾ ਕੇ ਰੋਹ-ਭਰਪੂਰ ਨਾਹਰੇ ਲਾਉਣ ਰਾਹੀਂ ਸੱਚੀਂ-ਮੁੱਚੀਂ ਸਰਕਾਰ ਨੂੰ ਲਲਕਾਰਦੇ ਨਜ਼ਰ ਆਏ। ਆਪਣੀਆਂ ਮੰਗਾਂ ਦੇ ਹੱਕ 'ਚ ਅਤੇ ਸਰਕਾਰ ਵਿਰੁੱਧ ਨਾਹਰਿਆਂ ਤੋਂ ਇਲਾਵਾ ਤਤਕਾਲੀ ਕਿਸਾਨ ਲਹਿਰ ਦੇ ਸ਼ਹੀਦਾਂ ਨੂੰ ਸਮਰਪਿਤ ਨਾਹਰਾ "ਅਮਰ ਸ਼ਹੀਦਾਂ ਦਾ ਪੈਗਾਮ, ਖੁਦਕੁਸ਼ੀਆਂ ਨਹੀਂ ਸਾਂਝਾ ਸੰਗਰਾਮ" ਵੀ ਵਾਰ ਵਾਰ ਲਾਇਆ ਜਾ ਰਿਹਾ ਸੀ। ਠਾਠਾਂ ਮਾਰਦੇ ਬੇ-ਮਿਸਾਲ ਇਕੱਠ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਐਲਾਨ ਕੀਤਾ ਕਿ ਕਿਸਾਨਾਂ ਮਜ਼ਦੂਰਾਂ ਦੇ ਭਖਦੇ ਮਸਲਿਆਂ ਦਾ ਤਸੱਲੀਬਖ਼ਸ਼ ਨਿਪਟਾਰਾ ਜੇਕਰ ਸਰਕਾਰ ਨੇ ਤੁਰੰਤ ਨਾ ਕੀਤਾ ਤਾਂ .... ਤੋਂ .... ਜਨਵਰੀ ਤੱਕ ਬਾਦਲ ਪਿੰਡ 'ਚ ਪੱਕਾ ਦਿਨੇ-ਰਾਤ ਮੋਰਚਾ ਲਾਇਆ ਜਾਵੇਗਾ। ਉਹਨਾਂ ਪੰਜਾਬ ਦੀ ਅਕਾਲੀ ਭਾਜਪਾ ਸਰਕਾਰ 'ਤੇ ਦੋਸ਼ ਲਾਇਆ ਕਿ ਉਸ ਵੱਲੋਂ ਚੌਤਰਫੇ ਸੰਕਟਾਂ 'ਚ ਘਿਰੇ ਕਿਸਾਨਾਂ ਮਜ਼ਦੂਰਾਂ ਨੂੰ ਖੁਦਕੁਸ਼ੀਆਂ ਵੱਲ ਧੱਕਣ 'ਚ ਲੁਟੇਰਾ-ਸਾਮਰਾਜੀ ਕੰਪਨੀਆਂ ਤੇ ਵੱਡੇ ਵਪਾਰੀਆਂ ਨਾਲ ਹੱਥ ਵਟਾਇਆ ਜਾ ਰਿਹਾ ਹੈ। ਇਸਦਾ ਮੂੰਹੋਂ ਬੋਲਦਾ ਸਬੂਤ ਨਰਮਾ-ਤਬਾਹੀ ਲਈ ਜ਼ਿੰਮੇਵਾਰ ਨਕਲੀ ਬੀਜ ਤੇ ਕੀਟਨਾਸ਼ਕ ਨਿਰਮਾਤਾ/ਵਪਾਰਕ ਕੰਪਨੀਆਂ ਦੇ ਡੀਲਰਾ ਕੋਲੋਂ ਫੜੀ ਗਈ 65 ਲੱਖ ਰੁ: ਦੀ ਭੇਂਟ ਰਾਸ਼ੀ ਨਾਲ ਸ਼ਰੇਆਮ ਤੋਤਾ ਸਿੰਘ ਖੇਤੀ ਮੰਤਰੀ ਦਾ ਨਾਮ ਜੁੜਨ ਦੇ ਬਾਵਜੂਦ ਉਸਨੂੰ ਹਿੱਕ ਨਾਲ ਲਾਈ ਰੱਖਣਾ ਹੈ। ਇਸ ਮਿਲੀਭੁਗਤ ਦੇ ਸਿੱਟੇ ਵਜੋਂ ਚਿੱਟੀ ਮੱਖੀ ਦੁਆਰਾ ਮਚਾਈ ਤਬਾਹੀ ਨੂੰ ਕੁਦਰਤੀ ਆਫ਼ਤ ਕਹਿ ਕੇ ਲੁਟੇਰਾ ਬਾਇਰ ਕੰਪਨੀ/ਵਪਾਰੀਆਂ ਨੂੰ ਬਰੀ ਕਰਨ ਅਤੇ ਕਿਸਾਨਾਂ ਨੂੰ ਹੋਏ ਨੁਕਸਾਨ ਦਾ ਪੂਰਾ ਮੁਆਵਜ਼ਾ ਦੇਣ ਦੀ ਥਾਂ ਐਲਾਨ ਕੀਤੀ ਗਈ ਨਿਗੂਣੀ ਰਾਹਤ 8000 ਰੁ: ਪ੍ਰਤੀ ਏਕੜ ਵੀ ਅਸਲ ਕਾਸ਼ਤਕਾਰਾਂ ਨੂੰ ਨਹੀਂ ਦਿੱਤੀ ਜਾ ਰਹੀ, ਜਿਨ੍ਹਾਂ 'ਚੋਂ ਅੱਧਿਓਂ ਵੱਧ ਅਜੇ ਤੱਕ ਬਿਲਕੁਲ ਵਾਂਝੇ ਹਨ। ਨਰਮਾ-ਚੁਗਾਈ ਦੇ 20000 ਰੁ: ਪ੍ਰਤੀ ਪਰਿਵਾਰ ਦੀ ਥਾਂ ਖੇਤ ਮਜ਼ਦੂਰਾਂ ਲਈ ਐਲਾਨੀ ਨਿਗੂਣੀ ਰਾਹਤ 64 ਕਰੋੜ ਰੁਪਏ 'ਚੋਂ ਅਜੇ ਤੱਕ ਕਿਸੇ ਨੂੰ ਧੇਲਾ ਵੀ ਨਹੀਂ ਦਿੱਤਾ। ਬਾਸਮਤੀ ਦੇ ਵੱਡੇ ਵਪਾਰੀਆਂ ਨੂੰ ਖੁੱਲ੍ਹੀ ਛੁੱਟੀ ਦੇ ਕੇ ਔਸਤਨ 2500 ਰੁ: ਪ੍ਰਤੀ ਕੁਇੰਟਲ ਘਾਟੇ ਦੇ ਹਿਸਾਬ 7500 ਕਰੋੜ ਦਾ ਰਗੜਾ ਕਿਸਾਨਾਂ ਨੂੰ ਲਾਇਆ ਹੈ। ਇਸੇ ਕਰਕੇ ਬਾਸਮਤੀ ਦੇ ਘਰ ਮਾਝੇ ਖੇਤਰ ਵਿੱਚ ਵੀ ਕਈ ਕਿਸਾਨ ਖੁਦਕੁਸ਼ੀਆਂ ਦੀ ਭੇਂਟ ਚੜ੍ਹੇ ਹਨ। ਕਰਜ਼ੇ ਚੱਕ-ਚੱਕ ਖੇਤੀ/ਕਬੀਲਦਾਰੀ ਚਲਾਉਣ ਲਈ ਮਜਬੂਰ ਬੈਂਕਾਂ ਦੇ ਸਸਤੇ ਕਰਜ਼ੇ ਪਹੁੰਚੋਂ ਬਾਹਰੇ ਹੋਣ ਵਾਲੇ ਛੋਟੇ ਦਰਮਿਆਨੇ ਕਿਸਾਨ ਤੇ ਖੇਤ ਮਜ਼ਦੂਰ ਸੂਦਖੋਰ ਆੜ੍ਹਤੀਆਂ ਤੇ ਸਰਕਾਰਾਂ ਦੇ ਜਾਲ 'ਚ ਫਸੇ ਛਟਪਟਾ ਰਹੇ ਹਨ। ਅਸਮਾਨੀ ਚੜ੍ਹੇ ਫਸਲਾਂ ਦੇ ਲਾਗਤ ਖਰਚੇ ਅਤੇ ਬੇਹੱਦ ਘਾਟੇਵੰਦੇ ਭਾਅ ਖੇਤੀ ਨੂੰ ਭਾਰੀ ਘਾਟੇ ਦਾ ਕਿੱਤਾ ਬਣਾ ਚੁੱਕੇ ਹਨ। ਸਾਰੀਆਂ ਕਿਸਾਨ ਵਿਰੋਧੀ ਨੀਤੀਆਂ ਲਈ ਕੇਂਦਰ ਦੀ ਮੋਦੀ ਸਰਕਾਰ ਵੀ ਉਤਨੀ ਹੀ ਦੋਸ਼ੀ ਹੈ। ਬਲਕਿ ਆਏ ਦਿਨ ਵਿਦੇਸ਼ ਦੌਰਿਆਂ 'ਤੇ ਰਹਿ ਕੇ ਸਾਮਰਾਜੀ ਕੰਪਨੀਆਂ ਨਾਲ ਨਿੱਤ ਨਵੇਂ ਕਿਸਾਨ-ਸਮਝੌਤਿਆਂ ਰਾਹੀਂ ਕਿਸਾਨਾਂ ਨੂੰ ਹੋਰ ਵੀ ਵਧੇਰੇ ਤੇਜ਼ੀ ਨਾਲ ਬਰਬਾਦੀ ਵੱਲ ਧੱਕਿਆ ਜਾ ਰਿਹਾ ਹੈ। ਬੁਲਾਰਿਆਂ ਨੇ ਇਹ ਦੋਸ਼ ਵੀ ਲਾਇਆ ਕਿ ਸਰਕਾਰਾਂ ਦੀਆਂ ਇਹਨਾਂ ਕਿਸਾਨ-ਵਿਰੋਧੀ ਨੀਤੀਆਂ ਤੇ ਕੰਪਨੀਆਂ ਦੀ ਅੰਨ੍ਹੀ ਲੁੱਟ ਦੇ ਸਤਾਏ ਕਿਸਾਨ ਮਜ਼ਦੂਰ ਖੁਦਕੁਸ਼ੀਆਂ ਦੀ ਬਜਾਏ ਜਦੋਂ ਸੰਘਰਸ਼ ਕਰਦੇ ਹਨ ਤਾਂ ਉਹਨਾਂ ਨੂੰ ਕੁਚਲਣ ਲਈ ਨਵੇਂ ਕਾਲੇ ਕਾਨੂੰਨ ਘੜਨ ਦੇ ਨਾਲ-ਨਾਲ ਰਾਜਸੀ ਗੁੰਡਾਗਰਦੀ ਦਾ ਹਥਿਆਰ ਵੀ ਵਰਤਿਆ ਜਾਣ ਲੱਗ ਪਿਆ ਹੈ। ਮੌਜੂਦਾ ਸੰਘਰਸ਼ ਦੀਆਂ ਮੰਗਾਂ ਬਾਰੇ ਬੁਲਾਰਿਆਂ ਨੇ ਦੱਸਿਆ ਕਿ ਜਥੇਬੰਦ-ਜਮਹੂਰੀ ਸੰਘਰਸ਼ਾਂ ਦੀ ਸੰਘੀ ਘੁੱਟਣ ਵਾਲਾ ਕਾਲਾ ਕਾਨੂੰਨ "ਪੰਜਾਬ ਜਨਤਕ ਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਬਿੱਲ 2014" ਰੱਦ ਕੀਤਾ ਜਾਵੇ; ਸੰਸਾਰ ਵਪਾਰ ਜਥੇਬੰਦੀ ਦੀ ਨੈਰੋਬੀ ਕਾਨਫਰੰਸ ਦੇ ਕਿਸਾਨ ਮਜ਼ਦੂਰ ਵਿਰੋਧੀ ਮਤੇ ਰੱਦ ਕੀਤੇ ਜਾਣ; ਚਿੱਟੀ ਮੱਖੀ ਅਤੇ ਹੜ੍ਹਾਂ/ਗੜੇਮਾਰੀ ਨਾਲ ਹੋਈ ਹਰ ਫਸਲ ਦੀ ਤਬਾਹੀ ਦਾ ਅਤੇ ਮਜ਼ਦੂਰਾਂ ਦੇ ਰੁਜ਼ਗਾਰ-ਉਜਾੜੇ ਦਾ ਪੂਰਾ ਮੁਆਵਜ਼ਾ ਤੁਰੰਤ ਦਿੱਤਾ ਜਾਵੇ; ਬਾਸਮਤੀ ਦੇ ਘਾਟੇ ਦੀ ਪੂਰੀ ਭਰਪਾਈ ਕੀਤੀ ਜਾਵੇ ਅਤੇ ਅੱਗੇ ਤੋਂ ਲਾਹੇਵੰਦਾਂ ਦਾ ਭਾਅ ਅਗਾਊਂ ਮਿਥ ਕੇ ਸਰਕਾਰੀ ਖਰੀਦ ਕੀਤੀ ਜਾਵੇ; ਗੰਨੇ ਦਾ ਬਕਾਇਆ 134 ਕਰੋੜ ਅਤੇ ਝੋਨੇ ਦਾ 5000 ਕਰੋੜ ਤੁਰੰਤ ਅਦਾ ਕੀਤਾ ਜਾਵੇ; ਬੰਦ ਖੰਡ ਮਿੱਲਾਂ ਤੁਰੰਤ ਚਾਲੂ ਕੀਤੀਆਂ ਜਾਣ; ਕਰਜ਼ੇ ਮੋੜਨ ਤੋਂ ਅਸਮਰਥ ਕਿਸਾਨਾਂ ਤੇ ਖੇਤ ਮਜ਼ਦੂਰਾਂ ਕਰਜ਼ਿਆਂ 'ਤੇ ਲਕੀਰ ਮਾਰੀ ਜਾਵੇ; ਅਬਾਦਕਾਰ/ਮੁਜ਼ਾਰੇ ਕਿਸਾਨਾਂ ਨੂੰ ਪੱਕੇ ਮਾਲਕੀ ਹੱਕ ਦਿੱਤੇ ਜਾਣ ਅਤੇ ਹਜ਼ਾਰਾਂ ਕਿਸਾਨਾਂ ਨੂੰ ਜਾਰੀ ਕੀਤੇ ਬੇਦਖਲੀ ਨੋਟਿਸ ਤੁਰੰਤ ਰੱਦ ਕੀਤੇ ਜਾਣ; ਕਰਜ਼ੇ ਤੇ ਆਰਥਿਕ ਤੰਗੀ ਕਾਰਨ ਖੁਦਕੁਸ਼ੀ-ਪੀੜਤ ਕਿਸਾਨ ਮਜ਼ਦੂਰ ਪਰਿਵਾਰਾਂ ਨੂੰ 5-5 ਲੱਖ ਦੀ ਫੌਰੀ ਰਾਹਤ ਅਤੇ 1-1 ਸਰਕਾਰੀ ਨੌਕਰੀ ਦੇਣ ਦੇ ਨਾਲ ਹੀ ਸਮੁੱਚਾ ਕਰਜ਼ਾ ਖਤਮ ਕੀਤਾ ਜਾਵੇ; ਖੁਦਕੁਸ਼ੀਆਂ ਰੋਕਣ ਲਈ ਕਿਸਾਨ ਮਜ਼ਦੂਰ ਪੱਖੀ ਵਿਆਪਕ ਖੇਤੀ ਨੀਤੀ ਬਣਾਈ ਜਾਵੇ; ਅਵਾਰਾ ਪਸ਼ੂਆਂ/ਕੁੱਤਿਆਂ ਦੀ ਗੰਭੀਰ ਸਮੱਸਿਆ ਤੁਰੰਤ ਹੱਲ ਕੀਤੀ ਜਾਵੇ ਅਤੇ ਅੰਦੋਲਨਕਾਰੀ ਕਿਸਾਨਾਂ-ਮਜ਼ਦੂਰਾਂ ਸਿਰ ਮੜ੍ਹੇ ਪੁਲਿਸ ਕੇਸ ਰੱਦ ਕੀਤੇ ਜਾਣ ਵਰਗੀਆਂ ਹੋਰ ਕਈ ਭਖਦੀਆਂ ਮੰਗਾਂ ਮੰਨਣ ਉੱਤੇ ਵੀ ਜ਼ੋਰ ਦਿੱਤਾ। ਇਕੱਠ ਵੱਲੋਂ ਜ਼ੋਰਦਾਰ ਨਾਹਰਿਆਂ ਰਾਹੀਂ ਇੱਕ ਮਤਾ ਪਾਸ ਕਰਕੇ ਅਬੋਹਰ 'ਚ ਅਕਾਲੀ ਦਲ (ਬ) ਦੇ ਠੇਕੇਦਾਰ ਦੇ ਫਾਰਮ ਹਾਊਸ 'ਚ ਦੋ ਦਲਿਤ ਨੌਜਵਾਨਾਂ ਦੇ ਹੱਥ ਪੈਰ ਵੱਢ ਕੇ ਇੱਕ ਨੂੰ ਜਾਨੋਂ ਮਾਰਨ ਦੀ ਹੌਲਨਾਕ ਗੁੰਡਾ ਕਰਤੂਤ ਅਤੇ ਸੱਤਾਧਾਰੀ ਬਦਲਾਂ ਦੇ ਨਜ਼ਦੀਕੀ ਦੀ ਬੱਸ ਨਿਊਦੀਪ ਹੇਠਾਂ ਕੁਚਲ ਕੇ ਮਾਰੀ ਗਈ ਪਿੰਡ ਚਨ੍ਹੂੰ ਦੀ 12 ਸਾਲ ਦੀ ਕੁੜੀ ਅਰਸ਼ਦੀਪ ਦੀ ਲਾਸ਼ ਪੁਲਿਸ ਵੱਲੋਂ ਮਾਪਿਆਂ ਤੋਂ ਖੋਹ ਕੇ ਸੜਕ ਤੇ ਘੜੀਸਨ ਦੀ ਦਿਲ-ਕੰਬਾਊ ਘਟਨਾ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ ਅਤੇ ਦੋਨਾਂ ਘਟਨਾਵਾਂ ਦੇ ਸਾਰੇ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਗਈ। ਸਟੇਜ ਸਕੱਤਰ ਦੀ ਭੂਮਿਕਾ ਕਿਸਾਨ ਆਗੂ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਨਿਭਾਈ ਅਤੇ ਮੁੱਖ ਬੁਲਾਰਿਆਂ ਵਿੱਚ ਜੋਗਿੰਦਰ ਸਿੰਘ ਉਗਰਾਹਾਂ (ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ); ਬੂਟਾ ਸਿੰਘ ਬੁਰਜਗਿੱਲ (ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ); ਜੋਰਾ ਸਿੰਘ ਨਸਰਾਲੀ (ਪ੍ਰਧਾਨ ਪੰਜਾਬ ਖੇਤ ਮਜ਼ਦੂਰ ਯੂਨੀਅਨ); ਸੁਰਜੀਤ ਸਿੰਘ ਫੂਲ (ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ); ਮਹੀਪਾਲ ਸਿੰਘ (ਦਿਹਾਤੀ ਮਜ਼ਦੂਰ ਸਭਾ); ਸੁਖਵਿੰਦਰ ਸਿੰਘ ਸਭਰਾ (ਕਿਸਾਨ ਸੰਘਰਸ਼ ਕਮੇਟੀ); ਹਰਦੇਵ ਸਿੰਘ ਸੰਧੂ (ਕਿਰਤੀ ਕਿਸਾਨ ਯੂਨੀਅਨ); ਭਗਵੰਤ ਸਿੰਘ ਸਮਾਓਂ (ਮਜ਼ਦੂਰ ਮੁਕਤੀ ਮੋਰਚਾ); ਪਵਿੱਤਰ ਸਿੰਘ ਲਾਲੀ (ਪੰਜਾਬ ਕਿਸਾਨ ਯੂਨੀਅਨ); ਕੁਲਵੰਤ ਸਿੰਘ ਸੰਧੂ (ਜਮਹੂਰੀ ਕਿਸਾਨ ਸਭਾ) ਅਤੇ ਦਰਬਾਰਾ ਸਿੰਘ ਫੂਲੇਵਾਲਾ (ਪੇਂਡੂ ਮਜ਼ਦੂਰ ਯੂਨੀਅਨ ਮਸਾਲ) ਸ਼ਾਮਿਲ ਸਨ।

# ਕੀ ਹੈ ਚਿਟ ਫੰਡ ਕੰਪਨੀਆਂ ਦੀ ਖੇਡ ਤੇ ਲੁੱਟ ?



ਡਾ. ਅਜੀਤਪਾਲ ਸਿੰਘ ਬਠਿੰਡਾ
98156-29301

ਪੂਰੇ ਦੇਸ਼ 'ਚ 87 ਚਿੱਟ ਫੰਡ ਕੰਪਨੀਆਂ 'ਤੇ ਕਰੀਬ ਇਕ ਲੱਖ ਕਰੋੜ ਰੁਪਏ ਦੇ ਘਪਲੇ ਦਾ ਦੋਸ਼ ਹੈ। ਸਾਰੇ ਕਾਇਦੇ ਕਾਨੂੰਨਾਂ ਨੂੰ ਤਾਕ 'ਤੇ ਰੱਖ ਕੇ ਇਨ੍ਹਾਂ ਕੰਪਨੀਆਂ ਨੂੰ ਮਾਰਕਿਟ 'ਪੈਸੇ' ਚੁੱਕੇ ਪਰ ਪ੍ਰੀਪਕਤਾ ਪਿਛੋਂ ਵੀ ਲੋਕਾਂ ਨੂੰ ਉਨ੍ਹਾਂ ਦੇ ਖੂਨ ਪਸੀਨੇ ਨਾਲ ਕਮਾਏ ਪੈਸੇ ਵਾਪਸ ਨਹੀਂ ਕੀਤੇ। ਕਈ ਕੰਪਨੀਆਂ ਨੇ ਤਾਂ ਪ੍ਰਪੱਕਤਾ ਅਰਸੇ ਤੋਂ ਪਹਿਲਾਂ ਹੀ ਦਫ਼ਤਰ ਬੰਦ ਕਰ ਦਿੱਤੇ। ਵਿਰੋਧ ਦੇ ਬਾਵਜੂਦ ਵੀ ਨਿਵੇਸ਼ਕਾਂ ਨੂੰ ਉਨ੍ਹਾਂ ਦੇ ਪੈਸੇ ਨਹੀਂ ਮਿਲੇ। ਜ਼ਿਕਰਯੋਗ ਹੈ ਕਿ 87 ਘਪਲੇਬਾਜ਼ ਚਿਟਫੰਡ ਕੰਪਨੀਆਂ ਵਿਚੋਂ 73 ਕੰਪਨੀਆਂ ਪੱਛਮੀ ਬੰਗਾਲ ਦੀਆਂ ਹਨ। ਇਨ੍ਹਾਂ ਕੰਪਨੀਆਂ ਨੇ ਪੱਛਮੀ ਬੰਗਾਲ ਤੋਂ ਇਲਾਵਾ ਆਸ ਪਾਸ ਦੇ ਸੂਬਿਆਂ ਦੇ ਲੋਕਾਂ ਨੂੰ ਵੀ ਪਹਿਲਾਂ ਤਾਂ ਸਬਜਬਾਗ ਵਿਖਾਏ। ਇਸ ਪਿਛੋਂ ਉਨ੍ਹਾਂ ਦੇ ਪੈਸੇ ਲੈ ਕੇ ਤਿਤਰ ਹੋ ਗਏ। ਅਜੇ ਵੀ ਕਈ ਚਿਟ ਫੰਡ ਕੰਪਨੀਆਂ ਪੱਛਮੀ ਬੰਗਾਲ 'ਚ ਸਰਗਰਮ ਹਨ ਪਰ ਇਨ੍ਹਾਂ ਨੂੰ ਨੱਥ ਨਹੀਂ ਪਾਈ ਗਈ ਜੋ ਵੱਧ ਰਿਟਰਨ ਦੇ ਲਾਲਚ 'ਚ ਲੋਕ ਫਿਰ ਫਸਣਗੇ ਤੇ ਫਿਰ ਪੁਲਿਸ, ਸਿਸਟਮ ਤੇ ਸਰਕਾਰ ਵਿਰੁੱਧ ਵਿਰਲਾਪਕ ਅੱਸੀ ਦੇ ਦਹਾਕੇ 'ਚ ਚਿਟ ਫੰਡ ਕੰਪਨੀਆਂ ਨੇ ਇਥੇ ਆਪਣੇ ਪੈਰ ਪਸਾਰਨੇ ਸ਼ੁਰੂ ਕੀਤੇ। ਸਚਿਤਾ, ਓਵਰਲੈਂਡ, ਵੇਰੋਨਾ ਤੇ ਰੇਨੇਸਾਂ ਵਰਗੀਆਂ ਕੰਪਨੀਆਂ ਨੇ ਲੋਕਾਂ ਨੂੰ ਵੱਧ ਰਿਟਰਨ ਦਾ ਲਾਲਚ ਦੇ ਕੇ ਫਸਾਉਣਾ ਸ਼ੁਰੂ ਕੀਤਾ। ਲਿਹਾਜਾ ਹਜ਼ਾਰਾਂ ਲੋਕ ਇਨ੍ਹਾਂ ਦੇ ਚੁੰਗਲ 'ਚ ਫਸਦੇ ਗਏ। ਜ਼ਿਆਦਾਤਰ ਸਰਕਾਰੀ ਮੁਲਾਜ਼ਮਾਂ ਨੇ ਸੇਵਾ-ਮੁਕਤੀ ਪਿਛੋਂ ਮਿਲੀ ਪੂਰੀ ਰਾਸ਼ੀ ਇਨ੍ਹਾਂ ਕੰਪਨੀਆਂ 'ਚ ਲਾ ਦਿੱਤੀ ਤਾਂ ਕਿ ਉਨ੍ਹਾਂ ਨੂੰ ਵੱਧ ਰਿਟਰਨ ਮਿਲ ਸਕੇ। ਮਿਹਨਤਕਸ਼ ਤੇ ਕਾਰੋਬਾਰੀ ਵਰਗ ਦੇ ਲੋਕਾਂ ਨੇ ਵੀ ਮਿਹਨਤ ਦੀ ਕਮਾਈ ਦੇ ਪੈਸੇ ਕੰਪਨੀਆਂ 'ਚ ਜਮ੍ਹਾਂ ਕਰਵਾਏ ਪਰ ਵੱਧ ਕਮਾਈ ਦਾ ਲਾਲਚ ਉਨ੍ਹਾਂ ਨੂੰ ਲੈ ਕੇ ਡੁੱਬਿਆ। ਇਸ ਤਰ੍ਹਾਂ ਦੀਆਂ ਕੰਪਨੀਆਂ ਆਪਣੇ ਏਜੰਟਾਂ ਨੂੰ 40 ਫੀਸਦੀ ਤੱਕ ਕਮਿਸ਼ਨ ਵੰਡ ਦਿੰਦੀਆਂ ਹਨ। ਅਜਿਹੇ 'ਚ ਨਿਵੇਸ਼ਕਾਂ ਦੀ ਪ੍ਰਪੱਕਤਾ ਪਿਛੋਂ ਲਗਭਗ ਦੁਗਣੀ ਰਕਮ ਮੋੜਨਾ ਕੋਈ ਆਸਾਨ ਕੰਮ ਨਹੀਂ ਹੈ। 80 ਅਤੇ 90 ਦੇ ਦਹਾਕੇ 'ਚ ਹੋਏ ਘਪਲਿਆਂ ਪਿਛੋਂ ਇਸ ਤਰ੍ਹਾਂ ਦੀਆਂ ਕਰੀਬ ਸਾਰੀਆਂ ਚਿਟ ਫੰਡ ਕੰਪਨੀਆਂ ਨੇ ਆਪਣਾ ਬੋਰੀਆ ਬਿਸਤਰਾ ਲਪੇਟ ਲਿਆ ਅਤੇ ਫਰਾਰ ਹੋ ਗਈਆਂ। ਫਲਸਰੂਪ ਕਈ ਏਜੰਟਾਂ ਤੇ ਨਿਵੇਸ਼ਕਾਂ ਨੇ ਖੁਦਕਸ਼ੀ ਤੱਕ ਕਰ ਲਈ। ਸਾਲਾਂ ਦੀ ਜਮ੍ਹਾਂ ਕੀਤੀ ਪੂੰਜੀ ਇਕੋ ਝਟਕੇ 'ਚ ਖਤਮ ਹੋ ਗਈ। ਪੁਲਿਸ ਤੇ ਅਦਾਲਤ ਦੇ ਦਰਵਾਜ਼ੇ ਖੜਕਾਏ ਗਏ ਪਰ ਕੋਈ ਖਾਸ ਫਾਇਦਾ ਹੋਇਆ ਨਹੀਂ ਅਤੇ ਨਾ ਹੀ ਉਨ੍ਹਾਂ ਨਿਵੇਸ਼ਕਾਂ ਨੂੰ ਉਨ੍ਹਾਂ ਦੇ ਪੈਸੇ ਵਾਪਸ ਮਿਲ ਸਕੇ। ਪੱਛਮੀ ਬੰਗਾਲ ਤੋਂ ਸ਼ੁਰੂ ਹੋਈਆਂ ਚਿਟ ਫੰਡ ਕੰਪਨੀਆਂ ਨੇ ਰਸੂਖ ਕਾਇਮ ਕਰਨ ਲਈ ਮੀਡੀਆ ਦੇ ਖੇਤਰ 'ਚ ਵੀ ਪ੍ਰਵੇਸ਼ ਕਰਨਾ ਸ਼ੁਰੂ ਕਰ ਦਿੱਤਾ। ਇਸ ਤੋਂ ਇਲਾਵਾ ਚਾਹ ਬਾਗਾਂ ਤੋਂ ਲੈ ਕੇ ਕ੍ਰਿਕਟ ਤੇ ਫੁਟਬਾਲ ਦੇ ਮੈਦਾਨ ਤੱਕ ਨਿਵੇਸ਼ ਕਰਨ ਲੱਗੇ। ਕੰਪਨੀਆਂ ਵਲੋਂ ਰਾਜਸੀ ਪਾਰਟੀਆਂ ਨੂੰ ਵੀ ਫੰਡ ਦਿੱਤਾ ਜਾਣ ਲੱਗਿਆ ਤਾਂ ਕਿ ਉਨ੍ਹਾਂ ਨੂੰ ਰਾਜਸੀ ਸ਼ਹਿ ਹਾਸਲ ਹੋ ਸਕੇ। ਭੋਲੇ ਭਾਲੇ ਲੋਕਾਂ ਨੂੰ ਠੱਗ ਕੇ ਇਨ੍ਹਾਂ ਕੰਪਨੀਆਂ ਦੇ ਅਧਿਕਾਰੀ ਵੀ ਆਈ.ਪੀ. ਵਾਂਗੂੰ ਜਿਉਣ ਲੱਗੇ। ਜਦੋਂ ਨਿਵੇਸ਼ਕਾਂ ਨੂੰ ਪੈਸੇ ਮੋੜਨ ਦੀ ਵਾਰੀ ਆਈ ਤੇ ਇਨ੍ਹਾਂ ਕੰਪਨੀਆਂ ਨੇ ਆਪਣਾ ਬੋਰੀਆ ਬਿਸਤਰਾ ਸਮੇਟ ਲਿਆ ਤੇ ਫਰਾਰ ਹੋ ਗਈਆਂ। ਹਾਲਾਂਕਿ ਨਿਵੇਸ਼ਕਾਂ ਦੇ ਦਬਾਅ ਪਿਛੋਂ ਲਗਾਤਾਰ ਇਨ੍ਹਾਂ ਕੰਪਨੀਆਂ ਦੇ ਅਫ਼ਸਰਾਂ ਦੀਆਂ ਗ੍ਰਿਫ਼ਤਾਰੀਆਂ ਵੀ ਹੋਈਆਂ ਪਰ ਲਚਰ ਕਾਨੂੰਨ ਪ੍ਰਣਾਲੀ ਦਾ ਫਾਇਦਾ ਉਠਾਉਂਦਿਆਂ ਇਹ ਲੋਕ ਜਲਦੀ ਛੁਟ ਗਏ। ਇਸ 'ਚ ਨਿਵੇਸ਼ਕਾਂ ਦਾ ਕੋਈ ਖਾਸ ਭਲਾ ਨਹੀਂ ਹੋ ਸਕਿਆ। ਇਸ ਸਮੇਂ ਦੌਰਾਨ ਇਨ੍ਹਾਂ ਕੰਪਨੀਆਂ ਨੇ ਕਰੀਬ 200 ਕਰੋੜ ਰੁਪਏ ਦਾ ਚੂਨਾ ਲਾਇਆ। ਇਸ ਪਿਛੋਂ ਪੱਛਮੀ ਬੰਗਾਲ ਦੇ ਉਸ ਵੇਲੇ ਦੇ ਵਿੱਤ ਮੰਤਰੀ ਅਸੀਮ ਦਾਸ ਗੁਪਤਾ ਨੇ ਚਿਟ ਫੰਡ ਕੰਪਨੀਆਂ ਖਿਲਾਫ਼ ਰੁਖ ਸਖਤ ਕੀਤਾ ਤੇ ਲਗਾਮਕਸੀ ਪਰ 10 ਸਾਲਾਂ ਪਿਛੋਂ ਇਕ ਵਾਰੀ ਫਿਰ ਤੋਂ ਚਿਟ ਫੰਡ ਕੰਪਨੀਆਂ ਨੇ ਪਣਪਣਾ ਸ਼ੁਰੂ ਕੀਤਾ। ਇਕ ਤੋਂ ਪਿਛੋਂ ਇਕ ਦਰਜਨਾਂ ਚਿਟ ਫੰਡ ਕੰਪਨੀਆਂ ਫਿਰ ਖੁੰਭਾਂ ਵਾਂਗੂੰ ਉਗ ਆਈਆਂ। ਸਾਰਧਾ, ਰੋਜ਼ ਵੈਲੀ, ਪ੍ਰਯਾਗ, ਯੂਰੋ, ਰਾਹੁਲ ਗਰੁੱਪ, ਵਿਸ਼ਵਾ ਮਿੱਤਰ ਪਰਿਵਾਰ, ਬਾਸਿਲ ਆਦਿ ਦਰਜਨਾਂ ਛੋਟੀਆਂ ਵੱਡੀਆਂ ਚਿਟ ਫੰਡ ਕੰਪਨੀਆਂ ਹੋਂਦ 'ਚ ਆਈਆਂ। ਇਸ ਪਿਛੋਂ ਲੋਕਾਂ ਨੂੰ ਫਿਰ ਵੱਧ ਰਿਟਰਨ ਦਾ ਲਾਲਚ ਦਿੱਤਾ ਜਾਣ ਲੱਗਿਆ। ਵੱਧ ਰਿਟਰਨ ਦੇ ਲੋਭ 'ਚ ਲੋਕ ਫਸਣ ਲੱਗੇ। ਪੁਰਾਣੇ ਘਟਨਾਕ੍ਰਮ ਨੂੰ ਭੁਲਾ ਕੇ ਲੋਕ ਇਨ੍ਹਾਂ ਕੰਪਨੀਆਂ 'ਚ ਫਿਰ ਪੈਸੇ ਲਾਉਣ ਲੱਗੇ। 2004 ਤੋਂ 2011 ਤੱਕ ਇਹ ਕੰਪਨੀਆਂ ਉਰਜੂ 'ਤੇ ਨਹੀਂ ਹਨ। ਇਸ ਤੋਂ ਪਿਛੋਂ ਘਪਲੇ ਦੀਆਂ ਖਬਰਾਂ ਆਉਣੀਆਂ ਸ਼ੁਰੂ ਹੋ ਗਈਆਂ। 10 ਹਜ਼ਾਰ ਕਰੋੜ ਦੇ ਸ਼ਾਰਦਾ ਘਪਲੇ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ। ਨਿਵੇਸ਼ਾਂ ਨੇ ਹੋ-ਹੱਲਾ ਪਾਉਣਾ ਸ਼ੁਰੂ ਕੀਤਾ ਤਾਂ ਦਬਾਅ 'ਚ ਆ ਕੇ ਦੂਜੀਆਂ ਕੰਪਨੀਆਂ ਨੇ ਵੀ ਮੈਦਾਨ ਛੱਡ ਕੇ ਭੱਜਣਾ ਸ਼ੁਰੂ ਕਰ ਦਿੱਤਾ ਕਿਉਂਕਿ ਇਹ ਕੰਪਨੀਆਂ ਸ਼ੁਰੂ ਤੋਂ ਹੀ ਨਿਵੇਸ਼ਕਾਂ ਦੇ ਪੈਸੇ ਮੋੜਨ ਦੇ ਮੂਡ 'ਚ ਨਹੀਂ ਸਨ। ਹਾਂ ਆਪਣੀ ਸ਼ਾਖ ਵਧਾਉਣ ਲਈ ਕਈ ਵਾਰ ਆਪਣੇ ਏਜੰਟਾਂ ਤੇ ਵਿਚੋਲਿਆਂ ਨੂੰ ਤੋਹਫ਼ੇ ਜ਼ਰੂਰ ਵੰਡੇ ਗਏ ਕਿਉਂਕਿ ਮਾਰਕਿਟ ਤੋਂ ਪੈਸੇ ਲਿਆਉਣ ਦਾ ਕੰਮ ਏਜੰਡਾਂ ਜ਼ਰੀਏ ਹੀ ਹੁੰਦਾ ਹੈ ਅਤੇ ਕੰਪਨੀਆਂ ਦੀ ਤਾਲਾਬੰਦੀ ਪਿਛੋਂ ਸਭ ਤੋਂ ਵੱਧ ਫਜੀਹਤ ਹੀ ਏਜੰਟਾਂ ਦੀ ਹੁੰਦੀ ਹੈ। ਭਾਜਪਾ ਦੇ ਸੂਬਾ ਪ੍ਰਧਾਨ ਰਾਹੁਲ ਸਿਨਹਾ ਦਾ ਕਹਿਣਾ ਹੈ ਕਿ ਚਿਟ ਫੰਡ ਕੰਪਨੀਆਂ ਨੂੰ ਸਭ ਤੋਂ ਵੱਧ ਹੱਲਾਸ਼ੇਰੀ ਤ੍ਰਿਣਮੂਲ ਕਾਂਗਰਸ ਨੇ ਦਿੱਤੀ। ਮੀਡੀਆ ਤੋਂ ਲੈ ਕੇ ਉਸਾਰੀ ਤੇ ਫੁਟਬਾਲ ਮੈਦਾਨ 'ਚ ਨਿਵੇਸ਼ ਵਿਖਾਕੇ ਨਿਵੇਸ਼ਕਾਂ ਨੂੰ ਭਰਮਾਇਆ ਗਿਆ। ਕੰਪਨੀ ਦੇ ਬੋਰਡ 'ਚ ਰਾਜਨੀਤੀ, ਮਨੋਰੰਜਨ ਤੇ ਨੌਕਰਸ਼ਾਹਾਂ ਤੋਂ ਲੈ ਕੇ ਖਿਡਾਰੀਆਂ ਨੂੰ ਸ਼ਾਮਲ ਕੀਤਾ ਗਿਆ ਜਿਸ ਨਾਲ ਇਨ੍ਹਾਂ 'ਤੇ ਲੋਕਾਂ ਦਾ ਭਰੋਸਾ ਵਧਿਆ। ਦੂਜੇ ਪਾਸੇ ਸੂਬੇ ਦੀ




ਮੁੱਖ ਮੰਤਰੀ ਮਮਤਾ ਬੈਨਰਜੀ ਮੁਤਾਬਕ ਚਿਟ ਫੰਡ ਕੰਪਨੀਆਂ ਨੂੰ ਖੱਬੇ ਮੋਰਚੇ ਦੀ ਹਕੂਮਤ ਵੇਲੇ ਹੱਲਾਸ਼ੇਰੀ ਮਿਲੀ। ਇਨ੍ਹਾਂ ਬਿਆਨਬਾਜ਼ੀਆਂ ਦੌਰਾਨ ਸ਼ਾਰਧਾ ਘਪਲੇ ਨੇ ਜਬਰਦਸਤ ਤੂਲ ਫੜਿਆ ਹੈ ਅਤੇ ਫਿਲਹਾਲ ਦੋ ਕੇਂਦਰੀ ਜਾਂਚ ਏਜੰਸੀਆਂ, ਸੀ.ਬੀ.ਆਈ. ਤੇ ਈ.ਡੀ. ਵੱਖ-ਵੱਖ ਤਰ੍ਹਾਂ ਜਾਂਚ ਕਰ ਰਹੀਆਂ ਦੱਸ ਹਜ਼ਾਰ ਕਰੋੜ ਦਾ ਹੈ ਸਾਰਧਾ ਘਪਲਾ-ਸਾਲ 2013 'ਚ ਸਾਰਧਾ ਗਰੁੱਪ ਦੇ ਚੇਅਰਮੈਨ ਸੁਦੀਤ ਸੇਨ ਦੇ ਫਰਾਰ ਹੋਣ ਦੀ ਖ਼ਬਰ ਸਾਹਮਣੇ ਆਉਣ ਪਿਛੋਂ ਸਾਰਧਾ ਘਪਲਾ ਸਾਹਮਣੇ ਆਇਆ। ਸਾਰਧਾ ਗਰੁੱਪ ਨੇ ਅਰਬਾਂ ਦੀ ਜਾਇਦਾਦ ਬਣਾਈ ਸੀ। ਕਾਫ਼ੀ ਰੁਪਏ ਸੁਦੀਤ ਸੇਨ ਨੇ ਵੱਖ-ਵੱਖ ਖੇਤਰਾਂ 'ਚ ਲਾ ਰੱਖੇ ਸਨ। ਕਰੀਬ 10 ਹਜ਼ਾਰ ਕਰੋੜ ਰੁਪਏ ਦੇ ਸਾਰਧਾ ਘਪਲੇ ਦੀ ਜਾਂਚ ਸੁਪਰੀਮ ਕੋਰਟ ਦੇ ਹੁਕਮ ਹੇਠ ਸ਼ੁਰੂ ਹੋਈ ਤਾਂ ਪਰਤਾਂ ਖੁੱਲ੍ਹਣੀਆਂ ਸ਼ੁਰੂ ਹੋ ਗਈਆਂ। ਸਾਰਧਾ ਗਰੁੱਪ ਦੇ 3 ਮਾਲਕ ਸੁਦੀਤ ਸੇਨ, ਦੇਬਯਾਨੀ ਮੁਖੋਪਾਧਿਆਇਆ ਤੇ ਕੁਨਾਲ ਘੋਸ਼ ਨੂੰ ਇਸ 'ਚ ਦੋਸ਼ੀ ਬਣਾਇਆ ਗਿਆ। ਇਸ ਪਿਛੋਂ ਪ੍ਰੀਵਰਤਨ ਡਾਇਰੈਕਟੋਰੇਟ (ਈਡੀ) ਤੇ ਸੀ.ਬੀ.ਆਈ. ਨੇ ਕਈ ਕੰਪਨੀਆਂ ਤੋਂ ਪੁੱਛ-ਪੜਤਾਲ ਕੀਤੀ। ਭਵਿੱਖ 'ਚ ਕਈ ਹੋਰ ਹਸਤੀਆਂ ਤੋਂ ਇਸ ਮਾਮਲੇ ਸਬੰਧੀ ਪੁੱਛਗਿੱਛ ਕੀਤੀ ਜਾ ਸਕਦੀ ਹੈ। ਪਿਛੇ ਜਿਹੇ ਹੀ ਤ੍ਰਿਣਮੂਲ ਕਾਂਗਰਸ ਦੇ ਸਾਂਸਦ ਸੰਜੇ ਬੋਸ ਤੇ ਅਸਾਮ ਦੇ ਸਾਬਕਾ ਸਿਹਤ ਮੰਤਰੀ ਹੇਮੰਤ ਵਿਸਵ ਸ਼ਰਮਾ ਸਮੇਤ ਕਈ ਲੋਕਾਂ ਤੋਂ ਪੁੱਛਗਿੱਛ ਕੀਤੀ ਗਈ। ਸੀ. ਬੀ. ਆਈ. ਜਲਦੀ ਹੀ ਸਾਰਧਾ ਗਰੁੱਪ ਦੀ ਬਰਾਂਡ ਐਮਬੈਸਡਰ ਤੇ ਬੰਗਲਾ ਫਿਲਮਾਂ ਦੀ ਅਭਿਨੇਤਰੀ ਸਾਂਸਦ ਸ਼ਤਾਬਿਦ ਰਾਏ ਤੋਂ ਵੀ ਪੁੱਛਗਿੱਛ ਕਰੇਗੀ। ਸ਼ਤਾਬਿਦ ਵੀਰਭੁਰਾ ਤੋਂ ਤ੍ਰਿਮੂਲ ਕਾਂਗਰਸ ਦੀ ਸੀਟ 'ਤੇ ਪਾਰਲੀਮੈਂਟ ਮੈਂਬਰ ਹਨ। ਜਾਂਚ ਏਜੰਸੀਆਂ ਤੋਂ ਪਤਾ ਲੱਗਿਆ ਹੈ ਕਿ ਸਾਰਧਾ ਚਿਟ ਫੰਡ ਕੰਪਨੀ ਦੇ ਵਿਕਾਸ 'ਚ ਸ਼ਤਾਬਿਦ ਰਾਏ ਦੀ ਅਹਿਮ ਭੂਮਿਕਾ ਰਹੀ ਹੈ। ਬਤੌਰ ਬਰਾਂਡ ਐਂਮਬੈਸਡਰ ਉਨ੍ਹਾਂ ਨੇ ਵੱਧ ਤੋਂ ਵੱਧ ਲੋਕਾਂ ਨੂੰਮ ਸ਼ਾਰਧਾ ਕੰਪਨੀ 'ਚ ਨਿਵੇਸ਼ ਕਰਨ ਲਈ ਪ੍ਰੇਰਿਤ ਕੀਤਾ। ਇਸ ਬਦਲੇ ਉਨ੍ਹਾਂ ਨੂੰ ਕੰਪਨੀ ਮੋਟੀ ਰਕਮ ਦਿੰਦੀ ਸੀ। ਪੱਛਮੀ ਬੰਗਾਲ ਸਰਕਾਰ 'ਚ ਆਵਾਜਾਈ ਮੰਤਰੀ ਮਦਨ ਮਿਸ਼ਰਾ ਵੀ ਜਾਂਚ ਦੇ ਦਾਇਰੇ 'ਚ ਆ ਗਏ ਹਨ। ਮਦਨ ਮਿਸ਼ਰਾ ਦਾ ਨਾਂ ਸ਼ਾਰਧਾ ਗਰੁੱਪ ਦੇ ਨਾਲ-ਨਾਲ ਇਕ ਹੋਰ ਚਿਟ ਫੰਡ ਕੰਪਨੀ ਆਈ ਕੋਰ ਦੇ ਨਾਲ ਵੀ ਜੁੜਿਆ ਰਿਹਾ ਹੈ। ਘਪਲੇਬਾਜ਼ਾਂ ਨੂੰ ਐਮ. ਪੀ. ਬਣਾਇਆ ਗਿਆ। ਸਾਬਕਾ ਆਈਪੀਐਸ ਅਧਿਕਾਰੀ ਡਾ. ਨਜ਼ਰੂਲ ਇਸਲਾਮ ਨੇ ਆਪਣੀਆਂ ਕਿਤਾਬਾਂ 'ਚ ਤ੍ਰਿਣਮੂਲ ਕਾਂਗਰਸ ਤੇ ਮਮਤਾ ਬੈਨਰਜੀ ਉਪਰ ਤਕੜਾ ਹੱਲਾ ਬੋਲਿਆ ਹੈ। ਪਿਛੇ ਜਿਹੇ ਉਨ੍ਹਾਂ ਦੀਆਂ ਦੋ ਕਿਤਾਬਾਂ ਛਪੀਆਂ ਹਨ। ਅੰਗਰੇਜ਼ੀ 'ਚ -ਹਰ ਡਿਸਆਨੇਸਟੀ ਤੇ ਬੰਗਲਾ 'ਚ -ਆਈ ਪੀ ਐਸ ਜੀਵਨੇਰ ਉਪਲ ਬਿਘਰ ਜੰਤ੍ਰਣਾ। ਦੋਨੋਂ ਕਿਤਾਬਾਂ 'ਚ ਨਜ਼ਰੂਲ ਇਸਲਾਮ ਨੇ ਹਾਕਮ ਪਾਰਟੀ 'ਤੇ ਗੰਭੀਰ ਦੋਸ਼ ਲਾਏ ਹਨ। ਨਜ਼ਰੂਲ ਦਾ ਦਾਅਵਾ ਹੈ ਕਿ ਉਨ੍ਹਾਂ ਨੇ 13 ਜੁਲਾਈ 2012 'ਚ ਹੀ ਰਾਜ ਸਰਕਾਰ ਨੂੰ ਸਾਰਧਾ ਘਪਲੇ ਦੀ ਜਾਣਕਾਰੀ ਦੇ ਦਿੱਤੀ ਸੀ। ਉਸ ਸਮੇਂ ਇਹ ਏ.ਡੀ.ਜੀ.ਸੀ. (ਟਰੇਨਿੰਗ) ਦੇ ਅਹੁਦੇ 'ਤੇ ਤਾਇਨਾਤ ਸਨ। ਉਨ੍ਹਾਂ ਨੇ ਮੁੱਖ ਮੰਤਰੀ ਨੂੰ ਇਕ ਚਿੱਠੀ ਲਿਖਣੀ ਚਾਹੀ ਸੀ ਪਰ ਉਸ ਵੇਲੇ ਦੇ ਡੀ.ਜੀ. ਨੇ ਉਨ੍ਹਾਂ ਦੀ ਚਿੱਠੀ ਨੂੰ ਮੁੱਖ ਮੰਤਰੀ ਨੂੰ ਫਾਰਵਰਡ ਕਰਨ ਤੋਂ ਮਨ੍ਹਾ ਕਰ ਦਿੱਤਾ ਸੀ ਜਿਸ ਪਿਛੋਂ ਉਨ੍ਹਾਂ ਨੇ ਮੁੱਖ ਸਕੱਤਰ ਨੂੰ ਚਿੱਠੀ ਭੇਜੀ ਪਰ ਕੋਈ ਕਾਰਵਾਈ ਨਹੀਂ ਹੋਈ ਅਤੇ ਚਿਟ ਫੰਡ ਕੰਪਨੀਆਂ ਦੋਨੋਂ ਹੱਥੀਂ ਲੋਕਾਂ ਨੂੰ ਲੁਟਦੀਆਂ ਰਹੀਆਂ। ਨਜ਼ਰੂਲ ਇਸਲਾਮ ਨੇ ਆਪਣੇ ਪੱਤਰ 'ਚ ਸ਼ਾਰਧਾ ਦੇ ਨਾਲ-ਨਾਲ ਰੋਜ ਵੈਲੀ, ਅਲਕੈਮਿਸਟ ਸਮੇਤ ਲਗਭਗ 13 ਚਿਟ ਫੰਡ ਕੰਪਨੀਆਂ ਦੇ ਨਜਾਇਜ਼ ਧੰਦੇ ਦਾ ਜ਼ਿਕਰ ਕੀਤਾ ਸੀ। ਡਾ. ਇਸਲਾਮ ਨੇ ਸਾਫ਼ ਤੌਰ 'ਤੇ ਕਿਹਾ ਕਿ ਬਗੈਰ ਪੁਲਿਸ ਤੇ ਰਾਜਸੀ ਨੇਤਾਵਾਂ ਦੀ ਮਦਦ ਦੇ ਜਾਲਸਾਜ਼ੀ ਦਾ ਕੰਮ ਵੱਡੀ ਪੱਧਰ 'ਤੇ ਸੰਭਵ ਨਹੀਂ ਹੈ। ਮੁਨਾਫ਼ਾਖੋਰੀ ਤੇ ਆਧਾਰਤ ਮੌਜੂਦ ਲੁਟੇਰੇ ਨਿਜ਼ਾਮ 'ਚ ਚਿਟ ਫੰਡ, ਕੰਪਨੀਆਂ ਵਰਗੇ ਘਪਲਿਆਂ ਨੂੰ ਸਿਆਸੀ ਸ਼ਹਿ ਮਿਲਣੀ ਸੁਭਾਵਿਕ ਹੈ। ਸਰਮਾਏਦਾਰੀ ਨਿਜਾਮ ਖੁਦ ਹੀ ਭ੍ਰਿਸ਼ਟਾਚਾਰ ਦਾ ਜਨਮਦਾਤਾ ਹੁੰਦਾ ਹੈ। ਲੋਕਾਂ ਨੂੰ ਇਹ ਨਿਜਾਮ ਬਦਲ ਕੇ ਸਥਾਈ ਰਾਹਤ ਮਿਲ ਸਕਦੀ ਹੈ।

ਮੈਡੀਕਲ ਕਮਿਸ਼ਨਰ ਬਠਿੰਡਾ

# ਜਮਹੂਰੀ ਹੱਕਾਂ ਦਾ ਯੋਧਾ-ਚਾਰਲਸ ਬਰੈਡਲਾਅ

ਇਹ ਹੈ ਚਾਰਲਸ ਬਰੈਡਲਾਅ ਜਿਸਦਾ ਜਨਮ 26 ਸਤੰਬਰ 1833 ਨੂੰ ਲੰਡਨ, ਇੰਗਲੈਂਡ ਵਿੱਚ ਹੋਇਆਂ ਸੀ। ਉਸਨੇ ਇੰਗਲੈਂਡ ਦੀ ਘੋੜਸਵਾਰ ਫੌਜ ਵਿੱਚ ਨੌਕਰੀ ਕੀਤੀ ਪਰ ਬਾਅਦ ਵਿੱਚ ਨੌਕਰੀ ਛੱਡਕੇ ਵਕੀਲ ਦੇ ਮੁਨਸ਼ੀ ਵਜੋਂ ਵੀ ਕੰਮ ਕੀਤਾ। 1866 ਵਿੱਚ ਉਸਨੇ ਨੈਸ਼ਨਲ ਸੈਕੂਲਰ ਸੋਸਾਇਟੀ ਦੀ ਨੀਂਹ ਰੱਖੀ ਜੋ ਅੱਜ ਵੀ ਬਹੁਤ ਸਰਗਰਮ ਤਰਕਸ਼ੀਲ ਜਥੇਬੰਦੀ ਹੈ। ਉਹ ਮਜ਼ਦੂਰ ਯੂਨੀਅਨਾਂ, ਔਰਤਾਂ ਦੇ ਹੱਕਾਂ, ਜਮਹੂਰੀ ਹੱਕਾਂ ਅਤੇ ਗੁਲਾਮ ਬਣਾਈਆਂ ਕੌਮਾਂ ਦੇ ਹੱਕਾਂ ਲਈ ਹਮੇਸ਼ਾ ਲੜਦਾ ਰਿਹਾ। ਉਹ ਸ਼ਬਦਾਂ ਦਾ ਜਾਦੂਗਰ ਸੀ ਤੇ ਕਮਾਲ ਦਾ ਪ੍ਰਚਾਰਕ ਸੀ। ਉਹ ਇੱਕ ਮਹਾਨ ਨਾਸਤਿਕ ਰਾਜਨੀਤਿਕ ਆਗੂ ਸੀ। 1880 ਵਿੱਚ ਪਹਿਲੀ ਵਾਰ ਉਹ ਨਾਰਥੈਮਟਨ ਤੋਂ... ਮੈਂਬਰ ਪਾਰਲੀਮੈਂਟ ਚੁਣਿਆ ਗਿਆ। ਸਹੁੰ ਚੁੱਕ ਸਮਾਗਮ ਦੌਰਾਨ ਬਰੈਡਲਾਅ ਨੂੰ ਕਿਹਾ ਗਿਆ ਕਿ ਉਹ ਵੀ ਬਾਕੀ ਮੈਂਬਰਾਂ ਵਾਂਗ ਬਾਈਬਲ ਉੱਤੇ ਹੱਥ ਰੱਖਕੇ ਪ੍ਰਮਾਤਮਾ ਦੇ ਨਾਮ ਤੇ ਸਹੁੰ ਚੁੱਕੇ ਪਰ ਉਸਨੇ ਮਨ੍ਹਾਂ ਕਰ ਦਿੱਤਾਂ ਤੇ ਕਿਹਾ ਕਿ ਉਹ ਕੇਵਲ ਇਹ ਕਰੇਗਾ "ਮੈ ਪ੍ਰਣ ਕਰਦਾ ਹਾਂ ਕਿ ਮੈਂ.....। ਕੱਟੜ ਲੋਕਾਂ ਨੇ ਉਸਦਾ ਜ਼ੋਰਦਾਰ ਵਿਰੋਧ ਕੀਤਾ। ਆਖਿਰ ਸਪੀਕਰ ਨੇ ਇਸ ਗੱਲ ਦਾ ਫੈਸਲਾ ਕਰਨ ਲਈ ਇੱਕ ਸਿਲੈਕਟ ਕਮੇਟੀ ਬਣਾ ਦਿੱਤੀ। ਕਮੇਟੀ ਨੇ ਜਦ ਇਸ ਮਸਲੇ ਨੂੰ ਕਾਨੂੰਨੀ ਤੌਰ ਤੇ ਘੋਖਿਆ ਤਾ 8 ਮੈਂਬਰ ਬਰੈਡਲਾਅ ਦੇ ਉਲਟ ਤੇ 8 ਹੱਕ ਵਿੱਚ ਹੋ ਗਏ। ਆਖਿਰ ਕਮੇਟੀ ਦੇ ਚੇਅਰਮੈਨ ਨੇ ਆਪਣਾ ਫੈਸਲਾਕੁੰਨ ਵੋਟ ਬਰੈਡਲਾਅ ਦੇ ਉਲਟ ਪਾ ਦਿੱਤਾ ਤੇ ਕਮੇਟੀ ਨੇ ਫੈਸਲਾ ਬਰੈਡਲਾਅ ਦੇ ਵਿਰੁੱਧ ਸੁਣਾਇਆਂ। ਪਰ ਬਰੈਡਲਾਅ ਆਪਣੇ ਫੈਸਲੇ ਤੇ ਡਟਿਆ ਰਿਹਾ ਤੇ ਪਾਰਲੀਮੈਂਟ ਜਾਂਦਾ ਰਿਹਾ। ਆਖਿਰ ਪਾਰਲੀਮੈਂਟ ਨੇ ਉਸਨੂੰ ਗ੍ਰਿਫਤਾਰ ਕਰਨ ਦਾ ਮਤਾ ਪਾਸ ਕਰਕੇ ਉਸਨੂੰ ਗ੍ਰਿਫਤਾਰ ਕਰਵਾ ਦਿੱਤਾ ਤੇ ਉਸਦੀ ਸੀਟ ਖਾਲੀ ਕਰਾਰ ਦੇ ਦਿੱਤੀ। ਉੱਪ ਚੋਣ ਹੋਈ ਤਾਂ ਉਹ ਫਿਰ ਜਿੱਤ ਗਿਆਂ ਪਰ ਉਸਦੀ ਮੈਂਬਰਸ਼ਿਪ ਫਿਰ ਰੱਦ ਕਰ ਦਿੱਤੀ। ਇਸ ਤਰ੍ਹਾਂ ਉਸਨੇ ਲਗਾਤਾਰ 4 ਵਾਰ ਚੋਣ ਜਿੱਤੀ ਕਿਉਂਕਿ ਉਹ ਲੋਕਾਂ ਵਿੱਚ ਬਹੁਤ ਹਰਮਨਪਿਆਰਾ ਸੀ। ਆਖਿਰ 1886 ਵਿੱਚ ਇੰਗਲੈਂਡ ਦੀ ਪਾਰਲੀਮੈਂਟ ਉਸਨੂੰ ਰੱਬ ਦੇ ਨਾਂ ਦੀ ਸਹੁੰ ਚੁੱਕੇ ਬਗੈਰ ਕੇਵਲ ਪ੍ਰਣ ਕਰਨ ਦੀ ਇਜਾਜਤ ਦੇਣ ਲਈ ਮਜ਼ਬੂਰ ਹੋ ਗਈ। ਇਸ ਤੋਂ ਦੋ ਸਾਲ ਬਾਅਦ ਉਹ ਇਹ ਕਾਨੂੰਨ ਪਾਸ ਕਰਵਾਉਣ ਵਿੱਚ ਸਫਲ ਹੋ ਗਿਆ ਕਿ ਕੋਈ ਵੀ ਵਿਅਕਤੀ ਪਾਰਲੀਮੈਂਟ ਜਾਂ ਅਦਾਲਤ ਵਿੱਚ ਧਾਰਮਿਕ ਸਹੁੰ ਖਾਣ ਦੀ ਬਜਾਏ ਕੇਵਲ ਪ੍ਰਣ ਕਰ ਸਕਦਾ ਹੈ। ਉਸਨੇ ਭਾਰਤ ਦੀ ਅਜਾਦੀ ਦੇ ਹੱਕ ਵਿੱਚ ਵੀ ਬਹੁਤ ਪ੍ਰਚਾਰ ਕੀਤਾ। ਇੰਗਲੈਂਡ ਦੀ ਸੰਸਦ ਵਿੱਚ ਭਾਰਤ ਦੀ ਅਜ਼ਾਦੀ ਬਾਰੇ ਉਸਨੇ ਉਸ ਸਮੇ ਮਤਾ ਰੱਖਿਆ ਜਦੋਂ ਭਾਰਤ ਵਿੱਚ ਵੀ ਅਜ਼ਾਦੀ ਬਾਰੇ ਕੋਈ ਬਹੁਤੀ ਸ਼ਕਤੀਸ਼ਾਲੀ ਲਹਿਰ ਨਹੀ ਉੱਠੀ ਸੀ। ਉਹ 1889 ਵਿੱਚ ਭਾਰਤ ਵੀ ਆਇਆ ਸੀ ਪਰ ਅੰਗਰੇਜ਼ ਸਰਕਾਰ ਉਸ ਦੀਆਂ ਸਰਗਰਮੀਆਂ ਨੂੰ ਬਰਦਾਸ਼ਤ ਨਹੀ ਕਰ ਸਕੀ ਜਿਸ ਕਰਕੇ ਉਸਨੂੰ ਭਾਰਤ ਛੱਡ ਜਾਣ ਦਾ ਹੁਕਮ ਹੋਇਆਂ। ਬਰੈਡਲਾਅ ਨੇ ਲਾਹੌਰ ਵਿੱਚ ਜ਼ਮੀਨ ਵੀ ਖਰੀਦੀ ਸੀ। ਉੱਥੇ ਬਰੈਡਲਾਅ ਦੇ ਨਾਮ ਤੇ ਭਾਰਤੀ ਦੇਸ਼ ਭਗਤਾਂ ਨੇ ਇੱਕ ਹਾਲ ਬਣਵਾਇਆ ਸੀ। ਇਹ ਹਾਲ 1900 ਤੋ 1947 ਤੱਕ ਦੇਸ਼ ਭਗਤਾਂ ਦੀਆ ਸਰਗਰਮੀਆਂ ਦਾ ਕੇਂਦਰ ਰਿਹਾ ਸੀ। ਇਹ ਬਰੈਡਲੇ ਹਾਲ ਅੱਜ ਵੀ ਖੜ੍ਹਾ ਹੈ ਤੇ ਹੁਣ ਇਸਨੂੰ ਵਿਰਾਸਤੀ ਇਮਾਰਤ ਕਰਾਰ ਦੇ ਕੇ ਬਚਾਉਣ ਦੀ ਮੰਗ ਉੱਠ ਰਹੀ ਹੈ। ਨਾਰਥੈਂਪਟਨ ਦੇ ਚੌਕ ਵਿੱਚ ਉਸਦਾ ਬੁੱਤ ਵੀ ਲੱਗਿਆ ਹੋਇਆ ਹੈ ਤੇ ਨਾਰਥੈਂਪਟਨ ਯੂਨੀਵਰਸਿਟੀ ਵਿੱਚ ਵੀ ਉਸਦੇ ਨਾਮ ਤੇ ਹਾਲ ਬਣਾਇਆ ਗਿਆ ਹੈ। 30 ਜਨਵਰੀ 1891 ਵਿੱਚ ਉਸਦੀ ਮੌਤ ਹੋ ਗਈ ਸੀ।



ਆਪਣੇ ਅਸੂਲਾਂ ਖਾਤਿਰ ਬਰੈਡਲਾਅ ਨੇ ਕਈ ਵਾਰ ਕੁਰਸੀ ਨੂੰ ਲੱਤ ਮਾਰੀ ਤੇ ਭਾਰਤੀ ਲੀਡਰ ਕੁਰਸੀ ਖ਼ਾਤਿਰ ਆਪਣੇ ਅਸੂਲਾਂ ਨੂੰ ਲੱਤ ਮਾਰ ਦਿੰਦੇ ਨੇ।

# ਅਖੌਤੀ ਵਿਕਾਸ ਮਾਡਲ ਜਾਂ ਜਮਹੂਰੀ

## ਹੱਕਾਂ ਦਾ ਵਿਨਾਸ਼ ਮਾਡਲ ਹੈ-ਮੋਦੀ ਦਾ ਗੁਜਰਾਤ

**ਨਰਭਿੰਦਰ**

ਗੁਜਰਾਤ ਦੇ ਵਡੇਰੇ ਹਿੱਸੇ ਵਿਚ ਕਿਸੇ ਨਾ ਕਿਸੇ ਬਹਾਨੇ ਦਫ਼ਾ 144 ਲਾਗੂ ਹੀ ਰਹਿੰਦੀ ਹੈ। ਇਹ ਵਰਤਾਰਾ ਪਿਛਲੇਰੇ 15 ਸਾਲ ਤੋਂ ਚਲ ਰਿਹਾ ਹੈ। ਉਥੇ ਸਮਾਜਿਕ ਜਾਂ ਤਬਕਾਤੀ ਜਥੇਬੰਦੀਆਂ ਨੂੰ ਆਮ ਸਭਾਵਾਂ ਕਰਨਾ, ਰੈਲੀਆਂ ਕੱਢਣਾ, ਪ੍ਰਦਰਸ਼ਨ ਕਰਨਾ ਜਾਂ ਇਥੋਂ ਤੱਕ ਆਪਣੀਆਂ ਹੱਕੀ ਮੰਗਾਂ ਲਈ ਆਮ ਮੰਗ ਪੱਤਰ ਦੇਣ ਲਈ ਇਕੱਠੇ ਹੋਣਾ ਵੀ ਕਿਸੇ ਅਣਐਲਾਨੀ ਪਾਬੰਦੀ ਹੇਠ ਹੈ।

ਗੁਜਰਾਤ ਦੇ ਕਿਸਾਨਾਂ ਦੇ ਸੰਗਠਨ ਖੇਡੂਤ ਸਮਾਜ ਦੇ ਇਕ ਆਗੂ ਸਾਗਰ ਰੂਬਾਈ ਨੇ ਇਕ ਹਵਾਲੇ 'ਚ ਦੱਸਿਆ, "ਧੋਲੇਰਾ ਏ.ਆਈ.ਆਰ. [ਸਪੈਸ਼ਲ ਇਨਵੈਸਟਮੈਂਟ ਰੀਜਨਲ ਜਾਂ ਵਿਸ਼ੇਸ਼ ਨਿਵੇਸ਼ ਖੇਤਰ] ਦੇ ਵਿਰੁੱਧ ਅੰਦੋਲਨ ਕਰ ਰਹੇ ਕਿਸਾਨਾਂ ਦੀ ਕਹਾਣੀ ਸਾਰੇ ਜਾਣਦੇ ਹਨ। ਉਨ੍ਹਾਂ ਨੂੰ ਜਿਹੜੀ ਜ਼ਮੀਨ ਟੇਨੈਨਾਗ ਐਕਟ ਜ਼ਿੰਮੇਦਾਰੀ ਅਤੇ ਪੱਟੇ (ਸਾਂਥਣੀ) ਉਤੇ ਸਰਕਾਰ ਵਲੋਂ ਦਿੱਤੀ ਗਈ ਸੀ, ਉਹ ਅੱਜ ਤੱਕ ਮਾਲ ਗੁਜ਼ਾਰੀ ਖਾਤਿਆਂ ਵਿਚ ਕਿਸਾਨਾਂ ਦੇ ਨਾਂ ਨਹੀਂ ਹੋਈ। ਪਿਛਲੇਰੇ ਸਾਲ 3 ਜਨਵਰੀ 2014 ਨੂੰ ਸਪੈਸ਼ਲ ਇੰਨਵੈਸਟਮੈਂਟ ਰੀਜ਼ਨ ਦੀ ਇਕ ਖੁੱਲ੍ਹੀ ਲੋਕ ਸੁਣਵਾਈ ਦੌਰਾਨ ਕੁਲੈਕਟਰ ਨੇ ਧੌਲੇਰਾ ਵਿਚ ਹੀ ਇਕ ਵਾਅਦਾ ਕੀਤਾ ਸੀ ਕਿ ਇਕ ਮਹੀਨੇ ਦੇ ਅੰਦਰ ਅੰਦਰ ਇਨ੍ਹਾਂ ਪਿੰਡਾਂ ਦੀ ਜ਼ਮੀਨ ਇਕ ਕਚਹਿਰੀ ਲਾ ਕੇ ਸਾਰੇ ਰਿਕਾਰਡ ਜਾਰੀ ਕਰ ਦਿੱਤੇ ਜਾਣਗੇ ਪਰ ਅੱਜ ਤੱਕ ਇਹ ਪੂਰਾ ਨਹੀਂ ਹੋਇਆ। 22 ਮਹੀਨੇ ਲੰਘ ਜਾਣ ਪਿਛੋਂ ਜਦੋਂ ਕਿਸਾਨਾਂ ਨੇ ਕੁਲੈਕਟਰ ਨੂੰ ਆਪਣਾ ਵਾਅਦਾ ਯਾਦ ਕਰਾਉਣ ਲਈ 20 ਅਕਤੂਬਰ ਤੋਂ ਤਿੰਨ ਨਵੰਬਰ ਤੱਕ, ਬਾਵਲੀ ਯਾਰੀ ਤੋਂ ਅਹਿਮਦਾਬਾਦ ਤੱਕ 100 ਕਿਸਾਨਾਂ ਵਲੋਂ ਪੈਦਲ ਯਾਤਰਾ ਕੱਢਣ ਦੀ ਤਿਆਰੀ ਵਿੱਢ ਦਿੱਤੀ ਅਤੇ 14 ਅਕਤੂਬਰ 2015 ਨੂੰ ਖੇਡੂਤ (ਖੇਤੀ) ਸਮਾਜ ਵਲੋਂ ਅਹਿਮਦਾਬਾਦ ਸ਼ਹਿਰ ਦੇ ਪੁਲਿਸ ਕਮਿਸ਼ਨਰ ਅਤੇ ਪੁਲਿਸ ਮੁਖੀ ਨੂੰ ਇਕ ਲਿਖਤੀ ਚਿੱਠੀ ਵਿਚ ਕਸਬੇ ਬਾਵਲੀ ਯਾਰੀ (ਅਹਿਮਦਾਬਾਦ ਦੀ ਧੌਲੇਗ ਤਹਿਸੀਲ ਦੇ ਹੇਠਲਾ ਕਸਬਾ) ਤੋਂ ਪੈਦਲ ਯਾਤਰਾ ਦੀ ਇਜਾਜ਼ਤ ਮੰਗੀ ਤਾਂ ਦੋ ਦਿਨ ਪਿਛੋਂ ਅਖ਼ਬਾਰਾਂ ਵਿਚ 'ਅਹਿਮਦਾਬਾਦ ਜ਼ਿਲ੍ਹੇ 'ਚ ਮੀਟਿੰਗਾਂ ਅਤੇ ਰੈਲੀਆਂ ਉਤੇ ਪਾਬੰਦੀ ਦੇ ਨਾਂ ਹੇਠ ਖ਼ਬਰ ਛਪੀ। ਇਹ ਖ਼ਬਰ ਭਾਵਨਗਰ ਤੋਂ ਛਪਦੇ ਇਕ ਗੁਜਰਾਤੀ ਰੋਜ਼ਾਨਾ ਅਖ਼ਬਾਰ 'ਗੁਜਰਾਤ ਸਮਾਚਾਰ' ਵਿਚ ਛਪੀ ਸੀ। 'ਇਸ ਖ਼ਬਰ 'ਚ ਹੋਰ ਵੀ ਸਪਸ਼ਟ ਕੀਤਾ ਗਿਆ ਸੀ ਕਿ "ਐਸ.ਡੀ.ਐਮ. ਨੇ ਅਹਿਮਦਾਬਾਦ ਸ਼ਹਿਰ ਪੁਲਿਸ ਦੇ ਕਮਿਸ਼ਨਰ ਦੇ ਅਧਿਕਾਰ ਖੇਤਰ ਤੋਂ ਛੁੱਟ ਸਮੁੱਚੇ ਅਹਿਮਦਾਬਾਦ ਜ਼ਿਲ੍ਹੇ ਦੀਆਂ, ਸੜਕਾਂ, ਆਮ ਰਸਤਿਆਂ, ਫੁੱਟਪਾਥ, ਗਲੀਆਂ ਅਤੇ ਸ਼ਹਿਰ ਦੀਆਂ ਪਿੰਡਾਂ ਦੀਆਂ ਛੋਟਆਂ ਗਲੀਆਂ ਭਾਵ ਆਪਣੇ ਦਰਵਾਜ਼ੇ ਮੂਹਰੇ ਵੀ ਚਾਰ ਆਦਮੀਆਂ ਤੋਂ ਵੱਧ ਦੇ ਇਕੱਠ ਹੋਣ, ਸਭਾ ਜਾਂ ਪ੍ਰਦਰਸ਼ਨ ਕਰਨ ਜਾਂ ਨਾਅਰੇ ਲਾਉਣ ਉਥੇ ਪਾਬੰਦੀ ਲਾ ਦਿੱਤੀ ਗਈ ਹੈ।"

ਜਿਸ ਦਾ ਸਾਫ਼ ਮਤਲਬ ਹੈ ਤੁਸੀਂ ਆਪਣੀ ਦੁਖੀ ਅਵਾਜ਼ ਵੀ ਕੱਢ ਨਹੀਂ ਸਕਦੇ ਕਿਸੇ ਨਾਲ ਸਾਈਂ ਨਹੀਂ ਸਕਦੇ, ਅਧਿਕਾਰੀਆਂ ਕੋਲ ਆਪਣਾ ਦਰਦ ਵੀ ਨਹੀਂ ਰੱਖ ਸਕਦੇ, ਮਿਲ ਬੈਠ ਕੇ ਆਪਣਾ ਦਰਦ ਵੀ ਸਾਂਝਾ ਨਹੀਂ ਕਰ ਸਕਦੇ। ਭਾਰਤ ਦੇ ਸੰਵਿਧਾਨ ਦੀ ਧਾਰਾ 21 ਦੇ ਹੇਠ ਦਿੱਤੇ ਗਏ ਬੁਨਿਆਦੀ ਅਧਿਕਾਰਾਂ ਵਿਚ ਜਿਹੜਾ ਅਧਿਕਾਰ ਲੋਕਾਂ ਨੂੰ ਦਿੱਤਾ ਗਿਆ ਹੈ ਇਹ ਗੁਜਰਾਤ ਵਿਚ ਖੋਹਿਆ ਗਿਆ ਹੈ। ਬੇਸ਼ੱਕ ਅਜਿਹੇ ਆਦੇਸ਼ ਦੇਸ਼ ਦੇ ਹਰ ਖੇਤਰ ਵਿਚ ਜਿਥੇ ਵੀ ਕਿਸਾਨ ਮਜ਼ਦੂਰ ਜਾਂ ਹੋਰ ਤਬਕੇ ਆਪਣੀਆਂ ਜਮਾਤੀ ਤਬਾਕਾਤੀ ਮੰਗਾਂ ਲੈ ਕੇ ਸੰਘਰਸ਼ ਵਿੱਢਦੇ ਹਨ ਲਾਗੂ ਕਰ ਦਿੱਤੇ ਜਾਂਦੇ ਹਨ ਪੰਜਾਬ ਵਿਚ ਵੀ ਜ਼ਾਹਿਰਾ ਮਿਸਾਲਾਂ ਹਨ ਪਰ ਗੁਜਰਾਤ ਸਰਕਾਰ ਦੇ ਆਦੇਸ਼ ਵਿਚ ਸਿਰਫ਼ ਧਾਰਾ 144 ਹੇਠ ਹੀ ਅਜਿਹੇ ਵਿਵਸਥਾ ਠੋਕ ਦਿੱਤੀ ਜਿਹੜੀ ਐਮਰਜੈਂਸੀ ਦਾ ਪ੍ਰਤੀਕ ਸੀ। ਤੁਸੀਂ ਆਪਣੇ ਹੀ ਘਰ ਵਾਲੀ ਛੋਟੀ ਗਲੀ 'ਚ ਇਕੱਠੇ ਨਹੀਂ ਹੋ ਸਕਦੇ। ਜਿਹਦਾ ਮਤਲਬ ਸਾਫ਼ ਕਿ ਕਿਸਾਨਾਂ ਦੀ ਜ਼ਮੀਨ ਖੁੱਸ ਜਾਵੇ, ਰੋਜ਼ੀ ਰੋਟੀ ਦਾ ਸਾਧਨ ਖੁੱਸ ਜਾਵੇ ਪਰ ਉਹ ਆਪਣੀ ਪੀੜਾ ਜ਼ਾਹਿਰ ਕਰਨ ਅਤੇ ਸਰਕਾਰ ਕੋਲ ਰੱਖਣ ਦਾ ਵੀ ਅਧਿਕਾਰ ਨਹੀਂ ਰੱਖਦੇ। ਇਹ ਦੇਸ਼ ਕਿਹੜੀ ਜਮਹੂਰੀਅਤ ਦੀ ਡੌਂਡੀ ਪਿੱਟ ਰਿਹਾ ਹੈ। ਕਿਸਾਨ ਜਿਹੜੇ ਅਰਥ ਚਾਰੇ ਦੀ ਰੀੜ ਦੀ ਹੱਡੀ ਹਨ, ਕੋਈ ਵੱਖਵਾਦੀ ਜਜਾਂ ਫਿਰਕੂ ਤਾਕਤਾਂ ਤਾਂ ਨਹੀਂ। ਕਿਸਾਨਾਂ ਦੇ ਰੋਸ ਜ਼ਾਹਿਰ ਕਰਨ ਨਾਲ ਦੇਸ਼ ਦੀ ਏਕਤਾ ਅਖੰਡਤਾ ਨੂੰ ਤਾਂ ਆਂਚ ਨਹੀਂ ਆਉਂਦੀ। ਕਿਸਾਨ ਕੋਈ ਧਾਰਮਿਕ ਸੰਪਰਦਾਇਕਤਾ ਤਾਂ ਨਹੀਂ ਫੈਲਾਉਂਦੇ। ਇਹ ਆਪਣੇ ਆਪ ਵਿਚ ਹੀ ਅਣਐਲਾਨੀ ਐਮਰਜੈਂਸੀ ਹੈ। ਇਹੋ ਗੁਜਰਾਤ ਦਾ ਮਾਡਲ ਜਿਹਨੂੰ ਪ੍ਰਚਾਰਦੇ ਪ੍ਰਚਾਰਦੇ ਮੋਦੀ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਪਹੁੰਚੇ ਹਨ ਅਤੇ ਇਸੇ ਨੂੰ ਦੇਸ਼ ਵਿਚ ਲਾਗੂ ਕਰਨ ਲਈ ਤਤਪੁਰ ਹਨ। ਜਿਵੇਂ ਵਿਕਾਸ ਵਿਚੋਂ ਲੋਕ ਮਨਫ਼ੀ ਹੁੰਦੇ ਹਨ।

ਰੈਲੀ ਕਰਨਾ, ਮੰਗ ਪੱਤਰ ਦੇਣਾ ਕੋਈ ਗੁਨਾਹ ਨਹੀਂ। ਮੌਲਿਕ ਅਧਿਕਾਰ ਹੈ ਅਤੇ ਵਿਸ਼ੇਸ਼ ਕਰਕੇ ਜਮਾਤੀ ਤਬਕਾਤੀ ਮੰਗਾਂ ਨੂੰ ਲੈ ਕੇ ਇਹ ਵਰਗ ਜਦੋਂ ਅਜਿਹਾ ਕਰਦੇ ਹਨ ਤਾਂ ਇਹਦਾ ਰਾਜ ਜਾਂ ਰਾਜ ਦੀ ਕੁਰਸੀ 'ਤੇ ਬੈਠੇ ਹਾਕਮਾਂ ਨੂੰ ਆਪਣੀਆਂ ਸਮੱਸਿਆਵਾਂ ਪ੍ਰਤੀ ਧਿਆਨ ਦੇਣ, ਚੌਕਸ ਹੋਣ ਦੀ ਆਵਾਜ਼ ਹੀ ਸੁਣਾਉਣ ਜਾਂਦੇ ਹਨ। ਕਿਸਾਨ ਸਰਕਾਰੀ ਵਿਕਾਸ ਦੀ ਬਲੀ ਚੜ੍ਹੇ ਜਾਂ ਕੁਦਰਤੀ ਆਫ਼ਤਾਂ ਦਾ ਸ਼ਿਕਾਰ ਹੋਵੇ ਤਾਂ ਉਹਦੇ ਕੋਲ ਇਕੱਠੇ ਹੋ ਕੇ ਆਪਣੀ ਪੀੜਾ, ਦੱਸਣ ਤੋਂ ਬਿਨਾਂ ਹੋਰ ਰਾਹ ਕੀ ਹੈ ਅਤੇ ਉਸ ਮੌਕੇ ਹੋਰ ਵੀ ਜਦੋਂ ਇਨ੍ਹਾਂ ਕਿਸਾਨਾਂ ਨੇ ਅਧਿਕਾਰੀਆਂ ਤੋਂ ਅਜਿਹਾ ਦੁੱਖ ਸੁਣਾਉਣ ਦੀ ਇਜ਼ਾਜਤ ਮੰਗੀ ਹੋਵੇ ਤਾਂ ਹੋਰ ਵੀ ਚਿੰਤਾਜਨਕ ਹੈ।

ਪ੍ਰਸ਼ਾਸਨ ਵਲੋਂ ਅਜਿਹਾ ਕਦਮ ਉਸ ਮੌਕੇ ਉਠਾਉਣਾ ਉਚਿਤ ਗਿਣਿਆ ਜਾਂਦਾ ਜਦੋਂ ਕਿਸਾਨ ਕੋਈ ਹਿੰਸਕ ਪ੍ਰਦਰਸ਼ਨ ਕਰਦੇ। ਪਰ ਕਾਨੂੰਨ ਦੇ ਘੇਰੇ 'ਚ ਅਧਿਕਾਰੀਆਂ ਤੋਂ ਇਜਾਜ਼ਤ ਲੈ ਕੇ ਅਜਿਹੇ ਮਾਰਚ ਕਰਨ ਦਾ ਮਤਲਬ ਤਾਂ ਸਿਰਫ਼ ਕਿਸਾਨਾਂ ਨੂੰ ਜਥੇਬੰਦ ਕਰਕੇ ਆਪਣੀਆਂ ਮੰਗਾਂ ਦੇ ਹੱਕ 'ਚ ਵੱਧ ਤੋਂ ਵੱਧ ਸਮਰਥਨ ਜਟਾਉਣਾ ਹੀ ਸੀ। ਕੀ ਗੁਜਰਾਤ ਸਰਕਾਰ ਇਸ ਤੋਂ ਵੀ ਡਰਦੀ ਹੈ ਅਤੇ ਫਿਰ ਉਸ ਸਮੇਂ ਜਦੋਂ ਗੁਜਰਾਤ ਸਰਕਾਰ ਦੇ ਅਧਿਕਾਰੀ ਅਜਿਹੀਆਂ ਮੰਗਾਂ ਨੂੰ ਪਹਿਲ ਸਵੀਕਾਰ ਕਰ ਚੁੱਕੇ ਹਨ ਉਨ੍ਹਾਂ ਉਤੇ ਅਮਲ ਕਰਨ ਲਈ ਹੀ ਕਿਸਾਨ ਸਰਕਾਰ ਦੇ ਦਰਬਾਰ ਆਪਣੀ ਫਰਿਆਦ ਲੈ ਕੇ ਜਾਣਾ ਚਾਹੁੰਦੇ ਸਨ।

ਗੁਜਰਾਤ ਵਿਚ ਜੇ ਕਿਸੇ ਵਿਸ਼ੇਸ਼ ਧਰਮ ਦੇ ਵਿਰੁੱਧ ਉਤੇਜਿਤ ਭਾਸ਼ਾ ਦੀ ਵਰਤੋਂ ਕਰਦਿਆਂ ਰੈਲੀ ਜਾਂ ਸਭਾ ਕਰਨੀ ਹੋਵੇ ਤਾਂ ਇਜਾਜ਼ਤ ਮਿਲ ਜਾਂਦੀ ਹੈ। ਅਹਿਮਦਾਬਾਦ ਵਿਚ ਹੀ ਸਰਕਾਰ ਨੇ ਇਕ ਮੈਦਾਨ ਜਿਹਦਾ ਰੋਜ਼ਾਨਾ 7.5 ਲੱਖ ਰੁਪਏ ਕਿਰਾਇਆ ਬਣਦਾ ਹੈ, ਮਹਿਜ਼ ਇਕ ਰੁਪਏ ਪ੍ਰਤੀਕਤ ਕਿਰਾਏ ਦੇ ਰੂਪ ਵਿਚ ਅਤੇ ਸਾਰੇ ਟੋਲ ਟੈਕਸ ਦੀ ਮੁਆਫ਼ੀ ਦੇ ਕੇ ਇਕ ਅਜਿਹੇ ਸੰਗਠਨ ਨੂੰ ਦਿੱਤਾ ਜਿਹਨੇ ਬੇਹੱਦ ਭੜਕਾਊ ਭਾਸ਼ਾਦੀ ਵਰਤੋਂ ਕੀਤੀ। ਮੋਦੀ ਸਰਕਾਰ ਅਜਿਹੀ ਉਤੇਜਿਤ ਅਤੇ ਭੜਕਾਊ ਭਾਸ਼ਾ ਨੂੰ ਵੀ ਭਾਸ਼ਾ ਦਾ 'ਵਿਕਾਸ' ਕਹਿ ਸਕਦੀ ਹੈ। ਅਜਿਹੇ ਲੋਕਾਂ ਨੂੰ ਖੁੱਲ੍ਹ ਹੈ ਕਿ ਉਹ ਬਿਨਾਂ ਕਿਸੇ ਮਨਜ਼ੂਰੀ ਦੇ ਰੈਲੀਆਂ ਕਰਨ, ਮੁਜ਼ਾਹਰੇ ਕੱਢਣ ਜਾਂ ਤ੍ਰਿਸ਼ੂਲਾਂ ਦੇ ਪ੍ਰਦਰਸ਼ਨ ਕਰਨ। ਸਗੋਂ ਗੁਜਰਾਤ ਸਰਕਾਰ ਤੇ ਪੁਲਿਸ ਉਨ੍ਹਾਂ ਲਈ ਦਰੀਆਂ ਵਿਛਾਉਣ ਤੱਕ ਜਾਂਦੀ ਹੈ।

ਇਕ ਪਾਸੇ ਗੁਜਰਾਤ ਵਿਚ ਪਿਛਲੇ 10-12 ਸਾਲ ਤੋਂ ਸਮਾਜਿਕ ਭੇਦਭਾਵ ਵੱਧ ਰਿਹਾ ਹੈ। ਦੂਸਰੇ ਪਾਸੇ ਆਰਥਿਕ ਗੈਰ ਬਰਾਬਰੀ ਵੱਧ ਰਹੀ ਹੈ ਅਤੇ ਇਹਦੇ ਨਾਲ ਹੀ ਮਨੁੱਖੀ ਅਧਿਕਾਰ ਜਾਂ ਸੰਵਿਧਾਨ ਵਿਚ ਦਿੱਤੇ ਨਾਗਰਿਕਾਂ ਦੇ ਮੌਲਿਕ ਅਧਿਕਾਰ ਬੜੇ ਸ਼ਾਤਰ ਢੰਗ ਨਾਲ ਮੁਅੱਤਲ ਕੀਤੇ ਜਾਂਦੇ ਰਹੇ ਹਨ ਅਤੇ ਹੋ ਰਹੇ ਹਨ। ਗੁਜਰਾਤ ਦਾ ਇਕੋ ਮਾਡਲ ਹੁਣ ਦੇਸ਼ ਵਿਚ ਲਾਗੂ ਕੀਤਾ ਜਾ ਰਿਹਾ ਹੈ। ਵਿਕਾਸ ਜਦੋਂ ਨਾਗਰਿਕਾਂ ਦੇ ਮੂੰਹ ਅਤੇ ਅੱਖਾਂ ਉਤੇ ਪੱਟੀਆਂ ਬੰਨ੍ਹ ਕੇ ਕੀਤੇ ਜਾਣ ਲੱਗਣ ਤਾਂ ਇਹ ਹਿਟਲਰ ਵਾਲੇ ਸਮਾਨ ਵਿਕਾਸ ਮਾਡਲ ਦੀ ਹੀ ਨਕਲ ਹੁੰਦਾ ਹੈ।

ਸਾਗਰ ਰਬਾਰੀ ਹੋਰਾਂ ਇਕ ਹੋਰ ਤੱਥ ਵੀ ਨੰਗਾ ਕੀਤਾ ਜਿਸ ਤੋਂ ਸਿੱਖਣ ਦੀ ਲੋੜ ਹੈ। ਉਨ੍ਹਾਂ ਦੱਸਿਆ ਹੈ ਕਿ ਕੁਝ ਸਿਆਣੇ ਜਾਂ ਬੁੱਧੀਜੀਵੀ ਲੋਕ ਕਹਿੰਦੇ ਸਨ ਤੇ ਹਨ ਕਿ ਅਜਿਹੇ ਸਮੇਂ ਸਾਨੂੰ ਭਾਵ ਸੰਘਰਸ਼ ਕਰਨ ਵਾਲਿਆਂ ਨੂੰ ਕਾਨੂੰਨ ਦਾ ਸਹਾਰਾ ਲੈਣਾ ਚਾਹੀਦਾ ਹੈ। ਆਪਣੇ ਤਜਰਬੇ ਨੂੰ ਦੱਸਦਿਆਂ ਉਨ੍ਹਾਂ ਕਿਹਾ ਕਿ 11 ਜਨਵਰੀ 2015 ਦੇ ਇਕ ਅਜਿਹੇ ਹੀ ਮੁਜ਼ਾਹਰੇ ਤੇ ਰੈਲੀ ਦੇ ਪ੍ਰੋਗਰਾਮ ਤੋਂ ਪਹਿਲਾਂ ਅਸੀਂ ਹਾਈ ਕੋਰਟ ਵਿਚ ਇਕ ਅਰਜ਼ੀ ਦਾਇਰ ਕੀਤੀ ਸੀ ਕਿ ਸਾਨੂੰ ਖਦਸ਼ਾ ਹੈ, "ਪੁਲਿਸ ਸਾਨੂੰ ਮੁਜ਼ਾਹਰਾ ਕਰਨ ਦੀ ਮਨਜ਼ੂਰੀ ਦੇਣਦੀ ਥਾਂ ਰੋਕ ਲਵੇਗੀ ਜਾਂ ਗ੍ਰਿਫ਼ਤਾਰ ਕਰ ਲਵੇਗੀ ਜਾਂ ਸਾਡੇ ਫੋਨ ਟੇਪ ਕਰੇਗੀ। ਅਜਿਹੇ ਹੀ ਹੋਰ ਸਵਾਲ ਸਨ ਜਿਨ੍ਹਾਂ 'ਚ ਹਾਈ ਕੋਰਟ ਤੋਂ ਮੰਗ ਕੀਤ ਗਈ ਸੀ ਕਿ ਉਹ ਭਾਵ ਹਾਈਕੋਰਟ ਦਖ਼ਲ ਦੇ ਕੇ ਸਾਡੇ ਪ੍ਰਦਰਸ਼ਨ ਕਰਨ ਦੇ ਬੁਨਿਆਦੀ ਅਧਿਕਾਰ ਦੀ ਗਰੰਟੀ ਦੁਆਏ ਤਾਂ ਕਿ ਅਸੀਂ ਆਪਣਾ ਪ੍ਰੋਗਰਾਮ ਕਰ ਸਕੀਏ। ਸਾਡੇ ਫੋਨ ਟੇਪ ਨਾ ਕੀਤੇ ਜਾਣ ਪਰ 10 ਜਨਵਰੀ ਦੀ ਅੱਧੀ ਰਾਤ ਨੂੰ ਕਰਾਈਮ ਬਰਾਂਚ ਦੇ ਲੋਕਾਂ ਨੇ ਸਾਨੂੰ ਸੁੱਤਿਆਂ ਉਠਾ ਲਿਆ ਅਤੇ ਗਾਇਕਵਾੜਾ ਹਵੇਲੀ ਲੈ ਗਏ। ਅਗਲੇ ਦਿਨ ਸ਼ਾਮੀਂ 6 ਵਜੇ ਤੱਕ ਉਥੇ ਰੱਖਿਆ। ਮਾਨਯੋਗ ਹਾਈਕੋਰਟ 'ਚ ਕੇਸ ਸੁਣਵਾਈ ਦੌਰਾਨ ਪਿਆ ਰਿਹਾ। ਮਤਲਬ ਗੁਜਰਾਤ ਸਰਕਾਰ ਅਤੇ ਪੁਲਿਸ ਕੋਲ ਹੈ, ਸੰਵਿਧਾਨ ਦੀ ਵਿਆਖਿਆ ਦਾ ਅਧਿਕਾਰ। ਹਾਈਕੋਰਟ ਮਹਿਜ਼ ਨੌਕਰ ਹੀ ਹੈ ਸਰਕਾਰ ਦੀ। ਕਾਨੂੰਨ ਕੀਹਦੇ ਹੱਥ 'ਚ ਹੈ ਇਸ ਤੋਂ ਸਾਫ਼ ਸਪਸ਼ਟ ਹੋ ਜਾਂਦਾ ਹੈ।

ਜਿਥੋਂ ਤੱਕ ਕਾਨੂੰਨ ਅਤੇ ਕੋਰਟ ਦਾ ਮਾਮਲਾ ਹੈ ਇਹ ਦੀ ਜ਼ਾਹਿਰਾ ਮਿਸਾਲ ਧੌਲੇਰਾ ਇਲਾਕੇ ਦੇ ਕਿਸਾਨਾਂ ਤੋਂ ਮਿਲ ਸਕਦੀ ਹੈ। ਇਨ੍ਹਾਂ ਕਿਸਾਨਾਂ ਨੇ ਹਾਈਕੋਰਟ ਵਿਚ ਇਕ ਅਪੀਲ ਦਾਇਰ ਕੀਤੀ ਕਿ ਉਨ੍ਹਾਂ ਦੀ ਜ਼ਮੀਨ ਅਤੇ ਪਾਣੀ ਨੂੰ ਬਚਾਇਆ ਜਾਵੇ। ਡੀ.ਐਸ. ਆਈ. ਆਰ. ਨੂੰ ਉਦੋਂ ਤੱਕ ਕੰਮ ਕਰਨ ਤੋਂ ਰੋਕਿਆ ਜਾਵੇ ਜਦੋਂ ਤੱਕ ਮਾਮਲੇ ਦੀ ਸੁਣਵਾਈ ਤੇ ਫੈਸਲਾ ਨਾ ਹੋ ਜਾਵੇ। ਉਨ੍ਹਾਂ ਦੇ ਇਸ ਕੇਸ ਦੀਆਂ ਕੁੱਲ 26 ਤਰੀਕਾਂ ਪੈ ਚੁੱਕੀਆਂ ਹਨ ਅਤੇ ਹਰ ਵਾਰੀ ਹਾਈਕੋਰਟ ਨੇ 'ਅਗਲੀ ਤਰੀਕ ਨੂੰ ਸੁਣਵਾਈ' ਕਹਿ ਕੇ ਟਾਲਿਆ ਹੈ। ਬਹਿਸ ਹੁੰਦੀ ਹੀ ਨਹੀਂ ਅਤੇ ਸਟੇਅ ਆਰਡਰ ਦਿੱਤਾ ਨਹੀਂ ਗਿਆ। ਸਰਕਾਰ ਆਪਣੇ ਢੰਗ ਨਾਲ 'ਵਿਕਾਸ' ਕਰਦੀ ਜਾ ਰਹੀ ਹੈ। ਲੋਕ ਸੋਚਣ ਲੱਗਦੇ ਹਨ ਕਿਹੜਾ ਸੰਵਿਧਾਨ? ਕਿਹੜਾ ਕਾਨੂੰਨ? ਕਿਹੜਾ ਨਿਆਂ ਪ੍ਰਬੰਧ? ਕਿਹੜੇ ਇਨਸਾਫ਼ ਦੇ ਪੁਜਾਰੀ? ਲੋਕਾਂ ਅੰਦਰ ਬੇਚੈਨੀ ਅਤੇ ਗੁੱਸਾ ਵਧਦਾ ਜਾ ਰਿਹਾ ਹੈ।

ਜਿਹੜੀ ਅਦਾਲਤ ਹਾਰਦਿਕ ਪਟੇਲ ਨੂੰ ਲੱਭਣ ਅਤੇ ਪੇਸ਼ ਕਰਨ ਲਈ ਅੱਧੀ ਰਾਤ ਹੁਕਮ ਜਾਰੀ ਕਰ ਸਕਦੀ ਹੈ ਉਸੇ ਅਦਾਲਤ ਕੋਲ ਕਿਸਾਨਾਂ ਦੀ ਪੀੜਾ ਸੁਣਨ ਦਾ ਸਮਾਂ ਨਹੀਂ। ਉਂਝ ਦੋਹਾਂ ਵਿਚ ਫਰਕ ਹੈ ਹਾਰਦਿਕ ਪਟੇਲ ਇਕ ਸੰਪਨ ਵਰਗ [ਜਿਹਦੀ ਸਮਾਜਿਕ, ਰਾਜਨੀਤਕ ਅਤੇ ਆਰਥਿਕ ਵਿਚ ਪ੍ਰੁੱਗਤ ਹੈ] ਦੀ ਨੁਮਾਇੰਦਗੀ ਕਰਦਾ ਹੈ। ਜਦੋਂ ਕਿ ਧੌਲੇਰਾ ਦੇ ਕਿਸਾਨ, ਆਰਥਿਕ, ਸਮਾਜਿਕ, ਰਾਜਨੀਤਕ ਹੀ ਨਹੀਂ ਸਿੱਖਿਆ ਪੱਖੋਂ ਵੀ ਬਹੁਤ ਪਛੜੇ ਹੋਏ ਹਨ। ਵਿਦਿਆ, ਆਰਥਿਕ ਅਸਮਰਥਾ ਅਤੇ ਗੈਰ ਜਥੇਬੰਦ ਹੋਣ ਕਰਕੇ ਬਹੁਗਿਣਤੀ ਵਿਚ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਨਿਆਂ ਮਿਲਣਾ ਤਾਂ ਦੂਰ, ਸੁਣਵਾਈ ਲਈ ਵੀ ਜੂਝਣਾ ਪੈ ਰਿਹਾ ਹੈ। ਜਦੋਂ ਹਕੂਮਤ ਸਮਾਜ ਦੇ ਉਚ ਵਰਗ ਅਤੇ ਗੈਰ ਜਥੇਬੰਦ ਹੇਠਲੇ ਵਰਗਾਂ (ਕਿਸਾਨਾਂ/ਮਜ਼ਦੂਰਾਂ) ਨਾਲ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਪ੍ਰਤੀ ਹੀ ਭੇਦ ਭਾਵ ਰੱਖ ਰਹੀ ਹੈ ਤਾਂ ਇਹ ਹਾਸ਼ੀਏ ਤੋਂ ਪਾਰ ਵਰਗ ਕਿਹੜੇ ਨਿਆਂ ਦੀ ਉਮੀਦ ਰੱਖ ਸਕਦੇ ਹਨ ਅਤੇ ਅਦਾਲਤਾਂ ਉਤੇ ਕਿੰਨਾ ਚਿਰ ਭਰੋਸਾ ਕਰਕੇ ਬੈਠੇ ਰਹਿਣਗੇ। ਰਿਕਾਰਡ ਮੁਤਾਬਕ ਗੁਜਰਾਤ ਹਾਈਕੋਰਟ ਨੇ ਅਜੇ ਤੱਕ ਗੁਜਰਾਤ ਸਰਕਾਰ ਵਿਰੁੱਧ ਇਕ ਵੀ ਫੈਸਲਾ ਨਹੀਂ ਦਿੱਤਾ। ਮਤਲਬ ਇਹ ਕਿ ਨਿਆਂ ਦੇ ਖੇਤਰ ਵਿਚਲਾ ਅਮਲੇ ਫੈਲਾ ਵੀ ਸੰਪਨ ਵਰਗਾਂ 'ਚੋਂ ਆਉਂਦਾ ਹੈ ਜਿਨ੍ਹਾਂ ਲਈ ਹੇਠਲੇ ਵਰਗਾਂ ਪ੍ਰਤੀ ਜਾਂ ਉਨ੍ਹਾਂ ਦੀਆਂ ਸਮੱਸਿਆਵਾਂ ਪ੍ਰਤੀ ਉਨ੍ਹਾਂ ਦੀ ਪੀੜਾ ਪ੍ਰਤੀ ਕੋਈ ਲਗਾਅ ਹੀ ਨਹੀਂ ਹੁੰਦਾ।

ਪਿਛਲੇਰੇ 15 ਸਾਲ ਦਾ ਇਤਿਹਾਸ ਇਹ ਹੈ ਕਿ ਸਰਕਾਰ ਨੇ ਅੰਦੋਲਨ ਕਰਨ ਵਾਲੇ ਲੋਕਾਂ ਨਾਲ ਕੋਈ ਗੱਲਬਾਤ ਕਰਨਾ ਹੀ ਲਗਭਗ ਬੰਦ ਕਰ ਦਿੱਤਾ ਹੈ। ਇਹ ਮੋਦੀ ਮਾਡਲ ਹੈ। ਸਰਕਾਰ ਉਹ ਅੰਦੋਲਨ ਨਾਲ ਗੱਲਬਾਤ ਕਰਦੀ ਰਹੀ ਹੈ ਜਿਹੜੇ ਸੰਪੰਨ ਵਰਗਾਂ ਦੇਸਨ ਅਤੇ ਹਿੰਸਕ ਸਨ। ਅਹਿੰਸਕ ਅਤੇ ਸ਼ਾਂਤਮਈ ਮਜ਼ਦੂਰਾਂ ਕਿਸਾਨਾਂ ਜਾਂ ਹੋਰ ਹੇਠਲੇ ਵਰਗਾਂ ਦੇ ਅੰਦੋਲਨਾਂ ਨੂੰ ਨਾ ਸਿਰਫ਼ ਟਿੱਚ ਜਾਣਿਆ ਹੈ, ਅਣਗੌਲਿਆਂ ਕੀਤਾ ਹੈ। ਸਗੋਂ ਜ਼ਬਰ/ਤਸ਼ੱਦਦ ਦੇ ਨਾਲ ਦਬਾਉਣ ਦਾ ਰਾਹ ਅਪਣਾਇਆ ਹੈ। ਆਪਣੇ ਹੀ ਦੇਸ਼ ਦੇ ਲੋਕਾਂ ਨਾਲ ਦੋਹਰਾ ਪਿਆਰ ਰੱਖਣਾ ਚਿੰਤਾ ਦਾ ਵਿਸ਼ਾ ਹੈ। ਜਦੋਂ ਸਰਕਾਰ ਕਿਸਾਨਾਂ/ਮਜ਼ਦੂਰਾਂ ਦੀ ਗੱਲ ਹੀ ਨਾ ਸੁਣੇ। ਉਨ੍ਹਾਂ ਦੀ ਪੀੜ ਦਾ ਹੱਲ ਹੀ ਨਾ ਕਰੇ ਅਤੇ ਪੁਲਿਸ ਅਤੇ ਡੰਡੇ ਦੇ ਜ਼ੋਰ ਆਪਣੀ ਪੀੜ ਦਾ ਪ੍ਰਗਟਾਅ ਕਰਨ ਤੋਂ ਹੀ ਜਬਰੀ ਰੋਕਿਆ ਜਾਵੇ ਅਤੇ ਲੋਕਾਂ ਨੂੰ ਜ਼ਬਰੀ ਅਨਿਆਂ ਸਹਿਣ ਤੇ ਬਰਦਾਸ਼ਤ ਕਰਨ ਲਈ ਮਜਬੂਰ ਕੀਤਾ ਜਾਵੇ; ਨਿਆਂਤੰਤਰ ਦੀ ਭੂਮਿਕਾ ਵੀ ਸ਼ੱਕੀ ਹੋਵੇ ਅਤੇ ਹਾਸ਼ੀਏ ਤੋਂ ਪਾਰ ਵਰਗਾਂ ਪ੍ਰਤੀ ਦੋਮ ਦਰਜੇ ਦਾ ਰਵੱਈਆ ਹੋਵੇ ਤਾਂ ਫੇਰ ਲੋਕਾਂ ਕੋਲ ਕੀ ਹੱਲ ਨਿਕਲਦਾ ਹੈ। ਹਿੰਸਾ ਕੌਣ ਪੈਦਾ ਕਰਦਾ ਹੈ? ਜਦੋਂ ਨਿਆਂ ਨਾ ਮਿਲੇ, ਪ੍ਰਬੰਧ ਜਮਹੂਰੀ ਦਿੱਖ ਹੇਠ ਤਾਨਾਸ਼ਾਹ ਪ੍ਰਗਟਾ ਕਰੇ ਤਾਂ ਇਕ ਨਾ ਇਕ ਦਿਨ ਕੀ ਹੋਵੇਗਾ?

ਵੱਧ ਰਹੀ ਆਰਥਿਕ ਗੈਰ ਬਰਾਬਰੀ, ਸਰਕਾਰ ਦੇ ਸਾਰੇ ਅੰਗ, ਨਿਆਂਪਾਲਿਕਾ ਅਤੇ ਪ੍ਰਸ਼ਾਸਨ ਵਲੋਂ ਹੇਠਲੇ ਵਰਗਾਂ ਪ੍ਰਤੀ ਅਣਗੌਲਿਆ ਰਵੱਈਆ, ਉਨ੍ਹਾਂ ਦੀ ਆਵਾਜ਼ ਨੂੰ ਜ਼ਬਰ ਨਾਲ ਦਬਾਉਣ ਦਾ ਅਪਣਾਇਆ ਢੰਗ ਅਤੇ ਦੂਸਰੇ ਪਾਸੇ ਧਾਰਮਿਕ ਸ਼ਾਵਨਵਾਦ/ਕੱਟੜਵਾਦ ਫੈਲਾ ਕੇ ਆਪਸ ਵਿਚ ਲੜਾਉਣ ਰਾਹ ਇਕ ਘਾਤਕ ਹਾਲਤ ਵੱਲ ਜਾ ਰਿਹਾ ਹੈ ਅਤੇ ਹੁਣ ਜਦੋਂ ਹਕੂਮਤ ਉਤੇ ਬੈਠਾ ਵਰਗ ਵਿਰੋਧੀ ਆਵਾਜ਼ ਜਾਂ ਸੁਰ ਦਾ ਤਰਕ ਨਾਲ ਮੁਕਾਬਲਾ ਕਰਨ ਦੀ ਥਾਂ ਕਾਨੂੰਨ ਅਤੇ ਸੰਵਿਧਾਨਕ ਮਰਿਆਦਾ ਨੂੰ ਪਾਸੇ ਕਰਕੇ ਸਿੱਧਿਆ ਨਜਿੱਠਣੇ ਵੱਲ ਤੁਰ ਪਿਆ ਹੈ ਹੋਰ ਵੀ ਖਤਰਨਾਕ ਹੈ। ਗੁਜਰਾਤ ਦੇ ਕਿਸਾਨਾਂ ਦੀ ਵੱਡੀ ਪੱਧਰ ਉਤੇ ਜ਼ਮੀਨ ਪਿਛਲੇਰੇ ਸਾਲਾਂ 'ਚ ਹੋਰ ਕੇ ਪੂੰਜੀਪਤੀ ਘਰਾਣਿਆਂ ਦੇ ਹਵਾਲੇ ਕੀਤੀ ਗਈ ਹੈ ਅਤੇ ਇਹ ਸਿਲਸਿਲਾ ਲਗਾਤਾਰ ਜਾਰੀ ਹੈ। ਉਨ੍ਹਾਂ ਵਲੋਂ ਮੁਆਵਜ਼ਾ, ਮਾਲਕੀ ਦੇ ਹੱਕ ਤੋਂ ਇਲਾਵਾ ਜਿਣਸਾਂ ਦੇ ਭਾਅ ਕਰਜ਼ੇ ਤੇ ਅਜਿਹੀਆਂ ਹੋਰ ਸਮੱਸਿਆਵਾਂ ਪ੍ਰਤੀ ਅਪਣਾਈ ਸਰਕਾਰ ਦੀ ਗੈਰ ਜ਼ਿੰਮੇਵਾਰਾਨਾ ਅਤੇ ਤਾਨਾਸ਼ਾਹੀ ਪਹੁੰਚ, ਅਣਗੌਲਿਆਂ ਕਰਨ ਦਾ ਰਵੱਈਆ ਹੀ ਮੋਦੀ ਮਾਡਲ ਹੈ। ਮੋਦੀ ਵਿਕਾਸ ਮਾਡਲ ਹੈ, ਗਰੀਬਾਂ ਤੋਂ ਖੋਹ ਕੇ ਅਮੀਰਾਂ ਨੂੰ ਦਿਓ ਮੋਦੀ ਜਮਹੂਰੀ ਮਾਡਲ ਹੈ, ਜੋ ਸੱਤਾ 'ਤੇ ਬੈਠਾ ਹੈ ਉਸੇ ਦਾ ਨਿਆਂ ਹੈ। ਲੋਕਾਂ ਨੂੰ ਆਪਣੀ ਪੀੜਾ ਜ਼ਾਹਿਰ ਕਰਨ ਦਾ ਵੀ ਅਧਿਕਾਰ ਨਹੀਂ। ਇਹੋ ਕਾਰਨ ਹੈ ਕਿ ਨਾ ਸਿਰਫ਼ ਦਫ਼ਾ 144 ਸਗੋਂ ਮੋਦੀ ਵਲੋਂ ਗੁਜਰਾਤ 'ਚੋਂ ਬਾਹਰ ਦਿੱਲੀ ਦੀ ਸੱਤਾ ਉਤੇ ਬਿਰਾਜਮਾਨ ਹੋ ਕੇ ਭੂਮੀ ਹਥਿਆਉਣ ਤੋਂ ਲੈ ਕੇ ਕਿਰਤ ਕਾਨੂੰਨਾਂ ਤੱਕ ਜਿੰਨੀਆਂ ਤਬਦੀਲੀਆਂ ਕੀਤੀਆਂ ਹਨ ਉਨ੍ਹਾਂ ਨੇ ਸੰਵਿਧਾਨਕ ਜਮਹੂਰੀਅਤ ਉਤੇ, ਨਾਗਰਿਕ ਅਧਿਕਾਰਾਂ ਉਤੇ ਹੀ ਸੁਆਲੀਅਚਿੰਨ੍ਹ ਲਾ ਦਿੱਤਾ ਹੈ। ਸੰਵਿਧਾਨ ਨੂੰ ਅਛੋਪਲੇ ਜੇਹੇ ਤਬਦੀਲੀ ਕਰਾਇਆ ਹੈ ਤੇ ਇਕ ਵੱਡੇ ਵਰਗ ਨੂੰ ਬਾਹਰ ਧੱਕ ਦਿੱਤਾ ਹੈ। ਵੈਸੇ ਵੀ ਮਾਲਕੀ ਵਾਲੀਆਂ ਜਮਾਤਾਂ ਪਾਸੋਂ ਨਿਆਂਸ਼ੀਲ ਪ੍ਰਬੰਧ ਦੀ ਆਸ ਰੱਖਣੀ ਫ਼ਜ਼ੂਲ ਹੈ। ਅਜੇ ਗੁਜਰਾਤ ਦੇ ਕਿਸਾਨਾਂ ਜਾਂ ਹਾਸ਼ੀਏ ਤੋਂ ਪਾਰ ਲੋਕ ਬੇਸ਼ੱਕ ਗੈਰ ਜਥੇਬੰਦ ਹਨ ਅਤੇ ਉਨ੍ਹਾਂ ਨੂੰ ਧਾਰਮਿਕ ਜਾਂ ਹੋਰ ਸਮੁਦਾਇਆਂ ਵਿਚ ਵੰਡਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਤੇ ਜਾਰੀ ਹਨ ਪਰ ਜਿਹੜੀਆਂ ਹਾਲਤਾਂ ਉਨ੍ਹਾਂ ਉਤੇ ਥੋਪ ਦਿੱਤੀਆਂ ਗਈਆਂ ਹਨ, ਉਹ ਉਨ੍ਹਾਂ ਲਈ ਇਕ ਨਵੇਂ ਸੰਘਰਸ਼ ਦਾ ਰਾਹ ਲੱਭਣ 'ਚ ਸਹਾਈ ਹੋਣਗੀਆਂ। ਹਕੂਮਤ ਦੀ ਤਾਨਾਸ਼ਾਹ ਪ੍ਰਵਿਰਤੀ ਨੂੰ ਲੋਕਾਈ ਨੇ ਲੰਮਾਂ ਸਮਾਂ ਕਦੇ ਪ੍ਰਵਾਨ ਨਹੀਂ ਕੀਤਾ।

93544-30211



# ਕਹਿਣ ਜੋਗੇ ਹੋ ਜਾਈਏ

# ਨਵਾਂ ਸਾਲ ਮੁਬਾਰਕ

## ਸੰਪਾਦਕੀ

ਜਦੋਂ ਦੀ ਧਰਤੀ ਬਣੀ ਹੈ ਆਪਸੀ ਕਸ਼ਿਸ਼ ਦੇ ਕਾਰਣ ਲਗਾਤਾਰ ਸੂਰਜ ਦੁਆਲੇ ਚੱਕਰ ਲਾ ਰਹੀ ਹੈ ਅਤੇ ਲੱਗਭਗ 365 ਦਿਨਾਂ ਚ ਚੱਕਰ ਪੂਰਾ ਕਰ ਲੈਂਦੀ ਹੈ । ਧਰਤੀ ਉਤਲੇ ਕਰੋੜਾਂ ਜੀਵਾਂ ਵਿੱਚ ਮਨੁੱਖ ਹੀ ਐਸਾ ਜੀਵ ਹੈ ਜਿਸ ਨੇ ਇਸ ਅੰਤਰ-ਕਾਲ ਨੂੰ ਸਾਲ ਜਾਂ ਵਰ੍ਹੇ ਦਾ ਨਾਂ ਦਿੱਤਾ ਹੈ । ਭਾਰਤ ਦਾ ਦੇਸੀ ਸਾਲ ਚੇਤ ਮਹੀਨੇ ,ਚੀਨੀ ਸਾਲ (ਸਪਰਿੰਗ ਫੈਸਟੀਵਲ ,ਜਨਵਰੀ 21-ਫਰਵਰੀ 21 ), ਜਿਊਅਸ਼ ਸਾਲ ਹੈਬਰਿਊ 7ਵੇ ਮਹੀਨੇਂ ,ਇਸਲਾਮਿਕ ਸਾਲ ਨਵੰਬਰ ਵਿੱਚ ਮੁਹੱਰਮ ਤੋਂ, ਥਾਈ ਸਾਲ ਸੌਂਗਕਰਾਨ (ਅਪਰੈਲ 13-15 ) ਅਤੇ ਗਰੈਗੋਰੀਅਨ ਕੈਲੰਡਰ ਮੁਤਾਬਕ ਸਾਲ ਜੋ ਅੰਤਰਰਾਸ਼ਟਰੀ ਪੱਧਰ ਤੇ ਮਨਾਇਆ ਜਾਂਦਾ ਹੈ 1 ਜਨਵਰੀ ਤੋਂ ਸ਼ੁਰੂ ਹੁੰਦਾ ਹੈ । ਜਦ ਸਾਲ ਦਾ ਨੰਬਰ ਬਦਲਦਾ ਹੈ ਤਾਂ ਅਸੀਂ ਸਾਰੇ ਰੀਸੋ ਰੀਸ ਇੱਕ ਦੂਜੇ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੰਦੇ ਹਾਂ । ਇਹ ਵੱਖਰੀ ਗੱਲ ਹੈ ਕਿ ਨਵੇਂ ਵਰ੍ਹੇ ਵਿੱਚ ਕੋਈ ਐਸੇ ਹਾਲਤ ਪੈਦਾ ਹੋਣ ਜਾਂ ਨਾਂ ਜੋ ਮਨੁੱਖਤਾ ਲਈ ਲਾਹੇਵੰਦ ਹੋਣ । ਜ਼ਬਾਨੀ ਵਧਾਈਆਂ ਦੇ ਨਾਲ ਨਾਲ ਨਵੇਂ ਸਾਲ ਦੀਆਂ ਪਾਰਟੀਆਂ ਅਤੇ ਤੋਹਫੇ ਦੇਣ ਦਾ ਸਿਲਸਲਾ ਵੀ ਚਲਦਾ ਹੈ ।

ਬਦਲਾਅ ਕੁਦਰਤ ਦਾ ਨਿਯਮ ਹੈ। ਪੁਰਾਣੇ ਸਮੇਂ ਨਾਲੋਂ ਅੱਜ ਤਬਦੀਲੀ ਦੀ ਗਤੀ ਬਹੁਤ ਤੇਜ ਹੈ । ਪਿਛਲੀ ਇੱਕ ਸਦੀ ਵਿੱਚ ਹੋਈ ਗਿਆਨ ਅਤੇ ਵਿਗਿਆਨ ਦੀ ਉੱਨਤੀ ਨੇ ਪਿਛਲੀਆਂ ਸਾਰੀਆਂ ਸਦੀਆਂ ਦੇ ਜੋੜ ਦੇ ਰਿਕਾਰਡ ਤੋੜ ਦਿੱਤੇ ਹਨ । ਪਰ ਮਨੁੱਖੀ ਰਿਸ਼ਤਿਆਂ ਦੀ ਤਰੱਕੀ ਦੀ ਥਾਂ ਅਧੋਗਤੀ ਹੋਈ ਨਜ਼ਰ ਆਉਂਦੀ ਹੈ । ਜੇ ਪਿਛਲੀਆਂ ਦੋ ਤਿੰਨ ਸਦੀਆਂ ਦੇ ਇਤਿਹਾਸ ਤੇ ਝਾਤ ਮਾਰੀਏ ਤਾਂ ਦੇਖਦੇ ਹਾਂ ਕਿ ਸਾਮਰਾਜ ਨੇ ਧਰਤੀ ਦੇ ਬਹੁਤ ਹਿੱਸੇ ਤੇ ਜਕੜ ਮਾਰ ਲਈ ਸੀ ਪਰ ਸਮੇਂ ਦੇ ਗੇੜ ਨਾਲ ਉਹ ਸਾਮਰਾਜ ਢਹਿ ਢੇਰੀ ਹੋ ਗਿਆ। ਅੱਜ ਸਾਮਰਾਜ ਦਾ ਨਵਾਂ ਰੂਪ ਸਰਮਾਏਦਾਰੀ ਸਾਮਰਾਜ ਸਾਡੇ ਸਨਮੁੱਖ ਖੜਾ ਹੈ । ਇਸ ਨੇ ਮਨੁੱਖਤਾ ਲਈ ਸਾਮਰਾਜ ਤੋਂ ਵੀ ਵੱਡਾ ਜਾਲ ਵਿਛਾ ਛੱਡਿਆ ਹੈ। ਲੋਕਾਂ ਦੀ ਕਿਰਤ ਨੂੰ ਲੁੱਟਣ ਲਈ ਅਨੇਕਾਂ ਹੀ ਢੰਗ ਲੱਭ ਲਏ ਹਨ ਜਿੰਨ੍ਹਾਂ ਦਾ ਆਮ ਆਦਮੀ ਨੂੰ ਪਤਾ ਹੀ ਨਹੀਂ ਲਗਦਾ । ਇਹ ਨਵਾਂ ਸਾਮਰਾਜ, ਲੋਕਤੰਤਰੀ ਕਹਾਉਂਦੀਆਂ ਸਰਕਾਰਾਂ ਨੂੰ ਆਪਣੀ ਮਰਜੀ ਦੀਆਂ ਚੁਣਨ ਦੇ ਜੁਗਾੜ ਬਣਾ ਲੈਂਦਾ ਹੈ ਜਿਹੜੀਆਂ ਲੋਕਾਂ ਦੀ ਥਾਂ ਉਸ ਦੇ ਹੱਕਾਂ ਦੀ ਪੂਰਤੀ ਕਰਦੀਆਂ ਹਨ । ਲੋਕਾਂ ਤੋਂ ਤਾਂ ਕਈ ਤਰ੍ਹਾਂ ਦੇ ਹੱਥਕੰਡੇ ਅਪਨਾ ਕੇ ਮੋਹਰ ਹੀ ਲਵਾਈ ਹੁੰਦੀ ਹੈ। ਸਗੋਂ ਲੋਕਾਂ ਨੂੰ ਤਾਂ ਇਸ ਭੁਲੇਖੇ ਵਿੱਚ ਰੱਖਿਆ ਜਾਂਦਾ ਹੈ ਕਿ ਇਹ ਉਹਨਾਂ ਦੀ ਆਪਣੀ ਸਰਕਾਰ ਹੈ ਹਾਲਾਂਕਿ ਗੱਲ ਇਸ ਤੋਂ ਉਲਟ ਹੁੰਦੀ ਹੈ । ਲੋਕ-ਰਾਜੀ ਕਹਾਉਂਦੇ ਲੱਗਭੱਗ ਸਾਰੇ ਮੁਲਕਾਂ ਵਿੱਚ ਪ੍ਰਮੁਖ ਤੌਰ ਤੇ ਦੋ ਪਾਰਟੀਆਂ ਪ੍ਰਮੁੱਖ ਹੁੰਦੀਆਂ ਹਨ ਜਿਹੜੀਆਂ ਲੋਕਾਂ ਦੀ ਅਸੰਤੁਸ਼ਟੀ ਦੇ ਕਾਰਣ ਵਾਰੀ ਵਾਰੀ ਰਾਜ ਭਾਗ ਸੰਭਾਲ ਲੈਂਦੀਆਂ ਹਨ ਤੇ ਉੰਨੀ ਇੱਕੀ ਦੇ ਫਰਕ ਨਾਲ ਹਿੱਤ ਮਲਟੀਨੈਸ਼ਨਲ ਕੰਪਨੀਆਂ ਦੇ ਹੀ ਪੂਰਦੀਆਂ ਹਨ। ਲੋਕ ਕੋਹਲੂ ਦੇ ਬੈਲ ਬਣ ਕੇ ਦਿਨ ਰਾਤ ਕੰਮ ਕਰੀ ਜਾਂਦੇ ਹਨ । ਉਨ੍ਹਾਂ ਕੋਲ ਆਪਣੀ ਹਾਲਤ ਬਾਰੇ ਡੂੰਘਿਆਈ ਨਾਲ ਸੋਚਣ ਦੀ ਵਿਹਲ ਹੀ ਨਹੀਂ।

ਇਹ ਠੀਕ ਹੈ ਕਿ ਸਰਮਾਏਦਾਰੀ ਸਿਸਟਮ ਦੇ ਕਾਫੀ ਮੁਲਕਾਂ ਵਿੱਚ ਕਾਮਿਆਂ ਨੂੰ ਢਿੱਡ ਭਰਵੀਂ ਰੋਟੀ ਅਤੇ ਥੋੜੀਆਂ ਬਹੁਤ ਸਹੂਲਤਾਂ ਕੰਮ ਕਰਨ ਬਦਲੇ ਮਿਲ ਜਾਂਦੀਆਂ ਹਨ । ਇਹ ਸਭ ਆਪਣੀ ਜ਼ਰੂਰਤ ਵਾਸਤੇ ਕਾਮਿਆਂ ਦੀ ਲੋੜ ਪੂਰੀ ਕਰਨ ਲਈ ਉਹਨਾਂ ਨੂੰ ਸਿਰਫ ਜਿਉਂਦਾ ਰੱਖਣ ਲਈ ਕੀਤਾ ਜਾਂਦਾ ਹੈ । ਵਰਕਰਾਂ ਉੱਤੇ ਕੰਮ ਦਾ ਤਨਾਅ , ਕਿਸੇ ਵੀ ਸਮੇਂ ਬੇਰੁਜਗਾਰ ਹੋ ਜਾਣ ਦੀ ਲਟਕਦੀ ਤਲਵਾਰ ਉਹਨਾਂ ਨੂੰ ਤਨਾਅ ਵਿੱਚ ਰਹਿਣ ਲਈ ਮਜ਼ਬੂਰ ਕਰ ਕੇ ਇੱਕ ਤਰ੍ਹਾਂ ਦੇ ਮਾਨਸਿਕ ਰੋਗੀ ਬਣਾਅ ਦਿੰਦਾ ਹੈ ਅਤੇ ਰਿਟਾਇਰਮੈਂਟ ਦੀ ਉਮਰ ਤੱਕ ਜਾਂਦੇ ਜਾਂਦੇ ਬਹੁਤ ਸਾਰੀਆਂ ਸਰੀਰਕ ਬਿਮਾਰੀਆਂ ਦਾ ਵੀ ਸ਼ਿਕਾਰ ਹੋ ਜਾਂਦੇ ਹਨ। ਮਲਟੀਨੈਸ਼ਨਲ ਕੰਪਨੀ ਦੇ ਸੀ ਈ ਓ ਅਤੇ ਕਾਮੇ ਦੀ ਉਜਰਤ ਵਿੱਚ ਹਜਾਰਾਂ ਗੁਣਾਂ ਦਾ ਪਾੜਾ ਹੈ ।

ਲੋਕਾਈ ਨੂੰ ਨਾਂ ਹਥਿਆਰਾਂ ਤੇ ਨਾਂ ਹੀ ਨਸ਼ਿਆਂ ਦੀ ਲੋੜ ਹੈ ਸੰਸਾਰ ਦੇ ਲੋਕਾਂ ਸਾਹਮਣੇ ਵੱਡੇ ਖਤਰੇ ਹਥਿਆਰਾਂ ਅਤੇ ਨਸ਼ਿਆਂ ਦੇ ਤੇਜੀ ਨਾਲ ਵਧ ਰਹੇ ਵਿਉਪਾਰ ਹਨ । ਹਥਿਆਰਾਂ ਅਤੇ ਨਸ਼ਿਆਂ ਨਾਲ ਮਨੁੱਖਤਾ ਦਾ ਘਾਣ ਹੋਣਾ ਲਾਜ਼ਮੀ ਹੈ । ਆਪਣੇ ਅੰਨ੍ਹੇ ਮੁਨਾਫੇ ਲਈ ਕਈ ਦੇਸ਼ ਹਥਿਆਰਾਂ ਦਾ ਉਤਪਾਦਨ ਧੜਾ ਧੜ ਕਰ ਰਹੇ ਹਨ ਤੇ ਉਹਨਾਂ ਦੀ ਵਿਕਰੀ ਯਕੀਨੀ ਬਣਾਉਣ ਲਈ ਵੱਖ ਵੱਖ ਢੰਗ ਵਰਤਕੇ ਆਪਸੀ ਗੁਆਂਢੀ ਮੁਲਕਾਂ ਵਿੱਚ ਲੜਾਈ ਪਵਾ ਕੇ ਆਪਣਾ ਮਕਸਦ ਪੂਰਾ ਕਰ ਰਹੇ ਹਨ । ਉਨ੍ਹਾਂ ਦੇ ਕੁਦਰਤੀ ਖਜਾਨਿਆਂ ਦੀ ਬੇਕਿਰਕੀ ਨਾਲ ਲੁੱਟ ਕਰ ਰਹੇ ਹਨ । ਅੱਤਵਾਦੀ ਸੰਗਠਨ ਜਿਨ੍ਹਾ ਦੇ ਸਹਿਮ ਤੋਂ ਸਾਰਾ ਸੰਸਾਰ ਡਰਿਆ ਹੋਇਆ ਹੈ ਵੀ ਇਸੇ ਗੱਲ ਦੀ ਪੈਦਾਵਾਰ ਹਨ । ਅੱਜ ਸਾਰੀ ਧਰਤੀ ਹੀ ਕੁਰੂਕਸ਼ੇਤਰ ਦਾ ਮੈਦਾਨ ਬਣੀ ਹੋਈ ਹੈ । ਮਨੁੱਖਤਾ ਸਿਰਫ ਹਥਿਆਰਾਂ ਨਾਲ ਹੀ ਨਹੀਂ ਨਸ਼ਿਆਂ ਨਾਲ ਵੀ ਤਬਾਹ ਹੋ ਰਹੀ ਹੈ। ਨਸ਼ਿਆਂ ਦੇ ਗੈਂਗਾਂ ਦੇ ਆਪਣੇ ਸਾਮਰਾਜ ਉਸਾਰੇ ਹੋਏ ਹਨ ਜਿਹੜੇ ਹਰੇਕ ਮਨੁੱਖ ਨੂੰ ਹੀ ਆਪਣੀ ਜਕੜ ਵਿੱਚ ਲੈਣ ਲਈ ਯਤਨਸ਼ੀਲ ਹਨ।

ਲੋਕਾਂ ਨੂੰ ਪਿੱਛੇ ਲਿਜਾਣ ਵਾਲਾ ਇੱਕ ਹੋਰ ਕਾਰਕ ਅੰਧ-ਵਿਸ਼ਵਾਸ ਹੈ । ਇਹ ਉਮੀਦ ਕੀਤੀ ਜਾਂਦੀ ਸੀ ਕਿ ਸਿੱਖਿਆ ਦੇ ਫੈਲਾਅ ਨਾਲ ਅੰਧਵਿਸ਼ਵਾਸ ਖਤਮ ਹੋ ਜਾਵੇਗਾ । ਅਫਸੋਸ ਦੀ ਗੱਲ ਇਹ ਹੈ ਕਿ ਜਿੱਥੇ ਮਨੁੱਖ ਧਰਤੀ ਦੀ ਖਿੱਚ ਤੋਂ ਦੂਰ ਚੰਨ ਅਤੇ ਮੰਗਲ ਤੱਕ ਪਹੁੰਚ ਗਿਆ ਹੈ ਉੱਥੇ ਅਰਬਾਂ ਲੋਕ ਅਜੇ ਵੀ ਅੰਧ-ਵਿਸ਼ਵਾਸ ਦੇ ਪਾਤਾਲ ਵਿੱਚ ਨਿੱਘਰੇ ਜਿਉਂ ਰਹੇ ਹਨ । ਮੀਡੀਏ ਦਾ ਵੱਡਾ ਹਿੱਸਾ ਜਿਸਦਾ ਫਰਜ਼ ਲੋਕਾਂ ਨੂੰ ਇਸ ਵਿੱਚੋਂ ਕੱਢਣ ਦਾ ਹੈ, ਇਸ ਨੂੰ ਫੈਲਾਉਣ ਦਾ ਰੋਲ ਨਿਭਾਅ ਰਿਹਾ ਹੈ । ਬਹੁਤ ਸਾਰੇ ਟੀ ਵੀ ਚੈਨਲ ਅਜਿਹੇ ਹਨ ਜੋ ਦਿਨ ਰਾਤ ਅਜਿਹੇ ਪ੍ਰੋਗਰਾਮ ਪ੍ਰਸਾਰਤ ਕਰ ਰਹੇ ਹਨ ਜੋ ਸਾਧਾਰਨ ਲੋਕਾਂ ਨੂੰ ਇਸ ਦਲਦਲ ਵਿੱਚ ਫਸਾ ਰਹੇ ਹਨ । ਵਿਚਾਰੇ ਲੋਕ ਬਾਬਿਆਂ, ਤਾਂਤਰਿਕਾਂ , ਜੋਤਸ਼ੀਆਂ ਤੇ ਅਖੌਤੀ ਸੰਤਾ ਦੇ ਜਾਲ ਵਿੱਚ ਫਸ ਕੇ ਆਪਣਾ ਸਮਾਂ ਤੇ ਧਨ ਨਸ਼ਟ ਕਰ ਰਹੇ ਹਨ। ਪਿਛਲੇ ਜਨਮਾਂ ਦੇ ਫਲ ਤੇ ਕਿਸਮਤ ਦੇ ਅਖੌਤੀ ਚੱਕਰ ਵਿੱਚ ਫਸੇ ਲੋਕ ਆਪਣੇ ਹੱਕਾਂ ਪ੍ਰਤੀ ਜਾਗਰਤ ਨਹੀਂ ਹੋ ਰਹੇ । ਧਾਰਮਿਕ ਤੇ ਰਾਜਨੀਤਕ ਲੋਕਾਂ ਵਲੋਂ ਦੂਹਰੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ । ਬੱਚੇ ਮਨੋ-ਕਲਪਿਤ ਕਹਾਣੀਆਂ ਵਾਲੇ ਕਾਰਟੂਨ ਦੇਖ ਦੇਖ ਕੇ ਸੁਤੇ-ਸਿੱਧ ਹੀ ਅੰਧ ਵਿਸ਼ਵਾਸੀ ਬਣ ਰਹੇ ਹਨ ।

ਜਿੱਥੇ ਅੰਧ ਵਿਸ਼ਵਾਸ ਫੈਲਾਉਣ ਵਾਲੇ ਚੈਨਲ ਦਿਨ ਰਾਤ ਬੇਰੋਕ-ਟੋਕ ਚੱਲ ਰਹੇ ਹਨ ਉੱਥੇ ਬੁੱਧੀਜੀਵੀਆਂ ਅਤੇ ਪੱਤਰਕਾਰਾਂ ਉੱਤੇ ਵੱਖ ਵੱਖ ਤਰੀਕਿਆਂ ਨਾਲ ਹੱਲੇ ਬੋਲੇ ਜਾ ਰਹੇ ਹਨ । ਇਹ ਵਰਤਾਰਾ ਖਾਸ ਤੌਰ ਤੇ ਜਾਗਦੀ ਅੱਖ ਅਤੇ ਜਿਉਂਦੀ ਜਮੀਰ ਵਾਲੇ ਬੁੱਧੀਜੀਵੀਆਂ ਤੇ ਪੱਤਰਕਾਰਾਂ ਨਾਲ ਹੋ ਰਿਹਾ ਹੈ । ਲੋਕਾਂ ਨੂੰ ਜਾਗਰਤ ਕਰਨ ਦਾ ਰਹਿੰਦਾ ਖੂੰਹਦਾ ਸਹਾਰੇ ਨੂੰ ਵੀ ਚੁੱਪ ਕਰਾਉਣ ਦੀ ਕੋਸ਼ਿਸ਼ਾਂ ਜਾਰੀ ਹਨ । ਪਿਛਲੇ ਵਰ੍ਹੇ 47 ਪੱਤਰਕਾਰਾਂ ਦੇ ਕਤਲ ਹੋਏ ਅਤੇ 199 ਪੱਤਰਕਾਰਾਂ ਨੂੰ ਜੇਲ੍ਹ ਦੀ ਸਜਾ ਦਿੱਤੀ ਗਈ। ਮਨੁੱਖਤਾ ਲਈ ਇਹ ਸਭ ਕੁਝ ਆਉਣ ਵਾਲੇ ਸਮੇਂ ਲਈ ਸ਼ੁਭ ਸੰਕੇਤ ਨਹੀਂ ਹਨ ।

ਨਵੇਂ ਸਾਲ ਦੀਆਂ ਸ਼ੁਭ ਇਛਾਵਾਂ ਇਸ ਆਸ ਨਾਲ ਦੇਈਏ ਅਤੇ ਲਈਏ ਕਿ ਆਉਣ ਵਾਲਾ ਸਾਲ ਆਮ ਲੋਕਾਈ ਲਈ ਸੱਚਮੁੱਚ ਹੀ ਨਵਾਂ ਬਣ ਕੇ ਆਵੇ । ਸ਼ਾਲਾ ! ਆਉਣ ਵਾਲੇ ਸਮੇਂ ਵਿੱਚ ਲੋਕਾਂ ਦੀ ਕਿਰਤ ਨੂੰ ਲੁੱਟਣ ਵਾਲ ਸਾਰੇ ਘਾਲੇ ਮਾਲੇ ਮੁੱਕਣ । ਅੰਧ -ਵਿਸ਼ਵਾਸਾਂ ਦੀ ਦਲਦਲ ਚ ਫਸੇ ਲੋਕਾਂ ਦੇ ਮਨਾਂ ਚੋਂ ਵਹਿਮਾਂ ਭਰਮਾਂ ਦੇ ਜਾਲੇ ਟੁੱਟਣ। ਸੱਚ ਬੋਲਣ ਤੋਂ ਰੋਕਣ ਵਾਲੇ ਮੂੰਹ ਤੇ ਲੱਗੇ ਤਾਲੇ ਟੁੱਟਣ। ਜੰਗ ਦੇ ਬਦਲ ਬਣਾਉਣ ਵਾਲੇ ਸਾਰੇ ਨਦੀਆਂ ਨਾਲੇ ਸੁੱਕਣ। ਫਿਰ ਹੀ ਸਾਰੇ ਰਲ ਮਿਲ ਕਹੀਏ ਨਵਾਂ ਸਾਲ ਮੁਬਾਰਕ ਬੇਲੀਓ ਨਵਾਂ ਸਾਲ ਮੁਬਾਰਕ ।

- ਹਰਜੀਤ ਬੇਦੀ

647-924-9087

## ਬਾਬਾ ਬੂਝਾ ਸਿੰਘ ਪ੍ਰਕਾਸ਼ਨ ਵਲੋਂ ਛਾਪੀਆਂ ਗਈਆਂ ਚਾਰ ਸੰਸਾਰ ਪ੍ਰਸਿੱਧ ਕਿਤਾਬਾਂ




ਸੰਸਾਰ ਪ੍ਰਸਿੱਧ ਲੇਖਿਕਾ ਅਤੇ ਕਾਰਕੁਨ ਅਰੁੰਧਤੀ ਰਾਏ ਦੇ ਪਿਛਲੇ ਇਕ ਦਹਾਕੇ ਵਿਚ ਲਿਖੇ ਬਹੁਤ ਹੀ ਅਹਿਮ ਲੇਖਾਂ ਅਤੇ ਉਸ ਨਾਲ ਪੱਤਰਕਾਰਾਂ ਵਲੋਂ ਕੀਤੀਆਂ ਗਈਆਂ ਵਿਸਤਾਰਤ ਵਿਚਾਰ-ਚਰਚਾਵਾਂ ਦੇ ਦੋ ਸੰਗ੍ਰਹਿ 'ਜਮਹੂਰੀਅਤ ਕਟਹਿਰੇ ਵਿਚ' ਅਤੇ 'ਆਪਣੇ ਹੀ ਲੋਕਾਂ ਖ਼ਿਲਾਫ਼ ਜੰਗ' ਬਾਬਾ ਬੂਝਾ ਸਿੰਘ ਪ੍ਰਕਾਸ਼ਨ ਮਹਿਮੂਦਪੁਰ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਲੋਂ ਪੰਜਾਬੀ ਵਿਚ ਅਨੁਵਾਦ ਕਰਕੇ ਛਾਪੇ ਗਏ ਹਨ। ਦੋ ਸੰਸਾਰ ਪ੍ਰਸਿੱਧ ਕਿਤਾਬਾਂ, ਨੈਓਮੀ ਕਲਾਈਨ ਦੀ ਲਿਖੀ 'ਸਦਮਾ ਮੱਤ' ਅਤੇ ਜੌਹਨ ਪਰਕਿਨਜ਼ ਦੀ ਲਿਖੀ 'ਇਕ ਆਰਥਕ ਹਤਿਆਰੇ ਦਾ ਇਕਬਾਲੀਆ ਬਿਆਨ' ਦੇ ਨਵੇਂ ਪੰਜਾਬੀ ਐਡੀਸ਼ਨ ਵੀ ਛਾਪੇ ਗਏ ਹਨ। ਇਹ ਚਾਰ ਅਹਿਮ ਕਿਤਾਬਾਂ ਹਿੰਦੁਸਤਾਨ ਅਤੇ ਕੁਲ ਦੁਨੀਆ ਦੇ ਰਾਜ, ਸਮਾਜ ਅਤੇ ਹਾਲਾਤ ਨੂੰ ਸਮਝਣ ਲਈ ਇਕ ਡੂੰਘੀ ਸੂਝ ਮੁਹੱਈਆ ਕਰਨ ਵਾਲੀਆਂ ਬਹੁਤ ਹੀ ਬਹੁਮੁੱਲੀਆਂ ਕਿਤਾਬਾਂ ਹਨ। ਕੈਨੇਡਾ ਵਿਚ ਇਹ ਕਿਤਾਬਾਂ ਹਾਸਲ ਕਰਨ ਲਈ ਟੋਰਾਂਟੋ ਵਿਚ ਸੰਪਾਦਕ ਸਰੋਕਾਰਾਂ ਦੀ ਆਵਾਜ਼ ਨਾਲ (ਫ਼ੋਨ: 416-817-7142), ਕੈਲਗਰੀ-ਐਡਮਿੰਟਨ ਵਿਚ ਮਾਸਟਰ ਭਜਨ ਸਿੰਘ ਗਿੱਲ ਨਾਲ (ਫ਼ੋਨ: 403-455-4220), ਅਤੇ ਵੈਨਕੂਵਰ ਵਿਚ ਪ੍ਰਸ਼ੋਤਮ ਦੁਸਾਂਝ (ਫ਼ੋਨ: 604-596-3713), ਅਤੇ ਗੁਰਪ੍ਰੀਤ ਸਿੰਘ (ਫ਼ੋਨ : 604-501-2260) ਨਾਲ ਸੰਪਰਕ ਕੀਤਾ ਜਾ ਸਕਦਾ ਹੈ।






# ਨਿਧੜਕ ਪੱਤਰਕਾਰ ਬਲਤੇਜ ਪੰਨੂੰ ਦੇ ਹੱਕ 'ਚ ਕੈਲਗਰੀ ਵੀ ਨਿੱਤਰੀ

## ਸਾਰੇ ਬੁਲਾਰਿਆਂ ਨੇ ਪੰਜਾਬ ਸਰਕਾਰ ਅਤੇ ਪੁਲਿਸ ਨੂੰ ਕੋਸਿਆ



ਮਾ. ਭਜਨ ਸਿੰਘ ਕੈਲਗਰੀ

ਅੱਜ ਇਥੇ ਡੈਨ ਸਿੱਧੂ-ਅਵਤਾਰ ਸ਼ੇਰਗਿੱਲ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਬੀਕਾਨੇਰ ਸਵੀਟਸ ਵਿਖੇ ਸੁਹਿਰਦ ਅਤੇ ਨਿਧੱੜਕ ਪੱਤਰਕਾਰ ਸ੍ਰੀ ਬਲਤੇਜ ਪੰਨੂੰ ਨੂੰ ਪੰਜਾਬ ਸਰਕਾਰ ਦੇ ਇਸ਼ਾਰੇ ਤੇ ਪੁਲਿਸ ਵਲੋਂ ਸਾਜ਼ਿਸ਼ੀ ਅਤੇ ਕਾਹਲਪਨ 'ਚ ਗ੍ਰਿਫ਼ਤਾਰ ਕਰਨ ਵਿਰੁੱਧ ਕੈਲਗਰੀ ਵਾਸੀਆਂ ਦਾ ਰੋਸ ਇਕੱਠ ਕੀਤਾ। ਸਟੇਜ ਸੰਚਾਲਨ ਰਣਜੀਤ ਸਿੰਘ ਸਿੱਧੂ ਨੇ ਬਾਖ਼ੂਬੀ ਨਿਭਾਇਆ। ਸ਼ੁਰੂਆਤ ਸੁਰਿੰਦਰਗੀਤ ਨੇ ਆਪਣੀ ਕਵਿਤਾ 'ਕਲਮਾਂ' ਨਾਲ ਕੀਤੀ। ਜੁਝਾਰ ਸਿੰਘ ਅਤੇ ਅਜੀਤ ਸਿੰਘ ਨੇ ਕਵੀਸ਼ਰੀ ਰਾਹੀਂ ਹਾਜ਼ਰੀ ਲਗਵਾਈ।

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਸੋਹਨ ਮਾਨ ਨੇ ਬਲਤੇਜ ਪੰਨੂੰ 'ਤੇ ਪਾਏ ਕੇਸ ਨੂੰ ਲਿਖਣ-ਬੋਲਣ ਦੇ ਹੱਕ 'ਤੇ ਗੰਭੀਰ ਹਮਲਾ ਕਿਹਾ। ਉਨ੍ਹਾਂ ਕਿਹਾ ਕਿ ਮਨੁੱਖੀ ਅਧਿਕਾਰਾਂ 'ਤੇ ਹਮਲੇ ਇਕੱਲੇ ਪੰਜਾਬ 'ਚ ਹੀ ਨਹੀਂ, ਇਹ ਤਾਂ ਸੰਸਾਰ ਵਿਆਪੀ ਵਰਤਾਰਾ ਬਣ ਚੁੱਕਾ ਹੈ। ਸਿੱਖ ਵਿਰਸਾ ਦੇ ਸੰਪਾਦਕ ਹਰਚਰਨ ਪਰਹਾਰ ਨੇ ਕਿਹਾ ਛਾਣ-ਬੀਣ ਤੋਂ ਬਿਨਾਂ ਕੇਸ ਮੁੜ ਕੇ ਜੇਲ੍ਹ 'ਚ ਤੁਨਣਾ ਸਰਾਸਰ ਧੱਕੜ ਕਾਰਵਾਈ ਹੈ। ਸਾਨੂੰ ਸਭ ਨੂੰ ਇਸ ਦਾ ਰਲਕੇ ਵਿਰੋਧ ਕਰਨ ਦੀ ਲੋੜ ਹੈ ਤਾਂ ਕਿ ਅੱਗੇ ਨੂੰ ਕੋਈ ਵੀ ਸਰਕਾਰ ਅਜਿਹਾ ਕਰਨ ਦੀ ਹਿੰਮਤ ਨਾ ਕਰ ਸਕੇ। ਮਾ. ਭਜਨ ਸਿੰਘ ਨੇ ਕਿਹਾ ਕਿ ਕੋਈ ਸਰਕਾਰ ਆਪਣਾ ਵਿਰੋਧ ਬਰਦਾਸ਼ਤ ਨਹੀਂ ਕਰਦੀ। ਬਲਤੇਜ ਪੰਨੂੰ ਨੂੰ ਡਰੱਗ ਮਾਫ਼ੀਆ ਦੀਆਂ ਤਾਰਾਂ ਸਿਆਸੀ ਲੀਡਰਾਂ ਨਾਲ ਜੁੜਨ ਦਾ ਪਰਦਾਫਾਸ਼ ਕਰਨ ਕਰਕੇ ਨਿਸ਼ਾਨਾ ਬਣਾਇਆ ਗਿਆ ਹੈ। ਪੰਜਾਬ ਪੁਲਿਸ ਨੇ ਸ਼ਰੂਤੀ ਅਗਵਾ ਕਾਂਡ 'ਚ ਕਿੰਨਾ ਨਖਿੱਧ ਰੋਲ ਨਿਭਾਇਆ ਹੈ ਸਾਡੇ ਸਾਹਮਣੇ ਹੈ। ਉਨ੍ਹਾਂ ਕਿਹਾ ਕਿ ਰੰਗਲਾ ਪੰਜਾਬ ਟਰਾਂਟੋ ਦੇ ਪੱਤਰਕਾਰ ਬਲਜਿੰਦਰ ਕੋਟਭਾਰਾ ਅਤੇ ਅਮਨਦੀਪ ਕੌਰ ਹਾਂਸ ਨਾਲ ਕਰਤਾਰਪੁਰ ਦੇ ਨੇੜੇ ਪਿੰਡ ਦਿਆਲਪੁਰ ਅਕਾਲੀ ਦਲ ਦੇ ਕਾਰਕੁੰਨਾਂ ਨੇ ਹਮਲਾ ਕੀਤਾ ਸੀ। ਡੇਰਾ ਸਿਰਸਾ ਦੇ ਪਾਲੇ ਗੁੰਡਾ ਗਰੋਹ ਵਲੋਂ ਛਤਰਪਤੀ ਦਾ ਕਤਲ ਵੀ ਉਘੜਵੀਂ ਘਟਨਾ ਹੈ। ਉਘੇ ਕਿਸਾਨ ਆਗੂ ਮਾ. ਸਾਧੂ ਸਿੰਘ ਤਖਤੂਪੁਰਾ ਦਾ ਕਤਲ ਵੀ ਅਕਾਲੀ ਆਗੂ ਵੀਰ ਸਿੰਘ ਲੋਪੋਕੇ ਦੀ ਗੁੰਡਾ-ਢਾਣੀ ਵਲੋਂ ਹੀ ਕੀਤਾ ਗਿਆ ਸੀ। ਪੰਜਾਬ ਸਟੂਡੈਂਟ ਯੂਨੀਅਨ ਦੇ ਸਿਰਕੱਢ ਆਗੂ ਪ੍ਰਿਥੀਪਾਲ ਸਿੰਘ ਰੰਧਾਵਾ ਅਤੇ ਪਿਆਰਾ ਸਿੰਘ ਪੀ. ਏ. ਯੂ. ਲੁਧਿਆਣਾ ਦੇ ਕਤਲ ਵੀ ਉਸ ਸਮੇਂ ਦੇ ਅਕਾਲੀ ਆਗੂਆਂ ਪਾਲੇ ਗੁੰਡਿਆਂ ਵਲੋਂ ਹੀ ਕੀਤੇ ਗਏ ਸਨ। ਡਾ. ਧਰਮਵੀਰ ਗਾਂਧੀ (ਐਮ. ਪੀ.) 'ਤੇ ਹਮਲਾ ਅਕਾਲੀਆਂ ਵਲੋਂ ਕਰਨ ਦੀਆਂ ਕੁਝ ਉਘੜਵੀਆਂ ਮਿਸਾਲਾਂ ਹਨ। ਉਨ੍ਹਾਂ ਕਿਹਾ ਕਿ ਪੱਤਰਕਾਰਾਂ ਤੋਂ ਇਲਾਵਾ ਹਰ ਉਹ ਵਿਅਕਤੀ ਜੋ ਸੱਚ 'ਤੇ ਖੜ੍ਹਦਾ ਹੈ ਸਰਕਾਰਾਂ ਦੇ ਜਬਰ ਦਾ ਵਿਰੋਧ ਕਰਦਾ ਹੈ ਉਸ ਦੀ ਆਵਾਜ਼ ਬੰਦ ਕਰਨ ਲਈ ਹਰ ਢੰਗ ਵਰਤਿਆ ਜਾ ਰਿਹਾ ਹੈ। ਡਾ. ਨਰਿੰਦਰ ਦਬਲੋਕਰ (ਮਹਾਂਰਾਸ਼ਟਰ) ਦਾ ਕਤਲ, ਸਾਇੰਸਦਾਨ ਗੋਬਿੰਦ ਪੰਸਾਰੇ, ਡਾ. ਕੁਲਬਰਗੀ (ਸਾਬਕਾ ਵਾਈਸ ਚਾਂਸਲਰ) ਦੇ ਕਤਲ ਇਸ ਦਾ ਜਾਰੀ ਰੂਪ ਹਨ।

ਸ੍ਰੀ ਦਰਸ਼ਨ ਸਿੰਘ ਕੰਗ ਮੈਂਬਰ ਪਾਰਲੀਮੈਂਟ ਕੈਲਗਰੀ ਨੇ ਵੀ ਬਲਤੇਜ ਪੰਨੂੰ ਤੇ ਕੇਸ ਦਰਜ ਕਰਨ ਦੀ ਪੁਰਜ਼ੋਰ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਮੈਂ ਕੈਨੇਡਾ ਸਰਕਾਰ ਵਲੋਂ ਉਨ੍ਹਾਂ ਨੂੰ ਰਿਹਾਅ ਕਰਵਾਉਣ ਲਈ ਬਣਦੀ ਕਾਰਵਾਈ ਕਰਾਂਵਾਂਗਾ। ਪੰਜਾਬੀ ਨੈਸ਼ਨਲ ਅਖ਼ਬਾਰ ਅਤੇ ਰੇਡੀਓ ਸੁਰ ਸੰਗਮ ਵਲੋਂ ਰਣਜੀਤ ਸਿੱਧੂ ਨੇ ਦੱਸਿਆ ਕਿ ਅਸੀਂ ਪਹਿਲਾਂ ਹੀ ਬਲਤੇਜ ਪੰਨੂੰ ਦੇ ਹੱਕ 'ਚ ਆਵਾਜ਼ ਬੁਲੰਦ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਅਤੇ ਸਰਕਾਰ ਦਾ ਰਵੱਈਆ ਕਈ ਸ਼ੰਕੇ ਖੜ੍ਹੇ ਕਰਦਾ ਹੈ। ਕੈਲਗਰੀ ਦੇ ਨਾਮਵਰ ਵਕੀਲ



ਅਮਰਪ੍ਰੀਤ ਹੋਰਨਾਂ ਨੇ ਬਲਤੇਜ ਪੰਨੂੰ ਨੂੰ ਨਿਡਰਤਾ ਨਾਲ ਸੱਚ 'ਤੇ ਖੜ੍ਹਨ ਵਾਲਾ ਯੋਧਾ ਕਿਹਾ ਜੋ ਕੈਨੇਡਾ ਦੀ ਧਰਤੀ ਨੂੰ ਛੱਡ ਕੇ ਪੰਜਾਬ ਗਿਆ, ਉਹ ਕੰਮ ਕਰ ਰਿਹਾ ਹੈ, ਜੋ ਵਧੀਆ ਸਮਾਜ ਸਿਰਜਣ ਲਈ ਅਸੀਂ ਸੋਚਦੇ ਹਾਂ। ਅੰਤਰਰਾਸ਼ਟਰੀ ਸੰਦਰਭ 'ਚ ਉਨ੍ਹਾਂ ਕਿਹਾ ਕਿ ਅੱਠ ਘੰਟੇ ਦੀ ਦਿਹਾੜੀ, ਘੱਟੋ ਘੱਟ ਉਜਰਤ (ਤਨਖਾਹ) ਅਤੇ ਹੋਰ ਬਹੁਤ ਹੱਕ ਸਾਡੇ ਪੁਰਖਿਆਂ ਨੇ ਬਹੁਤ ਹੀ ਘਾਲਣਾ ਅਤੇ ਕੁਰਬਾਨੀਆਂ ਉਪਰੰਤ ਲਏ ਸਨ ਜੋ ਖੋਹੇ ਜਾ ਰਹੇ ਹਨ। ਸਾਨੂੰ ਉਨ੍ਹਾਂ ਦੀ ਰਾਖੀ ਲਈ ਸੁਚੇਤ ਹੋਣਾ ਸਮੇਂ ਦੀ ਅਣਸਰਦੀ ਲੋੜ ਹੈ। ਵਿਅੰਗਮਈ ਢੰਗ ਨਾਲ ਉਨ੍ਹਾਂ ਬਲਤੇਜ ਪੰਨੂੰ ਅਤੇ ਸੁਖਬੀਰ ਬਾਦਲ ਦੀ ਤੁਲਨਾ ਕਰਦੇ ਕਿਹਾ ਕਿ ਪਨੂੰ ਲੋਕਾਂ ਨਾਲ ਖੜ੍ਹਨ ਵਾਲਾ ਅਤੇ ਸੁਖਬੀਰ ਇਕ ਵਧੀਆ ਬਿਜਨੈਸਮੈਨ ਹੈ। ਉਸਨੇ ਪੈਸੇ ਬਥੇਰੇ ਬਣਾ ਲਏ। ਹੁਣ ਇਹ ਕੰਮ ਛੱਡ ਕੇ ਲੋਕਾਂ ਵਲ ਆ ਜਾਵੇ। ਦਸ਼ਮੇਸ਼ ਕਲਚਰ ਸੀਨੀਅਰ ਸੁਸਾਇਟੀ ਦੇ ਪ੍ਰਧਾਨ ਸੁਖਦੇਵ ਸਿੰਘ ਖਹਿਰਾ ਨੇ ਕਾਨੂੰਨੀ ਨਜ਼ਰੀਏ ਤੋਂ ਆਪਣੀ ਗੱਲ ਕਹੀ ਅਤੇ ਬਲਤੇਜ ਪੰਨੂੰ ਦੇ ਹੱਕ 'ਚ ਖੜ੍ਹਨ ਦਾ ਭਰੋਸਾ ਦਿੱਤਾ।

ਅੱਜ ਦੇ ਇਕੱਠ ਦੇ ਸੰਚਾਲਕ ਡੈਨ ਸਿੱਧੂ ਨੇ ਦੱਸਿਆ ਕਿ ਸਿਕੰਦਰ ਸਿੰਘ ਮਲੂਕਾ ਦੇ ਸਕਿਓਰਿਟੀ ਗਾਰਡ ਦੇ ਧਮਕੀਆਂ ਦੇਣ ਤੋਂ ਬਾਅਦ ਬਲਤੇਜ ਪੰਨੂੰ ਨੇ ਇਹ ਗੱਲ ਮੀਡੀਆ ਰਾਹੀਂ ਪਹਿਲਾਂ ਹੀ ਦੱਸ ਦਿੱਤੀ ਸੀ। ਡਾਕੂਆਂ ਅਤੇ ਅੱਤਵਾਦੀਆਂ ਦੀ ਤਰ੍ਹਾਂ ਫੜਨਾ, ਅਦਾਲਤ 'ਚ ਪੇਸ਼ ਕਰਨਾ ਸਰਕਾਰ ਦੇ ਮਨਸ਼ੇ ਜ਼ਾਹਿਰ ਕਰਦਾ ਹੈ। ਉਨ੍ਹਾਂ ਮੀਡੀਆ ਨੂੰ ਡਟਕੇ ਆਵਾਜ਼ ਬੁਲੰਦ ਕਰਨ ਦੀ ਤਾਕੀਦ ਕਰਦੇ ਕਿਹਾ ਕਿ ਜੇ ਅਸੀਂ ਗੁਰੂਆਂ ਅਤੇ ਗ਼ਦਰੀ ਬਾਬਿਆਂ ਦੇ ਵਾਰਸ ਹਾਂ ਤਾਂ ਸਾਨੂੰ ਡਰਨਾ ਨਹੀਂ ਚਾਹੀਦਾ ਸਗੋਂ ਹੱਕ ਸੱਚ ਲਈ ਡਟਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਲਤੇਵ ਪੰਨੂੰ ਦੇ ਹੱਕ 'ਚ ਪੰਜਾਬ ਤੋਂ ਇਲਾਵਾ ਟਰਾਂਟੋ (ਹਜ਼ਾਰਾਂ ਦਾ ਇਕੱਠ), ਵੈਨਕੋਵਰ ਅਤੇ ਕੈਲਗਰੀ ਦੇ ਵਿਰੋਧ ਸਰਕਾਰ ਨੂੰ ਬੇਵਾਕ ਪੱਤਰਕਾਰ ਬਲਤੇਜ ਪੰਨੂੰ ਰਿਹਾਅ ਕਰਨ ਲਈ ਮਜਬੂਰ ਕਰ ਦੇਣਗੇ। ਆਮ ਆਦਮੀ ਪਾਰਟੀ ਬਾਰੇ ਉਨ੍ਹਾਂ ਆਪਣੀ ਅਤੇ ਸਾਥੀਆਂ ਦੀ ਸਥਿਤੀ ਸਪਸ਼ਟ ਕਰਦਿਆਂ ਕਿਹਾ ਕਿ ਭਾਵੇਂ ਪਾਰਲੀਮੈਂਟ ਚੋਣਾਂ 'ਚ ਅਸੀਂ ਕੈਲਗਰੀ ਤੋਂ ਪੰਜਾਬ ਲਈ 35 ਲੱਖ ਰੁਪਏ ਚੋਣ ਫੰਡ ਭੇਜਿਆ ਸੀ ਹੁਣ ਅਸੀਂ ਅਜਿਹਾ ਨਹੀਂ ਕਰਾਂਗੇ। ਸਭ ਦਾ ਧੰਨਵਾਦ ਕਰਦਿਆਂ ਮਿੰਟੂ ਗੁਰਸਰੀਆ ਦੀਆਂ ਲਾਈਨਾਂ ਨਾਲ ਉਨ੍ਹਾਂ ਆਪਣੀ ਗੱਲ ਖਤਮ ਕੀਤੀ।

ਲਹੂ ਨੂੰ ਗਰਮ ਰੱਖਿਓ,
ਮੰਜ਼ਲ ਮਿਲ ਹੀ ਜਾਣੀ ਹੈ।
ਹਕੂਮਤ ਹਿੱਲ ਹੀ ਜਾਣੀ ਹੈ।

ਨੋਟ : ਸਭ ਨੇ ਪਟੀਸ਼ਨ 'ਤੇ ਬੜੇ ਉਤਸ਼ਾਹ ਨਾਲ ਦਸਤਖਤ ਕੀਤੇ।


Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION
Applications for Family Class and APPEALS,
Skilled Workers, Investors,
Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)



FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL
* BUSINESS
* LAND
* COMMERCIAL
* INDUSTRIAL
* INVESTMENT
403-681-8689
www.parharrealty.com
hp8689@gmail.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942





Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (T1)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ ਲੈਕਚਰ-ਸੀਰੀਆ-ਨਾਟੋ ਆਦਿ ਰਹੇ ਮੁੱਖ ਮੁੱਦੇ

## ਪੱਤਰਕਾਰ ਬਲਤੇਜ ਪੰਨੂੰ ਨੂੰ ਗ੍ਰਿਫ਼ਤਾਰ ਕਰਨ ਖਿਲਾਫ਼ ਮਤਾ



**ਮਾ. ਭਜਨ ਸਿੰਘ ਕੈਲਗਰੀ**

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਵਿਸ਼ਵਵਿਆਪੀ ਭਖਦੇ ਮਸਲਿਆਂ 'ਤੇ ਲੋਕਲ ਹਾਲ (ਕੋਸੋ) ਵਿਖੇ ਇਕ ਲੈਕਚਰ ਦਾ ਆਯੋਜਨ ਕੀਤਾ ਗਿਆ। ਪ੍ਰਧਾਨ ਸੋਹਨ ਮਾਨ ਨੇ 28 ਦੇਸ਼ਾਂ ਦੇ ਆਧਾਰਤ ਅਮਰੀਕਾ ਦੀ ਅਗਵਾਈ 'ਚ ਬਣੀ ਨਾਟੋ ਨਾਮ ਦੀ ਸੰਸਥਾ ਦੇ ਸੋਚੀ ਸਮਝਦੀ ਸਕੀਮ ਅਧੀਨ ਮਨੁੱਖਤਾ ਵਿਰੋਧੀ ਕੀਤੇ ਜਾ ਰਹੇ ਕਾਲੇ ਕਾਰਨਾਮਿਆਂ ਦੀ ਸੰਖੇਪ ਅਤੇ ਸਪਸ਼ਟ ਲਫ਼ਜਾਂ 'ਚ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ। ਰਮਨਜੀਤ ਸਿੱਧੂ (ਜਰਨਲਿਸਟ) ਨੇ ਸੀਰੀਆ ਮਸਲੇ ਨੂੰ ਸਾਮਰਾਜੀ ਦੇਸ਼ਾਂ ਦੀ ਆਪ ਪੈਦਾ ਕੀਤੀ ਸਮੱਸਿਆ ਦੱਸਦੇ ਹੋਏ ਕਿਹਾ ਕਿ ਅੱਤਵਾਦ ਦੀ ਇੱਕਾ-ਦੁੱਕਾ ਘਟਨਾ ਨੂੰ ਆਧਾਰ ਬਣਾ ਕੇ ਬੇਦੋਸ਼ੇ ਲੋਕਾਂ ਤੇ ਅੱਤਿਆਚਾਰ ਕਰਨ ਅਤੇ ਰਾਜ ਪਲਟੇ ਕਰਕੇ ਆਪਣੀ ਕਠਪੁਤਲੀ ਸਰਕਾਰਾਂ ਬਣਾਉਣਾ ਹੁੰਦਾ ਹੈ। ਸੁਰਜੀਤ ਸਿੰਘ ਡੋਡ ਨੇ ਧਾਰਮਿਕ ਕੱਟੜਵਾਦ ਦੇ ਪਿਛਾਂਹਖਿੱਚੂ ਕਿਰਦਾਰ ਬਾਰੇ ਗੱਲ ਕਰਦਿਆਂ ਕਿਹਾ ਕਿ ਮਨੁੱਖਤਾ ਦਾ ਘਾਣ ਕਰਨ ਵਾਲੀਆਂ ਇਹ ਸ਼ਕਤੀਆਂ ਨੂੰ ਸਾਮਰਾਜਵਾਦੀਆਂ ਦੀ ਬਕਾਇਦਾ ਸਹਿ ਹੈ। ਹਰਚਰਨ ਸਿੰਘ ਪਰਹਾਰ ਸੰਪਾਦਕ ਸਿੱਖ ਵਿਰਸਾ ਨੇ ਦਸਮੇਸ਼ ਕਲਚਰਲ ਗੁਰਦੁਆਰਾ ਦੀ ਪ੍ਰਬੰਧਕ ਕਮੇਟੀ ਵਲੋਂ ਵਿਆਹਾਂ ਸਬੰਧੀ ਗਲਤ ਪਹੁੰਚ ਅਪਣਾਉਣ ਦੀ ਨਿੰਦਾ ਕਰਦੇ ਹੋਏ ਵਿਆਹਾਂ ਸਬੰਧੀ ਇਤਿਹਾਸਕ ਪਿਛੋਕੜ ਅਤੇ ਸਿੱਖ ਧਰਮ ਦੀ ਵਿਆਹਾਂ ਸਬੰਧੀ ਪਹੁੰਚ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ ਅਤੇ ਲੋਕਾਂ ਨੂੰ ਇਸ ਫੈਸਲੇ ਵਿਰੁੱਧ ਆਵਾਜ਼ ਉਚੀ ਕਰਨ ਲਈ ਕਿਹਾ। ਰਿਸ਼ੀ ਨਾਗਰ ਨਿਊਜ਼ ਡਾਇਰੈਕਟਰ 'ਰੈਡ ਐਫ. ਐਮ.' ਨੇ ਆਪਣੀ ਪੰਜਾਬ ਫੇਰੀ ਦੌਰਾਨ ਗ਼ਦਰੀ ਬਾਬਾ ਭਾਨ ਸਿੰਘ ਸੁਨੇਤ (ਲੁਧਿਆਣਾ) ਵਲੋਂ ਕੀਤੇ ਕੰਮਾਂ ਖਾਸ ਕਰ ਗਰੀਬ ਬੱਚੀਆਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲਈ ਸਿਲਾਈ ਸਿਖਾਉਣ ਨੂੰ ਚੰਗਾ ਕਦਮ ਦੱਸਿਆ, ਪੁਨਰ ਜੋਤ ਆਈ ਬੈਂਕ ਵਲੋਂ ਡਾ. ਰਮੇਸ਼ ਦੀ ਅਗਵਾਈ 'ਚ ਲੋੜਵੰਦ ਲੋਕਾਂ ਨੂੰ ਫਰੀ ਅੱਖਾਂ ਲਗਾਉਣ ਦੀ ਗੱਲ ਸਰੋਤਿਆਂ ਨੂੰ ਦੱਸੀ। ਸੂਹੀ ਸਵੇਰ ਦੇ ਸਵਿੰਦਰ/ਕਵਿਤਾ ਵਿਆਹ ਦੀ ਸਾਦਗੀ, ਬਿਨਾਂ ਕਿਸੇ ਧਾਰਮਿਕ-ਸਮਾਜਿਕ ਰਸਮ ਨੂੰ ਨੌਜਵਾਨਾਂ ਲਈ ਪ੍ਰੇਰਣਾ ਸਰੋਤ ਕਿਹਾ। ਇਸ ਫੇਰੀ ਦੌਰਾਨ ਆਖਰੀ ਪੜਾਅ ਵਜੋਂ ਗੁਰਸ਼ਰਨ ਕਲਾ ਭਵਨ ਜੋ ਲੋਕ ਕਲਾ ਮੰਚ ਮੰਡੀ ਮੁਲਾਂਪੁਰ ਨੇ ਉਸਾਰਿਆ ਹੈ, ਨੂੰ ਸਲਾਹੁਣਯੋਗ ਉਪਰਾਲਾ ਦੱਸਿਆ। ਇਸ ਫੇਰੀ ਦੌਰਾਨ ਮਾ. ਭਜਨ ਸਿੰਘ ਤੋਂ ਇਲਾਵਾ ਉਨ੍ਹਾਂ ਨਾਲ ਅਰੁਣਦੀਪ ਪੰਜਾਬੀ ਜਾਗਰਣ ਜਲੰਧਰ ਅਤੇ ਕੁਲਵਿੰਦਰ ਪੀਪਲਜ ਵਾਇਸ ਵੀ ਸਨ। ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਪ੍ਰੋ. ਏ. ਕੇ. ਮਲੇਰੀ ਅਤੇ ਸਕੱਤਰ ਪ੍ਰੋ. ਜਗਮੋਹਣ ਸਿੰਘ (ਭਾਣਜਾ ਸ਼ਹੀਦੇ ਆਜ਼ਮ ਭਗਤ ਸਿੰਘ) ਨਾਲ ਵੀ ਸਾਂਝੇ ਕੀਤੇ ਪਲਾਂ ਦੀ ਜਾਣਕਾਰੀ ਦਿੱਤੀ।

ਮਾ. ਭਜਨ ਸਿੰਘ ਨੇ ਆਪਣੀ ਪੰਜਾਬ ਫੇਰੀ ਦੌਰਾਨ ਸਭ ਤੋਂ ਪਹਿਲਾਂ ਦੇਸ਼ ਭਗਤਾਂ ਦੀ ਯਾਦ 'ਚ ਜਲੰਧਰ ਮੇਲੇ ਦੌਰਾਨ ਦੇਖੇ ਅਨੁਭਵ ਸਾਂਝੇ ਕੀਤੇ।

ਅਮੋਲਕ ਸਿੰਘ ਵਲੋਂ ਲਿਖਿਆ ਅਤੇ ਨਿਰਦੇਸ਼ਤ ਕੀਤਾ ਝੰਡੇ ਦਾ ਗੀਤ ਜੋ ਪੰਜਾਬ ਦੀਆਂ ਵੱਖੋ-ਵੱਖ ਨਾਟਕ ਮੰਡਲੀਆਂ ਦੇ 125 ਦੇ ਕਰੀਬ ਕਲਾਕਾਰਾਂ ਵਲੋਂ ਪੇਸ਼ ਕੀਤਾ ਗਿਆ ਕਮਾਲ ਦਾ ਸੀ। ਇਸ ਮੇਲੇ ਦੀ ਵਿਲੱਖਣਤਾ ਇਹ ਹੈ ਕਿ ਲੋਕ ਉਸਾਰੂ ਸਾਹਿਤ ਦੀਆਂ 15 ਲੱਖ ਰੁਪਏ ਦੇ ਕਰੀਬ ਕਿਤਾਬਾਂ ਖਰੀਦ ਕੇ ਲੈ ਕੇ ਗਏ, ਵਿਦੇਸ਼ ਤੋਂ ਵਿਸ਼ਨੂੰ ਗਣੇਸ਼ ਪਿੰਗਲੇ (ਮਹਾਂਰਾਸ਼ਟਰ) ਦੀ ਯਾਦ 'ਚ ਬਣ ਰਹੇ ਹਾਲ ਨੂੰ 37 ਲੱਖ ਰੁਪਏ ਭੇਜੇ ਗਏ। ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਕੈਲਗਰੀ ਦੇ ਇੰਚਾਰਜ ਮਾ. ਭਜਨ ਸਿੰਘ ਨੇ ਦੱਸਿਆ ਕਿ ਤਰਕਸ਼ੀਲ, ਸ਼ਹੀਦਾਂ ਅਤੇ ਗ਼ਦਰੀ ਬਾਬਿਆਂ ਦੀਆਂ ਕਿਤਾਬਾਂ ਤੋਂ ਇਲਾਵਾ ਹੁਣ ਕੈਲਗਰੀ ਅਤੇ ਕੈਨੇਡਾ ਨਿਵਾਸੀ ਅਗਾਂਹਵਧੂ ਸਾਹਿਤ ਦੀਆਂ ਕਿਤਾਬਾਂ ਜਿਵੇਂ ਨਾਵਲ, ਕਹਾਣੀਆਂ, ਜੀਵਨੀਆਂ, ਕਵਿਤਾਵਾਂ ਆਦਿ ਵੀ ਖਰੀਦ ਸਕਣਗੇ। ਉਨ੍ਹਾਂ ਦੱਸਿਆ ਕਿ ਕੋਰੀਅਰ ਰਾਹੀਂ ਕੁਝ ਦਿਨਾਂ 'ਚ ਕਿਤਾਬਾਂ ਪੁੱਜ ਜਾਣਗੀਆਂ। ਉਨ੍ਹਾਂ ਦੱਸਿਆ ਕਿ 4 ਨਵੰਬਰ ਨੂੰ ਲੁਧਿਆਣਾ ਫਿਰਕਾਪ੍ਰਸਤੀ ਵਿਰੋਧੀ ਸਾਂਝੀ ਰੈਲੀ, 6 ਨਵੰਬਰ ਦੇ ਪੱਖੋਵਾਲ ਬਾਲ ਮੇਲੇ, 17 ਨਵੰਬਰ ਪੰਜਾਬ ਦੀਆਂ ਤਿੰਨ ਇਨਕਲਾਬੀ ਜਥੇਬੰਦੀਆਂ ਦੀ ਵਿਸ਼ਾਲ ਕਾਨਫਰੰਸ, ਆਖ਼ਰੀ ਸ਼ਨੀਵਾਰ ਦਾ ਮੁਲਾਪੁਰ ਨਾਟਕ, ਤਰਕਸ਼ੀਲ ਸੁਸਾਇਟੀ ਦੀ ਲੁਧਿਆਣਾ ਛਿਮਾਹੀ ਇਕੱਤਰਤਾ, 29 ਨਵੰਬਰ ਨੂੰ ਲੁਧਿਆਣਾ ਪੰਜਾਬੀ ਭਵਨ 'ਚ "ਮੁਜੱਫਰ ਨਗਰ ਅਜੇ ਬਾਕੀ ਹੈ" ਨਕੁਲ ਸਾਹਨੀ ਡਾਇਰੈਕਟਰ ਦੀ ਹਾਜ਼ਰੀ 'ਚ ਡਾਕੂਮੈਂਟਰੀ ਫ਼ਿਲਮ ਯਾਦਗਾਰੀ ਪਲ ਸਨ।



ਗੁਰਬਚਨ ਬਰਾੜ ਨੇ ਕਿਹਾ ਕਿ ਸਾਮਰਾਜੀ ਦੇਸ਼ ਲੋਕਾਂ ਨੂੰ ਕੁੱਟਦੇ ਤੇ ਲੁੱਟਦੇ ਹਨ। ਆਪਣੇ ਹਥਿਆਰ ਵੇਚਣ ਲਈ ਲੜਾਈਆਂ ਲਗਾਉਂਦੇ ਹਨ। ਜਦੋਂ ਲੋਕਾਂ ਦਾ ਵੱਡੀ ਪੱਧਰ 'ਤੇ ਉਜਾੜਾ ਹੁੰਦਾ ਹੈ ਤਾਂ ਆਪ ਹੀ ਸ਼ਰਨਾਰਥੀ ਨੂੰ ਸ਼ਰਨ ਦੇਣ ਦਾ ਪਾਖੰਡ ਕਰਦੇ ਹਨ। ਹਰੀਪਾਲ ਨੇ ਬਿਹਤਰ ਸਮਾਜ ਸਿਰਜਣ ਲਈ ਤਰਕਸ਼ੀਲ ਵਿਚਾਰ ਅਪਣਾਉਣ 'ਤੇ ਜ਼ੋਰ ਦਿੱਤਾ।

ਸੁਰਜੀਤ ਪੰਨੂੰ, ਜਸਵੰਤ ਸਿੰਘ ਸੇਖੋਂ, ਸੁਰਿੰਦਰ ਗੀਤ, ਅਵੀ ਜਸਵਾਲ ਅਤੇ ਅਜਾਇਬ ਸਿੰਘ ਸੇਖੋਂ ਨੇ ਉਸਾਰੂ ਰਚਨਾਵਾਂ ਨਾਲ ਹਾਜ਼ਰੀ ਲਵਾਈ। ਅਗਲੀ ਮੀਟਿੰਗ ਜਨਵਰੀ ਦੇ ਪਹਿਲੇ ਐਤਵਾਰ ਹੋਵੇਗੀ। ਸਮੇਂ ਅਤੇ ਸਥਾਨ ਸਬੰਧੀ ਜਾਣਕਾਰੀ ਲਈ ਮਾ. ਭਜਨ ਸਿੰਘ ਨੂੰ 403-455-4220 ਅਤੇ ਗੋਪਾਲ ਕਾਉਂਕੇ ਨੂੰ 403-970-3588 'ਤੇ ਸੰਪਰਕ ਕਰ ਸਕਦੇ ਹੋ। ਇਕ ਮਤੇ ਰਾਹੀਂ ਨਿਧੜਕ ਪੱਤਰਕਾਰ ਸ੍ਰੀ ਬਲਤੇਜ ਪੰਨੂੰ ਬਦਲਾ ਲਊ ਭਾਵਨਾ ਤਹਿਤ ਗ੍ਰਿਫ਼ਤਾਰ ਕਰਨ ਤੇ ਪੰਜਾਬ ਸਰਕਾਰ ਦੀ ਪੁਰਜ਼ੋਰ ਨਿੰਦਾ ਕੀਤੀ ਅਤੇ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ।


FOR ALL YOUR REAL ESTATE NEEDS
MLS MULTIPLE LISTING SERVICE
Contact Long time trusted name in the community
Gurbachan Singh Brar
REALTOR
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates



urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942



1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜ਼ੀਨ...
ਸਿੱਖ ਵਿਰਸਾ
ਸਾਡਾ ਵਿਰਸਾ
24 ਘੰਟੇ ਆਨ ਲਾਇਨ
ਰੇਡੀਓ ਸਾਂਝ
www.radiosanjh.com
Ph: 403-250-8898 Fax: 403-250-8825
Website : www.sikhvirsa.com, Email : virsa@sikhvirsa.com

# ਵੋਟ ਬਟੋਰੂ ਪਾਰਟੀਆਂ ਦੇ ਸ਼ਕਤੀ ਪ੍ਰਦਰਸ਼ਨ ਅਤੇ ਪੰਜਾਬ ਦੇ ਸਰੋਕਾਰ

**ਬੂਟਾ ਸਿੰਘ**

ਅਗਲੀਆਂ ਵਿਧਾਨ-ਸਭਾ ਚੋਣਾਂ ਵਿਚ ਅਜੇ ਸਵਾ ਸਾਲ ਦੇ ਕਰੀਬ ਵਕਤ ਬਾਕੀ ਹੈ। ਪਰ ਵੋਟ ਬਟੋਰੂ ਸਿਆਸੀ ਪਾਰਟੀਆਂ ਨੇ ਆਪਣੀ ਖ਼ਸਲਤ ਅਨੁਸਾਰ ਹੁਣ ਤੋਂ ਹੀ ਚੋਣ ਤਿਆਰੀਆਂ ਵਿੱਢ ਦਿੱਤੀਆਂ ਹਨ। ਇਕ ਦੂਜੇ ਨਾਲ ਜ਼ਿਦ ਕੇ ਸਿਆਸੀ ਰੈਲੀਆਂ ਜਥੇਬੰਦ ਕੀਤੀਆਂ ਜਾ ਰਹੀਆਂ ਹਨ। ਵੱਡੇ-ਵੱਡੇ ਇਕੱਠਾਂ ਦੀ ਨੁਮਾਇਸ਼ ਲਾ ਕੇ ਹਰ ਪਾਰਟੀ ਇਹ ਸਾਬਤ ਕਰਨ ਲਈ ਯਤਨਸ਼ੀਲ ਹੈ ਕਿ ਇਹ ਇਕੱਠ ਅਵਾਮ ਦੇ ਉਨ੍ਹਾਂ ਵਿਚ ਭਰੋਸੇ ਦਾ ਸਬੂਤ ਹਨ। ਉਹ ਦਾਅਵੇ ਕਰ ਰਹੇ ਹਨ ਕਿ ਸੂਬੇ ਵਿਚ ਅਗਲੀ ਸਰਕਾਰ ਉਨ੍ਹਾਂ ਦੀ ਹੀ ਬਣੇਗੀ, ਕਿਉਂਕਿ ਅਵਾਮ ਉਨ੍ਹਾਂ ਨੂੰ ਸੱਤਾ ਦੀ ਵਾਗਡੋਰ ਸੰਭਾਲਣ ਦੇ ਖ਼ਾਹਸ਼ਮੰਦ ਹਨ। ਅਵਾਮ ਦੀ ਜ਼ਿੰਦਗੀ ਨਾਲ ਜੁੜੇ ਮਸਲਿਆਂ ਤੇ ਮੁੱਦਿਆਂ ਪ੍ਰਤੀ ਉਨ੍ਹਾਂ ਦੀ ਕਰੂਚੀ ਕੋਈ ਹੈਰਾਨੀ ਵਾਲੀ ਗੱਲ ਨਹੀਂ।

ਬੁਰੀ ਤਰ੍ਹਾਂ ਪ੍ਰਤੀਤ ਗੁਆ ਚੁੱਕੇ ਬਾਦਲ ਆਪਣੀ ਸਿਆਸੀ ਵਾਜਬੀਅਤ ਮੁੜ-ਬਹਾਲ ਕਰਨ ਲਈ ਹਰ ਹਰਬਾ ਇਸਤੇਮਾਲ ਕਰ ਰਹੇ ਹਨ। ਕਿਸਾਨਾਂ-ਮਜ਼ਦੂਰਾਂ ਦੇ ਜ਼ਬਰਦਸਤ ਸੰਘਰਸ਼ ਅਤੇ ਬਰਗਾੜੀ ਦੇ ਬੇਅਦਬੀ ਕਾਂਡ ਦੇ ਵਿਰੁੱਧ ਪੂਰੇ ਪੰਜਾਬ ਵਿਚ ਉੱਠਿਆ ਰੋਸ ਤੇ ਰੋਹ ਅਤੇ ਲੋਕਾਂ ਵਲੋਂ ਥਾਂ-ਥਾਂ ਅਕਾਲੀ ਆਗੂਆਂ ਨੂੰ ਘੇਰਨ ਦੇ ਰੁਝਾਨ ਨੇ ਉਨ੍ਹਾਂ ਨੂੰ ਫ਼ਿਕਰਾਂ ਵਿਚ ਪਾ ਦਿੱਤਾ ਹੈ। ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਦੇ ਪੱਚੀ ਸਾਲ ਰਾਜ ਕਰਨ ਦੇ ਦਾਅਵੇ ਦਾ ਸਿਆਸੀ ਭਵਿੱਖ ਕੀ ਹੈ। ਹੁਣ ਉਹ ਸਵਾ ਲੱਖ ਨੌਕਰੀਆਂ ਦੇਣ, ਸਵਾ ਲੱਖ ਬਿਜਲੀ ਕੁਨੈਕਸ਼ਨ ਜਾਰੀ ਕਰਨ, ਬੁਢਾਪਾ ਪੈਨਸ਼ਨਾਂ ਵਧਾਉਣ, ਮੁਫ਼ਤ ਧਾਰਮਿਕ ਯਾਤਰਾਵਾਂ ਕਰਾਉਣ, ''ਸੰਘਰਸ਼ੀ ਯੋਧਿਆਂ'' ਨੂੰ ਪੈਨਸ਼ਨਾਂ ਤੇ ਸਨਮਾਨ ਦੇਣ ਵਗੈਰਾ ਦੇ ਧੜਾਧੜ ਐਲਾਨ ਕਰ ਰਹੇ ਹਨ। ਆਪਣਾ ਵਿਗੜਿਆ ਅਕਸ ਸੁਧਾਰਨ ਅਤੇ ਆਪਣੀ ਸਿਆਸੀ ਹਰਮਨਪਿਆਰਤਾ ਸਾਬਤ ਕਰਨ ਲਈ ਉਨ੍ਹਾਂ ਨੇ 'ਸਦਭਾਵਨਾ ਰੈਲੀਆਂ' ਦੇ ਨੁਮਾਇਸ਼ੀ ਇਕੱਠ ਕਰਨੇ ਸ਼ੁਰੂ ਕੀਤੇ ਹੋਏ ਹਨ। ਜਿਨ੍ਹਾਂ ਦਾ ਮਨੋਰਥ ਪੰਜਾਬ ਦੇ ਵਿਕਾਸ ਵਿਚ ਖ਼ਲਲ ਪਾਉਣ ਅਤੇ 'ਅਮਨ' ਦੇ ਮਾਹੌਲ ਨੂੰ ਵਿਗਾੜਨ ਵਾਲੀਆਂ ਤਾਕਤਾਂ ਦੇ ਮਨਸੂਬਿਆਂ ਨੂੰ ਨਾਕਾਮ ਬਣਾਉਣਾ ਦੱਸਿਆ ਜਾ ਰਿਹਾ ਹੈ। ਬਠਿੰਡਾ ਤੋਂ ਸ਼ੁਰੂ ਹੋ ਕੇ ਗੁਰਦਾਸਪੁਰ, ਨਕੋਦਰ, ਮੋਗਾ, ਖਡੂਰ ਸਾਹਿਬ ਵਿਚ 'ਸਦਭਾਵਨਾ' ਰੈਲੀਆਂ ਕਰਨ ਤੋਂ ਬਾਦ ਹਾਲ ਹੀ ਵਿਚ ਬਾਦਲਕਿਆਂ ਵਲੋਂ ਕੈਪਟਨ ਅਮਰਿੰਦਰ ਸਿੰਘ ਦੇ ਜ਼ੱਦੀ ਸ਼ਹਿਰ ਪਟਿਆਲੇ ਵਿਚ ਰੈਲੀ ਕੀਤੀ ਗਈ ਹੈ। ਸੁਖਬੀਰ ਬਾਦਲ ਆਪਣੇ ਖ਼ਾਸ ਮਹਾਂ-ਗੱਪੀ ਅੰਦਾਜ਼ 'ਚ ਵੱਡੇ-ਵੱਡੇ ਦਾਅਵੇ ਕਰਕੇ ਆਪਣੇ ਸਿਆਸੀ ਦੀਵਾਲੀਆਪਣ ਉੱਪਰ ਹੀ ਮੋਹਰ ਲਾ ਰਿਹਾ ਹੈ। ਬਾਦਲਾਂ ਦੀਆਂ ਇਨ੍ਹਾਂ 'ਸਦਭਾਵਨਾ' ਰੈਲੀਆਂ ਦਾ ਨਾ ਤਾਂ ਸਮਾਜੀ ਸਦਭਾਵਨਾ ਨਾਲ ਕੋਈ ਸਬੰਧ ਹੈ ਅਤੇ ਨਾ ਲੋਕਾਂ ਦੇ ਹਕੀਕੀ ਸਰੋਕਾਰਾਂ ਤੇ ਮਸਲਿਆਂ ਨਾਲ। ਦਰਅਸਲ, ਪੰਜਾਬ ਵਿਚ ਇਸ ਵਕਤ ਸਮਾਜੀ ਸਦਭਾਵਨਾ ਪੱਖੋਂ ਐਸਾ ਕੋਈ ਤਣਾਓ ਹੈ ਹੀ ਨਹੀਂ ਕਿ ਅਵਾਮ ਨੂੰ ਆਪਸੀ ਸਾਂਝ ਬਣਾਈ ਰੱਖਣ ਦਾ ਸੁਨੇਹਾ ਦੇਣ ਲਈ ਇੰਞ ਵੱਡੇ-ਵੱਡੇ ਇਕੱਠ ਕੀਤੇ ਜਾਣ। ਸਿਆਸੀ ਤੌਰ 'ਤੇ ਬੇਮਿਸਾਲ ਰੂਪ 'ਚ ਦੀਵਾਲੀਆ ਬਾਦਲਾਂ ਕੋਲ ਕਾਲੇ ਦਿਨਾਂ ਦੀ ਵਾਪਸੀ ਅਤੇ ਬਦੇਸ਼ੀ ਹੱਥ ਦਾ ਹਊਆ ਹੀ ਐਸੇ ਘਸੇਪਿੱਟੇ ਹੱਥਕੰਡੇ ਬਚੇ ਹਨ ਜਿਨ੍ਹਾਂ ਜ਼ਰੀਏ ਆਮ ਲੋਕਾਂ ਵਿਚ ਭੈਅ ਤੇ ਘਚੋਲਾ ਪੈਦਾ ਕਰਕੇ ਉਹ ਆਪਣੀ ਸਿਆਸੀ ਸਾਖ ਸੁਧਾਰਨ ਦਾ ਪੱਤਾ ਖੇਡ ਸਕਦੇ ਹਨ।

ਸੱਤਾਧਾਰੀ ਧਿਰ ਦੀਆਂ ਇਹ ਰੈਲੀਆਂ ਸਿਆਸੀ ਨਿਖੇੜੇ ਦੀ ਬੁਖਲਾਹਟ ਵਿੱਚੋਂ ਜਿਵੇਂ-ਕਿਵੇਂ ਹਜੂਮ ਜੁਟਾਕੇ ਤਾਕਤ ਦੀ ਘਿਣਾਉਣੀ ਤੇ ਭੱਦੀ ਨੁਮਾਇਸ਼ ਹਨ। ਹਰਿਆਣਾ ਤੋਂ ਮੰਗਵੀਂ 'ਸੰਗਤ' ਢੋਣ, ਸ਼ਰਾਬ ਤੇ ਹੋਰ ਨਸ਼ਿਆਂ ਦਾ ਲਾਲਚ ਦੇ ਕੇ ਰੈਲੀਆਂ ਦੀ ਰੌਣਕ ਵਧਾਉਣ ਤੇ ਮੋਗਾ ਜ਼ਿਲ੍ਹੇ ਦੇ ਪਿੰਡਾਂ ਵਿੱਚੋਂ ਗੁਰਦੁਆਰੇ ਦੇ ਸਪੀਕਰਾਂ ਤੋਂ ਸ਼ਰੇਆਮ ਹੋਕੇ ਦੇ ਕੇ 'ਨਰੇਗਾ' ਵਾਲੇ ਦਿਹਾੜੀਦਾਰਾਂ ਨੂੰ 500 ਰੁਪਏ ਦਿਹਾੜੀ ਅਤੇ ਸ਼ਰਾਬ ਦੀ ਬੋਤਲ ਦਾ ਲਾਲਚ ਦੇ ਕੇ ਬੱਸਾਂ ਵਿਚ ਭਰਕੇ ਲਿਆਉਣ ਦੇ ਬਾਵਜੂਦ ਰੈਲੀਆਂ ਕੋਈ ਖ਼ਾਸ ਪ੍ਰਭਾਵ ਨਹੀਂ ਛੱਡ ਸਕੀਆਂ। ਰੈਲੀਆਂ ਤੋਂ ਵਾਪਸੀ ਮੌਕੇ ਸ਼ਰਾਬ ਦੀਆਂ ਪੇਟੀਆਂ ਮੋਢੇ ਉੱਪਰ ਚੁੱਕੀ ਅਤੇ ਬੋਤਲਾਂ ਖੋਲ੍ਹੀ ਬੈਠੀ 'ਸੰਗਤ' ਸਦਭਾਵਨਾ ਅਤੇ ਅਮਨ-ਕਾਨੂੰਨ ਦੇ ਦਾਅਵਿਆਂ ਦਾ ਮੂੰਹ ਚਿੜਾ ਰਹੀ ਸੀ। ਇਨ੍ਹਾਂ ਰੈਲੀਆਂ ਦੇ ਬਹਾਨੇ ਸਰਕਾਰੀ ਖਜ਼ਾਨੇ ਨੂੰ ਕਈ ਕਰੋੜ ਰੁਪਏ ਦਾ ਚੂਨਾ ਲਾ ਕੇ ਪੰਜਾਬ ਦੀ ਪਹਿਲਾਂ ਹੀ ਕਰਜੇ ਦੀ ਭਾਰੀ ਪੰਡ ਵਿਚ ਹੋਰ ਇਜ਼ਾਫਾ ਕਰ ਦਿੱਤਾ ਗਿਆ ਹੈ।

ਸੂਬੇ ਵਿਚ ਕਾਂਗਰਸ ਦੀ ਕਮਾਨ/ਪ੍ਰਧਾਨਗੀ ਦਾ ਗੁਣਾ ਕੈਪਟਨ ਅਮਰਿੰਦਰ ਸਿੰਘ ਉੱਪਰ ਪੈਣ ਨਾਲ ਉਸਨੇ ਵੀ 15 ਦਸੰਬਰ ਨੂੰ ਬਾਦਲਕਿਆਂ ਦੇ ਅਖਾਉਤੀ ਗੜ੍ਹ ਬਠਿੰਡਾ ਵਿਚ ਮਹਾਂ ਰੈਲੀ ਕਰਕੇ ਅਤੇ ਗੁਟਕੇ ਦੀ ਸਹੁੰ ਚੁੱਕਕੇ 'ਬਦਲਾਓ ਲਹਿਰ' ਦਾ ਆਗਾਜ਼ ਕੀਤਾ ਹੈ। ਕਾਂਗਰਸੀ ਮਹਾਂਰਥੀ ਆਪਣੇ ਰਵਾਇਤੀ ਅੰਦਾਜ਼ ਵਿਚ ਵਿਧਾਨ-ਸਭਾ ਚੋਣਾਂ ਅੰਦਰ ਬਾਦਲਾਂ ਨੂੰ ਸਬਕ ਸਿਖਾਉਣ ਦੇ ਬਿਆਨ ਦਾਗ਼ ਰਹੇ ਹਨ। ਉਹ ਪਾਰਲੀਮੈਂਟਰੀ ਖੱਬੀਧਿਰ ਤੇ ਮਨਪ੍ਰੀਤ ਬਾਦਲ ਵਰਗੀਆਂ ਹੋਰ 'ਹਮਖ਼ਿਆਲ' ਤਾਕਤਾਂ ਨੂੰ ਲੈ ਕੇ 'ਮਹਾਂ-ਗੱਠਜੋੜ' ਦੀਆਂ ਤਜਵੀਜ਼ਾਂ ਪੇਸ਼ ਕਰ ਰਹੇ ਹਨ। ਜ਼ਾਹਿਰ ਹੈ ਕਿ ਉਨ੍ਹਾਂ ਨੂੰ ਬਾਦਲਾਂ ਦੇ ਬੇਹਯਾ ਬੁਰਛਾਗਰਦ ਰਾਜ ਤੋਂ ਅੱਕੇ-ਸਤੇ ਲੋਕਾਂ ਤੋਂ ਭਰਵੀਂ ਹਮਾਇਤ ਮਿਲਣ ਦੀ ਬਹੁਤੀ ਉਮੀਦ ਨਹੀਂ ਜਾਪਦੀ।

ਬਾਦਲ ਸਰਕਾਰ ਦਾ ਗੱਠਜੋੜ ਭਾਈਵਾਲ, ਭਗਵਾਂ ਬ੍ਰਿਗੇਡ, ਵੀ ਅੰਦਰੋ-ਅੰਦਰੀ ਆਪਣਾ ਸਿਆਸੀ ਅਧਾਰ ਫੈਲਾਉਣ ਅਤੇ ਵੋਟ ਬੈਂਕ ਵਧਾਉਣ ਦੇ ਯਤਨਾਂ ਵਿਚ ਜੁੱਟਿਆ ਹੋਇਆ ਹੈ। ਪਿਛਲੇ ਸਾਲ ਆਰ.ਐੱਸ.ਐੱਸ. ਦੇ ਮੁਖੀ ਵਲੋਂ ਡੇਰਾ ਸਰਸਾ ਅਤੇ ਡੇਰਾ ਬਿਆਸ ਨਾਲ ਗੁਪਤ ਮੀਟਿੰਗਾਂ, ਭਾਜਪਾ ਦੇ ਪੰਜਾਬ ਦੇ ਆਗੂਆਂ ਵਲੋਂ ਬਾਦਲਾਂ ਦੀਆਂ ਮਨਮਾਨੀਆਂ ਦੀ ਆਲੋਚਨਾ ਕਰਦੇ ਬਿਆਨ, ਬਰਗਾੜੀ ਦੇ ਬੇਅਦਬੀ ਕਾਂਡ ਦੇ ਦਿਨਾਂ ਵਿਚ ਭਾਜਪਾ ਦੀ ਲੱਗਭੱਗ ਖ਼ਾਮੋਸ਼ੀ ਅਤੇ 'ਸਰਬੱਤ ਖ਼ਾਲਸਾ' ਦੇ ਮੰਚ ਉੱਪਰ ਆਰ.ਐੱਸ.ਐੱਸ. ਨਾਲ ਅਸਿੱਧੇ ਤੌਰ 'ਤੇ ਸਬੰਧਤ ਇਕ ਹਸਤੀ ਦੀ ਮੌਜੂਦਗੀ ਤੇ ਪ੍ਰਭਾਵਸ਼ਾਲੀ ਦਖ਼ਲਅੰਦਾਜ਼ੀ ਅਕਾਲੀ-ਭਾਜਪਾ ਗੱਠਜੋੜ ਦੇ ਤਿੜਕਣ ਦੀਆਂ ਨਿਸ਼ਾਨੀਆਂ ਹਨ। ਪ੍ਰਭਾਵਸ਼ਾਲੀ ਸੂਬਾਈ ਆਗੂ ਦੀ ਅਣਹੋਂਦ ਉਨ੍ਹਾਂ ਦੀ ਮਿਆਦੀ ਕਮਜ਼ੋਰੀ ਹੈ। ਇਸ ਗੱਠਜੋੜ ਦੇ ਭਵਿੱਖ ਦੇ ਉਧੇੜ-ਅਮਲ ਨੂੰ ਅਜੇ ਵਕਤ ਲੱਗੇਗਾ। ਪਰ ਬਾਦਲ ਦਲ ਦੀ ਬੇਪ੍ਰਤੀਤੀ ਦੇ ਮੱਦੇਨਜ਼ਰ ਇਕ ਚੀਜ਼ ਤੈਅ ਹੈ ਕਿ ਸੰਘ ਪਰਿਵਾਰ ਦੀ ਗੱਠਜੋੜ ਸਮੀਕਰਨ ਪਹਿਲਾਂ ਵਾਲੀ ਜੂਨੀਅਰ ਭਾਈਵਾਲੀ ਵਾਲੀ ਨਹੀਂ ਹੋਵੇਗੀ।



'ਮੁੱਖਧਾਰਾ' ਸਿਆਸਤ ਵਿਚ ਤੀਜੀ ਅਹਿਮ ਧਿਰ ਬਣਕੇ ਉੱਭਰੀ ਆਮ ਆਦਮੀ ਪਾਰਟੀ ਨੇ ਵੀ 15 ਦਸੰਬਰ ਨੂੰ ਪੰਜਾਬ ਦੇ 13 ਜ਼ਿਲ੍ਹਿਆਂ ਵਿਚ ਪ੍ਰਦਰਸ਼ਨ ਕੀਤੇ ਹਨ। ਮੁੱਖ ਹਾਕਮ ਜਮਾਤੀ ਪਾਰਟੀਆਂ ਤੋਂ ਅੱਕੇ-ਸਤੇ ਆਮ ਲੋਕਾਂ ਦਾ ਰੁਝਾਨ ਹੱਕ ਵਿਚ ਹੋਣ ਦੇ ਬਾਵਜੂਦ ਉਹ ਕੋਈ ਪ੍ਰਭਾਵਸ਼ਾਲੀ ਲੀਡਰਸ਼ਿਪ ਉਭਾਰਨ ਵਿਚ ਬੁਰੀ ਤਰ੍ਹਾਂ ਨਾਕਾਮ ਹਨ। ਕੇਜਰੀਵਾਲ ਨੂੰ ਪੰਜਾਬ ਚੋਣ ਮੁਹਿੰਮ ਦੀ ਕਮਾਨ ਸੌਂਪਣ ਦੇ ਐਲਾਨ ਸਿਆਸੀ ਪਾਏਦਾਰੀ ਦੀ ਬਜਾਏ ਇਸ ਦੀਰਘ ਰੋਗ ਦੀ ਨਿਸ਼ਾਨੀ ਹਨ ਕਿ ਇਸ ਪਾਰਟੀ ਵਿਚ ਵੀ ਜਮਹੂਰੀ ਨੁਮਾਇੰਦਗੀ ਦੀ ਥਾਂ ਸ਼ਖ਼ਸੀ ਪੂਜਾ ਅਤੇ ਸਟਾਰ-ਸਿਆਸਤ ਫ਼ੈਸਲਾਕੁਨ ਹੈ। ਮਜ਼ਬੂਤ ਜਥੇਬੰਦਕ ਢਾਂਚਾ ਉਸਾਰਨਾ ਤਾਂ ਦੂਰ, ਆਪਣੇ ਅੰਦਰੂਨੀ ਕਲੇਸ਼ ਨੂੰ ਹੱਲ ਕਰਨ ਵਿਚ ਨਾਕਾਮ ਰਹਿਣ ਕਾਰਨ ਉਹ ਮੁੱਖ ਪਾਰਟੀਆਂ ਨੂੰ ਕੋਈ ਵੱਡੀ ਬੱਝਵੀਂ ਟੱਕਰ ਦੇਣ ਦੀ ਹਾਲਤ 'ਚ ਨਹੀਂ ਹਨ। ਫਿਰ ਵੀ, ਆਮ ਲੋਕਾਂ ਦਾ ਰੌਅ ਉਨ੍ਹਾਂ ਦੇ ਹੱਕ ਵਿਚ ਹੋਣ ਕਰਕੇ ਉਹ ਦੋਵਾਂ ਮੁੱਖ ਪਾਰਟੀਆਂ ਦੇ ਚੋਣ ਸਮੀਕਰਣਾਂ ਨੂੰ ਕਾਫ਼ੀ ਪ੍ਰਭਾਵਿਤ ਕਰਨ ਦੀ ਸਿਆਸੀ ਸਮਰੱਥਾ ਰੱਖਦੇ ਹਨ।

ਲੰਮੇ ਸਮੇਂ ਤੋਂ ਸਿਆਸੀ ਮੂਰਛਾ ਹੰਢਾ ਰਹੀ ਬਸਪਾ ਨੇ ਵੀ ਚੋਣਾਂ ਦੀ ਤਿਆਰੀ ਨੂੰ ਲੈ ਕੇ ਕੁਝ ਸਰਗਰਮੀ ਕੀਤੀ ਹੈ। ਇਹ ਮਹਿਜ਼ ਆਪਣੇ ਬੇਜਾਨ ਜਥੇਬੰਦਕ ਢਾਂਚੇ ਨੂੰ ਧੱਕਾ ਲਾਕੇ ਹਰਕਤਸ਼ੀਲ ਕਰਨ ਦੀ ਚਾਰਾਜ਼ੋਈ ਹੈ ਅਤੇ ਇਸ ਵਿਚ ਸਿਆਸੀ ਤਾਜ਼ਗੀ ਤੇ ਧੂਹਪਾਊ ਸੰਜੀਦਾ ਪ੍ਰੋਗਰਾਮ ਅਸਲੋਂ ਹੀ ਨਦਾਰਦ ਹੈ। ਸਿਆਸੀ ਤੌਰ 'ਤੇ ਗੈਰਪ੍ਰਸੰਗਿਕ ਹੋ ਚੁੱਕੀਆਂ ਚਾਰ ਪਾਰਲੀਮੈਂਟਰੀ ਕਮਿਊਨਿਸਟ ਪਾਰਟੀਆਂ ਨੇ ਵੀ ਆਪਣੀ ਹੋਂਦ ਜਤਾਉਣ ਲਈ ਆਪਣੇ ਤੌਰ 'ਤੇ ਚੋਣਾਂ ਲੜਨ ਦੀ ਰਣਨੀਤੀ ਤਹਿਤ ਸਰਗਰਮੀਆਂ ਸ਼ੁਰੂ ਕੀਤੀਆਂ ਹੋਈਆਂ ਹਨ। ਉਨ੍ਹਾਂ ਕੋਲ ਲੋਕਪੱਖੀ ਸੰਘਰਸ਼ਾਂ ਦੀ ਸ਼ਾਨਦਾਰ ਵਿਰਾਸਤ ਅਤੇ ਲੋਕਮੁਖੀ ਪਹੁੰਚ ਤਾਂ ਹੈ ਪਰ ਅਵਾਮੀ ਰਾਇ ਨੂੰ ਪ੍ਰਭਾਵਿਤ ਤੇ ਲਾਮਬੰਦ ਕਰਨ ਦਾ ਸਿਆਸੀ ਦਮ ਤੇ ਜਜ਼ਬਾ ਨਹੀਂ ਹੈ। ਨਕਸਲੀ ਜਥੇਬੰਦੀਆਂ ਆਰਥਕ ਜਾਂ ਫੌਰੀ ਅਹਿਮੀਅਤ ਵਾਲੇ ਮੁੱਦਿਆਂ ਨੂੰ ਲੈ ਕੇ ਲਗਾਤਾਰ ਜੁਝਾਰੂ ਲੜਾਈ ਲੜਦੇ ਰਹਿਣ ਵਾਲੀ ਸੰਜੀਦਾ ਧਿਰ ਹਨ ਪਰ ਅਜੇ ਆਪਣੇ ਬੁਨਿਆਦੀ ਬਦਲਾਓ ਦੇ ਸਿਆਸੀ ਏਜੰਡੇ ਨੂੰ ਠੋਸ ਸ਼ਕਲ ਦੇ ਕੇ ਬਦਲਾਓ ਲਈ ਤਾਂਘਦੇ ਅਵਾਮ ਨੂੰ ਵਿਆਪਕ ਸਿਆਸੀ ਲਾਮਬੰਦੀ ਵਾਲਾ ਮੰਚ ਮੁਹੱਈਆ ਨਹੀਂ ਕਰ ਪਾ ਰਹੀਆਂ।

ਗਰਮਖ਼ਿਆਲ ਸਿੱਖ ਸਿਆਸਤ ਇਸ ਵਕਤ ਕੋਈ ਖ਼ਾਸ ਗਿਣਨਯੋਗ ਸਿਆਸੀ ਪਹਿਲਕਦਮੀਂ ਤੇ ਪੇਸ਼ਕਦਮੀਂ ਕਰਨ ਦੀ ਹਾਲਤ ਵਿਚ ਨਹੀਂ। ਹਾਲੀਆ 'ਸਰਬਤ ਖ਼ਾਲਸਾ' ਸਿੱਖ-ਰਾਜ ਦੇ ਭਵਿੱਖ-ਨਕਸ਼ੇ ਤੋਂ ਵੀ 'ਪੰਥਕ' ਸਿਆਸਤ ਨੂੰ ਕੋਈ ਸਿਆਸੀ ਦਿਸ਼ਾ ਅਤੇ ਸੰਜੀਦਾ ਇਕਜੁੱਟ ਮੰਚ ਮੁਹੱਈਆ ਨਹੀਂ ਕਰ ਸਕਿਆ। 'ਸਰਬਤ ਖ਼ਾਲਸਾ' ਵਿਚ ਹਾਜ਼ਰ ਲੋਕ 'ਪੰਥਕ' ਮੁੱਦਿਆਂ ਨਾਲੋਂ ਬਾਦਲਾਂ ਦੇ ਵਿਰੋਧ ਵਾਲੇ ਮਤਿਆਂ ਉੱਪਰ ਵਧੇਰੇ ਉਤਸ਼ਾਹ ਨਾਲ ਹੱਥ ਉਠਾਉਂਦੇ ਰਹੇ। ਜੋ ਅਵਾਮ ਦੀ ਉਮੀਦ ਅਤੇ ਇਸ ਸਿਆਸੀ ਬਦਲ ਦਰਮਿਆਨ ਡੂੰਘੇ ਪਾੜੇ ਦੇ ਸੂਚਕ ਸਨ। 'ਸਰਬਤ ਖ਼ਾਲਸਾ' ਸਿਮਰਨਜੀਤ ਸਿੰਘ ਮਾਨ ਅਤੇ ਮੋਹਕਮ ਸਿੰਘ ਧੜਿਆਂ ਵਲੋਂ ਸੱਤਾਧਾਰੀ ਧਿਰ ਦੇ ਖ਼ਿਲਾਫ਼ ਉੱਠੇ ਵਿਆਪਕ ਅਵਾਮੀ ਰੋਸ ਤੇ ਰੋਹ ਨੂੰ ਆਪਣਾ ਸਿਆਸੀ ਰਸੂਖ਼ ਵਧਾਉਣ ਲਈ ਇਸਤੇਮਾਲ ਕਰਨ ਦੇ ਸੌੜੇ ਏਜੰਡੇ ਤੋਂ ਪਾਰ ਨਹੀਂ ਜਾ ਸਕਿਆ। ਹੋਰ ਤਾਂ ਹੋਰ, ਇਹ ਹਕੂਮਤੀ ਧੱਕੇਸ਼ਾਹੀਆਂ ਅਤੇ ਜਬਰ ਦੇ ਖ਼ਿਲਾਫ਼ ਕੋਈ ਨਿੱਗਰ ਘੱਟੋਘੱਟ ਕਾਰਵਾਈ-ਸੇਧ ਵੀ ਨਹੀਂ ਦੇ ਸਕਿਆ। ਨਵੇਂ ਥਾਪੇ ਜਥੇਦਾਰਾਂ ਤੇ ਇੰਤਜ਼ਾਮੀਆ ਵਿਅਕਤੀਆਂ ਨੂੰ ਬਾਦਲਾਂ ਨੇ ਜਾਬਰ ਹਮਲਾ ਵਿੱਢਕੇ ਜੇਲ੍ਹਾਂ ਵਿਚ ਸੁੱਟ ਦਿੱਤਾ ਅਤੇ ਸਰਬੱਤ ਖ਼ਾਲਸਾ ਦੀਆਂ ਹਮਾਇਤੀ ਧਿਰਾਂ ਨੂੰ ਇਸ ਦਾ ਟਾਕਰਾ ਕਰਨ ਲਈ ਲਾਮਬੰਦੀ ਦਾ ਕੋਈ ਰਸਤਾ ਨਜ਼ਰ ਨਹੀਂ ਆ ਰਿਹਾ। ਮਾਨ ਦਲ ਨੇ ਬਰਗਾੜੀ ਵਿਚ ਬੇਅਦਬੀ ਕਾਂਡ ਦੇ ਖ਼ਿਲਾਫ਼ ਰੋਸ-ਪ੍ਰਗਟਾਵੇ ਵਿਚ ਮਾਰੇ ਗਏ ਨੌਜਵਾਨਾਂ ਦੀ ਆਤਮਿਕ ਸ਼ਾਂਤੀ ਲਈ ਆਖੰਡ ਪਾਠ ਕਰਾਉਣ ਦੀ ਸਰਗਰਮੀ ਕੀਤੀ ਹੈ ਅਤੇ ਜਿਨ੍ਹਾਂ ਜੇਲ੍ਹਾਂ ਵਿਚ 'ਸਰਬੱਤ ਖ਼ਾਲਸਾ' ਵਿਚ ਚੁਣੇ ਨਵੇਂ ਜਥੇਦਾਰ ਤੇ ਹੋਰ ਹਮਾਇਤੀ ਬੰਦ ਹਨ ਉਨ੍ਹਾਂ ਅੱਗੇ ਰੋਸ-ਮੁਜ਼ਾਹਰੇ ਕਰਨ ਦਾ ਐਲਾਨ ਕੀਤਾ ਹੈ।

ਵੋਟ ਸਿਆਸਤ ਵਾਲੀਆਂ ਸਿਆਸੀ ਪਾਰਟੀਆਂ ਵਲੋਂ ਰੈਲੀਆਂ ਦੀ ਉਪਰੋਕਤ ਮੁਕਾਬਲੇਬਾਜ਼ੀ ਵੱਡੇ ਸਿਆਸੀ ਖ਼ਲਾਅ ਨੂੰ ਦਿਖਾਉਂਦੀ ਹੈ। ਆਗੂਆਂ ਦੀ ਬਿਆਨਬਾਜ਼ੀ ਨਿਰੀ ਸਿਆਸੀ ਤੋਹਮਤਬਾਜ਼ੀ ਹੈ। ਮਸਲਿਆਂ ਦਾ ਹੱਲ ਪੇਸ਼ ਕਰਨਾ ਤਾਂ ਦੂਰ ਇਥੇ ਤਾਂ ਉਨ੍ਹਾਂ ਨੂੰ ਵਿਚਾਰਨ ਦੀ ਮੁੱਢਲੀ ਸੰਜੀਦਗੀ ਵੀ ਨਹੀਂ। ਹਾਕਮ ਜਮਾਤ ਵਲੋਂ ਅਖ਼ਤਿਆਰ ਕੀਤੇ ਆਰਥਕ ਮਾਡਲ ਕਾਰਨ ਸਮੁੱਚਾ ਪ੍ਰਬੰਧ ਇਸ ਕਦਰ ਡੂੰਘੇ ਸੰਕਟ ਦੀ ਲਪੇਟ ਵਿਚ ਹੈ ਕਿ ਇਸ ਮਾਡਲ ਨੂੰ ਲਾਗੂ ਕਰਨ ਲਈ ਤਹਿ-ਦਿਲੋਂ ਪਾਬੰਦ ਇਨ੍ਹਾਂ ਹਾਕਮ ਜਮਾਤੀ ਪਾਰਟੀਆਂ ਕੋਲ ਲੋਕਾਂ ਨੂੰ ਵਕਤੀ ਰਾਹਤ ਦੇਣ ਲਈ ਸੱਤਾਧਾਰੀ ਪਾਰਟੀ ਤੋਂ ਵੱਖਰਾ ਕੋਈ ਪ੍ਰੋਗਰਾਮ ਨਹੀਂ ਹੈ। 'ਵਿਰੋਧੀ-ਧਿਰ' ਦੀਆਂ ਪਾਰਟੀਆਂ ਅਸਲ ਲੋਕ ਮੁੱਦਿਆਂ, ਮੰਗਾਂ-ਮਸਲਿਆਂ ਅਤੇ ਅਵਾਮੀ ਸਰੋਕਾਰਾਂ ਤੋਂ ਗੁਰੇਜ਼ ਕਰਕੇ ਨਿਰਾ ਸੱਤਾਧਾਰੀ ਧਿਰ ਦੀਆਂ ਨਾਕਾਮੀਆਂ ਨੂੰ ਭੰਡਕੇ ਆਪਣੀ ਸਿਆਸੀ ਵੁੱਕਤ ਤੇ ਵਾਜਬੀਅਤ ਬਣਾਉਣ ਦੇ ਯਤਨ ਕਰ ਰਹੀਆਂ ਹਨ। ਉਹ ਇਸ ਸੱਚ ਨੂੰ ਭਲੀਭਾਂਤ ਜਾਣਦੀਆਂ ਹਨ ਕਿ ਬਦੇਸ਼ੀ ਤੇ ਦੇਸੀ ਕਾਰਪੋਰੇਟ ਸਰਮਾਏ ਦੇ ਹਿੱਤਾਂ ਦੀ ਪੂਰਤੀ ਲਈ ਲਿਆਂਦੇ ਖੁੱਲ੍ਹੀ ਮੰਡੀ ਦੇ ਆਰਥਕ ਮਾਡਲ ਨੂੰ ਮੁੱਢੋਂ ਰੱਦ ਕੀਤੇ ਬਗ਼ੈਰ ਖੇਤੀ, ਸਨਅਤ, ਵਿਆਪਕ ਬੇਰੋਜ਼ਗਾਰੀ ਦੇ ਰੂਪ 'ਚ ਮੂੰਹ ਅੱਡੀ ਖੜ੍ਹੇ ਘੋਰ ਸੰਕਟ ਦਾ ਫੌਰੀ ਹੱਲ ਸੰਭਵ ਹੀ ਨਹੀਂ। ਕਾਰਪੋਰੇਟ ਪੱਖੀ, ਅਖਾਉਤੀ ਉਦਾਰਵਾਦੀ ਵਿਕਾਸ ਮਾਡਲ ਨੂੰ ਦੋ-ਟੁੱਕਰੱਦ ਕਰਨਾ ਹੋਵੇਗਾ, ਜਿਵੇਂ ਕਈ ਲਾਤੀਨੀ ਅਮਰੀਕੀ ਮੁਲਕ ਕਰ ਚੁੱਕੇ ਹਨ। ਨਸ਼ਿਆਂ ਨੂੰ ਰੋਕਣ ਲਈ ਸ਼ਰਾਬ ਮਾਫ਼ੀਆ ਤੇ ਨਸ਼ਾ ਤਸਕਰੀ ਕਰਵਾਉਣ ਵਾਲੇ ਸਿਆਸਤਦਾਨਾਂ-ਪੁਲਿਸ-ਤਸਕਰਾਂ ਦੇ ਗੱਠਜੋੜ ਦੇ ਖ਼ਿਲਾਫ਼ ਕਾਰਵਾਈ ਕਰਨੀ ਪਵੇਗੀ ਜਿਸ ਦੀ ਸਿਆਸੀ ਇੱਛਾ ਇਨ੍ਹਾਂ ਵਿੱਚੋਂ ਕਿਸੇ ਵਿਚ ਵੀ ਨਹੀਂ।

ਨਿਸ਼ਚੇ ਹੀ ਅਗਲਾ ਸਵਾ ਸਾਲ ਸਿਆਸੀ ਨਜ਼ਰੀਏ ਤੋਂ ਬਹੁਤ ਸਿਆਸੀ ਹਲਚਲ ਵਾਲਾ ਅਤੇ ਅਹਿਮ ਹੋਵੇਗਾ। ਉਪਰੋਕਤ ਵਿੱਚੋਂ ਜਿਹੜੀ ਵੀ ਕੋਈ ਪਾਰਟੀ ਜਾਂ ਪਾਰਟੀਆਂ ਦਾ ਗੱਠਜੋੜ ਸੱਤਾਧਾਰੀ ਹੋਵੇਗੀ/ਹੋਵੇਗੀ ਐਸੀ ਸਰਕਾਰ ਦੀ ਭੂਮਿਕਾ ਪੰਜਾਬ ਦੇ ਵਿਆਪਕ ਚੌਤਰਫ਼ੇ ਸੰਕਟ ਨੂੰ ਵਕਤੀ ਤੌਰ 'ਤੇ 'ਮੈਨੇਜ' ਕਰਕੇ ਫੋਕੀ ਉਮੀਦ ਜਗਾਉਣ ਤੋਂ ਵੱਧ ਨਹੀਂ ਹੋਵੇਗੀ। ਕਿਉਂਕਿ ਇਸ ਗੰਭੀਰ ਸੰਕਟ ਨੂੰ ਮੁਖ਼ਾਤਬ ਹੋਣ ਲਈ ਸਰਕਾਰ ਬਦਲੀ ਨਹੀਂ ਸਗੋਂ ਬੁਨਿਆਦੀ ਕਾਇਆਕਲਪ ਦੇ ਭਵਿੱਖਨਕਸ਼ੇ ਤਹਿਤ ਨਿੱਗਰ ਰਾਜਸੀ ਪ੍ਰੋਗਰਾਮ ਵਾਲੀ ਸਿਆਸੀ ਲਹਿਰ ਦਰਕਾਰ ਹੈ। ਐਸੀ ਲਹਿਰ ਉਸਾਰਨਾ ਵੋਟ-ਸਿਆਸਤ ਦਾ ਮਨੋਰਥ ਨਹੀਂ। ਇਸ ਖ਼ਲਾਅ ਨੂੰ ਸਿਆਸੀ ਤੌਰ 'ਤੇ ਭਰਨ ਲਈ ਇਨਕਲਾਬੀ-ਜਮਹੂਰੀ ਤਾਕਤਾਂ ਨੂੰ ਧੜੱਲੇ ਨਾਲ ਅੱਗੇ ਆਉਣਾ ਚਾਹੀਦਾ ਹੈ।




# ਜ਼ਫ਼ਰਨਾਮਾ ਗੁਰੂ ਗੋਬਿੰਦ ਸਿੰਘ?

(ਸਫ਼ਾ 1 ਦੀ ਬਾਕੀ)

10. ਏਸੇ ਤਰ੍ਹਾਂ ਜ਼ਫਰਨਾਮਾ ਗੁਰੂ ਗੋਬਿੰਦ ਸਿੰਘ ਇਹ ਔਰੰਗਜ਼ੇਬ ਦੀ ਕਸਮ ਉੱਤੇ ਗੁਰੂ ਸਾਹਿਬ ਨੇ ਅਨੰਦਪੁਰ ਦਾ ਕਿਲ੍ਹਾ ਛੱਡਣ, ਕਸਮ ਤੋੜਕੇ, ਮੁਗਲ ਫ਼ੌਜਾਂ ਦੇ ਗੁਰੂ ਸਾਹਿਬ 'ਤੇ ਹਮਲਾ ਕਰਨ, ਚਹੁੰ ਪੁੱਤਰਾਂ ਦੇ ਕਤਲਾਏ ਜਾਣ, ਔਰੰਗਜ਼ੇਬ ਨੂੰ ਮੁਲਾਕਾਤ ਲਈ ਸੱਦਣ ਜਾਂ ਉਸ ਪਾਸੋਂ ਆਪ ਸਦਵਾਏ ਜਾਣ ਦੀ ਉਸੇ ਤਰ੍ਹਾਂ ਦੀ ਕਲਪਤ ਵਾਰਤਾ ਹੈ, ਜਿਸ ਤਰ੍ਹਾਂ ਹੋਰਨਾਂ ਜ਼ਫਰਨਾਮਿਆਂ ਤੇ ਕਿੱਸਾ ਕਾਵਿ ਦੇ ਆਮ ਖਤਾਂ ਵਿੱਚ ਹੁੰਦੀ ਹੈ। ਵਾਰਸ਼ ਸ਼ਾਹ ਨੇ ਵੀ ਕਲਪਤ ਖ਼ਤ ਕਵਿਤਾਏ ਹਨ।

ਸੋ ਇਹ ਜ਼ਫਰਨਾਮਾ ਉਹ ਖ਼ਤ ਨਹੀਂ, ਇੱਕ ਇਤਿਹਾਸਕ ਦਾਸਤਾਂ ਹੈ।

ਦਸਮ ਗਰੰਥ ਵਿੱਚ ਸ੍ਰੀ ਮੁੱਖ ਵਾਕ ਪਾਤਸ਼ਾਹੀ 10 ਦੇ ਸਿਰਲੇਖ ਹੇਠ ਇਹ ਵਾਰਤਾ ਇਕਸੇ ਬਹਿਰ ਦੇ 863 ਛੰਦਾਂ ਦੀਆਂ 12 ਫਾਰਸੀ ਕਵਿਤਾਵਾਂ ਦਾ ਸੰਗ੍ਰਹਿ ਹੈ। ਕਿਸੇ ਇੱਕ ਕਵੀ ਦੀਆਂ ਫਾਰਸੀ ਕਵਿਤਾਵਾਂ ਦੇ ਸੰਗ੍ਰਹਿ ਨੂੰ ਫ਼ਾਰਸੀ ਵਿੱਚ ਦੀਵਾਨ ਆਖਿਆ ਜਾਂਦਾ ਹੈ। ਸੋ ਏਸ ਲਿਹਾਜ ਨਾਲ਼ ਇਹ ਇੱਕ ਫ਼ਾਰਸੀ ਦੀਵਾਨ ਹੈ, ਜਿਸ ਦੀ ਪਹਿਲੀ ਕਵਿਤਾ ਦਾ ਸਿਰਲੇਖ ਜ਼ਫਰਨਾਮਾ ਗੁਰੂ ਗੋਬਿੰਦ ਸਿੰਘ ਹੋਣ ਕਰਕੇ ਸਾਰੀਆਂ ਕਵਿਤਾਵਾਂ ਦੇ ਏਸ ਦੀਵਾਨ ਨੂੰ ਜ਼ਫਰਨਾਮਾ ਮਿਥਿਆ ਗਿਆ ਤੇ ਜਾਂਦਾ ਹੈ। ਜਿਸ ਤਰ੍ਹਾਂ ਆਮ ਸਾਹਿਤਕ ਰਿਵਾਜ ਹੈ ਕਿ ਕਿਸੇ ਸੰਗ੍ਰਹਿ ਦੀ ਚੋਣਵੀਂ ਕਵਿਤਾ ਜਾਂ ਕਹਾਣੀ ਦੇ ਨਾਂ ਤੇ ਸਾਰੇ ਸੰਗ੍ਰਹਿ ਦਾ ਨਾਮ ਰੱਖ ਦਿੱਤਾ ਜਾਂਦਾ ਹੈ। ਹਾਲਾਂਕਿ ਬਾਕੀ 11 ਕਵਿਤਾਵਾਂ ਦਾ ਵਿਸ਼ਾ ਵਸਤੂ ਦੇ ਲਿਹਾਜ਼ ਨਾਲ਼ ਜ਼ਫਰਨਾਮੇ ਵਾਲ਼ੀ ਕਵਿਤਾ ਦੇ ਵਿਸ਼ਾ ਵਸਤੂ ਨਾਲ਼ ਕੋਈ ਵਾਸਤਾ ਨਹੀਂ। ਉਹਨਾਂ ਵਿੱਚ ਪਹਿਲੀ ਤਾਂ ਰਾਜੇ ਦਲੀਪ ਦੀ ਹਿੰਦੂ ਗਾਥਾ ਹੈ। ਦੂਸਰੀ ਚੀਨ ਦੇ ਕਿਸੇ ਰਾਜੇ ਦੀ ਆਪਣੇ ਪੁੱਤਰਾਂ ਨੂੰ ਰਾਜਸੱਤਾ ਨਾਲ਼ੋਂ ਵਾਹੀ ਨੂੰ ਚੰਗਾ ਸਿੱਧ ਕਰਨ ਦੀ ਵਾਰਤਾ ਹੈ ਤੇ ਬਾਕੀ ਨੌਂ ਅਲਫ ਲੈਲਾ ਵਰਗੀਆਂ ਇਸਤਰੀ ਬੇਵਫ਼ਾਈ ਦੀਆਂ ਹਿਕਾਇਤਾਂ (ਕਹਾਣੀਆਂ) ਹਨ।

ਏਸ ਸਿਲਸਿਲੇ ਵਿੱਚ ਜ਼ਫਰਨਾਮੇ ਦੇ ਤਿੰਨ ਹੱਥ ਲਿਖਤੀ ਖਰੜੇ ਪੰਜ ਛਪਤਾ, ਦੋ ਹੱਥ ਲਿਖਤੀ ਦਸਮ ਗਰੰਥ ਤੇ ਇੱਕ ਪ੍ਰਕਾਸ਼ਤ ਦਸਮ ਗਰੰਥ ਪੂਨੇ-ਛਾਣੇ ਗਏ ਹਨ। ਇਹਨਾਂ ਦੇ ਲਿਖੇ ਜਾਂ ਛਾਪੇ ਜਾਣ ਦੀਆਂ ਤਾਰੀਖਾਂ ਤੋਂ ਪਤਾ ਲਗਦਾ ਹੈ ਕਿ 1650 ਤੋਂ ਪਹਿਲਾਂ ਦੀਆਂ ਸਭ ਹੱਥ ਲਿਖਤਾਂ ਤੇ ਛਪਤਾਂ ਸਾਰੇ ਦੇ ਸਾਰੇ ਦੀਵਾਨ ਨੂੰ ਜ਼ਫਰਨਾਮਾ ਮੰਨੀ ਬੈਠੀਆਂ ਹਨ। ਪਰ ਪੰਜਾਬ ਦੀ ਵੰਡ ਤੋਂ ਬਾਅਦ ਪੰਜਾਬੀ ਸਾਹਿਤ ਅੰਦਰ ਧਾਰਮਕ ਸੂਝ ਵਿੱਚ ਵੀ ਧਾਰਨ ਕਰ ਲਏ ਗਏ, ਵਿਗਿਆਨਕ ਦ੍ਰਿਸ਼ਟੀਕੋਨ ਦੇ ਫਲਸਰੂਪ ਏਸ ਰਚਨਾ ਵੱਲ ਵੀ ਧਿਆਨ ਮਾਰਿਆ ਗਿਆ ਹੈ ਤੇ ਬਾਵਾ ਪਿਆਰੇ, ਲਾਲ ਬੇਦੀ, ਲਾਲਾ ਨਾਨਕ ਚੰਦ ਨਾਜ਼ ਤੇ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਸ੍ਰੀ ਪਿਆਰਾ ਸਿੰਘ ਪਦਮ ਦੀਆਂ ਪ੍ਰਕਾਸ਼ਨਾਵਾਂ ਵਿੱਚ ਏਸ ਦੀਵਾਨ ਦੀਆਂ ਯਾਰਾਂ ਦਾਸਤਾਨਾਂ ਛੱਡਕੇ ਕੇਵਲ ਜ਼ਫਰਨਾਮੇ ਵਾਲ਼ੀ ਪਹਿਲੀ ਦਾਸਤਾਂ ਹੀ ਜ਼ਫਰਨਾਮਾ ਕਰਕੇ ਛਾਪੀ ਗਈ ਹੈ। ਫਾਰਸੀ ਸਾਹਿਤ ਰੂਪ ਅਨੁਸਾਰ ਦਰਅਸਲ ਇਹੀ ਦਾਸਤਾਂ ਜ਼ਫਰਨਾਮਾ ਹੈ। ਪ੍ਰਸ਼ਨ ਇਹ ਹੈ ਕਿ ਇਹ ਗੁਰੂ ਸਾਹਿਬ ਦੀ ਆਪਣੀ ਰਚਨਾ ਹੈ ਜਾਂ ਨਹੀਂ। ਵਿਗਿਆਨਕ ਛਾਣ-ਬੀਣ ਤੇ ਇਤਿਹਾਸਕ ਵਿਆਪਕਤਾਵਾਂ ਤੇ ਅਧਾਰਤ ਦਲੀਲਬਾਜ਼ੀ ਗੁਰੂ ਸਾਹਿਬ ਨੂੰ ਏਸ ਦਾ ਕਰਤਾ ਨਹੀਂ ਮੰਨ ਸਕਦੀ।

ਏਸ ਦੇ ਗੁਰੂ ਸਾਹਿਬ ਦੀ ਰਚਨਾ ਹੋਣ ਦਾ ਧਿਆਨ ਭਾਈ ਮਨੀ ਸਿੰਘ ਦੱਸੀਦੇ ਹਨ। ਜਿੰਨ੍ਹਾਂ ਇਸ ਨੂੰ, ਦਸਮ ਗਰੰਥ ਐਡਿਟ ਕਰਨ ਵੇਲ਼ੇ, ਸ੍ਰੀ ਮੁਖਵਾਕ ਪਾਤਸ਼ਾਹੀ ੧੦ ਲਿਖਿਆ ਹੈ। ਭਾਈ ਜੀ ਤਾਂ ਏਸ ਦੀਵਾਨ ਦੀਆਂ ਬਾਕੀ ਯਾਰਾਂ ਕਾਵਿਕ ਦਾਸਤਾਨਾਂ ਨੂੰ ਵੀ ਜ਼ਫ਼ਰਨਾਮੇ ਨਾਲ਼ ਸ੍ਰੀ ਮੁਖਵਾਕ ਹੋਣ ਦਾ ਧਿਆ ਹਨ। ਉਹਨਾਂ ਤਾਂ ਸਵਾਏ ਜ਼ਫਰਨਾਮੇ ਵਾਲ਼ੀ ਦਾਸਤਾਂ ਦੇ ਬਾਕੀ ਸਾਰੀਆਂ ਨੂੰ ਇੱਕਲੀ ਇੱਕਲੀ ਕਰਕੇ ੧ੳ ਸਤਿਗੁਰ ਪ੍ਰਸਾਦਿ ਦੇ ਸਿਰਨਾਵੇਂ ਹੇਠਾਂ ਉਤਾਰਿਆ ਹੈ। ਸੋ ਜੇ ਅੱਜ ਏਸ ਦੀਵਾਨ ਦੀਆਂ ਬਾਰਾਂ ਕਵਿਤਾਵਾਂ ਵਿੱਚੋਂ ਯਾਰਾਂ ਨੂੰ ਸ੍ਰੀ ਮੁਖਵਾਕ ਹੋਣ ਤੋਂ ਇਨਕਾਰਿਆ ਜਾ ਰਿਹਾ ਹੈ ਤਾਂ ਫੇਰ ਗੁਰੂ ਗੋਬਿੰਦ ਸਿੰਘ ਬਾਰੇ ਲਿਖੀ ਇਕੱਲੀ ਪਹਿਲੀ ਦਾਸਤਾਂ ਕਿਸ ਤਰ੍ਹਾਂ ਸ੍ਰੀ ਮੁਖਵਾਕ ਰਹਿ ਗਈ? ਇਹ ਬੜਾ ਯਥਾਰਥ ਸ਼ੰਕਾ ਹੈ, ਜਿਸ ਦੀ ਪੁਸ਼ਟੀ ਕਰਨ ਲਈ ਹੈ, ਲਿਖੀਆਂ ਕੁਣਸਾਂ ਨਿੱਕਲ਼ਦੀਆਂ ਹਨ।

1. ਇਤਿਹਾਸ ਵਿੱਚ ਕੋਈ ਐਸੀ ਮਿਸਾਲ ਨਹੀਂ ਮਿਲਦੀ, ਕਿ ਕਿਸੇ ਸੂਰਮੇ ਨੇ ਆਪਣਾ ਜ਼ਫਰਨਾਮਾ ਆਪ ਲਿਖਿਆ ਹੋਵੇ। ਉੱਤੇ ਲਿਖੇ ਗਏ 9 ਜ਼ਫਰਨਾਮਿਆਂ ਦਾ ਕੋਈ ਹੀਰੋ ਵੀ ਇਹਨਾਂ ਦਾ ਰਚਨਹਾਰ ਨਹੀਂ। ਏਸ ਤਰ੍ਹਾਂ ਗੁਰੂ ਸਾਹਿਬ ਵੀ ਏਸ ਦੇ ਕਰਤਾ ਨਹੀਂ ਮੰਨੇ ਜਾ ਸਕਦੇ, ਇਹ ਤਾਂ ਆਪਣੇ ਮੂੰਹੋਂ ਆਪ ਮੀਆਂ ਮਿੱਠੂ ਬਨਣ ਵਾਲ਼ੀ ਗੱਲ ਹੈ। ਗੁਰੂ ਸਾਹਿਬ ਨੇ ਆਪਣਾ ਜ਼ਫ਼ਰਨਾਮਾ ਕਿਉਂ ਲਿਖਣਾ ਸੀ?

2. ਬੇਸ਼ਕ ਗੁਰੂ ਸਾਹਿਬ ਫਾਰਸੀ ਦੇ ਕਵੀ ਸਨ ਤੇ ਉਹਨਾਂ ਦੇ ਦਰਬਾਰ ਵਿੱਚ ਫਾਰਸੀ ਦੇ ਕਵੀ ਤੇ ਵਾਰਤਾਕਾਰ ਵੀ ਮੌਜੂਦ ਸਨ। ਉਹਨਾਂ ਦੇ ਆਪਣੇ ਫਾਰਸੀ ਕਾਵਿ ਦਾ ਨਮੂਨਾ ਉਹਨਾਂ ਦੀ ਬਾਣੀ ਵਿੱਚ ਕਿਤੇ ਕਿਤੇ ਉੱਚਰੇ ਹੋਏ ਫਾਰਸੀ ਟੱਪਿਆਂ ਤੋਂ ਮਿਲਦਾ ਹੈ। ਪਰ ਉਹਨਾਂ ਫਾਰਸੀ ਵਿੱਚ ਆਪ ਕੋਈ ਨਿਰੋਲ ਕਵਿਤਾ ਨਹੀਂ ਕੀਤੀ। ਜਿਸ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਏਸ ਦੀਵਾਨ ਦੀ ਕਵਿਤਾ ਵੀ ਉਹਨਾਂ ਦੀ ਆਪਣੀ ਰਚਨਾ ਨਹੀਂ।

3. ਕਾਵਿ ਕਲਾ ਪੱਖੋਂ ਇਹ ਕਵਿਤਾ ਉਸ ਪਾਏ ਦੀ ਨਹੀਂ ਜਿੰਨੀ ਗੁਰੂ ਸਾਹਿਬ ਦੀ ਹੋਰ ਕਵਿਤਾ ਜਾਂ ਫਾਰਸੀ ਕਵਿਤਾ ਹੋਣੀ ਚਾਹੀਦੀ ਹੈ।× ਵਿਸ਼ੇ ਵਸਤੂ ਦੀ ਪਰੋਣ ਉੰਗੜ-ਦੁੱਗੜੀ ਤੇ ਕਿਤੇ ਕਿਤੇ ਇੱਕ-ਦੂਜੇ ਨੂੰ ਕਾਟਵੀਂ ਹੈ। ਜੇ ਇਹ ਗੁਰੂ ਸਾਹਿਬ ਦੀ ਰਚਨਾ ਹੁੰਦੀ ਤਾਂ ਏਸ ਵਿੱਚ ਨੁਕਸ ਨਾ ਹੁੰਦੇ। ਇਹ ਉਸੇ ਹੀ ਉਚ ਕੋਟੀ ਦੀ ਹੁੰਦੀ, ਜਿੰਨੀ ਅਕਾਲ ਉਸਤਤ ਤੇ ਸਵੱਈਆਂ ਆਦਿ ਦੀਆਂ ਕਵਿਤਾਵਾਂ ਹਨ।

(* ਇਸ ਬਾਰੇ ਸ੍ਰੀ ਲਛਮਣ ਦਾਸ ਸ਼ਾਇਕ ਕਾਫ਼ੀ ਲਿਖ ਚੁੱਕੇ ਹਨ।)

4. ਪਰੋਣ ਵਜੋਂ ਇੱਕੋ ਉਦਾਹਰਨ ਕਾਫੀ ਹੋਵੇਗੀ। ਕਸਮ ਤੋੜਨ ਦੇ ਉਲਾਹਮਿਆਂ ਦੇ 26 ਛੰਦ ਦਾਂ ਇੱਕ ਟੱਕ ਹਨ। ਫੇਰ ਹਰ ਦੂਜੇ ਤੀਜੇ (ਕਿਤਾਬੀ) ਸਫ਼ੇ ਤੇ ਦੋ ਦੋ ਚਾਰ ਚਾਰ ਮੁੜ ਏਸੇ ਵਿਸ਼ੇ ਉੱਤੇ ਹੋਰ ਛੰਦ ਹਨ, ਜੋ ਅਤਿ ਬੇਲੋੜੇ, ਬੇਚਜ਼ੇ ਤੇ ਬੇਥਾਵੇਂ ਜਾਪਦੇ ਹਨ। ਅਜਿਹੀ ਉੰਗੜੀ-ਦੁੱਗੜੀ ਦੂਹਰ ਤਿਹਰ ਗੁਰੂ ਸਾਹਿਬ ਦੀ ਆਪਣੀ ਕਿਸੇ ਹੋਰ ਕਥਤ ਰਚਨਾ ਵਿੱਚ ਨਹੀਂ ਮਿਲਦੀ।

5. ਏਸ ਤਰ੍ਹਾਂ ਇੱਕ ਦੂਸਰੀ ਨੂੰ ਕਾਟਵੀਆਂ ਗੱਲਾਂ ਵੀ ਰੜਕਦੀਆਂ ਹਨ। ਮਿਸਾਲ ਵਜੋਂ :-

(1) ਇੱਕ ਬੰਨੇ ਏਸ ਦਾਸਤਾਂ ਵਿੱਚ ਗੁਰੂ ਸਾਹਿਬ ਵਲੋਂ ਔਰੰਗਜ਼ੇਬ ਨੂੰ ਦੀਨੇ ਕਾਂਗੜ ਆ ਕੇ ਮੁਲਾਕਾਤ ਕਰਨ ਵਾਸਤੇ ਸਦਦਿਆਂ ਦੱਸਿਆ ਗਿਆ ਹੈ।

-ਕਿ ਤਸ਼ਰੀਫ ਕਸਬਾ ਕਾਂਗਰ ਕੁਨੰਦ ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵੰਦ (੫੮) ਅਰਥਾਤ- ਕਾਂਗੜ ਦੇ ਕਸਬੇ ਤਸ਼ਰੀਫ ਲੈ ਆਵੇਂ ਤਾਂ ਉੱਥੇ ਆਪਸ ਵਿੱਚ ਮੁਲਾਕਾਤ ਹੋ ਜਾਵੇ।

-ਨ ਜ਼ਰਾਂ ਦਰੀ ਖਤਰਾ, ਹਮਾ ਕੌਮ ਬਰਾਰ ਹੁਕਮ ਮਿਰਾਸਤ (੫੯) ਅਰਥਾਤ- ਤੈਨੂੰ ਏਸ ਵਿੱਚ ਕੋਈ ਖਤਰਾ ਨਹੀਂ, ਸਾਰੀ ਬਰਾੜ ਕੌਮ ਮੇਰੇ ਹੁਕਮ ਵਿੱਚ ਹੈ।

-ਬਿਆ ਤਾ ਸੁਖਨ ਖੁਦ ਜ਼ਬਾਨੀ ਕੁਨੇਮ, ਬਰੂਏ ਸ਼ੁਮਾ ਮਿਹਰਬਾਨੀ ਕੁਨੇਮ (੬੦) ਅਰਥਾਤ-ਉਥੇ ਖ਼ੁਦ ਜ਼ਬਾਨੀ ਗੱਲਬਾਤ ਕਰਾਂਗੇ, ਤੇਰੇ ਸਾਹਮਣੇ ਮਿਹਰਬਾਨੀ ਕਰਾਂਗੇ। (ਭਲਾਂ ਲਿਖਣ ਵਾਲ਼ਾ ਵੀ ਮਿਹਰਬਾਨੀ ਕਰਾਂਗੇ ਕਿਸੇ ਨੂੰ ਆਖ ਸਕਦਾ ਹੈ। ਏਸ ਤੋਂ ਵੱਡੀ ਕੁਢੱਬੀ ਗੱਲ ਕੋਈ ਹੋਰ ਕੀ ਹੋ ਸਕਦੀ ਹੈ?)

(2) ਦੂਸਰੇ ਬੰਨੇ ਏਸ ਦੇ ਨਾਲ਼ ਲੱਗਦਿਆਂ ਛੰਦਾਂ ਵਿੱਚ ਗੁਰੂ ਸਾਹਿਬ ਨੂੰ ਆਪ ਔਰੰਗਜ਼ੇਬ ਪਾਸ ਹਾਜ਼ਰ ਹੋਣ ਦੀ ਦਰਖਾਸ ਕਰਦਿਆਂ ਦਸਿਆ ਗਿਆ ਹੈ, ਜਿਵੇਂ

-ਸ਼ਹਿਨਸ਼ਾਹ ਰਾ ਬੰਦਾ-ਇ-ਚਾਕਰੇਮ ਗਰ ਹੁਕਮ ਆਇਦ ਬਜਾ ਹਾਜ਼ਰੇਮ (੬੨)

-ਗਰ ਚਿ ਬਿਆਇਦ ਬਰਫਮਾਨਿ ਮਨ, ਹਜ਼ੂਰਤ ਬਿਆਇਮ ਹਮਾ ਜਾਨੋ ਤਨ (੬੩)

ਅਰਥਾਤ-ਮੈਂ ਸ਼ਹਿਨਸ਼ਾਹ ਦਾ ਚਾਕਰ ਬੰਦਾ ਹਾਂ, ਜੇ ਹੁਕਮ ਹੋਵੇ ਤਾਂ ਜਾਨ ਹਾਜ਼ਰ ਕਰਾਂ। ਜੇ ਮੇਰਾ ਹੁਕਮ ਮੰਨ ਕੇ ਆਵੇਂ ਤਾਂ ਮੈਂ ਹਜੂਰ ਪਾਸ ਸਾਰੀ ਜਾਨ ਤੇ ਸਰੀਰ ਲੈ ਕੇ ਹਾਜ਼ਰ ਹੋਵਾਂ।

ਜੇ ਗੁਰੂ ਸਾਹਿਬ ਦੀ ਇਹ ਆਪਣੀ ਰਚਨਾ ਹੁੰਦੀ ਤਾਂ ਉਹ ਪਹਿਲੀ ਪੋਜ਼ੀਸ਼ਨ (੫੮, ੫੯, ੬੦) ਤੋਂ ਬਾਅਦ ੬੨ ਅਤੇ ੬੩ ਛੰਦਾਂ ਵਾਲ਼ੀ ਪੋਜ਼ੀਸ਼ਨ ਨਾ ਲੈਂਦੇ। (ਸ਼ਾਇਦ ਏਸੇ ਵਿਰੋਧ ਤੇ ਪਰਦਾ ਪਾਉਣ ਲਈ ਲਾਲਾ ਨਾਨਕ ਚੰਦ ਨਾਜ਼ ਤੇ ਸ੍ਰੀ ਪਿਆਰਾ ਸਿੰਘ ਪਦਮ ਨੇ ਇਹ ਦੋਵੇਂ ਛੰਦ (੬੨, ੬੩) ਆਪਣੀਆਂ ਛਪਤਾਂ ਵਿੱਚ ਨਹੀਂ ਛਾਪੇ। ਜੋ ਦਸਮ ਗਰੰਥ ਦੀਆਂ ਸਾਰੀਆਂ ਹੱਥ ਲਿਖਤਾਂ ਤੇ ਛਪਤਾਂ ਵਿੱਚ ਮੌਜੂਦ ਹਨ ਤੇ ਜ਼ਫ਼ਰਨਾਮੇ ਦੇ ਦਸਤੀ ਉਤਾਰਾਂ ਵਿੱਚ ਵੀ ਹਨ।) :-

ਇਤਿਹਾਸਕ ਲਿਖਤਾਂ ਛਪਤਾਂ ਵਿੱਚੋਂ ਇਹ ਛਾਂਟਾ ਛਾਂਟੀ ਸਾਹਿਤਕ ਦਿਆਨਤਦਾਰੀ ਨੂੰ ਸੋਭਦੀ ਨਹੀਂ, ਸਗੋਂ ਅੰਦਰਲੇ ਚੋਰ ਵਾਲ਼ੀ ਗੱਲ ਹੈ। ਏਸ ਤਰ੍ਹਾਂ ਅਨਚਾਹਤ ਰੜਕਾਂ ਨੂੰ ਛਾਂਟ ਕੇ ਖਰੜੇ ਦੀ ਬੇਅਦਬੀ ਕਰਨ ਵਾਲ਼ੀ ਗੱਲ ਹੈ ਤੇ ਜੇ ਏਸ ਨੂੰ ਗੁਰੂ ਸਾਹਿਬ ਦੀ ਹੀ ਰਚਨਾ ਮੰਨਿਆ ਜਾਏ, ਜਿਸ ਤਰ੍ਹਾਂ ਇਹ ਲੋਕ ਮੰਨਦੇ ਹਨ ਤਾਂ ਇਹ ਖਰੜੇ ਦੀ ਨਹੀਂ ਸਗੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੈ। ਫੇਰ ਗੁਰੂ ਸਾਹਿਬ ਦੀ ਬਾਣੀ ਦੀ ਕਾਂਟ ਛਾਂਟ ਕਰਨ ਵਾਲ਼ੇ ਇਹ ਕੌਣ ਹੁੰਦੇ ਹਨ?

ਵਿਗਿਆਨਕ ਯਥਾਰਥਵਾਦੀ ਦਰਿਸ਼ਟੀ ਕਿਸੇ ਇਤਿਹਾਸਕ ਸਾਹਿਤ ਰਚਨਾ ਵਿੱਚੋਂ ਮਾੜੇ ਨੂੰ ਛਾਂਟ ਕੇ ਬਾਕੀ ਚੰਗੇ ਦੀ ਬਿਨਾ ਉੱਤੇ ਵਿਆਖਿਆ ਨਹੀਂ ਕਰਦੀ। ਉਹ ਤਾਂ ਓਸ ਰਚਨਾ ਦੇ ਸਮੂਲਚੇ ਮਾੜੇ ਚੰਗੇ, ਗਲਤ ਠੀਕ, ਸੋਭਦੇ ਕੁਸੋਭਦੇ ਤੇ ਵਿਰੋਧ ਹਮਾਇਤ ਨੂੰ ਸਾਂਹਵੇ ਰੱਖ ਕੇ ਵਿਰੋਲੇਗੀ ਤੇ ਏਸ ਵਿਰੋਲ ਦੀ ਬਿਨਾਂ ਉੱਤੇ ਉਸ ਦੇ ਅਸਲੀ ਜਾਂ ਅਨ-ਅਸਲੀ ਤੇ ਆਪਣੇ ਜਾਂ ਪਰਾਏ ਹੋਣ ਦਾ ਤੱਥ ਕੱਢੇਗੀ। ਏਸ ਦਰਿਸ਼ਟੀ ਨਾਲ਼ ਪਰਖਿਆਂ ਹੀ ਉਸ ਦਾ ਸਾਹਿਤਕ ਤੇ ਇਤਿਹਾਸਕ ਮੁੱਲ ਟੁੱਕਿਆ ਜਾ ਸਕੇਗਾ ਜਾਂ ਨਹੀਂ ਤਾਂ ਨਹੀਂ। ਸੋ ਵਿਗਿਆਨਕ ਦਰਿਸ਼ਟੀ ਦਾ ਕੰਮ ਏਸ ਦੀਵਾਨ ਵਿੱਚੋਂ ਗੁਰੂ ਸਾਹਿਬ ਨੂੰ ਕੁਸੋਭਦੀਆਂ ਦਾਸਤਾਨਾਂ ਤਿਆਗ ਕੇ ਜਾਂ ਛੰਦਾਂ ਦੀ ਕੱਟ ਕੱਟਾਈ ਕਰਕੇ ਏਸ ਨੂੰ ਆਚਰਨ ਪੱਖੋਂ ਉੱਚਾ ਤੇ ਸੁੱਚਾ ਦਰਸਾਉਣਾ ਨਹੀਂ, ਸਗੋਂ ਏਸ ਦੇ ਮੰਦੇ ਚੰਗੇ ਤੋਂ ਏਸ ਦੇ ਅਸਲੀ (ਗੁਰੂ ਸਾਹਿਬ ਦੀ ਆਪਣੀ ਰਚਨਾ) ਜਾਂ ਅਨਅਸਲੀ (ਪਰਾਈ) ਕਿਰਤ ਹੋਣ ਦਾ ਨਿਰਣਾ ਕਰਨਾ ਹੈ। ਜੇ ਛੱਡੀਆਂ ਹੋਈਆਂ 11 ਦਾਸਤਾਨਾਂ ਤੇ 62 ਤੇ 63 ਛੰਦ ਗੁਰੂ ਸਾਹਿਬ ਨੂੰ ਸੋਭਦੇ ਜਾਚਕੇ ਤਿਆਗੇ ਜਾ ਸਕਦੇ ਹਨ ਤਾਂ ਸਾਰੀ ਦੀ ਸਾਰੀ ਰਚਨਾ ਹੀ ਕਿਉਂ ਨਾ ਤਿਆਗੀ ਜਾਏ ਤੇ ਗੁਰੂ ਸਾਹਿਬ ਦੀ ਰਚਨਾ ਕਿਉਂ ਮੰਨੀ ਜਾਏ?

(3) ਉੱਪਰ ਦਿੱਤੇ ਦਰਿਸ਼ਟਾਂਤ ਤੇ ਛੰਦਾਂ ਦਾ ਆਪਸੀ ਵਿਰੋਧ ਦਾ ਪਾਠ ਦਸਦਾ ਹੈ, ਕਿ ਜੇ ਇਹ ਰਚਨਾ ਗੁਰੂ ਸਾਹਿਬ ਦੀ ਆਪਣੀ ਹੁੰਦੀ ਤਾਂ ਉਹ ਇਹ ਆਪਾ ਵਿਰੋਧੀ ਪੋਜ਼ੀਸ਼ਨ ਨਾ ਲੈਂਦੇ, ਦੁਹਾਂ ਵਿੱਚੋਂ ਇੱਕ ਲੈਂਦੇ ਤੇ ਉਹ ਵੀ ਪਹਿਲੀ।

(4) ਏਸ ਦਾਸਤਾਂ ਵਿੱਚ ਬਹੁਤਾ ਜ਼ੋਰ ਔਰੰਗਜ਼ੇਬ ਵੱਲੋਂ ਖਾਧੀ ਕਸਮ ਤੋੜਨ 'ਤੇ ਲਾਇਆ ਗਿਆ ਹੈ। ਭਾਵੇਂ ਸਿੱਖ ਇਤਿਹਾਸ ਵਿੱਚੋਂ ਕਿਤੋਂ ਵੀ ਸਪਸ਼ਟ ਨਹੀਂ ਹੁੰਦਾ, ਕਿ ਔਰੰਗਜ਼ੇਬ ਜਾਂ ਉਸ ਦੀਆਂ ਆਪਣੀਆਂ ਸ਼ਾਹੀ ਫ਼ੌਜਾਂ ਨੇ ਅਨੰਦਪੁਰ ਸਾਹਿਬ 'ਤੇ ਹਮਲਾ ਕੀਤਾ ਹੋਵੇ ਤੇ ਕਸਮ ਖਾ ਕੇ ਉਹਨਾਂ ਤੋਂ ਕਿਲਾ ਛੁਡਾਇਆ ਹੋਵੇ ਉਹ ਤਾਂ ਦੱਖਣ ਵਿੱਚ ਰੁੱਝਾ ਹੋਇਆ ਸੀ, ਇਹ ਤਾਂ ਪਹਾੜੀ ਰਾਜਿਆਂ ਤੇ ਸਰਹੰਦ ਦੇ ਸੂਬੇ ਦੀਆਂ ਫ਼ੌਜਾਂ ਸਨ। ਔਰੰਗਜ਼ੇਬ ਉੱਥੇ ਕਿਥੇ ਸੀ? ਸੋ ਜੇ ਇਹ ਦਾਸਤਾਂ ਸ੍ਰੀ ਮੁੱਖ ਵਾਕ ਪਾਤਸ਼ਾਹੀ ੧੦ ਹੁੰਦੀ ਤਾਂ ਗੁਰੂ ਸਹਿਬ ਅਜਿਹਾ ਅਣ-ਇਤਿਹਾਸਕ ਉਲਾਹਮਾ ਔਰੰਗਜ਼ੇਬ ਨੂੰ ਕਿਸ ਤਰ੍ਹਾਂ ਦੇ ਸਕਦੇ ਸਨ? ਉਹ ਤਾਂ ਸੱਚ ਦੇ ਅਵਤਾਰ ਸਨ।

(5) ਏਸ ਦਾਸਤਾਂ ਵਿੱਚ ਔਰੰਗਜ਼ੇਬ ਦੀਆਂ ਬੇਲੋੜੀਆਂ ਸਿਫਤਾਂ ਕੀਤੀਆਂ ਗਈਆਂ ਹਨ। ਜੋ ਗੁਰੂ ਸਾਹਿਬ ਤੋਂ ਆਸ ਨਹੀਂ ਕੀਤੀ ਜਾ ਸਕਦੀ ਜਿਸ ਦਾ ਸਾਰਾ ਵੰਸ਼, ਸਾਰਾ ਮਾਲ ਮਤਾਹ, ਮਾਲ ਮਿਲਖ ਤੇ ਘਰ ਬਾਰ ਤਬਾਹ ਤੇ ਬਰਬਾਦ ਕਰ ਦਿੱਤਾ ਗਿਆ ਹੋਵੇ ਤੇ ਜੋ ਇੱਕ ਪਾਸੇ ਤਾਂ ਚਾਰੇ ਪੁੱਤਰਾਂ ਦੇ ਕਤਲਾਮ ਦੀ ਸ਼ਕਾਇਤ ਕਰੇ ਤੇ ਦੂਸਰੇ ਪਾਸੇ ਏਸ ਤੋਂ ਕਿਤੇ ਜ਼ਿਆਦਾ ਉਸ ਦੀ ਉਸਤਤ ਦੇ ਛੰਦ ਗਾਵੇ।

(6) ਜੇ ਏਸ ਸਾਰੇ ਦੀਵਾਨ ਵਿੱਚੋਂ ਜ਼ਫਰਨਾਮੇ ਵਾਲ਼ੀ ਦਾਸਤਾਂ ਗੁਰੂ ਸਾਹਿਬ ਦੀ ਕਿਰਤ ਮੰਨ ਲਈ ਜਾਏ ਤਾਂ ਬਾਕੀ ਦਾਸਤਾਨਾਂ ਵੀ ਉਹਨਾਂ ਦੀ ਕਿਰਤ ਮੰਨਣੀਆਂ ਪੈਣਗੀਆਂ, ਕਿਉਂਕਿ ਇਹਨਾਂ ਸਾਰੀਆਂ ਵਿੱਚ ਕਾਵਿ ਦੀ ਨੁਹਾਰ ਤੇ ਤੁੱਕ-ਬੰਦੀ ਇਕਸੇ ਬੁੱਧੀ ਦੀ ਜਾਪਦੀ ਹੈ। ਕਰਤਾ ਨੇ ਇਹਨਾਂ ਯਾਰਾਂ ਨੂੰ ਵੀ ਜ਼ਫਰਨਾਮੇ ਵਾਲ਼ਾ ਰੂਹ ਚਾੜ੍ਹਨ ਦੀ ਕੋਸ਼ਿਸ਼ ਕੀਤੀ ਹੈ। ਹਰ ਦਾਸਤਾਂ ਦੇ ਅਖੀਰਲੇ ਦੋ ਛੰਦ ਏਸ ਰੂਹ ਨੂੰ ਪੇਸ਼ ਕਰਦੇ ਹਨ ਤੇ ਇਹਨਾਂ ਵਿੱਚੋਂ ਹਰ ਪਹਿਲਾ ਛੰਦ ਇਹ ਬੋਲਦਾ ਹੈ :

-ਇਹ ਸਾਕੀਆ ਸਾਗਰਿ ਸਬਜ਼ਾ ਰੰਗ, ਕਿ ਮਾ ਰਾ ਬਕਾਰ ਅਸਤ ਦਰ ਵਕਤ ਜੰਗ। ਅਰਥਾਤ-ਸਾਕੀਆ ਮੈਨੂੰ ਸਬਜ਼ ਰੰਗ ਦਾ ਪਿਆਲਾ ਦਿਹ, ਜੋ ਜੰਗ ਵੇਲ਼ੇ ਮੇਰੇ ਕੰਮ ਆਵੇ।

ਇਹਨਾਂ ਅਨਜੰਗੀ ਦਾਸਤਾਨਾਂ ਦਾ ਦਰ ਵਕਤ ਜੰਗ ਨਾਲ਼ ਕੀ ਵਾਸਤਾ? ਹਰ ਦਾਸਤਾਂ ਦੇ ਅਖੀਰ ਤੇ ਇਹ ਦੋ ਤੁਕਾਂ ਕਰਤਾ ਦੀ ਸੂਝ 'ਤੇ ਸ਼ੱਕ ਪੈਦਾ ਕਰਦੀਆਂ ਹਨ ਤੇ ਜੇ ਇਹ ਗੁਰੂ ਸਾਹਿਬ ਦੀਆਂ ਹਨ ਤਾਂ ਉਹਨਾਂ ਦੇ ਆਚਰਨ 'ਤੇ ਹਮਲਾ ਹੈ। ਇਹ ਸਬਜ਼ਾ ਦੋ ਦਾਸਤਾਨਾਂ ਵਿੱਚ ਫ਼ੀਰੋਜ਼ਾ ਹੋ ਗਿਆ ਹੈ ਤੇ ਦੋ ਵਿੱਚ ਸੁਰਖ। ਸਬਜ਼ ਤੇ ਫੀਰੋਜ਼ੀ ਰੰਗ ਤੋਂ ਤਾਂ ਭੰਗ (ਸੁਖਾ) ਹੀ ਮੁਰਾਦ ਹੋ ਸਕਦੀ ਹੈ ਤੇ ਸੁਰਖ ਤੋਂ ਸ਼ਰਾਬ। ਅਜਿਹੇ ਬਿੰਬ ਗੁਰੂ ਜੀ ਦੀ ਆਪਣੀ ਬਾਣੀ ਵਿੱਚ ਹੋਰ ਕਿਧਰੇ ਨਹੀਂ ਮਿਲ਼ਦੇ। ਏਸ ਲਈ ਇਹ ਉਹਨਾਂ ਦੇ ਨਹੀਂ ਮੰਨੇ ਜਾ ਸਕਦੇ।

ਕਰਤਾ ਦੀ ਇਹਨਾਂ ਦਾਸਤਾਨਾਂ ਨੂੰ ਜੰਗੀ ਰੂਹ ਦੇਣ ਦੀ ਅਯਾਣਿਆਂ ਵਰਗੀ ਏਸ ਸਧਰ ਤੋਂ ਉਸ ਦੀ ਮਾਨਸਿਕ ਰੁਚੀ ਤੇ ਸਮਾਜੀ ਆਦਤ ਦਾ ਪਤਾ ਲਗਦਾ ਹੈ, ਜੋ ਗੁਰੂ ਸਾਹਿਬ ਦੀ ਨਹੀਂ ਹੋ ਸਕਦੀ। ਇਤਿਹਾਸ ਗਵਾਹ ਹੈ ਕਿ ਗੁਰੂ ਸਾਹਿਬ ਨੇ ਇਹ ਉਮਰ ਖ਼ਿਆਮੀ ਕਲਪਣਾ ਆਪਣੇ ਬਚਨ ਤੇ ਕਰਮ ਵਿੱਚ ਕਿਤੇ ਨਹੀਂ ਕੀਤੀ। ਏਸ ਲਈ ਏਸ ਦੀਵਾਨ ਦੇ ਕਰਤਾ ਉਹ ਨਹੀਂ ਹੋ ਸਕਦੇ। ਉਹਨਾਂ ਦਾ ਕੋਈ ਦਰਬਾਰੀ ਜਾਂ ਸਮਕਾਲੀ ਕਵੀ ਹੋਵੇਗਾ।

(7) ਏਸ ਦਾਸਤਾਂ ਦਾ ਸਭ ਤੋਂ ਪਰਸਿੱਧ ਉਹ ਛੰਦ ਵੀ ਕੁਣਸਾਤਮਕ ਹੈ, ਜੋ ਚੀਨ ਤੇ ਪਾਕਿਸਤਾਨ ਨਾਲ਼ ਪਏ ਵਿਗਾੜ ਤੋਂ ਪੈਦਾ ਹੋਏ ਅੱਜ-ਕੱਲ ਦੇ ਰਣਾਤਮਕ ਵਾਤਾਵਰਨ ਵਿੱਚ ਬਹੁਤ ਹੀ ਵਰਤਿਆ ਜਾਂਦਾ ਰਿਹਾ ਹੈ।

-ਚੂੰ ਕਰ ਹੀਲਤੇ ਦਰ ਗੁਜ਼ਸ਼ਤ ਹਿਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ (੨੨) ਅਰਥਾਤ-ਕੋਈ ਕੰਮ ਜਦ ਹੀਲੇ ਤੋਂ ਲੰਘ ਜਾਵੇ ਤਾਂ ਹੱਥ ਵਿੱਚ ਤਲਵਾਰ ਫੜ ਲੈਣੀ ਹਿਲਾਲ ਹੈ। ਦਰਅਸਲ ਇਹ ਛੰਦ ਬੋਸਤਾਂ ਵਿੱਚੋਂ ਸ਼ੇਖ ਸਾਅਦੀ ਦੇ ਏਸ ਛੰਦ ਦੀ ਧਾਰਨਾ ਹੈ :

-ਚੂੰ ਦਸਤ ਜ਼ ਹਮਾ ਹੀਲਤੇ ਦਰ ਗੁਜ਼ਸਤ, ਹਿਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ। ਅਰਥਾਤ- ਜਦੋਂ ਤੇਰਾ ਹੱਥ (ਹੱਥਾਪਾਈ) ਸਾਡੇ ਹੀਲੇ ਤੋਂ ਲੰਘ ਗਿਆ ਤਾਂ ਹੱਥ ਵਿੱਚ ਤਲਵਾਰ ਫੜ ਲੈਣੀ ਹਿਲਾਲ ਹੈ। ਏਸ ਛੰਦ ਬਾਰੇ ਤਿੰਨ ਕੁਣਸਾਂ ਨਿੱਕਲ਼ਦੀਆਂ ਹਨ :

1. ਗੁਰੂ ਸਾਹਿਬ ਦੀ ਸਵਾਏ ਏਸ ਕਥਿਤ ਦਾਸਤਾਂ ਦੇ, ਬਾਕੀ ਸਾਰੀ ਬਾਣੀ ਪਰਿਥਮ ਦੀ ਰਚਨਾ ਹੈ। ਏਸ ਕਰਕੇ ਉਹ ਰੱਬੀ ਕਹੀ ਜਾਂਦੀ ਹੈ। ਉਹ ਹੋਰ ਕਿਸੇ ਵਿਅਕਤੀ, ਗਰੰਥ ਜਾਂ ਕਿਤਾਬ ਦੀ ਨਕਲ ਜਾਂ ਧਾਰਨਾ ਨਹੀਂ ਤੇ ਨਾ ਉਹ ਕਿਸੇ ਹੋਰ ਲਿਖਤ ਦੀ ਅਦਲਾ ਬਦਲੀ ਕਰਕੇ ਆਪਣੇ ਅਨਕੂਲ ਢਾਲ਼ੀ ਹੋਈ ਹੈ। ਏਸ ਤਰ੍ਹਾਂ 22ਵੇਂ ਛੰਦ ਵਿੱਚ ਸ਼ਾਅਦੀ ਨੂੰ ਦਰਿਸ਼ਟਾਂਤਨਾ ਵੀ ਏਸ ਸੱਚਾਈ ਦਾ ਵਿਰੋਧ ਹੈ।

2. ਇਹ ਛੰਦ ਗੁਰੂ ਜੀ ਦੀ ਸਿੱਕੇਬੰਦ ਖੰਡੇ ਖੜਗ ਦੀ ਵਿਚਾਰਧਾਰਾ ਦੇ ਕੱਟੜੀ ਵਿਰੁੱਧ ਹੈ। ਸਿੱਖ ਇਤਿਹਸ ਤੋਂ ਸੂਝਵਾਨ ਕੋਈ ਪੁਰਸ਼ ਏਸ ਛੰਦ ਵਿੱਚ ਬਿਆਨ ਕੀਤੀ ਗਈ ਗੁਰੂ ਜੀ ਦੀ ਪੋਜ਼ੀਸ਼ਨ ਨੂੰ ਸਵੀਕਾਰ ਨਹੀਂ ਕਰੇਗਾ, ਜਦ ਕਿ ਏਸ ਦਾਸਤਾਂ ਵਿੱਚ ਕਥਿਤ ਲੜਾਈ ਤੋਂ ਕਿਤੇ ਪਹਿਲਾਂ ਗੁਰੂ ਸਾਹਿਬ ਦੀ ਰਚਿਤ ਬਾਣੀ ਦਾ ਹਰ ਸਵੱਈਆ, ਹਰ ਛੰਦ, ਹਰ ਸ਼ਬਦ ਤੇ ਹਰ ਚੌਪਈ ਖੜਗ ਖੜਗ ਹੀ ਪੁਕਾਰਦੇ ਹਨ। ਏਸ ਛੰਦ ਅਨੁਸਾਰ, ਜੇ ਉਹਨਾਂ ਤੰਗ ਆ ਕੇ ਸ਼ਮਸ਼ੀਰ ਹੱਥ ਵਿੱਚ ਫੜਨੀ ਸੀ ਤਾਂ ਉਹਨਾਂ ਆਦਿ ਆਰੰਭ ਤੋਂ ਸ਼ਾਸ਼ਤਰ ਕਿਉਂ ਇਕੱਠੇ ਕਰਨ ਲੱਗਣਾ ਸੀ? ਫ਼ੌਜਾਂ ਤੇ ਬਾਜ਼ ਕਿਉਂ ਰੱਖਣੇ ਸਨ? ਰਣਾਤਮਕ ਸ਼ਕਤੀ ਦੀ ਪ੍ਰਤੀਕ ਚੰਡੀ ਤੇ ਦੁਰਗਾ ਕਿਉਂ ਗਾਉਣੀਆਂ ਸਨ? ਜਿਸ ਗੁਰੂ ਦਾ ਪਿਰਥਮ ਭਗੌਤੀ ਸਿਮਰ ਕੇ ਹਰ ਕਦਮ ਉੱਠਦਾ ਤੇ ਹਰ ਕੰਮ ਆਰੰਭ ਹੁੰਦਾ ਰਿਹਾ ਹੋਵੇ, ਉਹ ਏਸ ਛੰਦ ਦੇ, ਤੰਗ ਆਮਦ ਬਜੰਗ ਆਮਦ ਦੇ ਢੁਚਰੀ ਫਲਸਫੇ ਨੂੰ ਕਿਸ ਤਰ੍ਹਾਂ ਅਪਨਾ ਸਕਦਾ ਹੈ?

3. ਜੇ ਇਹ ਤੁਕਾਂ ਗੁਰੂ ਸਾਹਿਬ ਦੀ ਆਪਣੀ ਫਿਲਾਸਫੀ ਦੀ ਧਾਰਨਾ ਹੁੰਦੀਆਂ ਤਾਂ ਏਸ ਦਾ ਦਿਖਾਵਾ ਉਹਨਾਂ ਦੀਆਂ ਹੋਰਨਾਂ ਰਚਨਾਵਾਂ ਵਿੱਚ ਵੀ ਜਰੂਰ ਹੁੰਦਾ। ਜਿਸ ਤਰ੍ਹਾਂ ਉਹਨਾਂ ਦੀਆਂ ਆਪਣੀਆਂ ਰਚਨਾਵਾਂ ਤੇਗ ਖੜਗ ਦੇ ਜ਼ੋਰ ਸ਼ਕਤੀ ਉਭਾਰਨ, ਦੁਸ਼ਟ ਪਛਾੜਨ ਤੇ ਇੱਕੋ ਹੀ ਅੱਗੇ ਸਿਰ ਨਿਵਾਉਣ ਦੀਆਂ ਤੁਕਾਂ ਥਾਂ ਪਰ ਥਾਂ ਪ੍ਰਕਾਸ਼ਮਾਨ ਹਨ ਤੇ ਕੋਈ ਵੀ ਰਚਨਾ ਵੀ ਏਸ ਫਲਸਫੇ ਤੋਂ ਵਾਂਝੀ ਨਹੀਂ। ਇਹਨਾਂ ਵਿੱਚ ਕਿਤੇ ਵੀ ਮਜਬੂਰ ਹੋ ਕੇ ਸ਼ਮਸ਼ੀਰ ਚੁੱਕਣ ਵਾਲ਼ੇ ਫਲਸਫੇ ਦਾ ਪ੍ਰਕਾਸ਼ ਨਹੀਂ ਮਿਲ਼ਦਾ।

4. ਇਹ ਛੰਦ ਖਿਮਾ ਜਾਚਕ ਢੁਚਰ ਦਾ ਪ੍ਰਤੀਕ ਹੈ। ਔਰੰਗਜ਼ੇਬ ਨੇ ਗੁਰੂ ਸਾਹਿਬ ਤੋਂ ਜਵਾਬ-ਤਲਬੀ ਥੋੜੀ ਕੀਤੀ ਸੀ ਕਿ ਉਹਨਾਂ ਨੂੰ ਆਪਣੀ ਸਫਾਈ ਵਿੱਚ ਇਹ ਛੰਦ ਉਚਾਰਨਾ ਪਿਆ ਹੋਵੇ? ਇਤਿਹਾਸ ਵਾਚਿਆਂ ਸਪਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਨੇ ਪਹਾੜੀ ਰਾਜਿਆਂ ਤੇ ਮੁਗਲ ਸੂਬੇਦਾਰਾਂ ਦੇ ਹਮਲਿਆਂ ਤੋਂ ਕਿਤੇ ਪਹਿਲਾਂ ਸ਼ਮਸ਼ੀਰ ਫੜੀ ਹੋਈ ਸੀ ਤੇ ਸੈਫ, ਸਰੋਹੀ, ਸੈਹਥੀ ਨੂੰ ਕਿਤੇ ਅਗੇਤਰਾ ਆਪਣਾ ਪੀਰ ਬਣਾਇਆ ਹੋਇਆ ਸੀ।

ਸੋ ਉਤਲੇ ਵਿਵਾਦ ਤੋਂ ਸਿੱਧ ਹੁੰਦਾ ਹੈ, ਕਿ ਜ਼ਫਰਨਾਮਾ ਗੁਰੂ ਗੋਬਿੰਦ ਸਿੰਘ ਨਾ ਤਾਂ ਔਰੰਗਜ਼ੇਬ ਨੂੰ ਲਿਖਿਆ ਹੋਇਆ ਗੁਰੂ ਸਾਹਿਬ ਦਾ ਖ਼ਤ ਹੈ ਤੇ ਨਾ ਉਹਨਾਂ ਦੀ ਆਪਣੀ ਰਚਨਾ। ਇਹ ਉਹਨਾਂ ਦੇ ਕਿਸੇ ਅਨਜਾਣੇ ਸਮਕਾਲੀ ਕਿੱਸਾ ਕਵੀ ਦੀ ਫਾਰਸੀ ਕਿਰਤ ਹੈ, ਜੋ ਅਸਲੀਅਤ ਨਾਲ਼ੋਂ ਕਲਪਤ ਵਧੇਰੇ ਹੈ। ਜਿਸ ਕਰਕੇ ਕਈ ਥਾਂਈ ਕਚਿਆਈਆਂ ਤੇ ਬੇਥਵੀਆਂ ਰੜਕਾਂ ਰੜਕਦੀਆਂ ਹਨ ਤੇ ਗੁਰੂ ਸਾਹਿਬ ਦੀ ਸਿਕੇਬੰਦ ਪ੍ਰਮਾਨਤ ਵਿਚਾਰਧਾਰਾ ਦਾ ਵਿਰੋਧ ਦਰਸਾਉਂਦੀਆਂ ਹਨ। ਜਿਨ੍ਹਾਂ ਨੂੰ ਗੁਰੂ ਸਾਹਿਬ ਦੇ ਨਾਂ ਨਾਲ਼ ਜੋੜਨਾ ਬਿਲਕੁਲ ਹੀ ਨਹੀਂ ਸੋਭਦਾ।

ਹੋਇਆ ਇਹ ਜਾਪਦਾ ਹੈ ਕਿ ਜਦ ਮਾਤਾ ਸੁੰਦਰੀ ਨੇ ਦਿੱਲੀ ਤੋਂ ਗੁਰੂ ਸਾਹਿਬ ਤੇ ਉਹਨਾਂ ਦੇ ਦਰਬਾਰੀ ਕਵੀਆਂ ਦੀਆਂ ਰਚਨਾਵਾਂ ਦੇ ਖਿੱਲਰੇ-ਪੁੱਲਰੇ ਖਰੜੇ ਸਿੰਘਾਂ ਪਾਸੋਂ ਇਕੱਤਰ ਕਰਵਾ ਕੇ ਭਾਈ ਮਨੀ ਸਿੰਘ ਨੂੰ ਅੰਮ੍ਰਿਤਸਰ ਭੇਜੇ ਤਾਂ ਗੁਰੂ ਸਾਹਿਬ ਦੀਆਂ ਰਚਨਾਵਾਂ ਦਸਮ ਗਰੰਥ ਵਿੱਚ ਚਾੜ੍ਹਨ ਲੱਗਿਆਂ ਔਰੰਗਜ਼ੇਬ ਨੂੰ ਲਿਖਿਆ ਕਿਹਾ ਜਾਂਦਾ ਖ਼ਤ ਨਹੀਂ ਲੱਭਾ। ਗੁਰੂ ਸਾਹਿਬ ਆਪ ਤਾਂ ਹੱਥੀਂ ਲਿਖਦੇ ਹੀ ਘੱਟ ਸਨ, ਬਹੁਤਾ ਬੋਲਕੇ ਹੀ ਲਿਖਵਾਉਂਦੇ ਸਨ। ਏਸ ਕਰਕੇ ਖਰੜਿਆਂ ਵਿੱਚੋਂ ਉਹਨਾਂ ਦੀ ਹੱਥ ਲਿਖਤ ਪਛਾਣ ਕੇ ਛਾਂਟ ਲੈਣ ਦਾ ਸਵਾਲ ਹੀ ਪੈਦਾ ਨਹੀਂ ਹੋਇਆ ਹੋਣਾ ਤੇ ਭਾਈ ਮਨੀ ਸਿੰਘ ਨੇ ਉਹਨਾਂ ਦੇ ਖਰੜਿਆਂ ਵਿੱਚੋਂ ਮਿਲ਼ੇ ਇਕਸੇ ਛੰਦਾਬੰਦੀ ਦੀ ਨੁਹਾਰ ਵਿੱਚ ਮਿਲ਼ੇ ਫਾਰਸੀ ਕਵਿਤਾਵਾਂ ਦੇ ਏਸ ਦੀਵਾਨ ਨੂੰ ਉਹ ਖਤ ਮਿਥ ਲਿਆ, ਜਿਸ ਦੀ ਪਹਿਲੀ ਦਾਸਤਾਂ ਗੁਰੂ ਗੋਬਿੰਦ ਸਿੰਘ ਦਾ ਜ਼ਫਰਨਾਮਾ ਦੇ ਨਾਂ ਹੇਠ ਕਿੱਸਾ ਕਵੀਆਂ ਵਾਂਗ ਔਰੰਗਜ਼ੇਬ ਨੂੰ ਸਾਂਹਵੇਂ ਰੱਖਕੇ ਲਿਖੀ ਗਈ ਸੀ ਤੇ ਏਸ ਨੂੰ ਸ੍ਰੀ ਮੁਖਵਾਕ ਪਾਤਸ਼ਾਹੀ ੧੦ ਲਿਖ ਕੇ ਦਸਮ ਗ੍ਰੰਥ ਵਿੱਚ ਚਾੜ੍ਹ ਲਿਆ, ਕਿਉਂਕਿ ਦਸਮ ਗ੍ਰੰਥ ਵਿੱਚ ਉਤਾਰੇ ਜਾਣ ਵਾਲ਼ੀ ਹਰ ਰਚਨਾ ਨੂੰ ਭਾਈ ਸਾਹਿਬ ਨੇ ਹੀ ਸ੍ਰੀ ਮੁਖ ਵਾਕ ਪਾਤਸ਼ਾਹੀ ੧੦ ਲਿਖਣਾ ਸੀ। ਗੁਰੂ ਸਾਹਿਬ ਨੇ ਆਪਣੀਆਂ ਲਿਖਤਾਂ ਨੂੰ ਆਪਣੇ ਆਪ ਤਾਂ ਸ੍ਰੀ ਮੁਖਵਾਕ ਨਹੀਂ ਸੀ ਲਿਖਣਾ। ਤੇ ਜਦ ਦਾਸਤਾਨਾਂ ਦਾ ਇਹ ਦੀਵਾਨ ਇੱਕ ਵਾਰ ਸ੍ਰੀ ਮੁਖਵਾਕ ਪਾਤਸ਼ਾਹੀ ੧੦ ਹੋ ਗਿਆ ਤਾਂ ਫੇਰ ਮੱਧਕਾਲ ਦੀ ਨਿਆਣੀ ਬੁੱਧ ਤੇ ਬੇਥਵੀ ਸ਼ਰਧਾ ਨੇ ਏਸ ਤੇ ਕਦ ਕਿੰਤੂ ਕਰਨਾ ਸੀ? ਸੋ ਦੋ ਢਾਈ ਸਦੀਆਂ ਤੱਕ ਇਹ ਸਾਰਾ ਦੀਵਾਨ ਹੀ ਗੁਰੂ ਸਾਹਿਬ ਦੀ ਰਚਨਾ ਮੰਨੀ ਜਾਂਦੀ ਰਹੀ ਤੇ ਬਹੁਤ ਹੱਦ ਤੱਕ ਹੁਣ ਵੀ ਹੈ। ਪਰ ਵੀਹਵੀਂ ਸਦੀ ਦਾ ਅੱਧ ਟੱਪਕੇ ਸਿਆਣੀ ਸ਼ਰਧਾ ਨੂੰ ਇਹਨਾਂ ਦਾਸਤਾਨਾਂ ਤੋਂ ਸੰਗ ਆਉਣ ਲੱਗ ਪਈ। ਏਥੇ ਤੱਕ ਕਿ ਗੁਰੂ ਸਾਹਿਬ ਨੂੰ ਨੀਵਾਂ ਦਰਸਾਉਣ ਵਾਲ਼ੇ 62 ਤੇ 63 ਨੰਬਰ ਛੰਦ ਵੀ ਤਿਆਗ ਦਿੱਤੇ ਹਨ, ਪਰ ਨਿਰੀਆਂ ਕਚਿਆਈਆਂ ਤੇ ਬੇਥਵੀਆਂ ਛਾਂਟਣ ਨਾਲ਼ ਤਾਂ ਏਸ ਜ਼ਫਰਨਾਮੇ ਨੂੰ ਗੁਰੂ ਸਾਹਿਬ ਦੀ ਆਪਣੀ ਰਚਨਾ ਤੁੱਲ ਨਹੀਂ ਬਣਾਇਆ ਜਾ ਸਕਦਾ। ਸੋ ਜੇ ਭਾਈ ਮਨੀ ਸਿੰਘ ਦੀ ਅਥਾਰੇਟੀ (ਧਿਆ) ਤੇ ਹੀ ਸ੍ਰੀ ਮੁਖਵਾਕ ਬਣੀਆਂ ਏਸ ਦੀਆਂ ਯਾਰਾਂ ਦਾਸਤਾਨਾਂ ਤੇ ਦੋ ਛੰਦ, ਗੁਰੂ ਸਾਹਿਬ ਦੇ ਨਾ ਮੰਨ ਕੇ ਛੱਡੇ ਜਾ ਸਕਦੇ ਹਨ ਤਾਂ ਜ਼ਫਰਨਾਮੇ ਵਾਲ਼ੀ ਪਹਿਲੀ ਸਾਰੀ ਦਾਸਤਾਂ ਵੀ ਸ੍ਰੀ ਮੁਖਵਾਕ ਹੋਣ ਤੋਂ ਇਨਕਾਰੀ ਜਾ ਸਕਦੀ ਹੈ ਤੇ ਕਰਨੀ ਚਾਹੀਦੀ ਹੈ।

ਪਰ ਇਹ ਦਾਸਤਾਂ ਸ੍ਰੀ ਮੁਖਵਾਕ ਨਾ ਹੁੰਦੀ ਹੋਈ ਵੀ, ਗੁਰੂ ਗੋਬਿੰਦ ਸਿੰਘ ਦਾ ਉਸੇ ਤਰ੍ਹਾਂ ਜ਼ਫਰਨਾਮਾ ਹੈ, ਜਿਸ ਤਰ੍ਹਾਂ ਆਮ ਦੂਸਰੇ ਜ਼ਫਰਨਾਮੇ ਜੋ ਜਿੱਤ ਦੀਆਂ ਲੜਾਈਆਂ ਵਿੱਚ ਸੂਰਮਿਆਂ ਜਾਂ ਫ਼ੌਜਾਂ ਦੀ ਸੂਰਮਗਤੀ ਦੀ ਵਾਰਤਾ ਹੁੰਦੇ ਹਨ। ਏਸ ਲਿਹਾਜ਼ ਨਾਲ਼ ਜ਼ਫਰਨਾਮਾ ਗੁਰੂ ਗੋਬਿੰਦ ਸਿੰਘ ਇਹ ਅਮੋਲਕ ਦਸਤਾਵੇਜ਼ ਹੈ, ਜੋ ਉਸ ਸਮੇਂ ਦੇ ਲੋਕਾਂ ਦੀ ਗੁਰੂ ਸਾਹਿਬ 'ਤੇ ਸ਼ਰਧਾ ਪਰਗਟਾਉਂਦੀ ਹੈ। ਮੁਗ਼ਲ ਹਾਕਮਾਂ ਦੀਆਂ ਕੁਟਲ ਜੰਗੀ ਨੀਤੀਆਂ ਵਿਰੁੱਧ ਜਨਤਕ ਘਿਰਨਾ ਦਰਸਾਉਂਦੀ ਹੈ ਅਤੇ ਗੁਰੂ ਫ਼ੌਜਾਂ ਤੇ ਗੁਰੂ ਸਾਹਿਬ ਦੀ ਬੀਰਤਾ, ਉਹਨਾਂ ਦੀ ਰਣਾਤਮਕ ਫਿਲਾਸਫੀ ਦੀ ਸਫਾਈ ਵਿੱਚ ਤੰਗ ਆਮਦ ਬਜੰਗ ਆਮਦ ਦਾ ਫਲਸਫਾ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਦ੍ਰਿਸ਼ਟਾਂਤ ਹੈ। ਬਾਕੀ ਦਾਸਤਾਨਾਂ, ਜੋ ਜ਼ਫਰਨਮੇ ਦਾ ਕਦਾਚਿਤ ਅੰਗ ਨਹੀਂ ਹਨ, ਮੱਧਕਾਲ ਦੇ ਜਗੀਰਦਾਰ ਸਰਦਾਰੀ ਜੀਵਨ ਦੀਆਂ ਪ੍ਰਤੀਕ ਹਨ, ਜਿਨ੍ਹਾਂ ਤੋਂ ਵੀ ਸਬਕ ਲਏ ਜਾ ਸਕਦੇ ਹਨ।

## ਚਾਲ਼ੀ ਮੁਕਤਿਆਂ ਦੀ ਵਾਰ

ਚਾਲ਼ੀ ਸਿੰਘ ਬੇਦਾਵਾ ਲਿਖ ਕੇ, ਜਦੋਂ ਪਹੁੰਚੇ ਘਰੀ ਜਾ।
ਮਾਈ ਭਾਗੋ ਤਾਈ ਤੱਕ ਕੇ, ਗਿਆ ਜੋਸ਼ ਕਹਿਰ ਦਾ ਆ

ਉਹ ਤਾਂ ਕੜਕੀ ਬਿਜਲੀ ਵਾਂਗਰਾਂ, ਮੂਹਰੇ ਜਥੇਦਾਰ ਦੇ ਜਾ।
ਕੰਨ ਖੋਲ੍ਹ ਕੇ ਸੁਣ ਲਓ ਖਾਲਸਾ! ਕਿਉਂ ਆਏ ਲਾਜ ਲਵਾ।

ਖ਼ਾਲਸਾ ! ਸਾਜਿਆ ਖ਼ਾਤਿਰ ਜ਼ੁਲਮ ਦੀ, ਲੱਖਾਂ ਸੀਸ ਜੁਝਾਰੂ ਲਾ।
ਤੱਤੀ ਤਵੀ ਤੇ ਸਹੇ ਦੁੱਖੜੇ, ਸਿਰ ਤੱਤੀ ਰੇਤ ਪਵਾ।

ਦੇਗਾਂ ਵਿਚ ਉਬਾਲੇ ਜ਼ਾਲਮਾਂ! ਲਏ ਬੰਦ ਬੰਦ ਕਟਵਾ।
ਬਾਬੇ ਤੇਗ ਬਹਾਦਰ ਸਿਰਜਿਆ, ਆਪਣੀ ਜਾਨ ਦੀ ਬਾਜੀ ਲਾ।

ਜ਼ੋਰਾਵਰ ਸਿੰਘ, ਫਤਿਹ ਸਿੰਘ ਤੇ ਅਜੀਤ, ਜੁਝਾਰ ਭਰਾ।
ਹੱਸ ਹੱਸ ਕੇ ਜ਼ਿੰਦਾਂ ਵਾਰੀਆਂ, ਗਏ ਸੂਰਮਿਆਂ ਦੇ ਰਾਹ।

ਤੁਸੀਂ ਉਸ ਤੋਂ ਤਲਬਾਂ ਮੰਗਦੇ, ਸਭ ਕੁਝ ਜੋ ਗਿਆ ਲੁਟਾ।
ਝੰਡਾ ਉੱਚਾ ਰੱਖਿਆ ਸੱਚ ਦਾ, ਸਾਰਾ ਸਰਬੰਸ ਮਿਟਾ।

ਤੁਸੀਂ ਚੁੱਲ੍ਹੇ ਚੌਂਕੇ ਸਾਂਭ ਲਓ, ਲਓ ਵੀਣੀਂ ਵੰਗਾਂ ਪਾ!
ਤੁਸੀਂ ਚੁੰਨੀਆਂ ਲੈ ਲਓ ਸਿਰਾਂ 'ਤੇ, ਲਓ ਮਹਿੰਦੀ ਰੱਖੀਂ ਲਾ।

ਅਸੀਂ ਲੜੀਏ ਜਾ ਕੇ ਰਣ ਵਿਚ, ਸਾਨੂੰ ਤੇਗਾਂ ਦਿਓ ਫੜਾ।
ਅਸੀਂ ਆਪਣੇ ਸੱਚੇ ਪਿਤਾ ਕੋਲ, ਝੱਟ ਪਹੁੰਚੀਏ ਜਾ।

ਸੁਣ ਤਾਹਨੇ ਸਿੰਘਾਂ ਸੂਰਿਆਂ, ਲਏ ਹੱਥ ਮਿਆਨੀਂ ਪਾ।
ਕਹਿੰਦੇ ਬੱਸ ਕਰੋ ਹੁਣ ਭੈਣ ਜੀ, ਸਾਨੂੰ ਆਉਂਦੀ ਬੜੀ ਹਯਾ।

ਉਹ ਤਾਂ ਬੱਬਰ ਸ਼ੇਰ ਪੰਜਾਬ ਦੇ, ਚਲੇ ਫੇਰ ਰਣਾਂ ਨੂੰ ਧਾ।
ਜਿਉਂ ਕਾਲੇ ਬਿਸ਼ੀਅਰ ਸ਼ੂਕਦੇ, ਜਦੋਂ ਵਰ੍ਹੇ ਪੂਰੇ ਦੀ ਵਾ।

ਪਹੁੰਚੇ ਖਦਰਾਣੇ ਦੀ ਢਾਬ 'ਤੇ, ਮਿਲੇ ਦਸਵੇਂ ਗੁਰੂ ਨੂੰ ਜਾ।
ਚਾਲ਼ੀ ਮੁਕਤੇ ਪਾ ਕੇ ਮੁਕਤੀਆਂ, ਗਏ ਮੁਕਤਸਰ ਰਚਾ।

ਉਹ ਤਾਂ ਆਸ਼ਕ ਹੱਕ ਸੱਚ ਦੇ, ਗਏ ਮੁਕਤੀ ਕਾਂਡ ਲਿਖਾ।
ਸਿੰਘਾਂ ਸਿਦਕ ਮੂਲ ਨਾ ਹਾਰਿਆ, ਗਏ ਆਪਣਾ ਫਰਜ਼ ਨਿਭਾ

ਓ ਲੋਕੋ! ਅਣਖਾਂ ਵਾਲਿਓ! ਕਿਉਂ ਬੈਠੇ ਅਣਖ ਮੁੱਕਾ।
ਜਗ ਤੇ ਜੀਓ ਜ਼ਿੰਦਗੀ ਅਣਖ ਦੀ, ਧ੍ਰਿਗ ਜੀਣਾ ਸਿਰ ਝੁਕਾ

ਹੱਕ ਨਾ ਮਿਲਦੇ ਝੋਲੀ ਅੱਡਿਆਂ, ਬੜਾ ਵੇਖ ਲਿਆ ਅਜ਼ਮਾ।
ਸਾਡਾ ਵਿਰਸਾ ਸਾਨੂੰ ਦੱਸਦਾ, ਸਾਡਾ ਇਤਿਹਾਸ ਗਵਾਹ।

ਓ ਲੋਕੋ! ਕਿਰਤਾਂ ਵਾਲਿਓ! ਕਿਉਂ ਬੈਠੇ ਗੀਤ ਭੁਲਾ।
ਫੜਕੇ ਧੋਣੋਂ ਜਬਰ ਜ਼ੁਲਮ ਨੂੰ, ਦਿਓ ਮਿੱਟੀ ਵਿਚ ਮਿਲਾ।

- ਜੈਮਲ ਪੱਡਾ


# ਸੰਤਾਂ, ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਚੁਣੌਤੀ




ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਐਲਾਨ ਕਰਦੀ ਹੈ ਕਿ ਪੰਜ ਲੱਖ ਰੁਪਏ ਦਾ ਇਨਾਮ ਦੁਨੀਆ ਦੇ ਕਿਸੇ ਅਜਿਹੇ ਵਿਅਕਤੀ ਨੂੰ ਦੇਣ ਲਈ ਤਿਆਰ ਹੈ, ਜਿਹੜਾ ਧੋਖਾ-ਰਹਿਤ ਹਾਲਤਾਂ ਵਿੱਚ, ਕੋਈ ਚਮਤਕਾਰੀ ਜਾਂ ਅਲੌਕਿਕ ਸ਼ਕਤੀ ਦਾ ਵਿਖਾਵਾ ਕਰ ਸਕਦਾ ਹੋਵੇ। ਇਹ ਤਰਕਸ਼ੀਲ ਸੁਸਾਇਟੀ ਨੂੰ ਪਹਿਲਾ ਇਨਾਮ ਜੇਤੂ ਮਿਲਣ ਤੱਕ ਖੁੱਲ੍ਹੀ ਰਹੇਗੀ। ਦੇਵ-ਪੁਰਸ਼, ਜੋਤਸ਼ੀ ਗੁਰੂ ਸਵਾਮੀ ਅਤੇ ਹੋਰ ਦੂਸਰੇ ਹੇਠ ਲਿਖੇ ਵਿੱਚੋਂ ਕਿਸੇ ਇੱਕ ਦਾ ਵਿਖਾਵਾ ਕਰਕੇ ਜਿੱਤ ਸਕਦੇ ਹਨ.

1. ਜਿਹੜਾ ਸੀਲਬੰਦ ਕਰੰਸੀ ਨੋਟ ਦਾ ਲੜੀ ਨੰਬਰ ਪੜ੍ਹ ਸਕਦਾ ਹੋਵੇ 2. ਜਿਹੜਾ ਕਿਸੇ ਕਰੰਸੀ ਨੋਟ ਦੀ ਠੀਕ ਨਕਲ ਪੈਦਾ ਕਰ ਸਕਦਾ ਹੋਵੇ, 3. ਜਿਹੜਾ ਬਲਦੀ ਹੋਈ ਅੱਗ 'ਤੇ ਅੱਧੇ ਮਿੰਟ ਲਈ ਬਿਨਾਂ ਸੜੇ ਨੰਗੇ ਪੈਰੀਂ ਖੜ੍ਹ ਸਕਦਾ ਹੋਵੇ, 4. ਅਜਿਹੀ ਵਸਤੂ ਜੋ ਅਸੀਂ ਮੰਗੀਏ, ਹਵਾ ਵਿੱਚੋਂ ਪੇਸ਼ ਕਰ ਸਕਦਾ ਹੋਵੇ, 5. ਮਨੋਵਿਗਿਆਨਕ ਸ਼ਕਤੀ ਨਾਲ ਕਿਸੇ ਵਸਤੂ ਨੂੰ ਹਿਲਾ ਦੇਵੇ ਜਾਂ ਮੋੜ ਦੇਵੇ। 6. ਟੈਲੀਪੈਥੀ ਰਾਹੀਂ ਕਿਸੇ ਦੂਸਰੇ ਵਿਅਕਤੀ ਦੇ ਵਿਚਾਰ ਪੜ੍ਹ ਕੇ ਦੱਸ ਸਕਦਾ ਹੋਵੇ, 7. ਪ੍ਰਾਰਥਨਾ ਜਾਂ ਦੈਵੀ-ਸ਼ਕਤੀ ਦੁਆਰਾ, ਗੰਗਾ ਜਲ ਨਾਲ ਜਾਂ ਪਵਿੱਤਰ ਰਾਖ ਨਾਲ ਆਪਣੇ ਸਰੀਰ ਦੇ ਅੰਗ ਨੂੰ ਇੱਕ ਇੰਚ ਵਧਾ ਸਕੇ, 8. ਜਿਹੜਾ ਯੋਗਿਕ ਸ਼ਕਤੀ ਨਾਲ ਹਵਾ ਵਿੱਚ ਉੱਡ ਸਕੇ, 9. ਯੋਗਿਕ ਸ਼ਕਤੀ ਨਾਲ ਪੰਜ ਮਿੰਟ ਲਈ ਆਪਣੀ ਨਬਜ਼ ਰੋਕ ਸਕੇ, 10. ਪਾਣੀ ਉੱਤੇ ਪੈਦਲ ਤੁਰ ਸਕੇ, 11 ਆਪਣਾ ਸਰੀਰ ਇੱਕ ਥਾਂ ਛੱਡ ਕੇ ਦੂਸਰੀ ਥਾਂ ਜਾ ਹਾਜ਼ਰ ਹੋਵੇ, 12. ਯੋਗਿਕ ਸ਼ਕਤੀ ਨਾਲ 30 ਮਿੰਟ ਲਈ ਸਾਹ ਕ੍ਰਿਆ ਰੋਕ ਸਕੇ, 13. ਕਰਾਮਾਤੀ ਜਾਂ ਇਲਾਹੀ ਸ਼ਕਤੀ ਰਾਹੀਂ ਗਿਆਨ ਹਾਸਲ ਕਰ ਸਕੇ ਅਤੇ ਰਚਨਾਤਮਕ ਬੁੱਧੀ ਦਾ ਵਿਕਾਸ ਕਰੇ, 14. ਪੁਨਰ ਜਨਮ ਦੇ ਤੌਰ 'ਤੇ ਕੋਈ ਅਨੋਖੀ ਭਾਸ਼ਾ ਬੋਲ ਸਕੇ, 15. ਅਜਿਹੀ ਆਤਮਾ ਜਾਂ ਪ੍ਰੇਤ ਨੂੰ ਹਾਜ਼ਰ ਕਰੇ ਜਿਸਦੀ ਫੋਟੋ ਖਿੱਚੀ ਜਾ ਸਕਦੀ ਹੋਵੇ, 16. ਫੋਟੋ ਖਿੱਚ ਲੈਣ ਪਿੱਛੋਂ ਆਤਮਾ ਜਾਂ ਪ੍ਰੇਤ ਫੋਟੋ ਤੋਂ ਅਲੋਪ ਹੋ ਸਕੇ, 17. ਜਿੰਦਰਾ ਲੱਗੇ ਕਮਰੇ ਵਿੱਚੋਂ ਅਲੌਕਿਕ ਸ਼ਕਤੀ ਨਾਲ ਬਾਹਰ ਨਿਕਲ ਸਕੇ, 18. ਕਿਸੇ ਵਸਤੂ ਦਾ ਭਾਰ ਵਧਾ ਸਕੇ, 19 ਛੁਪੀ ਜਾਂ ਛੁਪਾਈ ਹੋਈ ਵਸਤੂ ਲੱਭ ਸਕੇ, 20 ਪਾਣੀ ਨੂੰ ਸ਼ਰਾਬ ਜਾਂ ਪੈਟਰੋਲ ਵਿੱਚ ਬਦਲ ਸਕੇ, 21 ਸ਼ਰਾਬ ਨੂੰ ਖੂਨ ਜਾਂ ਪੈਟਰੋਲ ਵਿੱਚ ਬਦਲ ਸਕੇ, 22. ਘਰਾਂ ਵਿੱਚ ਇੱਟਾਂ-ਰੋੜੇ ਅਤੇ ਖੂਨ ਦੇ ਛਿੱਟੇ ਆਦਿ ਡਿੱਗਣ ਜਾਂ ਕੱਪੜਿਆਂ ਨੂੰ ਅੱਗ ਲੱਗਣ ਪਿੱਛੇ ਕਿਸੇ ਗੈਬੀ ਸ਼ਕਤੀ ਦਾ ਹੱਥ ਸਿੱਧ ਕਰੇ, 23. ਕੋਈ ਜੋਤਿਸ਼ੀ ਜਾਂ ਹੱਥ-ਚਿੱਤਰਾਂ ਦਾ ਜਾਂ ਜਨਮ-ਪੱਤਰੀਆਂ ਨੂੰ ਵੇਖ ਕੇ ਆਦਮੀਆਂ ਅਤੇ ਔਰਤਾਂ ਦੀ ਵੱਖ-ਵੱਖ ਗਿਣਤੀ, ਮਰਿਆਂ ਅਤੇ ਜਿਊਂਦਿਆਂ ਦੀ ਗਿਣਤੀ ਦੱਸ ਸਕਣ ਜਾਂ ਜਨਮ ਦਾ ਠੀਕ ਸਮਾਂ ਤੇ ਸਥਾਨ ਸਮੇਤ ਅਕਸ਼ਾਂਸ਼ਾਂ ਤੇ ਰੇਖਾਂਸ਼ਾਂ ਦੇ ਦੱਸ ਸਕਣ। ਇਸ ਵਿੱਚ 5 ਪ੍ਰਤੀਸ਼ਤ ਗਲਤੀ ਮੁਆਫ਼ ਹੋਵੇਗੀ।

**ਇਹ ਚੁਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ**

1. ਜਿਹੜਾ ਆਦਮੀ ਸਾਡੀ ਇਸ ਚੁਣੌਤੀ ਨੂੰ ਕਬੂਲ ਕਰਦਾ ਹੈ, ਭਾਵੇਂ ਉਹ ਇਨਾਮ ਜਿੱਤਣਾ ਚਾਹੁੰਦਾ ਹੈ ਜਾਂ ਨਹੀਂ, ਉਸਨੂੰ ਸਾਡੇ ਕੋਲ ਜਾਂ ਸਾਡੇ ਵੱਲੋਂ ਨਾਮਜ਼ਦ ਕੀਤੇ ਹੋਏ ਆਦਮੀ ਕੋਲ ਪੰਜ ਹਜ਼ਾਰ ਰੁਪਏ ਬਤੌਰ ਜ਼ਮਾਨਤ ਜਮ੍ਹਾਂ ਕਰਵਾਉਣੇ ਪੈਣਗੇ। ਇਹ ਰਕਮ ਜਿੱਤਣ ਦੀ ਹਾਲਤ ਵਿੱਚ ਵਾਪਸ ਕਰ ਦਿੱਤੀ ਜਾਵੇਗੀ; 2. ਕਿਸੇ ਆਦਮੀ ਦੀ ਚੁਣੌਤੀ ਉਸੇ ਹਾਲਾਤ ਵਿੱਚ ਹੀ ਸਵੀਕਾਰ ਕੀਤੀ ਜਾਵੇਗੀ ਜਦ ਉਹ ਜ਼ਮਾਨਤ ਦੇ ਪੈਸੇ ਜਮ੍ਹਾਂ ਕਰਵਾ ਦੇਵੇਗਾ। ਜੇ ਉਹ ਅਜਿਹਾ ਕਰਨ ਵਿੱਚ ਸਫਲ ਨਹੀਂ ਹੁੰਦਾ, ਉਸ ਨਾਲ ਕਿਸੇ ਕਿਸਮ ਦਾ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ, 3. ਜ਼ਮਾਨਤ ਜਮ੍ਹਾਂ ਕਰਵਾਉਣ ਤੋਂ ਬਾਅਦ ਕਿਸੇ ਵਿਅਕਤੀ ਦੇ ਚਮਤਕਾਰ ਨੂੰ ਪਹਿਲਾਂ ਸਾਡੇ ਵੱਲੋਂ ਨਾਮਜ਼ਦ ਕੀਤਾ ਹੋਇਆ ਵਿਅਕਤੀ ਲੋਕਾਂ ਦੀ ਹਾਜ਼ਰੀ ਵਿੱਚ ਕਿਸੇ ਨਿਸ਼ਚਤ ਦਿਨ ਤੇ ਪਰਖੇਗਾ, 4. ਜੇਕਰ ਚੁਣੌਤੀ ਦੇਣਵਾਲਾ ਆਦਮੀ ਪਰਖ ਦਾ ਸਾਹਮਣਾ ਨਹੀਂ ਕਰ ਸਕਦਾ ਜਾਂ ਮੁੱਢਲੀ ਪਰਖ ਵਿੱਚ ਹੀ ਅਸਫਲ ਹੋ ਜਾਂਦਾ ਹੈ ਤਾਂ ਉਸਦੀ ਜ਼ਮਾਨਤ ਜ਼ਬਤ ਹੋ ਜਾਵੇਗੀ, 5. ਜੇਕਰ ਆਦਮੀ ਮੁੱਢਲੀ ਪਰਖ ਵਿੱਚ ਜਿੱਤ ਜਾਂਦਾ ਹੈ ਤਾਂ ਆਖਰੀ ਪਰਖ ਸੂਬਾ ਕਮੇਟੀ ਦੁਆਰਾ ਲੋਕਾਂ ਦੀ ਹਾਜ਼ਰੀ ਵਿੱਚ ਕੀਤੀ ਜਾਵੇਗੀ, 6. ਜੇਕਰ ਕੋਈ ਆਦਮੀ ਆਖਰੀ ਪਰਖ ਵਿੱਚ ਵੀ ਜਿੱਤ ਜਾਂਦਾ ਹੈ ਤਾਂ ਉਸਨੂੰ ਪੰਜ ਲੱਖ ਰੁਪਏ ਦਾ ਇਨਾਮ, ਸਮੇਤ ਜ਼ਮਾਨਤ ਦੇ ਦਿੱਤਾ ਜਾਵੇਗਾ, 7. ਸਾਰੀਆਂ ਪਰਖਾਂ, ਧੋਖਾ ਨਾ ਹੋਣ ਵਾਲੀਆਂ ਹਾਲਤਾਂ ਵਿੱਚ ਸਾਡੇ ਵੱਲੋਂ ਨਾਮਜ਼ਦ ਜਾਂ ਸਾਡੀ ਸੂਬਾ ਕਮੇਟੀ ਵੱਲੋਂ ਪੂਰਨ ਤਸੱਲੀ ਤੱਕ ਕੀਤੀਆਂ ਜਾਣਗੀਆਂ।

ਮਾਸਟਰ ਭਜਨ ਸਿੰਘ : 403-455-4220, ਪ੍ਰੋ: ਗੋਪਾਲ ਕਾਉਂਕੇ : 403-970-3588

# ਵਿਕੀਪੀਡੀਆ : ਗਿਆਨ ਇਨਕਲਾਬ ਅਤੇ ਪੰਜਾਬੀ



ਸੁਖਵੰਤ ਹੁੰਦਲ

(ਪਿਛਲੇ ਅੰਕ ਦੀ ਬਾਕੀ)

ਇਹਨਾਂ ਤੱਥਾਂ ਨੂੰ ਦੇਖਦਿਆਂ ਅਸੀਂ ਇਹ ਕਹਿ ਸਕਦੇ ਹਾਂ ਕਿ ਪੰਜਾਬੀਆਂ ਦੀ ਇੰਟਰਨੈੱਟ ਤੱਕ ਘੱਟ ਪਹੁੰਚ ਪੰਜਾਬੀ ਵਿਕੀਪੀਡੀਏ ਦੇ ਧੀਮੇ ਵਿਕਾਸ ਦੀ ਸਥਿਤੀ ਦੀ ਪੂਰੀ ਤਰ੍ਹਾਂ ਵਿਆਖਿਆ ਨਹੀਂ ਕਰਦੀ। ਇਸ ਧੀਮੇ ਵਿਕਾਸ ਲਈ ਇਸ ਸਥਿਤੀ ਤੋਂ ਬਿਨਾਂ ਵੀ ਕੋਈ ਹੋਰ ਕਾਰਨ ਹੋਵੇਗਾ।

ਮੇਰੇ ਖਿਆਲ ਵਿੱਚ ਇਸ ਸਥਿਤੀ ਲਈ ਪੰਜਾਬੀ ਸਮਾਜ ਦੀ ਉਹ ਸੋਚ ਵੀ ਜ਼ਿੰਮੇਵਾਰ ਹੈ ਜਿਸ ਨੂੰ ਆਮ ਤੌਰ ’ਤੇ ਇਹਨਾਂ ਸ਼ਬਦਾਂ ਵਿੱਚ ਪ੍ਰਗਟ ਕੀਤਾ ਜਾਂਦਾ ਹੈ, ਪੰਜਾਬੀ ਇਤਿਹਾਸ ਬਣਾ ਤਾਂ ਸਕਦੇ ਹਨ, ਪਰ ਸੰਭਾਲ ਨਹੀਂ ਸਕਦੇ। ਭਾਵ ਕਿ ਅਜੋਕੇ ਪੰਜਾਬੀਆਂ ਦੀ ਲਿਖਣ-ਪੜ੍ਹਨ, ਖੋਜਣ-ਸਮਝਣ, ਗਿਆਨ ਇਕੱਤਰ ਕਰਨ/ਸੰਭਾਲਣ ਆਦਿ ਵਿੱਚ ਕੋਈ ਦਿਲਚਸਪੀ ਨਹੀਂ ਜਾਂ ਇਹ ਗੱਲ ਪੰਜਾਬੀਆਂ ਦੀਆਂ ਪਹਿਲੀਆਂ ਤਰਜੀਹਾਂ ਵਿੱਚ ਨਹੀਂ ਆਉਂਦੀ। ਹੱਸਣ/ਖੇਡਣ, ਨੱਚਣ/ਟੱਪਣ, ਖਾਣ/ਪੀਣ, ਲੜਨ/ਭਿੜਨ ਆਦਿ ਨਾਲ ਸੰਬੰਧਤ ਸਰਗਰਮੀਆਂ ਪੰਜਾਬੀਆਂ ਦੀਆਂ ਪਹਿਲੀਆਂ ਤਰਜੀਹਾਂ ਹਨ। ਇਸ ਗੱਲ ਨੂੰ ਸਪਸ਼ਟ ਕਰਨ ਲਈ ਇਕ ਉਦਾਹਰਨ ਪੇਸ਼ ਹੈ। ਪਿਛਲੇ ਦਹਾਕੇ ਦੇ ਦੌਰਾਨ ਪੰਜਾਬੀਆਂ (ਪੰਜਾਬ ਦੀ ਸਰਕਾਰ ਨੇ ਵੀ ਅਤੇ ਨਿੱਜੀ ਪੱਧਰ ’ਤੇ ਵੀ) ਨੇ ਕਬੱਡੀ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਸਥਾਪਤ ਕਰਨ ਲਈ ਕ੍ਰੋੜਾਂ ਰੁਪਏ ਖਰਚੇ ਹਨ ਅਤੇ ਹੋਰ ਵੀ ਕਈ ਤਰ੍ਹਾਂ ਦੀ ਸ਼ਕਤੀ ਲਾਈ ਹੈ। ਪੰਜਾਬੀ ਮੀਡੀਏ ਅਤੇ ਪ੍ਰਚਾਰ ਦੇ ਹੋਰ ਸਾਧਨਾਂ ਵਿੱਚ ਇਹ ਮਸਲਾ ਕਾਫੀ ਚਰਚਿਤ ਰਿਹਾ ਹੈ। ਪੰਜਾਬੀ ਵਿਕੀਪੀਡੀਆ ਅਤੇ ਅਜੋਕੇ ਜਾਣਕਾਰੀ ਯੁੱਗ ਦਾ ਵਰਤਾਰਾ ਵੀ ਇਸ ਹੀ ਸਮੇਂ ਦੌਰਾਨ (ਪਿਛਲੇ ਡੇਢ ਦੋ ਦਹਾਕਿਆਂ) ਹੋਂਦ ਵਿੱਚ ਆਇਆ ਹੈ। ਇਸ ਬਾਰੇ ਪੰਜਾਬੀਆਂ ਨੇ ਕਿੰਨਾ ਕੁ ਪੈਸਾ ਜਾਂ ਸਾਧਨ ਲਾਏ ਹਨ, ਇਸ ਬਾਰੇ ਕਿੰਨੀ ਕੁ ਗੱਲ ਕੀਤੀ ਹੈ, ਇਸ ਬਾਰੇ ਕੋਈ ਬਹੁਤਾ ਕੁਝ ਨਹੀਂ ਕਿਹਾ ਜਾ ਸਕਦਾ। ਇੱਥੇ ਮੈਂ ਇਹ ਗੱਲ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਮੈਂ ਕਬੱਡੀ ਦੇ ਵਿਕਾਸ ਦਾ ਵਿਰੋਧੀ ਨਹੀਂ ਹਾਂ। ਕਬੱਡੀ ਦੀ ਗੱਲ ਮੈਂ ਸਿਰਫ ਇਹ ਦਿਖਾਉਣ ਲਈ ਕੀਤੀ ਹੈ ਕਿ ਪੰਜਾਬੀ ਸਮਾਜ ਦੀਆਂ ਤਰਜੀਹਾਂ ਕੀ ਹਨ।

ਮੈਂ ਸਮਝਦਾ ਹਾਂ ਕਿ ਪੰਜਾਬੀ ਵਿਕੀਪੀਡੀਏ ਦੇ ਵਿਕਾਸ ਦੀ ਧੀਮੀ ਰਫਤਾਰ ਉਹਨਾਂ ਸਾਰੇ ਪੰਜਾਬੀਆਂ ਲਈ ਇਕ ਨਮੋਸ਼ੀ ਵਾਲੀ ਗੱਲ ਹੋਣੀ ਚਾਹੀਦੀ ਹੈ, ਜੋ ਹਰ ਵੇਲੇ “ਪੰਜਾਬੀਆਂ ਦੀ ਬੱਲੇ ਬੱਲੇ” ਦਾ ਗੀਤ ਗਾਉਂਦੇ ਨਹੀਂ ਥੱਕਦੇ। ਜਾਣਕਾਰੀ ਯੁੱਗ ਦੇ ਮਹੱਤਵਪੂਰਨ ਵਰਤਾਰੇ ਵਿਕੀਪੀਡੀਏ ਵਿੱਚ ਪੰਜਾਬੀਆਂ ਦੀ ਇਹ ਬੱਲੇ ਬੱਲੇ ਕਿਤੇ ਦਿਖਾਈ ਨਹੀਂ ਦਿੰਦੀ। ਉਹ ਵਰਤਾਰਾ ਜੋ ਦੁਨੀਆ ਵਿੱਚ ਗਿਆਨ ਹਾਸਲ ਕਰਨ, ਗਿਆਨ ਇਕੱਤਰ ਕਰਨ, ਗਿਆਨ ਦਾ ਸੰਚਾਰ ਕਰਨ ਅਤੇ ਦੁਨੀਆਂ ਨੂੰ ਦੇਖਣ/ਸਮਝਣ ਦੇ ਖੇਤਰ ਵਿੱਚ ਇਕ ਇਨਕਲਾਬੀ ਤਬਦੀਲੀ ਲਿਆ ਰਿਹਾ ਹੈ ਅਤੇ ਉਸ ਵਿੱਚ ਹਰ ਵੇਲੇ ਆਪਣੀ ਬੱਲੇ ਬੱਲੇ ਦਾ ਗਾਇਨ ਕਰਨ ਵਾਲੇ ਪੰਜਾਬੀਆਂ ਦੀ ਸ਼ਮੂਲੀਅਤ ਦਾ ਸਥਾਨ 106ਵੇਂ ਨੰਬਰ ’ਤੇ ਹੈ। ਇਸ ਸਚਾਈ ਬਾਰੇ ਸਾਨੂੰ ਸਾਰਿਆਂ ਨੂੰ ਫਿਕਰਮੰਦ ਹੋਣ ਦੀ ਲੋੜ ਹੈ ਅਤੇ ਇਸ ਸਚਾਈ ਨੂੰ ਬਦਲਣ ਲਈ ਗੰਭੀਰ ਉਪਰਾਲੇ ਕਰਨ ਦੀ ਲੋੜ ਹੈ।

ਹੁਣ ਸਵਾਲ ਉੱਠਦਾ ਹੈ ਕਿ ਇਹ ਉਪਰਾਲੇ ਕੀ ਹੋਣ? ਪੰਜਾਬੀ ਵਿਕੀਪੀਡੀਏ ’ਤੇ ਪਾਈ ਜਾ ਰਹੀ ਸਮੱਗਰੀ ਦੀ ਰਫਤਾਰ ਵਿੱਚ ਤੇਜ਼ੀ ਲਿਆਉਣ ਲਈ ਕਰਨ ਵਾਲਿਆਂ ਯਤਨਾਂ ਬਾਰੇ ਗੱਲ ਕਰਨ ਤੋਂ ਪਹਿਲਾਂ, ਮੈਂ ਵਿਕੀਪੀਡੀਆ ਦੇ ਬਾਨੀ ਜਿੰਮੀ ਵੇਲਜ਼ ਦੇ ਸ਼ਬਦਾਂ ਨੂੰ ਥੋੜ੍ਹੀ ਜਿਹੀ ਤਬਦੀਲੀ ਕਰਕੇ ਦੁਹਰਾਉਣਾ ਚਾਹੁੰਦਾ ਹਾਂ। ਕਲਪਨਾ ਕਰੋ ਕਿ ਦੁਨੀਆ ਦਾ ਸਾਰਾ ਗਿਆਨ ਪੰਜਾਬੀ ਵਿੱਚ ਉਪਲਬਧ ਹੋਵੇ ਅਤੇ ਇਸ ਗਿਆਨ ਤੱਕ ਹਰ ਇਕ ਪੰਜਾਬੀ ਦੀ ਪਹੁੰਚ ਹੋਵੇ। ਜਿਸ ਦਿਨ ਅਜਿਹਾ ਹੋਵੇਗਾ, ਉਹ ਦਿਨ ਪੰਜਾਬੀ ਲੋਕਾਂ, ਪੰਜਾਬੀ ਬੋਲੀ, ਅਤੇ ਪੰਜਾਬੀ ਸਭਿਆਚਾਰ ਲਈ ਇਕ ਮਾਣਮੱਤਾ ਦਿਨ ਹੋਵੇਗਾ। ਪੰਜਾਬੀ ਪੜ੍ਹ ਸਕਣ ਵਾਲਾ ਹਰ ਵਿਅਕਤੀ ਦੁਨੀਆ ਦੇ ਵਿਸ਼ਾਲ ਗਿਆਨ ਤੱਕ ਆਪਣੀ ਮਾਂ ਬੋਲੀ ਵਿੱਚ ਪਹੁੰਚ ਕਰ ਸਕੇਗਾ। ਆਮ ਪੰਜਾਬੀ ਬੰਦੇ ਕੋਲ ਉਨ੍ਹਾਂ ਲੋਕਾਂ ਨੂੰ ਚੁਣੌਤੀ ਦੇਣ ਲਈ ਇਕ ਸਾਧਨ ਹੋਵੇਗਾ ਜਿਹੜੇ ਲੋਕ ਗਿਆਨ ਨੂੰ ਮੁੱਠੀ ਭਰ ਲੋਕਾਂ ਦੀ ਮਲਕੀਅਤ ਰੱਖਣਾ ਚਾਹੁੰਦੇ ਹਨ। ਹਰ ਇਕ ਪੰਜਾਬੀ ਆਪਣੀ ਮਾਂ ਬੋਲੀ ਦੀ ਵਰਤੋਂ ਕਰਦਿਆਂ ਆਪਣੇ ਵਿਰਸੇ, ਆਪਣੇ ਇਤਿਹਾਸ ਅਤੇ ਪਿਛੋਕੜ ਨਾਲ ਜੁੜਣ ਦੇ ਨਾਲ ਨਾਲ ਦੁਨੀਆ ਦੇ ਗਿਆਨ ਨਾਲ ਜੁੜ ਸਕੇਗਾ ਅਤੇ ਉਸ ਲਈ ਦੁਨੀਆ ਨੂੰ ਵਿਸ਼ਵ ਨਜ਼ਰੀਏ ਨਾਲ ਦੇਖ ਸਕਣ ਦੀਆਂ ਸੰਭਾਵਨਾ ਪੈਦਾ ਹੋਣਗੀਆਂ।

ਪੰਜਾਬੀਆਂ ਲਈ ਅਜਿਹਾ ਦਿਨ ਲਿਆਉਣ ਲਈ ਪੰਜਾਬੀ ਵਿਕੀਪੀਡੀਆ ਆਪਣਾ ਯੋਗਦਾਨ ਪਾ ਸਕਦਾ ਹੈ। ਇੱਥੇ ਮੈਂ ਇਹ ਗੱਲ ਵੀ ਸਾਫ ਕਰ ਦੇਣੀ ਚਾਹੁੰਦਾ ਹਾਂ ਕਿ ਜੇ ਮੈਂ ਇਹ ਦਾਅਵਾਂ ਕਰਾਂ ਕਿ ਇਕੱਲਾ ਪੰਜਾਬੀ ਵਿਕੀਪੀਡੀਆ ਪੰਜਾਬੀਆਂ ਲਈ ਇਸ ਤਰ੍ਹਾਂ ਦੀ ਸਥਿਤੀ ਪੈਦਾ ਕਰ ਦੇਵੇਗਾ ਤਾਂ ਉਹ ਦਾਅਵਾ ਮੂਰਖਾਂ ਦੇ ਸਵਰਗ ਵਿੱਚ ਰਹਿਣ ਵਾਲੀ ਗੱਲ ਹੋਵੇਗੀ। ਮੈਂ ਚੰਗੀ ਤਰ੍ਹਾਂ ਸਮਝਦਾ ਹਾਂ ਕਿ ਪੰਜਾਬੀਆਂ ਲਈ ਦੁਨੀਆ ਦੇ ਗਿਆਨ ਤੱਕ ਪਹੁੰਚ ਦੀ ਸਥਿਤੀ ਪੈਦਾ ਕਰਨ ਲਈ ਬਹੁਤ ਕੁਝ ਹੋਰ ਕਰਨਾ ਪਏਗਾ ਅਤੇ ਬਹੁਤ ਸਾਰੀਆਂ ਚੁਣੌਤੀਆਂ ਨਾਲ ਨਜਿੱਠਣਾ ਪਏਗਾ। ਇੱਥੇ ਮੇਰਾ ਦਾਅਵਾ ਏਨਾ ਹੀ ਹੈ ਕਿ ਪੰਜਾਬੀਆਂ ਲਈ ਇਸ ਤਰ੍ਹਾਂ ਦੀ ਸਥਿਤੀ ਪੈਦਾ ਕਰਨ ਲਈ ਪੰਜਾਬੀ ਵਿਕੀਪੀਡੀਆ ਇਕ ਮਹੱਤਵਪੂਰਨ ਸਾਧਨ ਜ਼ਰੂਰ ਬਣ ਸਕਦਾ ਹੈ। ਇਸ ਲਈ ਇਸ ਨੂੰ ਵਿਕਸਤ ਕਰਨ ਲਈ ਸਾਨੂੰ ਯਤਨ ਕਰਨੇ ਚਾਹੀਦੇ ਹਨ।

ਜਿਵੇਂ ਲੇਖ ਵਿੱਚ ਪਹਿਲਾਂ ਦੱਸਿਆ ਗਿਆ ਹੈ ਕਿ ਵਿਕੀਪੀਡੀਆ ਇਕ ਤਕਨੀਕੀ ਅਤੇ ਸਮਾਜਕ ਵਰਤਾਰਾ ਹੈ। ਪੰਜਾਬੀ ਵਿਕੀਪੀਡੀਏ ਲਈ ਸਾਨੂੰ ਤਕਨੀਕੀ ਪੱਖ ਤੋਂ ਬਹੁਤਾ ਕੁਝ ਕਰਨ ਦੀ ਲੋੜ ਨਹੀਂ। ਇਸ ਨੂੰ ਤਿਆਰ ਕਰਨ ਲਈ ਤਕਨੀਕੀ ਤੌਰ ’ਤੇ ਜੋ ਕੁਝ ਚਾਹੀਦਾ ਹੈ ਉਹ ਪਹਿਲਾਂ ਹੀ ਮੌਜੂਦ ਹੈ। ਪਰ ਸਮਾਜਕ ਪੱਧਰ ’ਤੇ ਇਸ ਬਾਰੇ ਬਹੁਤ ਕੁਝ ਕਰਨ ਦੀ ਲੋੜ ਹੈ। ਇਸ ਲਈ ਸਾਨੂੰ ਵਿਸ਼ਵ ਪੱਧਰ ’ਤੇ ਪੰਜਾਬੀ ਵਿਕੀਪੀਡੀਏ ਲਈ ਕੰਮ ਕਰਨ ਵਾਲੇ ਵਾਲੰਟੀਅਰਾਂ ਦਾ ਇਕ ਵੱਡਾ ਭਾਈਚਾਰਾ ਵਿਕਸਤ ਕਰਨ ਦੀ ਲੋੜ ਹੈ, ਜਿਸ ਵਿੱਚ ਜੇ ਹਜ਼ਾਰਾਂ ਨਹੀਂ ਤਾਂ ਸੈਂਕੜੇ ਬਹੁਤ ਸਰਗਰਮ ਐਡੀਟਰ (ਮਹੀਨੇ ਵਿੱਚ 100 ਤੋਂ ਵੱਧ ਸੋਧਾਂ ਕਰਨ ਵਾਲੇ) ਹੋਣ ਅਤੇ ਜੇ ਲੱਖਾਂ ਨਹੀਂ ਤਾਂ ਹਜ਼ਾਰਾਂ ਸਰਗਰਮ ਐਡੀਟਰ (ਮਹੀਨੇ ਵਿੱਚ 10 ਤੋਂ ਵੱਧ ਸੋਧਾਂ ਕਰਨ ਵਾਲੇ) ਹੋਣ। ਵਾਲੰਟੀਅਰਾਂ ਦਾ ਇਹ ਵੱਡਾ ਭਾਈਚਾਰਾ ਵਿਕਸਤ ਕਰਨ ਵਿੱਚ ਲੇਖਕ ਸਭਾਵਾਂ, ਸਾਹਿਤਕ ਸੰਸਥਾਵਾਂ, ਕਾਲਜ, ਯੂਨੀਵਰਸਿਟੀਆਂ, ਪ੍ਰੋਫੈਸ਼ਨਲ ਲੋਕਾਂ-ਡਾਕਟਰਾਂ, ਵਕੀਲਾਂ, ਇੰਜਨੀਅਰਾਂ ਆਦਿ-ਦੀਆਂ ਸੰਸਥਾਂਵਾਂ, ਔਰਤਾਂ ਦੀਆਂ ਜਥੇਬੰਦੀਆਂ, ਅਧਿਆਪਕ ਜਥੇਬੰਦੀਆਂ, ਪੱਤਰਕਾਰਾਂ ਦੀਆਂ ਸੰਸਥਾਂਵਾਂ, ਤਰਕਸ਼ੀਲ ਸੁਸਾਇਟੀਆਂ ਅਤੇ ਇਸ ਤਰ੍ਹਾਂ ਦੀਆਂ ਹੋਰ ਸੰਸਥਾਂਵਾਂ ਬਹੁਤ ਵੱਡਾ ਰੋਲ ਅਦਾ ਕਰ ਸਕਦੀਆਂ ਹਨ।

ਸੰਸਥਾਵਾਂ ਦੇ ਪੱਧਰ ’ਤੇ ਇਸ ਕੰਮ ਵਿੱਚ ਯੋਗਦਾਨ ਪਾਉਣਾ ਸ਼ੁਰੂ ਕਰਨ ਲਈ ਸਭ ਤੋਂ ਪਹਿਲਾਂ ਸੰਸਥਾਂਵਾਂ ਅਤੇ ਉਹਨਾਂ ਦੇ ਮੈਂਬਰਾਂ ਨੂੰ ਅਜੋਕੇ ਜਾਣਕਾਰੀ ਯੁੱਗ ਵਿੱਚ ਪੰਜਾਬੀ ਵਿਕੀਪੀਡੀਏ ਦੇ ਸਥਾਨ ਅਤੇ ਅਹਿਮੀਅਤ ਬਾਰੇ ਸਮਝਣ ਦੀ ਲੋੜ ਹੈ। ਸੰਸਥਾਂਵਾਂ ਦੇ ਮੈਂਬਰ ਅਜਿਹਾ ਕਰਨ ਦੀ ਸ਼ੁਰੂਆਤ ਪੰਜਾਬੀ ਵਿਕੀਪੀਡੀਏ ਬਾਰੇ ਆਪਸ ਵਿੱਚ ਵਿਚਾਰ ਵਟਾਂਦਰਾ ਕਰਕੇ ਕਰ ਸਕਦੇ ਹਨ। ਸੰਸਥਾਂਵਾਂ ਦੇ ਉਹ ਮੈਂਬਰ ਜੋ ਕੰਪਿਊਟਰ ਅਤੇ ਇੰਟਰਨੈੱਟ ਦੀ ਵਰਤੋਂ ਕਰਦੇ ਹਨ ਅਤੇ ਇਹਨਾਂ ਦੀ ਵਰਤੋਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ, ਪੰਜਾਬੀ ਵਿਕੀਪੀਡੀਏ ਦੇ ਸਾਈਟ ’ਤੇ ਜਾ ਕੇ ਇਸ ਦੇ ਕੰਮ ਕਰਨ ਦੇ ਢੰਗ ਨੂੰ ਸਮਝ ਸਕਦੇ ਹਨ ਅਤੇ ਫਿਰ ਦੂਸਰੇ ਮੈਂਬਰਾਂ ਨੂੰ ਸਮਝਾ ਸਕਦੇ ਹਨ। ਜੇ ਲੋੜ ਹੋਵੇ ਤਾਂ ਪੰਜਾਬੀ ਵਿਕੀਪੀਡੀਏ ਉੱਤੇ ਕੰਮ ਕਰਨਾ ਜਾਣਨ ਵਾਲੇ ਲੋਕਾਂ ਨੂੰ ਸੱਦ ਕੇ ਉਹਨਾਂ ਤੋਂ ਇਸ ਬਾਰੇ ਵਰਕਸ਼ਾਪਾਂ ਵਗੈਰਾ ਵੀ ਲਵਾਈਆਂ ਜਾ ਸਕਦੀਆਂ ਹਨ। ਇਹਨਾਂ ਵਰਕਸ਼ਾਪਾਂ ਵਿੱਚ ਆਪਣੇ ਮੈਂਬਰਾਂ ਤੋਂ ਬਿਨਾਂ ਭਾਈਚਾਰੇ ਦੇ ਹੋਰ ਲੋਕਾਂ ਨੂੰ ਵੀ ਸੱਦਿਆ ਜਾ ਸਕਦਾ ਹੈ ਤਾਂ ਕਿ ਪੰਜਾਬੀ ਵਿਕੀਪੀਡੀਏ ’ਤੇ ਕੰਮ ਕਰਨ ਦੀ ਜਾਚ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਈ ਜਾ ਸਕੇ।

ਪੰਜਾਬੀ ਵਿਕੀਪੀਡੀਏ ’ਤੇ ਆਪ ਸਰਗਰਮ ਹੋਣ ਤੋਂ ਬਾਅਦ ਹੋਰ ਲੋਕਾਂ ਨੂੰ ਇਸ ਕਾਰਜ ਲਈ ਸਰਗਰਮ ਕਰਨ ਲਈ ਪੰਜਾਬੀ ਵਿਕੀਪੀਡੀਏ ’ਤੇ ਜਾਣਕਾਰੀ ਪਾਉਣ ਲਈ ਜਨਤਕ ਸਮਾਗਮਾਂ (ਐਡਿਟ-ਥਾਨਜ਼) ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਸ ਗੱਲ ਦੀ ਮਹੱਤਤਾ ਨੂੰ ਦਰਸਾਉਣ ਲਈ ਮੈਂ ਕੁਝ ਉਦਾਹਰਨਾਂ ਦੇਣੀਆਂ ਚਾਹਾਂਗਾ। ਪੰਜਾਬੀ ਸਾਹਿਤ ਅਤੇ ਬੋਲੀ ਦੀ ਤਰੱਕੀ ਲਈ ਹੁਣ ਤੱਕ ਪੰਜਾਬੀ ਸਾਹਿਤ ਸਭਾਵਾਂ ਅਤੇ ਲੇਖਕਾਂ ਦੀਆਂ ਸੰਸਥਾਂਵਾਂ ਦਾ ਇਕ ਖਾਸ ਯੋਗਦਾਨ ਰਿਹਾ ਹੈ। ਹੁਣ ਮੰਨ ਲਉ ਕਿ ਪੰਜਾਬੀ ਸਾਹਿਤ ਨਾਲ ਸੰਬੰਧਤ ਹਰ ਇਕ ਸਾਹਿਤ/ਲੇਖਕ ਸਭਾ ਜੇ ਹਰ ਸਾਲ ਪੰਜਾਬੀ ਵਿਕੀਪੀਡੀਏ ’ਤੇ ਸਾਹਿਤ ਨਾਲ ਸੰਬੰਧਤ ਵਿਸ਼ਿਆਂ ਬਾਰੇ ਜਾਣਕਾਰੀ ਪਾਉਣ ਦਾ ਇਕ ਇਕ ਸਮਾਗਮ ਵੀ ਕਰੇ, ਤਾਂ ਅਸੀਂ ਇਕ ਜਾਂ ਦੋ ਸਾਲਾਂ ਵਿੱਚ ਪੰਜਾਬੀ ਸਾਹਿਤ ਨਾਲ ਸੰਬੰਧਤ ਤਕਰੀਬਨ ਸਾਰੀ ਦੀ ਸਾਰੀ ਜਾਣਕਾਰੀ ਪੰਜਾਬੀ ਵਿਕੀਪੀਡੀਏ ’ਤੇ ਇਕੱਤਰ ਕਰ ਸਕਾਂਗੇ। ਇਸ ਹੀ ਤਰ੍ਹਾਂ ਹਰ ਸਾਲ ਹਜ਼ਾਰਾਂ ਨਹੀਂ ਤਾਂ ਸੈਂਕੜੇ ਜਥੇਬੰਦੀਆਂ ਭਗਤ ਸਿੰਘ ਦਾ ਸ਼ਹੀਦੀ ਦਿਨ ਜਾਂ ਜਨਮ ਦਿਨ ਮਨਾਉਣ ਲਈ ਸਮਾਗਮ ਕਰਦੀਆਂ ਹਨ। ਜੇ ਇਹ ਜਥੇਬੰਦੀਆਂ ਭਾਰਤ ਦੀ ਅਜ਼ਾਦੀ ਲਹਿਰ ਵਿੱਚ ਯੋਗਦਾਨ ਪਾਉਣ ਵਾਲੇ ਵਿਅਕਤੀਆਂ ਬਾਰੇ ਪੰਜਾਬੀ ਵਿਕੀਪੀਡੀਏ ’ਤੇ ਸੰਖੇਪ ਵੇਰਵਾ ਪਾਉਣ ਦੇ ਕਾਰਜ ਨੂੰ ਆਪਣੇ ਇਹਨਾਂ ਸਮਾਗਮਾਂ ਦਾ ਹਿੱਸਾ ਬਣਾ ਲੈਣ ਤਾਂ ਅਸੀਂ ਇਕ ਅੱਧੇ ਸਾਲ ਵਿੱਚ ਭਾਰਤ ਦੀ ਅਜ਼ਾਦੀ ਲਹਿਰ ਵਿੱਚ ਹਿੱਸਾ ਲੈਣ ਵਾਲੇ ਵਿਅਕਤੀਆਂ ਬਾਰੇ ਮੁਢਲੀ ਜਾਣਕਾਰੀ ਪੰਜਾਬੀ ਵਿਕੀਪੀਡੀਏ ’ਤੇ ਇਕੱਤਰ ਕਰ ਸਕਾਂਗੇ। ਇਸ ਹੀ ਲੜੀ ਵਿੱਚ ਔਰਤਾਂ ਦੀਆਂ ਜਥੇਬੰਦੀਆਂ ਹਰ ਸਾਲ ਅੰਤਰਰਾਸ਼ਟਰੀ ਮਹਿਲਾ ਦਿਵਸ ’ਤੇ ਪੰਜਾਬੀ ਵਿਕੀਪੀਡੀਏ ’ਤੇ ਔਰਤਾਂ ਦੀਆਂ ਸਮੱਸਿਆਵਾਂ, ਔਰਤਾਂ ਦੇ ਸੰਘਰਸ਼ਾਂ, ਔਰਤਾਂ ਦੇ ਹੱਕਾਂ ਲਈ ਲੜਨ ਵਾਲੀਆਂ ਨਾਇਕਾਵਾਂ, ਸਮਾਜ ਦੇ ਵੱਖ ਵੱਖ ਖੇਤਰਾਂ ਵਿੱਚ ਨਾਮਣਾ ਖੱਟ ਚੁੱਕੀਆਂ ਔਰਤਾਂ ਦੇ ਜੀਵਨ ਵਰਗੇ ਵਿਸ਼ਿਆਂ ’ਤੇ ਜਾਣਕਾਰੀ ਇਕੱਤਰ ਕਰਕੇ ਪੰਜਾਬੀ ਵਿਕੀਪੀਡੀਏ ’ਤੇ ਪਾਉਣ ਲਈ ਸਮਾਗਮਾਂ ਦਾ ਪ੍ਰਬੰਧ ਕਰ ਸਕਦੀਆਂ ਹਨ। ਪਿਛਲੇ 2-3 ਦਹਾਕਿਆਂ ਦੌਰਾਨ ਪੰਜਾਬੀ ਸਮਾਜ ਵਿੱਚ ਵਿਗਿਆਨਕ ਸੋਚ ਦਾ ਪਸਾਰ ਕਰਨ ਲਈ ਤਰਕਸ਼ੀਲ ਸੁਸਾਇਟੀਆਂ/ਸਭਾਵਾਂ ਨੇ ਜ਼ਿਕਰਯੋਗ ਯੋਗਦਾਨ ਪਾਇਆ ਹੈ। ਜੇ ਪੰਜਾਬੀ ਜਗਤ ਵਿੱਚ ਕੰਮ ਕਰ ਰਹੀਆਂ ਤਰਕਸ਼ੀਲ ਸੁਸਾਇਟੀਆਂ/ਸਭਾਵਾਂ ਹਰ ਸਾਲ ਇਕ ਇਕ ਸਮਾਗਮ ਪੰਜਾਬੀ ਵਿਕੀਪੀਡੀਏ ’ਤੇ ਵਿਗਿਆਨ ਅਤੇ ਇਸ ਨਾਲ ਸੰਬੰਧਤ ਵਿਸ਼ਿਆਂ ਬਾਰੇ ਜਾਣਕਾਰੀ ਪਾਉਣ ਲਈ ਉਲੀਕਣ ਤਾਂ ਅਸੀਂ ਬਹੁਤ ਛੇਤੀ ਵਿਗਿਆਨ ਦੇ ਖੇਤਰ ਬਾਰੇ ਕਾਫੀ ਮਹੱਤਵਪੂਰਨ ਜਾਣਕਾਰੀ ਪੰਜਾਬੀ ਵਿਕੀਪੀਡੀਏ ’ਤੇ ਇਕੱਤਰ ਕਰਨ ਦੇ ਕਾਬਲ ਹੋ ਸਕਾਂਗੇ। ਪੰਜਾਬੀ ਸਮਾਜ ਵਿੱਚ ਸਰਸਰੀ ਨਜ਼ਰ ਮਾਰ ਕੇ ਇਸ ਤਰ੍ਹਾਂ ਦੀਆਂ ਕਈ ਹੋਰ ਸੰਸਥਾਂਵਾਂ/ਜਥੇਬੰਦੀਆਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ, ਜਿਹਨਾਂ ਲਈ ਇਸ ਤਰ੍ਹਾਂ ਦੇ ਸਮਾਗਮਾਂ ਦਾ ਪ੍ਰਬੰਧ ਕਰਨਾ ਉਹਨਾਂ ਦੇ ਕਾਰਜ ਦਾ ਇਕ ਮਹੱਤਵਪੂਰਨ ਅੰਗ ਬਣ ਸਕਦਾ ਹੈ।

ਪੰਜਾਬੀ ਵਿਕੀਪੀਡੀਏ ਦੇ ਵਿਕਾਸ ਲਈ ਕਾਲਜਾਂ/ਯੂਨੀਵਰਸਿਟੀਆਂ ਦੇ ਅਧਿਆਪਕ ਅਤੇ ਵਿਦਿਆਰਥੀ ਵੱਡਾ ਹਿੱਸਾ ਪਾ ਸਕਦੇ ਹਨ। ਇਸ ਲਈ ਕਾਲਜਾਂ ਯੂਨੀਵਰਸਿਟੀਆਂ ਦੇ ਅਧਿਆਪਕਾਂ ਨੂੰ ਇਸ ਕਾਰਜ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਆਪਣੇ ਵਿਦਿਆਰਥੀਆਂ ਨੂੰ ਇਸ ਕਾਰਜ ਵਿੱਚ ਹਿੱਸਾ ਲੈਣ ਲਈ ਪ੍ਰੇਰਣਾ ਚਾਹੀਦਾ ਹੈ। ਜਿਹਨਾਂ ਵਿਦਿਅਕ ਅਦਾਰਿਆਂ ਵਿੱਚ ਕੋਈ ਅਧਿਆਪਕ ਇਸ ਕਾਰਜ ਦੀ ਅਗਵਾਈ ਕਰਨ ਲਈ ਅੱਗੇ ਨਾ ਆਵੇ ਤਾਂ ਉੱਥੇ ਇਹਨਾਂ ਅਦਾਰਿਆਂ ਦੇ ਸੀਨੀਅਰ ਵਿਦਿਆਰਥੀਆਂ ਨੂੰ ਅੱਗੇ ਹੋ ਕੇ ਇਸ ਉੱਦਮ ਦੀ ਅਗਵਾਈ ਕਰਨੀ ਚਾਹੀਦੀ ਹੈ। ਕਾਲਜਾਂ/ਯੂਨੀਅਵਰਸਿਟੀਆਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਸ਼ਮੂਲੀਅਤ ਨਾਲ ਅਸੀਂ ਪੰਜਾਬੀ ਵਿਕੀਪੀਡੀਏ ’ਤੇ ਪਾਉਣ ਲਈ ਹਰ ਤਰ੍ਹਾਂ ਦੇ ਵਿਸ਼ਿਆਂ ਬਾਰੇ ਵੱਡਮੁੱਲੀ ਜਾਣਕਾਰੀ ਇਕੱਤਰ ਕਰ ਸਕਦੇ ਹਾਂ ਅਤੇ ਪਾ ਸਕਦੇ ਹਾਂ। ਉਦਾਹਰਨ ਲਈ ਜੇ ਡਾਕਟਰੀ ਦੀ ਪੜ੍ਹਾਈ ਦੇ ਅਖੀਰਲੇ ਸਾਲਾਂ ’ਚ ਪੜ੍ਹ ਰਹੇ ਵਿਦਿਆਰਥੀ ਆਪਣੇ ਅਧਿਆਪਕਾਂ ਦੀ ਨਿਗਰਾਨੀ ਵਿੱਚ ਡਾਕਟਰੀ ਦੇ ਵੱਖ ਵੱਖ ਵਿਸ਼ਿਆਂ ਬਾਰੇ ਜਾਣਕਾਰੀ ਲਿਖ ਕੇ ਪੰਜਾਬੀ ਵਿਕੀਪੀਡੀਏ ’ਤੇ ਪਾਉਣ ਵਿੱਚ ਸਰਗਰਮ ਹੋ ਜਾਣ ਤਾਂ ਅਸੀਂ ਬਹੁਤ ਜਲਦੀ ਇਸ ਖੇਤਰ ਬਾਰੇ ਬਹੁਤ ਸਾਰੀ ਜਾਣਕਾਰੀ ਪੰਜਾਬੀ ਵਿਕੀਪੀਡੀਏ ’ਤੇ ਪਾਉਣ ਵਿੱਚ ਕਾਮਯਾਬੀ ਹਾਸਲ ਕਰ ਸਕਾਂਗੇ। ਇਸ ਹੀ ਤਰ੍ਹਾਂ ਜੇ ਵਕਾਲਤ ਦੀ ਪੜ੍ਹਾਈ ਦੇ ਅਖੀਰਲੇ ਸਾਲਾਂ ਵਿੱਚ ਪੜ੍ਹਾਈ ਕਰ ਰਹੇ ਵਿਦਿਆਰਥੀ ਕਾਨੂੰਨ ਦੇ ਵੱਖ ਵੱਖ ਸ਼ਬਦਾਂ, ਸੰਕਲਪਾਂ, ਅਤੇ ਕਾਨੂੰਨ ਨਾਲ ਸੰਬੰਧਤ ਹੋਰ ਮੁੱਦਿਆਂ ਬਾਰੇ ਸੰਖੇਪ ਜਾਣਕਾਰੀ ਪੰਜਾਬੀ ਵਿਕੀਪੀਡੀਏ ’ਤੇ ਪਾਉਣੀ ਸ਼ੁਰੂ ਕਰ ਦੇਣ ਤਾਂ ਬਹੁਤ ਛੇਤੀ ਪੰਜਾਬੀ ਵਿਕੀਪੀਡੀਆ ਇਸ ਖੇਤਰ ਬਾਰੇ ਜਾਣਕਾਰੀ ਦਾ ਇਕ ਮਹੱਤਵਪੂਰਨ ਸ੍ਰੋਤ ਬਣ ਸਕਦਾ ਹੈ। ਇਹ ਸਾਰੀਆਂ ਗੱਲਾਂ ਕਾਲਜਾਂ/ਯੂਨੀਵਰਸਿਟੀਆਂ ਵਿੱਚ ਪੜ੍ਹਾਏ ਜਾਂਦੇ ਹਰ ਵਿਸ਼ੇ ਬਾਰੇ ਕਹੀਆਂ ਜਾ ਸਕਦੀਆਂ ਹਨ।

ਹੁਣ ਤੱਕ ਮੈਂ ਸੰਸਥਾਂਵਾਂ/ਅਦਾਰਿਆਂ ਆਦਿ ਵਲੋਂ ਪਾਏ ਜਾ ਸਕਣ ਵਾਲੇ ਸਹਿਯੋਗ ਦੀ ਹੀ ਗੱਲ ਕੀਤੀ ਹੈ। ਅਜਿਹਾ ਇਸ ਲਈ ਕੀਤਾ ਗਿਆ ਹੈ ਕਿ ਸੰਸਥਾਂਵਾਂ/ਅਦਾਰਿਆਂ ਕੋਲ ਮੀਟਿੰਗਾਂ/ਵਰਕਸ਼ਾਪਾਂ ਦਾ ਪ੍ਰਬੰਧ ਕਰਨ ਲਈ ਬੁਨਿਆਦੀ ਵਸੀਲੇ ਹੁੰਦੇ ਹਨ। ਇਸ ਦਾ ਇਹ ਮਤਲਬ ਨਹੀਂ ਕੱਢਣਾ ਚਾਹੀਦਾ ਕਿ ਮੈਂ ਇਕੱਲੇ ਇਕੱਲੇ ਵਿਅਕਤੀਆਂ ਵਲੋਂ ਵਿਅਕਤੀਗਤ ਪੱਧਰ ਉੱਤੇ ਪਾਏ ਜਾ ਸਕਣ ਵਾਲੇ ਸਹਿਯੋਗ ਨੂੰ ਘਟਾ ਕੇ ਦੇਖ ਰਿਹਾ ਹਾਂ। ਪੰਜਾਬੀ ਵਿਕੀਪੀਡੀਏ ਦੀ ਸ਼ੁਰੂਆਤ ਅਤੇ ਹੁਣ ਤੱਕ ਦੇ ਵਿਕਾਸ ਦਾ ਤਜਰਬਾ ਇਹ ਦੱਸਦਾ ਹੈ ਕਿ ਲੋਕ ਵਿਅਕਤੀਗਤ ਪੱਧਰ ’ਤੇ ਪੰਜਾਬੀ ਵਿਕੀਪੀਡੀਏ ਦੇ ਵਿਕਾਸ ਵਿੱਚ ਬਹੁਤ ਵੱਡਾ ਹਿੱਸਾ ਪਾ ਸਕਦੇ ਹਨ। ਜਿਵੇਂ ਅਸੀਂ ਦੇਖਿਆ ਹੈ ਕਿ ਪਿਛਲੇ ਕਈ ਸਾਲਾਂ ਤੋਂ ਮੁੱਠੀ ਭਰ ਲੋਕਾਂ ਨੇ ਵਿਅਕਤੀਗਤ ਪੱਧਰ ’ਤੇ ਯੋਗਦਾਨ ਪਾ ਕੇ ਪੰਜਾਬੀ ਵਿਕੀਪੀਡੀਏ ਦੀ ਜੋਤ ਨੂੰ ਬਲਦਾ ਰੱਖਿਆ ਹੈ ਅਤੇ ਇਸ ਨੂੰ ਬਲਦਾ ਰੱਖ ਰਹੇ ਹਨ। ਇਸ ਲਈ ਵੱਖ ਵੱਖ ਵਿਸ਼ਿਆਂ ਬਾਰੇ ਯੋਗਤਾ ਅਤੇ ਰੁਚੀ ਰੱਖਣ ਵਾਲੇ ਪੰਜਾਬੀਆਂ ਨੂੰ ਵਿਅਕਤੀਗਤ ਪੱਧਰ ’ਤੇ ਵੀ ਪੰਜਾਬੀ ਵਿਕੀਪੀਡੀਏ ਦੇ ਗਿਆਨ ਭੰਡਾਰ ਵਿੱਚ ਵਾਧਾ ਕਰਨ ਵਿੱਚ ਹਿੱਸਾ ਲੈਣ ਲਈ ਅੱਗੇ ਆਉਣਾ ਚਾਹੀਦਾ ਹੈ।

ਇਸ ਸੰਬੰਧ ਵਿੱਚ ਅਖੀਰ ’ਤੇ ਮੈਂ ਇਹ ਕਹਿਣਾ ਚਾਹੁੰਦਾ ਹਾਂ, ਕਿ ਵਿਦੇਸ਼ਾਂ, ਖਾਸ ਕਰਕੇ ਇੰਗਲੈਂਡ, ਕੈਨੇਡਾ, ਅਮਰੀਕਾ, ਅਸਟ੍ਰੇਲੀਆ, ਜਰਮਨੀ ਆਦਿ ਵਰਗੇ ਦੇਸ਼ਾਂ ’ਚ ਵਸਦੇ ਪੰਜਾਬੀ, ਪੰਜਾਬੀ ਵਿਕੀਪੀਡੀਏ ਦੇ ਵਿਕਾਸ ਲਈ ਵੱਡਾ ਹਿੱਸਾ ਪਾ ਸਕਦੇ ਹਨ। ਇਹਨਾਂ ਦੇਸ਼ਾਂ ਵਿੱਚ ਰਹਿ ਰਹੇ ਪੰਜਾਬੀਆਂ ਦੀ ਇੰਟਰਨੈੱਟ ਤੱਕ ਪਹੁੰਚ ਪੰਜਾਬ ਦੇ ਪੰਜਾਬੀਆਂ ਦੇ ਮੁਕਾਬਲੇ ਵੱਧ ਹੈ। ਇਸ ਦੇ ਨਾਲ ਹੀ ਗਿਆਨ ਨਾਲ ਸੰਬੰਧਤ ਬੁਨਿਆਦੀ ਢਾਂਚਾ - ਜਿਵੇਂ ਲਾਇਬ੍ਰੇਰੀਆਂ, ਅਜਾਇਬ ਘਰ, ਆਰਕਾਈਵਜ਼ ਅਤੇ ਇਸ ਤਰ੍ਹਾਂ ਦੀਆਂ ਹੋਰ ਸੰਸਥਾਂਵਾਂ- ਵੀ ਇਹਨਾਂ ਮੁਲਕਾਂ ਵਿੱਚ ਪੰਜਾਬ ਨਾਲੋਂ ਜ਼ਿਆਦਾ ਵਿਕਸਤ ਹਨ। ਇਸ ਲਈ ਵਿਦੇਸ਼ਾਂ ’ਚ ਵਸਦੇ ਪੰਜਾਬੀ ਇਹਨਾਂ ਚੀਜ਼ਾਂ ਦਾ ਫਾਇਦਾ ਲੈ ਕੇ ਪੰਜਾਬੀ ਵਿਕੀਪੀਡੀਏ ਦੇ ਵਿਕਾਸ ਵਿੱਚ ਇਕ ਮਹੱਤਵਪੂਰਨ ਹਿੱਸਾ ਪਾ ਸਕਦੇ ਹਨ।

**ਅੰਤਿਕਾ**

ਇੰਟਰਨੈੱਟ ਅਤੇ ਜਾਣਕਾਰੀ ਦੇ ਇਸ ਯੁੱਗ ਦੇ ਪਿਛਲੇ ਡੇਢ ਦਹਾਕੇ ਦੌਰਾਨ ਵਿਕੀਪੀਡੀਆ ਇਕ ਮਹੱਤਵਪੂਰਨ ਵਰਤਾਰੇ ਵਜੋਂ ਸਾਹਮਣੇ ਆਇਆ ਹੈ। ਇਸ ਵਰਤਾਰੇ ਕਾਰਨ ਦੁਨੀਆ ਦਾ ਸਾਰਾ ਗਿਆਨ ਇਕ ਥਾਂ ਇਕੱਤਰ ਕਰਨ ਅਤੇ ਇਸ ਗਿਆਨ ਤੱਕ ਦੁਨੀਆ ਦੇ ਹਰ ਇਕ ਇਨਸਾਨ ਦੀ ਮੁਫਤ ਪਹੁੰਚ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋਈਆਂ ਹਨ। ਅਜਿਹੀਆਂ ਸੰਭਾਵਨਾਵਾਂ ਪੈਦਾ ਹੋਣ ਦਾ ਇਹ ਮੌਕਾ ਮੰਡੀ ਵਿੱਚ ਵੱਧ ਤੋਂ ਵੱਧ ਮੁਨਾਫਾ ਕਮਾਉਣ ਲਈ ਵਿਅਕਤੀਗਤ ਪੱਧਰ ਦੇ ਕਰੂਰ ਮੁਕਾਬਲੇ ਜਾਂ ਕੁਝ ਕੁ ਕਾਰਪੋਰੇਸ਼ਨਾਂ ਵਲੋਂ ਗਿਆਨ ਦੇ ਖੇਤਰ ਵਿੱਚ ਆਪਣੀ ਅਜਾਰੇਦਾਰੀ ਕਾਇਮ ਕਰਨ ਦੇ ਅਮਲ ਵਿੱਚੋਂ ਪੈਦਾ ਨਹੀਂ ਹੋਇਆ ਸਗੋਂ ਦੁਨੀਆ ਭਰ ਦੇ ਲੱਖਾਂ ਲੋਕਾਂ ਵਲੋਂ ਵਾਲੰਟੀਅਰ ਪੱਧਰ ’ਤੇ ਮਿਲ ਕੇ ਕੰਮ ਕਰਨ ਦੇ ਅਮਲ ਵਿੱਚੋਂ ਪੈਦਾ ਹੋਇਆ ਹੈ। ਇਸ ਲਈ ਇਹ ਵਰਤਾਰਾ ਜਿੱਥੇ ਦੁਨੀਆ ਦੇ ਸਾਰੇ ਲੋਕਾਂ ਲਈ ਗਿਆਨ ਤੱਕ ਮੁਫਤ ਪਹੁੰਚ ਦੇ ਮੌਕੇ ਪੈਦਾ ਕਰਨ ਦਾ ਸਬੱਬ ਬਣ ਰਿਹਾ ਹੈ, ਉੱਥੇ ਇਹ ਮੰਡੀ ਦੀ ਮੁਕਾਬਲਾਕਾਰੀ ਸੋਚ ਦੇ ਸਹੀ ਹੋਣ ਦੀ ਧਾਰਨਾ ਨੂੰ ਵੀ ਚੁਣੌਤੀ ਦੇ ਰਿਹਾ ਹੈ। ਇਸ ਲਈ ਇਸ ਵਰਤਾਰੇ ਵੱਲ ਧਿਆਨ ਦੇਣਾ, ਇਸ ਨੂੰ ਸਮਝਣਾ ਅਤੇ ਇਸ ਵਿੱਚ ਹਿੱਸਾ ਲੈਣਾ ਮਹੱਤਵਪੂਰਨ ਹੈ।

ਵਿਕੀਪੀਡੀਏ ਦੀ ਸ਼ੁਰੂਆਤ ਤੋਂ ਇਕ ਸਾਲ ਬਾਅਦ ਹੀ ਪੰਜਾਬੀ ਵਿਕੀਪੀਡੀਆ ਤਿਆਰ ਕਰਨ ਦੇ ਯਤਨ ਸ਼ੁਰੂ ਹੋ ਗਏ ਸਨ। ਇਹਨਾਂ ਯਤਨਾਂ ਦਾ ਮੁੱਲਾਂਕਣ ਕਰਦਿਆਂ ਜਿੱਥੇ ਇਸ ਪ੍ਰੋਜੈਕਟ ਨੂੰ ਹੁਣ ਤੱਕ ਚਾਲੂ ਰੱਖਣ ਵਾਲੇ ਮੁੱਠੀ ਭਰ ਲੋਕਾਂ ਦੇ ਕੰਮ ਦੀ ਸ਼ਲਾਘਾ ਕਰਨੀ ਚਾਹੀਦੀ ਹੈ, ਉੱਥੇ ਇਹ ਵੀ ਸਵੀਕਾਰ ਕਰਨਾ ਚਾਹੀਦਾ ਹੈ ਕਿ ਪੰਜਾਬੀ ਵਿਕੀਪੀਡੀਏ ਦੇ ਵਿਕਾਸ ਦੀ ਰਫਤਾਰ ਤਸੱਲੀਬਖਸ਼ ਨਹੀਂ ਹੈ। ਇਸ ਰਫਤਾਰ ਨੂੰ ਤੇਜ਼ ਕਰਨ ਲਈ ਹੋਰ ਪੰਜਾਬੀਆਂ ਨੂੰ ਇਸ ਕਾਰਜ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਤਾਂ ਕਿ ਜਾਣਕਾਰੀ ਯੁੱਗ ਦੀਆਂ ਨਵੀਂਆਂ ਤਕਨੀਕਾਂ ਦੀ ਵਿਅਕਤੀਗਤ ਪੱਧਰ ’ਤੇ ਵਰਤੋਂ ਕਰਨ ਦੇ ਨਾਲ ਨਾਲ ਅਸੀਂ ਸਮੂਹਿਕ ਤੌਰ ’ਤੇ ਸਮਾਜ ਦੀ ਭਲਾਈ ਲਈ ਉਹ ਕੁਝ ਸਿਰਜਣ ਵਿੱਚ

(ਬਾਕੀ ਅਗਲੇ ਅੰਕ ’ਚ)

### ਤੇਰਾ ਕੌਣ ਰਾਖਾ ਪੰਜਾਬ

# ਸਰਕਾਰੀ ਜ਼ਮੀਨ ਵੇਚ ਕੇ, ਚਲ ਰਿਹਾ ਵਿਕਾਸ

**ਚਰਨਜੀਤ ਭੁੱਲਰ**

ਬਠਿੰਡਾ : ਪੰਜਾਬ ਵਿਚ ਵਿਕਾਸ ਦੀ ਗੱਡੀ ਕਰਜ਼ੇ ਨਾਲ ਚੱਲ ਰਹੀ ਹੈ। ਉਪਰੋਂ ਜਾਇਦਾਦਾਂ ਵੇਚ ਕੇ ਵਿਕਾਸ ਦੀ ਗੱਡੀ ਨੂੰ ਧੱਕਾ ਲਾਉਣ ਦੇ ਹੀਲੇ ਹੋ ਰਹੇ ਹਨ। ਸਿਆਸੀ ਧਿਰਾਂ ਰੈਲੀਆਂ ਦੇ ਮੁਕਾਬਲੇ ਵਿਚ ਉਲਝ ਗਈਆਂ ਹਨ। ਕਾਫੀ ਵਿਕਾਸ ਪ੍ਰੋਜੈਕਟ ਸਰਕਾਰੀ ਜ਼ਮੀਨਾਂ ਵੇਚ ਕੇ ਚਲਾਏ ਜਾ ਰਹੇ ਹਨ। ਤਾਜਾ ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੇ ਕਰੀਬ 2434.71 ਕਰੋੜ ਦੀ ਸਰਕਾਰੀ ਜਾਇਦਾਦ ਵੇਚਣ ਦਾ ਟੀਚਾ ਰੱਖਿਆ ਸੀ ਜਿਸ ਚੋਂ 50 ਫੀਸਦੀ ਤੋਂ ਉਪਰ ਜਾਇਦਾਦ ਨਿਲਾਮ ਹੋਣ ਦਾ ਸਮਾਚਾਰ ਹੈ। ਪੰਜਾਬ ਦੇ ਵੱਡਾ ਸ਼ਹਿਰਾਂ ਦੀਆਂ ਕਰੀਬ ਤਿੰਨ ਦਰਜਨ ਵੱਡੀਆਂ ਸੰਪਤੀਆਂ ਦਾ ਇੰਤਕਾਲ ਪੂਡਾ ਦੇ ਨਾਮ ਕੀਤਾ ਗਿਆ ਸੀ ਤਾਂ ਜੋ ਜ਼ਮੀਨ ਵੇਚ ਕੇ ਵਿਕਾਸ ਕੀਤਾ ਜਾ ਸਕੇ। ਹੁਣ ਲੰਘੇ ਦੋ ਵਰਿਆਂ ਤੋਂ ਇੱਕ ਦਰਜਨ ਸੰਪਤੀਆਂ ਹੋਰ ਵੇਚਣ ਵਾਸਤੇ ਪੂਡਾ ਹਵਾਲੇ ਕਰ ਦਿੱਤੀਆਂ ਹਨ। ਆਰ. ਟੀ. ਆਈ. ਵਿਚ ਪ੍ਰਾਪਤ ਵੇਰਵਿਆਂ ਅਨੁਸਾਰ ਜੋ ਤਾਜਾ ਜ਼ਮੀਨਾਂ ਨਿਲਾਮ ਕਰਨ ਲਈ ਏਜੰਡੇ ਤੇ ਹਨ, ਉਨਾਂ ਵਿਚ ਜਲਾਲਾਬਾਦ ਦਾ ਹਸਪਤਾਲ,ਰੋਪੜ ਦਾ ਬੱਸ ਸਟੈਂਡ ਤੇ ਹਵੇਲੀ, ਮਾਨਸਾ ਦਾ ਥਾਣਾ, ਬਠਿੰਡਾ ਦਾ ਸਰਕਾਰੀ ਸਕੂਲ ਵੀ ਸ਼ਾਮਲ ਹਨ। ਆਰਥਿਕ ਮੰਦੇ ਕਾਰਨ ਬਹੁਤੀ ਸੰਪਤੀ ਵੇਚਣ ਵਿਚ ਅੜੱਚਨਾਂ ਹਨ।

ਸਰਕਾਰੀ ਜ਼ਮੀਨਾਂ ਵੇਚ ਕੇ ਸਰਕਾਰ ਪਟਿਆਲਾ ਤੇ ਖੰਨਾ ਵਿਚ ਕਰੀਬ ਪੌਣੇ ਪੰਜ ਕਰੋੜ ਦੀ ਲਾਗਤ ਨਾਲ ਰੈਸਟ ਹਾਊਸ ਬਣਾ ਰਹੀ ਹੈ ਅਤੇ ਇਵੇਂ ਅੰਮ੍ਰਿਤਸਰ ਵਿਚ ਨਵਾਂ ਸਰਕਟ ਹਾਊਸ ਬਣਾ ਰਹੀ ਹੈ। ਉਪ ਮੁੱਖ ਮੰਤਰੀ ਦੇ ਹਲਕਾ ਜਲਾਲਾਬਾਦ ਵਿਚ ਹਸਪਤਾਲ ਤੇ ਸਰਕਾਰੀ ਸਕੂਲ 40.51 ਕਰੋੜ ਦੀ ਲਾਗਤ ਨਾਲ ਬਣਾ ਰਹੀ ਹੈ। ਸਰਕਾਰੀ ਵੇਰਵਿਆਂ ਅਨੁਸਾਰ ਪੂਡਾ ਨੇ ਲੰਘੇ ਸਾਢੇ ਤਿੰਨ ਵਰਿਆਂ ਵਿਚ ਦੋ ਹਜ਼ਾਰ ਕਰੋੜ ਦਾ ਕਰਜ਼ਾ ਸਰਕਾਰੀ ਜਾਇਦਾਦਾਂ ਗਿਰਵੀ ਕਰਕੇ ਚੁੱਕਿਆ ਹੈ ਅਤੇ ਇਸ ਤੋਂ ਬਿਨਾਂ 325 ਕਰੋੜ ਦਾ ਕਰਜ਼ਾ ਨਵੀਆਂ ਜੇਲ੍ਹਾਂ ਵਾਸਤੇ ਚੁੱਕਿਆ ਗਿਆ ਹੈ। ਇਸ ਕਰਜੇ ਚੋਂ ਕਰੀਬ 1800 ਕਰੋੜ ਦਾ ਕਰਜ਼ਾ ਹਾਲੇ ਪੂਡਾ ਸਿਰ ਖੜ੍ਹਾ ਹੈ। ਗਮਾਡਾ ਮੋਹਾਲੀ ਨੂੰ ਕਰਜ਼ੇ ਨੇ ਨਚੋੜ ਦਿੱਤਾ ਹੈ। ਗਮਾਡਾ ਤੋਂ ਪ੍ਰਾਪਤ ਆਰ.ਟੀ.ਆਈ ਅਨੁਸਾਰ 31 ਮਾਰਚ 2015 ਤੱਕ ਗਮਾਡਾ ਸਿਰ 2303 ਕਰੋੜ ਰੁਪਏ ਦਾ ਕਰਜ਼ਾ ਚੜ੍ਹਚੁੱਕਿਆ ਸੀ ਜਿਸ ਚੋਂ 517 ਕਰੋੜ ਰੁਪਏ ਓਵਰ ਡਰਾਫਟ ਦੇ ਹਨ। ਗਮਾਡਾ ਨੇ ਕਰੀਬ 7 ਵੱਖ ਵੱਖ ਬੈਂਕਾਂ ਤੋਂ ਜ਼ਮੀਨਾਂ ਗਿਰਵੀ ਕਰਕੇ ਕਰਜ਼ਾ ਚੁੱਕਿਆ ਹੈ। ਗਮਾਡਾ ਨੇ ਕਰੀਬ 100 ਕਰੋੜ ਦਾ ਲੋਨ ਪੀ.ਆਈ.ਡੀ.ਬੀ ਤੋਂ ਲਿਆ ਹੈ।

ਪੰਜਾਬ ਸਰਕਾਰ ਗਮਾਡਾ ਦੇ ਖਜ਼ਾਨੇ ਨੂੰ ਦਿਨ ਰਾਤ ਵਰਤ ਰਹੀ ਹੈ। ਚੱਪੜਚਿੜੀ ਵਿਚ 14 ਮਾਰਚ 2012 ਨੂੰ ਹੋਏ ਸਹੁੰ ਚੁੱਕ ਸਮਾਗਮਾਂ ਤੇ ਗਮਾਡਾ ਨੇ 4.22 ਲੱਖ ਰੁਪਏ ਖਰਚੇ ਅਤੇ ਖੇਤੀਬਾੜੀ ਸਮਿਟ 2014 ਦੌਰਾਨ 2.32 ਕਰੋੜ ਰੁਪਏ ਖਰਚ ਕੀਤੇ। ਚੱਪੜਚਿੜੀ ਸਮਾਰਕ ਦੀ ਸਾਂਭ ਸੰਭਾਲ ਤੇ ਕਰੀਬ ਇੱਕ ਕਰੋੜ ਰੁਪਏ ਖਰਚੇ ਹਨ। ਸ੍ਰੀ ਆਨੰਦਪੁਰ ਸਾਹਿਬ ਅਤੇ ਮੋਹਾਲੀ ਵਿਚ ਖੇਡ ਸਟੇਡੀਅਮਾਂ ਤੇ 6.55 ਕਰੋੜ ਖਰਚੇ ਹਨ। ਚੱਪੜਚਿੜੀ ਸਮਾਰਕ ਦੇ ਵਿਕਾਸ ਤੇ ਦੋ ਕਰੋੜ ਖਰਚੇ ਹਨ। ਚੱਪੜਚਿੜੀ ਵਿਚ ਕੰਮ ਕਰਨ ਵਾਲੇ ਠੇਕੇਦਾਰਾਂ ਦੇ ਕਰੀਬ 97 ਲੱਖ ਦੇ ਬਕਾਏ ਵੀ ਖੜੇ ਹਨ। ਬਠਿੰਡਾ ਵਿਕਾਸ ਅਥਾਰਟੀ ਵੀ ਜਾਇਦਾਦਾਂ ਵੇਚ ਕੇ ਗੱਡੀ ਚਲਾ ਰਹੀ ਹੈ। ਬਠਿੰਡਾ ਵਿਚ ਲੋਕ ਨਿਰਮਾਣ ਵਿਭਾਗ ਅਤੇ ਸਿੰਚਾਈ ਮਹਿਕਮੇ ਦੀ ਕਾਫੀ ਜਾਇਦਾਦ ਨਿਲਾਮ ਕੀਤੀ ਜਾ ਚੁੱਕੀ ਹੈ। ਪੁਰਾਣੇ ਹਸਪਤਾਲ ਵਾਲੀ ਜਗ੍ਹਾ ਕਰੀਬ 185 ਕਰੋੜ ਦੀ ਵੇਚ ਗਈ ਜਿਸ ਤੇ ਹੁਣ ਸ਼ਾਪਿੰਗ ਮੌਲ ਬਣ ਰਿਹਾ ਹੈ। ਪੰਜਾਬ ਮੰਡੀ ਬੋਰਡ ਤਰਫੋਂ ਹੁਣ ਤੱਕ 510 ਕਰੋੜ ਰੁਪਏ ਦੇ ਪਲਾਟ ਅਤੇ ਸਾਈਟ ਚੰਕ ਵੇਚੇ ਜਾ ਚੁੱਕੇ ਹਨ।

ਕਰੀਬ ਇੱਕ ਵਰ੍ਹਾ ਪਹਿਲਾਂ ਮੰਡੀ ਬੋਰਡ ਨੇ 44 ਸੰਪਤੀਆਂ ਹੋਰ ਵੇਚਣ ਦਾ ਫੈਸਲਾ ਕੀਤਾ ਹੈ ਜਿਨ੍ਹਾਂ ਵਿਚ ਰੈਸਟ ਹਾਊਸ ਅਤੇ ਦਫਤਰੀ ਇਮਾਰਤਾਂ ਵੀ ਸ਼ਾਮਲ ਹਨ। ਨਗਰ ਨਿਗਮ ਤੇ ਨਗਰ ਕੌਂਸਲਾਂ ਸਿਰ ਕਰਜ਼ੇ ਚੜ ਗਏ ਹਨ। ਨਗਰ ਨਿਗਮ ਬਠਿੰਡਾ ਹੁਣ ਤੱਕ 114 ਕਰੋੜ ਦੀ ਸੰਪਤੀ ਵੇਚ ਚੁੱਕਾ ਹੈ ਜਦੋਂ ਕਿ ਜਲਾਲਾਬਾਦ ਕੌਂਸਲ ਨੇ ਦੋ ਕਰੋੜ ਦੀ ਸੰਪਤੀ ਵੇਚੀ ਹੈ। ਨਹਿਰ ਮਹਿਕਮੇ ਦੇ ਕਾਫੀ ਰੈਸਟ ਹਾਊਸ ਤਾਂ ਪਹਿਲਾਂ ਹੀ ਵੇਚ ਦਿੱਤੇ ਗਏ ਸਨ ਅਤੇ ਹੁਣ ਮੁੜ ਬੇਅਬਾਦ ਨਹਿਰੀ ਅਰਾਮ ਘਰਾਂ ਦੀ ਸਨਾਖਤ ਕੀਤੀ ਗਈ ਹੈ। ਸਾਬਕਾ ਖਜ਼ਾਨਾ ਮੰਤਰੀ ਤੇ ਪੀਪਲਜ਼ ਪਾਰਟੀ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਦਾ ਪ੍ਰਤੀਕਰਮ ਸੀ ਕਿ ਜ਼ਮੀਨਾਂ ਵੇਚ ਕੇ ਜਾਂ ਫਿਰ ਕਰਜ਼ੇ ਚੁੱਕ ਕੇ ਵਿਕਾਸ ਕਰਨਾ ਇਕ ਤਰ੍ਹਾਂ ਦੀ ਸਿਆਸੀ ਰਿਸ਼ਵਤ ਹੈ। ਉਨ੍ਹਾਂ ਆਖਿਆ ਕਿ ਪੰਜਾਬ ਪ੍ਰਤੀ ਵਿਅਕਤੀ ਆਮਦਨ ਵਿੱਚ ਦੇਸ਼ ਵਿੱਚੋਂ 14ਵੇਂ ਸਥਾਨ 'ਤੇ ਪੁੱਜ ਗਿਆ ਹੈ ਅਤੇ ਪੰਜਾਬ ਦੇ ਹਾਕਮ ਧੜਾਧੜ ਕਰਜ਼ੇ ਚੁੱਕ ਕੇ ਪੰਜਾਬ ਦੇ ਪੈਰਾਂ ਵਿੱਚ ਗੁਲਾਮੀ ਦੀਆਂ ਜੰਜ਼ੀਰਾਂ ਪਾ ਰਹੇ ਹਨ।

**ਜਾਇਦਾਦ ਬਣਾਈ ਹੈ: ਖ਼ਜ਼ਾਨਾ ਮੰਤਰੀ**

ਪੰਜਾਬ ਦੇ ਖਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਉਨ੍ਹਾਂ ਪੁਰਾਣੀਆਂ ਸ਼ਨਾਖਤ ਕੀਤੀਆਂ ਸੰਪਤੀਆਂ ਰੇਟ ਘੱਟ ਮਿਲਣ ਕਰ ਕੇ ਵੇਚਣ ਦੀ ਥਾਂ ਕਰਜ਼ਾ ਲਿਆ ਹੈ। ਇਸ ਵਿੱਚੋਂ 30 ਫੀਸਦੀ ਕਰਜ਼ਾ ਵਾਪਸ ਕੀਤਾ ਜਾ ਚੁੱਕਾ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਨੇ ਤਾਂ ਆਪਣੀ ਸੀਮਾ ਤੋਂ ਜ਼ਿਆਦਾ ਕਿਧਰੋਂ ਕਰਜ਼ਾ ਵੀ ਨਹੀਂ ਚੁੱਕਿਆ ਹੈ। ਉਨ੍ਹਾਂ ਆਖਿਆ ਕਿ ਜਾਇਦਾਦਾਂ ਵੇਚੀਆਂ ਨਹੀਂ ਗਈਆਂ, ਸਗੋਂ ਜੇਲ੍ਹਾਂ, ਆਸ਼ਰਮ ਅਤੇ ਹਸਪਤਾਲ ਨਵੇਂ ਬਣਾਏ ਗਏ ਹਨ।


# ਪਹਿਲਾ ਅਧਿਆਪਕ



**ਰੁਪਿੰਦਰ ਕੌਰ**

ਮੈਂ 'ਚੰਗੇਜ਼ਆਇਤਮਾਤੋਵ" ਦਾ ਲਿਖਿਆ ਨਾਵਲ ਪਹਿਲਾ ਅਧਿਆਪਕ ਪੜ੍ਹਿਆ। ਜੋ ਕਿ ਬਹੁਤ ਵਧੀਆ ਨਾਵਲ ਹੈ। ਇਸ ਨਾਵਲ ਦੇ ਨਾਂਅ ਤੋਂ ਵਿਚਲੇ ਭੇਦ ਦੀ ਕਲਪਨਾ ਕਰਨਾ ਅਸੰਭਵ ਹੈ। ਇਸ ਵਿੱਚ ਦੁਨੀਆਂ ਦੇ ਹਰ ਬੱਚੇ ਅਤੇ ਅਧਿਆਪਕ ਨੂੰ ਸਾਹਸੀ, ਨਿਡਰ, ਮਿਹਨਤੀ, ਬਣਨ ਦੀ ਸਿੱਖਿਆ ਦਿੱਤੀ ਗਈ ਹੈ। ਇਹ ਉਸ ਸਮੇਂ ਦੀ ਸੱਚੀ ਕਹਾਣੀ ਹੈ, ਜਦੋਂ ਰੂਸ ਵਿੱਚ ਇਨਕਲਾਬ (1917) ਹੋਇਆ ਸੀ।

ਦੂਈਸ਼ੇਨ ਇੱਕ ਅਜਿਹਾ ਵਿਅਕਤੀ ਹੈ, ਜੋ ਘੱਟ ਪੜ੍ਹਿਆ ਲਿਖਿਆ ਹੈ ਅਤੇ ਅੱਖਰ ਜੋੜ ਜੋੜ ਕੇ ਪੜ੍ਹਦਾ ਹੈ। ਦੂਈਸੇ ਉਨ੍ਹਾਂ ਲੋਕਾਂ ਦੇ ਬੱਚਿਆਂ ਨੂੰ ਪੜ੍ਹਾਉਣਾ ਚਾਹੁੰਦਾ ਹੈ ਜਿਨ੍ਹਾਂ ਨੇ ਕਦੇ 'ਪੜ੍ਹਾਈ' ਸ਼ਬਦ ਵੀ ਨਹੀਂ ਸੁਣਿਆ। ਇਸ ਲਈ ਲੋਕ ਉਸਦਾ ਵਿਰੋਧ ਕਰਦੇ ਹਨ। ਪਰ ਉਹ ਪਿੰਡ ਦੇ ਬਾਹਰ ਮਿੱਟੀ ਅਤੇ ਪਰਾਲੀ ਦੀ ਸਹਾਇਤਾ ਨਾਲ ਇਕ ਝੁੱਗੀ ਜਿਹੀ ਬਣਾ ਕੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੰਦਾ ਹੈ। ਉਹ ਸਕੂਲ ਜਾਣ ਲਈ ਰੋਜ਼ਾਨਾ ਘਰੋਂ ਘਰੀ ਜਾ ਕੇ ਬੱਚੇ ਇਕੱਠੇ ਕਰਦਾ ਹੈ ਅਤੇ ਸਰਦੀਆਂ ਵਿੱਚ ਝੁੱਗੀ ਨੇੜਲੇ ਨਾਲੇ ਵਿਚ ਠੰਡਾ ਪਾਣੀ ਹੋਣ ਕਰਕੇ ਉਹ ਬੱਚਿਆਂ ਨੂੰ ਮੋਢਿਆਂ ਤੇ ਚੁੱਕ ਕੇ ਰਾਹ ਪਾਰ ਕਰਾਉਂਦਾ ਸੀ। ਉਨ੍ਹਾਂ ਬੱਚਿਆਂ ਵਿਚੋਂ ਅਲਤਿਨਾਈ ਸੁਲੇਮਾਨੋਵਾ ਸਭ ਤੋਂ ਵੱਡੀ ਅਤੇ ਹੁਸ਼ਿਆਰ ਹੈ। ਉਸਦੀ ਚਾਚੀ ਉਸਨੂੰ ਬਹੁਤ ਜ਼ਲੀਲ ਕਰਦੀ ਹੈ, ਕਿਉਂਕਿ ਉਹ ਅਨਾਥ ਹੈ। ਅਲਤਿਨਾਈ ਸੁਲੇਮਾਨੋਵਾ ਦੇ ਹੁਸ਼ਿਆਰ ਹੋਣ ਕਾਰਨ ਦੂਈਸ਼ੇਨ ਨੂੰ ਲਗਦਾ ਸੀ ਕਿ ਉਹ ਇੱਕ ਵੱਡੀ ਸਾਇੰਸਦਾਨ ਬਣੇਗੀ। ਇੱਕ ਦਿਨ ਉਸਦੀ ਚਾਚੀ ਉਸਦਾ ਸੌਦਾ ਕਰ ਲੈਂਦੀ ਹੈ ਭਾਵ ਉਸ ਨੂੰ ਵੇਚ ਦਿੰਦੀ ਹੈ ਜੋ ਲਾਕ ਖਰੀਦਦੇ ਹਨ ਉਹ ਦੂਈਸ਼ੇਨ ਨੂੰ ਜਖ਼ਮੀ ਕਰ ਜਾਂਦੇ ਹਨ ਅਤੇ ਅਲਤਿਨਾਈ ਨਾਲ ਜ਼ਬਰਦਸਤੀ ਕਰਦੇ ਹਨ ਅਤੇ ਉਹ ਅੰਦਰੋਂ ਬਿਲਕੁਲ ਟੁੱਟ ਜਾਂਦੀ ਹੈ। ਉਸੇ ਸਮੇਂ ਦੂਈਸ਼ੇਨ ਉੱਥੇ ਪਹੁੰਚਦਾ ਹੈ ਅਤੇ ਉਸ ਨੂੰ (ਅਲਤਿਨਾਈ) ਮੋੜ ਲਿਆਉਂਦਾ ਹੈ। ਪਿੰਡਿ ਲਿਆ ਕੇ ਦੂਈਸ਼ੇ ਉਸ ਸ਼ਹਿਰ ਪੜ੍ਹਨ ਲਈ ਭੇਜ ਦਿੰਦਾ ਹੈ। ਉਹ ਕਿਰਤੀ ਵਿਭਾਗ ਦੀ ਪੜ੍ਹਾਈ ਕਰਕੇ ਅੰਤਰਰਾਸ਼ਟਰੀ ਪੱਧਰ ਦੀ ਪ੍ਰੋਫ਼ੈਸਰ





ਵਿਗਿਆਨਕਾ ਬਣ ਜਾਂਦੀ ਹੈ। ਦੂਈਸੇ ਹੈ ਅਤੇ ਫੌਜ 'ਚ ਭਰਤੀ ਹੋ ਜਾਂਦਾ ਹੈ ਅਤੇ ਫਿਰਫੋਜ਼ ਦੀ ਨੌਕਰੀ ਛੱਡ ਕਿ ਡਾਕੀਆ ਬਣ ਜਾਂਦਾ ਹੈ । ਇੱਕ ਦਿਨ ਜਦੋਂ ਅਲਤਿਨਾਈ ਸੁਲੇਮਾਨੋਵਾ ਨੂੰ ਪਿੰਡ ਦੇ ਲੋਕ ਸਕੂਲ ਦਾ ਉਦਘਾਟਨ ਕਰਨ ਲਈ ਬੁਲਾਉਂਦੇ ਹਨ, ਤਾਂ ਉਹ ਚਲੀ ਜਾਂਦੀ ਹੈ। ਲੋਕ ਉਸਨੂੰ ਬਹੁਤ ਮਾਨ ਸਨਮਾਨ ਦਿੰਦੇ ਹਨ। ਪਰ ਉੱਥੇ ਜਾ ਕੇ ਉਸ ਨੂੰ ਇਹ ਪਤਾ ਚਲਦਾ ਹੈ ਕਿ ਦੂਈਸ਼ੇਨ ਫੌਜ ਦੀ ਨੌਕਰੀ ਛੱਡ ਡਾਕੀਆ ਬਣ ਗਿਆ ਹੈ ਤਾਂ ਉਹ ਸੋਚਦੀ ਹੈ ਕਿ ਜੋ ਮਾਨ ਸਨਮਾਨ ਉਸ ਨੂੰ ਮਿਲ ਰਿਹਾ ਹੈ ਉਹ ਦੂਈਸ਼ੇਨ ਦਾ ਹੋਣਾ ਚਾਹੀਦਾ ਸੀ।

# ਦੇਹ ਸੰਸਕਾਰ ਦੀਆਂ ਸਸਤੀਆਂ ਸੇਵਾਵਾਂ ਸੰਬੰਧੀ ਜਾਣਕਾਰੀ

ਐਸੋਸੀਏਸ਼ਨ ਆਫਸੀਨੀਅਰਜ਼ ਕਲੱਬਜ਼ ਪਿਛਲੇ ਸਮੇਂ ਤੋਂ ਸਸਤੀਆਂ ਸੇਵਾਵਾਂ ਪਰਦਾਨ ਕਰਦੀ ਆ ਰਹੀ ਹੈ। ਜਦੋਂ ਤੋਂ ਸ਼੍ਰੀ ਅਜੀਤ ਸਿੰਘ ਰੱਖੜਾ ਨੂੰ ਇਸ ਸੰਸਥਾ ਤੋਂ ਬਾਹਰ ਕੀਤਾ ਗਿਆ ਹੈ ਉਸ ਸਮੇਂ ਤੋਂ ਹੀ ਸੰਸਥਾ ਨੂੰ ਪਹਿਲਾਂ ਰਜਿਸਟਰਡ ਹੋਏ ਵਿਅਕਤੀਆਂ ਵਲੋਂ ਲਗਾਤਾਰ ਫੋਨ-ਕਾਲਾਂ ਆ ਰਹੀਆਂ ਹਨ। ਉਹਨਾਂ ਦਾ ਸ਼ੰਕਾ ਦੂਰ ਕਰਨ ਲਈ ਸੰਸਥਾ ਸਪਸ਼ਟ ਕਰਨਾ ਚਾਹੁੰਦੀ ਹੈ ਕਿ ਜਿਹੜਾ ਵੀ ਵਿਅਕਤੀ ਇਸ ਸੰਸਥਾ ਰਾਹੀਂ ਰਜਿਸਟਰਡ ਹੋਇਆ ਹੈ ਉਸ ਨੂੰ ਕਿਸੇ ਕਿਸਮ ਦੀ ਚਿੰਤਾ ਕਰਨ ਦੀ ਲੋੜ ਨਹੀਂ। ਬਹੁਤ ਸਾਰੇ ਵਿਅਕਤੀਆਂ ਨੂੰ ਫਿਊਨਰਲ ਹੋਮ ਵਲੋਂ ਰਜਿਸਟਰੇਸ਼ਨ ਪੱਤਰ ਆ ਚੁੱਕੇ ਹਨ । ਜਿਨ੍ਹਾਂ ਨੂੰ ਇਹ ਪੱਤਰ ਨਹੀਂ ਮਿਲੇ ਉਹ ਆਪਣਾ ਵੇਰਵਾ ਦੱਸ ਕੇ ਸੰਸਥਾ ਨੂੰ ਸੂਚਨਾ ਦੇਣ ਦੀ ਕਿਰਪਾਲਤਾ ਕਰਨ। ਕਈ ਵਿਅਕਤੀਆਂ ਜਿਨ੍ਹਾਂ ਨੂੰ ਇਹ ਪੱਤਰ ਮਿਲਿਆ ਸੀ ਨੇ ਸਿੱਧੇ ਫਿਊਨਰਲ ਹੋਮ ਨਾਲ ਸੰਪਰਕ ਕਰਕੇ ਆਪਣੇ ਸ਼ੰਕੇ ਨੂੰ ਦੂਰ ਕਰਨ ਦੀ ਕੋਸ਼ਿਸ ਕੀਤੀ। ਫਿਊਨਰਲ ਹੋਮ ਵਲੋਂ ਦੱਸਿਆ ਗਿਆ ਕਿ ਤੁਸੀਂ ਰਜਿਸਟਰਡ ਹੋ। ਜਦ ਉਨ੍ਹਾਂ ਨੇ ਜਮ੍ਹਾਂ ਕਰਵਾਏ 100 ਡਾਲਰ ਬਾਰੇ ਪੁੱਛਿਆ ਤਾਂ ਉਨ੍ਹਾਂ ਦੱਸਿਆਂ ਕਿ ਅਸੀਂ ਅਜਿਹਾ ਕੋਈ ਪੈਸਾ ਵਸੂਲ ਨਹੀਂ ਕੀਤਾ। ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਰਜਿਸਟਰੇਸ਼ਨ ਸਮੇਂ ਲਿਆ ਗਿਆ 100 ਡਾਲਰ ਸੰਸਥਾ ਦੇ ਖਾਤੇ ਵਿੱਚ ਜਮ੍ਹਾਂ ਹੈ। ਜਿਹੜੀ ਗੱਲ ਲੋਕਾਂ ਨੂੰ ਦੱਸੀ ਗਈ ਕਿ 100 ਡਾਲਰ ਫਿਊਨਰਲ ਹੋਣ ਸਮੇਂ ਖਰਚੇ ਵਿੱਚੋਂ ਕੱਟਿਆ ਜਾਵੇਗਾ ਪੜਤਾਲ ਕਰਨ ਉਪਰੰਤ ਠੀਕ ਸਾਬਤ ਨਾ ਹੋਈ ਕਿਉਂਕਿ ਇਹ ਰਕਮ ਉਨ੍ਹਾਂ ਕੋਲ ਗਈ ਹੀ ਨਹੀਂ। ਜਿਹੜੀ ਰਸੀਦ ਰਜਿਸਟਰਡ ਵਿਅਕਤੀਆਂ ਨੂੰ ਦਿੱਤੀ ਗਈ ਹੈ ਉਸ ਉੱਪਰ ਵੀ ਡੋਨੇਸ਼ਨ ਸ਼ਬਦ ਲਿਖਿਆ ਹੈ ਨਾ ਕਿ ਰਜਿਸਟਰੇਸ਼ਨ ਫੀਸ।

ਹੁਣ ਸੰਸਥਾ ਨੇ ਇਸ ਸਬੰਧੀ ਇੱਕ ਲੋਕ-ਪੱਖੀ ਫੈਸਲਾ ਕੀਤਾ ਹੈ ਕਿ ਅੱਗੇ ਤੋਂ ਇਹ ਰਜਿਸਟਰੇਸ਼ਨ ਬਿਨਾਂ ਕਿਸੇ ਫੀਸ ਤੋਂ ਕੀਤੀ ਜਾਵੇਗੀ। ਇਸ ਪਰੋਜੈਕਟ ਤੇ ਆਉਣ ਵਾਲਾ ਸਾਰਾ ਪੈਸਾ ਸੰਸਥਾ ਆਪ ਖਰਚ ਕਰੇਗੀ। ਹੁਣ ਮੁਸ਼ਕਿਲ ਇਸ ਗੱਲ ਦੀ ਹੈ ਕਿ ਜਿਹੜੇ ਵਿਅਕਤੀਆਂ ਨੇ ਪਹਿਲਾਂ 100-100 ਡਾਲਰ ਦਿੱਤਾ ਹੈ ਉਹਨਾਂ ਦਾ ਕੀ ਕਸੂਰ ਹੈ? ਸੋਚ ਵਿਚਾਰ ਉਪਰੰਤ ਇਹੀ ਹੱਲ ਲੱਭਿਆ ਗਿਆ ਹੈ ਕਿ ਜਿੰਨੇ ਪੈਸੇ ਇਸ ਪਰੋਜੈਕਟ ਅਧੀਨ ਬੈਂਕ ਵਿੱਚ ਜਮ੍ਹਾਂ ਹਨ ਉਹਨਾਂ ਨੂੰ ਸਾਰੇ ਸਬੰਧਤ ਵਿਅਕਤੀਆਂ ਵਿੱਚ ਬਰਾਬਰ ਵੰਡ ਦਿੱਤਾ ਜਾਵੇਗਾ। ਇਸ ਨਾਲ ਉਨ੍ਹਾਂ ਦੀ ਰਜਿਸਟਰੇਸ਼ਨ ਤੇ ਕੋਈ ਅਸਰ ਨਹੀਂ ਪਵੇਗਾ। ਕਿਉਂਕਿ ਇਹ ਅਕਾਂਊਂਟ ਰੱਖੜਾ ਸਾਹਿਬ ਨੇ ਫਰੀਜ਼ ਕਰਵਾਇਆ ਹੋਇਆ ਹੈ ਇਸ ਲਈ ਇਸਦੇ ਹੱਲ ਹੋਣ ਉਪਰੰਤ ਹੀ ਅਜਿਹਾ ਸੰਭਵ ਹੋ ਸਕੇਗੇ । ਸੰਸਥਾ ਇਸਦੇ ਹੱਲ ਲਈ ਲਗਾਤਾਰ ਯਤਨਸ਼ੀਲ ਹੈ।

ਸੰਸਥਾ ਸਾਰੇ ਸੁਹਿਰਦ ਤੇ ਸੂਝਵਾਨ ਵਿਅਕਤੀਆਂ ਨੂੰ ਅਪੀਲ ਕਰਦੀ ਹੈ ਕਿ ਉਹ ਵਿਆਹਾਂ ਤੇ ਮਰਨਿਆਂ ਵਗੈਰਾ ਦੀਆਂ ਰਸਮਾਂ ਤੇ ਵਿਖਾਵਾ ਕਰਨ ਤੋਂ ਸੰਕੋਚ ਕਰਨ। ਆਪਣੀ ਮਿਹਨਤ ਨਾਲ ਕੀਤੀ ਕਮਾਈ ਦੀ ਵਰਤੋਂ ਵਿਦਿਆ, ਸਿਹਤ ਤੇ ਹੋਰ ਸਮਾਜ ਭਲਾਈ ਦੇ ਕੰਮਾਂ ਤੇ ਕਰਨ। ਹੁਣ ਸੰਸਥਾ ਫਿਊਨਰਲ ਸਬੰਧੀ ਦੋ ਤਜਵੀਜ਼ਾਂ ਪੇਸ਼ ਕਰਦੀ ਹੈ। ਪਹਿਲੀ ਵਿੱਚ 40 ਵਿਅਕਤੀ 30 ਮਿੰਟ ਤੱਕ ਇਹ ਰਸਮ ਘੱਟ ਤੋਂ ਘੱਟ ਖਰਚੇ ਦੀ ਸਕੀਮ ਵਿੱਚ ਕੀਤੀ ਜਾ ਸਕਦੀ ਹੈ । ਦੂਸਰੀ ਤਜਵੀਜ ਵਿੱਚ ਇੱਕ ਵੱਡੇ ਹਾਲ ਵਿੱਚ 2 ਘੰਟੇ ਵਿੱਚ 200 ਵਿਅਕਤੀਆਂ ਨਾਲ ਇਹ ਰਸਮ ਕੀਤੀ ਜਾ ਸਕਦੀ ਹੈ। ਦੋਹਾਂ ਤਜਵੀਜਾਂ ਵਿੱਚ ਹਸਪਤਾਲ ਤੋਂ ਬਾਡੀ ਲਿਆਉਣ, ਇਸ਼ਨਾਨ ਕਰਵਾਉਣ, ਕੱਪੜੇ ਪਹਿਨਾਉਣ ਅਤੇ 10 ਡੈੱਥ ਸਾਰਟੀਫਿਕੇਟ ਬਣਾਉਣ ਦੇ ਖਰਚੇ ਸ਼ਾਮਲ ਹਨ। ਸੰਸਥਾ ਵਲੋਂ ਬਣਾਈ ਟੀਮ ਨੇ ਵੱਖ-ਵੱਖ ਫਿਊਨਰਲ ਹੋਮਾਂ ਨਾਲ ਨਿੱਜੀ ਤੌਰ 'ਤੇ, ਫੋਨ ਤੇ ਈ-ਮੇਲਾਂ ਰਾਹੀਂ ਸੰਪਰਕ ਕਰਨ ਤੇ ਇਹ ਸਿੱਟਾ ਕੱਢਿਆ ਕਿ ਇਹ ਦੋਵੇਂ ਤਜਵੀਜਾਂ ਮਾਰਕਿਟ ਰੇਟ ਤੋਂ ਘੱਟੋ ਘੱਟ 3000 ਡਾਲਰ ਸਸਤੀਆਂ ਹਨ। ਜਿਹੜੇ ਵਿਅਕਤੀ ਇਸ ਸਮਝਦੇ ਆਧਾਰ ਤੇ ਇਨ੍ਹਾਂ ਸਕੀਮਾਂ ਦਾ ਲਾਭ ਉਠਾਉਣਾ ਚਾਹੁੰਦੇ ਹਨ ਉਹਨਾਂ ਨੂੰ ਸਾਰੀ ਰਾਸ਼ੀ ਇੱਕੋ ਸਮੇਂ ਜਮ੍ਹਾਂ ਕਰਵਾਉਣ ਵਿੱਚ ਲਾਭ ਹੈ ਕਿਉਂਕਿ ਭਵਿੱਖ ਵਿੱਚ ਵਧਣ ਵਾਲੀ ਮਹਿੰਗਾਈ ਦਾ ਰੇਟਾਂ ਤੇ ਕੋਈ ਅਸਰ ਨਹੀਂ ਹੋਵੇਗਾ। ਪਿਛਲਾ ਤਜਰਬਾ ਦਸਦਾ ਹੈ ਕਿ ਹਰ ਸਾਲ ਲੱਗਭੱਗ 100 ਡਾਲਰ ਦਾ ਹਰ ਤਜਵੀਜ ਵਿੱਚ ਵਾਧਾ ਹੋ ਜਾਂਦਾ ਹੈ। ਜੇਕਰ ਇੰਨੀ ਰਕਮ ਬੈਂਕ ਵਿੱਚ ਪਈ ਹੋਵੇ ਤਾਂ ਉਸ ਤੇ ਕੋਈ ਵਿਆਜ ਨਹੀਂ ਮਿਲਦਾ।

ਅਸਥੀਆਂ ( ਫੁੱਲ ਪਾਉਣ ) ਸਬੰਧ ਵਿੱਚ ਸੰਸਥਾ ਪਹਿਲਾਂ ਹੀ ਦੋ ਨਿਰਧਾਰਤ ਸਥਾਨਾਂ ਬਾਰੇ ਸਾਰੇ ਲੋਕਾਂ ਨੂੰ ਅਖਬਾਰਾਂ ਰਾਹੀਂ ਜਾਣੂ ਕਰਵਾ ਚੁੱਕੀ ਹੈ। ਇਸ ਸਬੰਧੀ ਇੱਕਲੀ ਫਲੈਟ ਵੀ ਤਿਆਰ ਕੀਤਾ ਗਿਆ ਹੈ ਜਿਸ ਤੇ ਇਹਨਾਂ ਥਾਵਾਂ ਬਾਰੇ ਪੂਰਾ ਵੇਰਵਾ ਦਿੱਤਾ ਗਿਆ ਹੈ । ਇਸਦੀ ਕਾਪੀ ਨੇੜੇ ਦੇਸੀ ਨੀ ਅਰ ਕਲੱਬ ਦੇ ਪ੍ਰਧਾਨ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਕਿਸੇ ਵੀ ਵਿਅਕਤੀ ਜਾਂ ਸੰਸਥਾ ਨੂੰ ਵਿਚੋਲਾ ਬਣਾਉਣ ਦੀ ਕੋਈ ਲੋੜ ਨਹੀਂ। ਤੁਸੀ ਨਿੱਜੀਤੌਰ 'ਤੇ ਖੁਦ ਜਾ ਕੇ ਇਹ ਰਸਮ ਕਰ ਸਕਦੇ ਹੋ। ਸਾਰੇ ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਇਸ ਸੰਸਥਾ ਨੂੰ ਵੱਧ ਤੋਂ ਵੱਧ ਸਹਿਯੋਗ ਅਤੇ ਉਸਾਰੂ ਸੁਝਾਅ ਦਿੰਦੇ ਰਹਿਣ। ਇਸ ਸਬੰਧੀ ਕਿਸੇ ਵੀ ਜਾਣਕਾਰੀ ਲਈ ਪਰਮਜੀਤਬੜਿੰਗ (647-963-0331), ਨਿਰਮਲ ਸੰਧੂ (416-970-5153), ਪ੍ਰੋ. ਨਿਰਮਲ ਧਾਰਨੀ (905-497-1173 ), ਜੰਗੀਰ ਸਿੰਘ ਸੈਂਭੀ (416-409-0126 ), ਬਲਵਿੰਦਰ ਬਰਾੜ (647-855-0880 ), ਪ੍ਰੋ. ਕੁਲਦੀਪ ਢੀਂਡਸਾ (647-242-6008) ਭੀਮ ਸੈਨਕਾਲੀਆ (647-528-3033) ਸੋਹਣ ਸਿੰਘ (416-371-1315) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਆਈ. ਐਸ. ਅੱਤਵਾਦ

# ਅਮਰੀਕੀ ਹਮਲਾਵਰ ਨੀਤੀ ਅਤੇ ਤੇਲ ਵਿਉਪਾਰ



ਦਰਬਾਰਾ ਸਿੰਘ ਕਾਹਲੋਂ



ਦੋ ਦਸੰਬਰ, 2015 ਨੂੰ ਅਮਰੀਕਾ ਦੇ ਵਿਸ਼ਵ ਪ੍ਰਸਿੱਧ ਕੈਲੇਫੋਰਨੀਆ ਪ੍ਰਾਂਤ ਦੇ ਸਾਨ ਬਰਨਾਰਡੀਨੋ ਸ਼ਹਿਰ ਵਿਚ ਆਈ. ਐਸ. ਸਬੰਧੀ ਦੋ ਮੁਸਲਿਮ ਮੀਆਂ-ਬੀਵੀ ਅਤੇ ਇਕ ਉਨ੍ਹਾਂ ਨਾਲ ਕੰਮ ਕਰਨ ਵਾਲੇ ਵਿਅਕਤੀ ਨੇ ਮਿਲ ਕੇ ਫੌਜੀ ਵਰਦੀਆਂ ਅਤੇ ਅਤਿ ਆਧੁਨਿਕ ਹਥਿਆਰਾਂ ਨਾਲ ਲੈਸ ਹੋ ਕੇ ਅਤਿਵਾਦੀ ਕਾਰਨਾਮਾ ਕਰਦੇ 14 ਬੇਗੁਨਾਹ ਅਮਰੀਕੀਆਂ ਨੂੰ ਜਾਨੋਂ ਮਾਰ ਦਿੱਤਾ ਜਦਕਿ 21 ਨੂੰ ਜਖ਼ਮੀ ਕਰ ਦਿੱਤਾ। ਮੀਆਂ-ਬੀਵੀ ਦਾ ਪਿਛੋਕੜ ਪਾਕਿਸਤਾਨ ਨਾਲ ਸਬੰਧਿਤ ਸੀ। ਬੀਵੀ ਤਸ਼ਫੀਨ ਮਲਿਕ (27) ਆਈ. ਐਸ. ਜਹਾਦੀਆਂ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਸੀ ਅਤੇ ਉਸ ਨੇ ਹੀ ਪਤੀ ਸਈਦ ਰਿਜ਼ਵਾਨ ਫਾਰੂਕ ਰਿਜ਼ਵਾਨ (28) ਅਤੇ ਸਹਿ-ਕਰਮੀ ਨੂੰ ਇਸ ਅਤਿਵਾਦੀ ਘਟਨਾ ਲਈ ਉਕਸਾਇਆ ਸੀ।

ਵਿਸ਼ਵ ਥਾਣੇਦਾਰ ਅਮਰੀਕਾ ਜੋ ਇਸ ਧਰਤੀ ਦੇ ਕੋਨੇ-ਕੋਨੇ ਹੋ ਰਹੀਆਂ ਘਟਨਾਵਾਂ ਦੀ ਜਾਣਕਾਰੀ ਰੱਖਣ ਦਾ ਦਾਅਵਾ ਕਰਦਾ ਹੈ, ਦਾ ਪ੍ਰਧਾਨ, ਵਾਈਟ ਹਾਊਸ, ਮੁੱਖ ਸੰਸਥਾਵਾਂ, ਖੁਫੀਆ ਏਜੰਸੀਆਂ ਅਤੇ ਪੂਰੀ ਕੌਮ ਇਸ ਦਹਿਸ਼ਤਵਾਦ ਘਟਨਾ ਤੋਂ ਭੁਚੱਕੇ ਰਹਿ ਗਏ। ਉਨ੍ਹਾਂ ਦੇ ਨੱਕ ਦੇ ਹੇਠਾਂ ਉਨ੍ਹਾਂ ਵਲੋਂ ਸੀਰੀਆ ਦਾ ਨਾਸ ਪੁੱਟਣ ਲਈ ਤਿਆਰ ਕੀਤੀ ਕਟੱੜਵਾਦੀ ਮਿਲੀਟੈਂਟ ਤਨਜ਼ੀਮ ਆਈ. ਐਸ. ਨੇ ਉਵੇਂ ਹੀ ਅਮਰੀਕੀ ਕੌਮ ਅੰਦਰ ਦਹਿਸ਼ਤ ਅਤੇ ਅਸੁਰਖਿਆ ਪੈਦਾ ਕਰਨ ਦਾ ਕਾਰਨਾਮਾ ਅੰਜਾਮ ਦਿਤਾ ਜਿਵੇਂ ਉਸ ਵਲੋਂ ਅਫਗਾਨਿਸਤਾਨ ਅੰਦਰ ਸਾਬਕਾ ਸੋਵੀਅਤ ਯੂਨੀਅਨ ਦੇ ਪਿੱਠੂ ਮੁਹੰਮਦ ਨਜੀਬਉਲਾ ਸ਼ਾਸ਼ਨ ਦਾ ਨਾਸ ਪੁੱਟਣ ਲਈ ਤਿਆਰ ਕੀਤੇ ਓਸਾਮਾ ਬਿਨ ਲਾਦੇਨ ਦੀ ਕੱਟੜਵਾਦੀ ਖ਼ੂੰਖਾਰ ਤਨਜ਼ੀਮ ਅਲ-ਕਾਇਦਾ ਨੇ 11 ਸਤੰਬਰ, 2001 ਵਿਚ ਭਿਆਨਕ ਕਾਰਨਾਮਾ ਅੰਜਾਮ ਦਿੱਤਾ ਸੀ ਜਿਸ ਵਿਚ ਕਰੀਬ ਲੋਕ ਮਾਰੇ ਗਏ ਸਨ। ਇਸ ਤੋਂ 19 ਦਿਨ ਪਹਿਲਾਂ ਆਈ. ਐਸ. ਦੇ ਅੱਤਵਾਦੀ ਪੈਰੋਕਾਰਾਂ ਨੇ ਫਰਾਂਸ ਦੀ ਰਾਜਧਾਨੀ ਵਿਚ ਭਿਆਨਕ ਦਹਿਸ਼ਤਗਰਦ ਘਟਨਾ ਨੂੰ ਅੰਜਾਮ ਦਿੱਤਾ ਸੀ ਜਿਸ ਵਿਚ 130 ਦੇ ਕਰੀਬ ਲੋਕ ਮਾਰੇ ਗਏ ਅਤੇ ਕਈ ਜਖ਼ਮੀ ਹੋਏ। ਇਸ ਘਟਨਾ ਨੇ ਪੂਰੇ ਯੂਰਪ ਨੂੰ ਹਿਲਾ ਕੇ ਰੱਖ ਦਿੱਤਾ ਅਤੇ ਅਰਬ ਰਿਫਿਊਜ਼ੀਆਂ ਲਈ ਹੋਰ ਸੰਕਟ ਖੜਾ ਕਰ ਦਿੱਤਾ ਜੋ ਰੋਜ਼ਾਨਾ ਸੈਂਕੜਿਆਂ ਦੀ ਤਦਾਦ ਵਿਚ ਯੂਰਪ ਵਿਚ ਪਨਾਹ ਲਈ ਘੁਸਣਾ ਚਾਹੁੰਦੇ ਹਨ। ਫਰਾਂਸ ਦੇ ਰਾਸ਼ਟਰਪਤੀ ਹੌਲਾਂਦ ਨੇ ਸੀਰੀਆ ਅਤੇ ਇਰਾਕ ਅੰਦਰ ਆਈ. ਐਸ. ਨੂੰ ਖ਼ਤਮ ਕਰਨ ਲਈ ਫਰਾਂਸੀਸੀ ਹਵਾਈ ਸੈਨਾ ਦੇ ਮਾਰੂ ਹਮਲੇ ਤੇਜ਼ ਕਰਨ ਦਾ ਐਲਾਨ ਕੀਤਾ। ਬ੍ਰਿਟੇਨ ਸਮੇਤ ਦੂਸਰੇ ਯੂਰਪੀਨ ਦੇਸ਼ਾਂ ਨੂੰ ਇਸ ਕਾਰਵਾਈ ਵਿਚ ਸਾਥ ਦੇਣ ਲਈ ਸੰਵੇਦਨਾਤਮਿਕ ਅਪੀਲ ਕੀਤੀ। ਰੂਸ ਨਾਲ ਮਿਲ ਕੇ ਸਾਂਝੀ ਹਮਲਾਵਰ ਨੀਤੀ ਬਣਾਉਣ ਦਾ ਐਲਾਨ ਵੀ ਕੀਤਾ। ਅਮਰੀਕਾ ਪਹਿਲਾਂ ਹੀ ਨਾਟੋ ਸੰਗਠਨ ਸਮੇਤ ਉਸ ਖਿੱਤੇ ਵਿਚ ਹਵਾਈ ਹਮਲਿਆਂ ਅਤੇ ਫ਼ੌਜੀ ਸਿਖਲਾਈ ਦੇ ਕਾਰਜਾਂ ਵਿਚ ਲੱਗਾ ਹੋਇਆ ਹੈ।

6 ਦਸੰਬਰ, 2015 ਐਤਵਾਰ ਨੂੰ ਕਰੀਬ 13 ਮਿੰਟ ਅਮਰੀਕੀ ਰਾਸ਼ਟਰਪਤੀ ਸ਼੍ਰੀ ਬਾਰਾਕ ਓਬਾਮਾ ਨੇ ਕੌਮ ਨੂੰ ਸੰਬੋਧਨ ਕਰਦਿਆਂ ਆਈ. ਐਸ. ਅਤਿਵਾਦੀ ਸੰਗਠਨ ਨੂੰ ਤਬਾਹ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਇਹ ਇਕ ਕਾਇਰਾਨਾ ਦਹਿਸ਼ਤਗਰਦ ਕਾਰਨਾਮਾ ਸੀ ਜਿਸ ਪਿੱਛੇ ਅੱਤਵਾਦੀ ਸੰਗਠਨ ਆਈ. ਐਸ. ਦਾ ਹੱਥ ਹੈ। ਅਮਰੀਕਾ ਅੱਤਵਾਦ ਖਿਲਾਫ਼ ਜੰਗ ਜਾਰੀ ਰੱਖ ਰਿਹਾ ਹੈ। ਅਸੀਂ ਇਸ ਮਿਸ਼ਨ ਵਿਚ ਨਿਸ਼ਚਤ ਤੌਰ 'ਤੇ ਸਫਲ ਹੋਵਾਂਗੇ। ਸਾਨੂੰ ਮੁਸਲਮਾਨਾਂ ਨੂੰ ਆਪਣੇ ਸਹਿਯੋਗੀ ਬਣਾਉਣਾ ਚਾਹੀਦਾ ਹੈ। ਅਮਰੀਕੀ ਕੌਮ ਨੂੰ ਮਿਲਾ ਕੇ ਅੱਤਵਾਦ ਨੂੰ ਹਰਾਉਣਾ ਹੈ। ਇਸ ਮਿਸ਼ਨ ਪ੍ਰਤੀ ਮੈਂ ਅਤੇ ਭਵਿੱਖ ਪ੍ਰਧਾਨ ਆਪਣੇ ਸੁਹਿਰਦ ਯਤਨ ਜਾਰੀ ਰਖਾਂਗੇ।

ਰਾਜਨੀਤਕ ਵਿਸ਼ਲੇਸ਼ਕਾਂ ਅਤੇ ਯੁੱਧਨੀਤਕ ਨੀਤੀਆਂ ਦੇ ਮਾਹਿਰਾਂ ਨੇ ਪ੍ਰਧਾਨ ਸ਼੍ਰੀ ਓਬਾਮਾ ਦੇ ਭਾਸ਼ਨ ਨੂੰ ਸਹਿਨਸ਼ੀਲਤਾ ਭਰਿਆ ਦਰਸਾਇਆ ਨਾ ਕਿ ਹਮਲਾਵਰ। ਉਨ੍ਹਾਂ ਕਿਧਰੇ ਸੀਰੀਆ-ਇਰਾਕ ਫੌਜਾਂ ਭੇਜਣ ਦਾ ਜ਼ਿਕਰ ਨਹੀਂ ਕੀਤਾ। ਕਰੀਬ 3500 ਅਮਰੀਕੀ ਫੌਜੀ ਸਿਰਫ਼ ਸਥਾਨਿਕ ਲੜਾਕੂਆਂ ਨੂੰ ਟ੍ਰੇਨਿੰਗ ਦੇ ਰਹੇ ਹਨ। ਅਮਰੀਕਾ ਚਾਹੁੰਦਾ ਹੈ ਕਿ ਸਥਾਨਿਕ ਲੋਕ ਆਪਣੇ ਦੇਸ਼ਾਂ ਅਤੇ ਇਲਾਕਿਆਂ ਦੀ ਰਾਖੀ ਆਪ ਕਰਨ।

ਰਿਪਬਲੀਕਨ ਉਮੀਦਵਾਰ ਫਲੋਰੀਡਾ ਸੈਨੇਟਰ ਮਾਰਕੋ ਰੂਬੀਓ ਨੇ ਪ੍ਰਤੀਕਰਮ ਦਿੰਦੇ ਕਿਹਾ ਕਿ ਸ਼੍ਰੀ ਓਬਾਮਾ ਨੇ ਸੰਬੋਧਨ ਵਿਚ ਲੋਕਾਂ ਦਾ ਡਰ ਘਟਾਉਣ ਲਈ ਕੁਝ ਨਹੀਂ ਕਿਹਾ। ਭਵਿੱਖ ਪ੍ਰਧਾਨਗੀ ਪਦ ਦੇ ਪ੍ਰਮੁੱਖ ਰਿਪਬਲੀਕਨ ਦਾਅਵੇਦਾਰ ਡੋਰਾਲਡ ਟਰੰਪ ਨੇ ਮੰਗ ਕੀਤੀ ਕਿ ਅਮਰੀਕਾ ਅੰਦਰ ਮੁਸਲਮਾਨਾਂ ਦੇ ਦਾਖਲੇ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਜਾਵੇ। ਸਾਡੇ ਕੋਲ ਇਸ ਤੋਂ ਇਲਾਵਾ ਹੋਰ ਕੋਈ ਬਦਲ ਨਹੀਂ ਹੈ। ਸ੍ਰੀ ਓਬਾਮਾ ਦੇ ਭਾਸ਼ਨ ਬਾਅਦ ਡੈਮੋਕ੍ਰੇਟ ਸੈਨੇਟਰ ਅਤੇ ਕਾਂਗਰਸਮੈਨ ਦੋ ਖੇਮਿਆਂ ਵਿਚ ਵੰਡੇ ਨਜ਼ਰ ਆਏ। ਅਮਰੀਕੀ ਹੀ ਨਹੀਂ ਵਿਸ਼ਵ ਦੇ ਦੂਸਰੇ ਲੋਕ ਵੀ ਇਸ ਗੱਲੋਂ ਹੈਰਾਨ ਹਨ ਕਿ ਅਮਰੀਕਾ ਆਈ. ਐਸ. ਵਿਰੁੱਧ ਫੌਜ ਕਿਉਂ ਨਹੀਂ ਭੇਜ ਰਿਹਾ ਜਿਸ ਨੇ ਬ੍ਰਿਟੇਨ ਰਾਜ ਜਿੱਡੀ ਸਲਤਨਤ ਕਾਇਮ ਕਰ ਰਖੀ ਹੈ। ਖ਼ੁਦ ਵਾਈਟ ਹਾਊਸ ਅਤੇ ਖ਼ੁਫੀਆ ਏਜੰਸੀਆਂ ਦੀ ਤਾਜ਼ਾ ਰਿਪੋਰਟ ਅਨੁਸਾਰ ਆਈ. ਐਸ. ਦੀ ਮੁਜਾਹਿਦਾਂ ਦੀ ਭਰਤੀ, ਹਥਿਆਰਾਂ ਦੀ ਜਖ਼ੀਰਾ ਸ਼ਕਤੀ ਅਤੇ ਲੜਾਕੂ ਸਮਰਥਾ ਵੱਧ ਰਹੀ ਹੈ। ਉਹ ਆਪਣਾ ਇਕ ਤਾਕਤਵਰ ਗੜ੍ਹ ਲਿਬੀਆ ਵਿਚ ਕਾਇਮ ਕਰਨ ਵਿਚ ਸਫ਼ਲ ਹੋ ਗਿਆ ਹੈ।

ਸਾਰੀ ਦੁਨੀਆਂ ਜਾਣਦੀ ਹੈ ਕਿ ਦੂਸਰਾ ਵਿਸ਼ਵ ਯੁੱਧ 6 ਸਾਲ ਬਾਅਦ ਖ਼ਤਮ ਹੋ ਗਿਆ ਸੀ ਪਰ ਅਮਰੀਕਾ ਵਲੋਂ ਅੱਤਵਾਦ ਵਿਰੁੱਧ ਵਿੱਢੀ ਜੰਗ ਨੂੰ 15 ਸਾਲ ਹੋ ਗਏ ਹਨ ਪਰ ਇਹ ਕਿਧਰੇ ਖ਼ਤਮ ਹੋਣ ਦਾ ਨਾਮ ਨਹੀਂ ਲੈ ਰਹੀ। ਅਮਰੀਕਾ ਵਲੋਂ ਇਰਾਕ, ਅਫਗਾਨਿਸਤਾਨ ਵਿਰੁੱਧ ਵਿੱਢੀਆਂ ਜੰਗਾਂ ਵਿਚ ਯੂਰਪੀਨ ਦੇਸ਼ਾਂ ਅਤੇ ਨਾਟੋ ਭਾਈਵਾਲਾਂ ਪੂਰਾ ਸਹਿਯੋਗ ਦਿੱਤਾ ਸੀ ਪਰ ਪੈਰਿਸ ਹਮਲੇ ਬਾਅਦ ਆਈ. ਐਸ. ਦੇ ਯੂਰਪ ਅੰਦਰ ਵੱਧਦੇ ਦਬਾਅ ਦੇ ਬਾਵਜੂਦ ਅਮਰੀਕਾ ਆਈ. ਐਸ. ਵਿਰੁੱਧ ਫੌਜਾਂ ਕਿਉਂ ਨਹੀਂ ਭੇਜ ਰਿਹਾ? ਅਮਰੀਕੀ ਪ੍ਰਧਾਨਾਂ ਨੇ ਵੱਖ-ਵੱਖ ਸਮੇਂ ਆਪਣੇ ਫੌਜੀ, ਇਲਾਕਾਈ, ਯੁੱਧਨੀਤਕ ਹਿਤਾਂ ਦੀ ਰਾਖੀ ਲਈ ਵਿਸ਼ਵ ਦੇ ਵੱਖ-ਵੱਖ ਖਿੱਤਿਆਂ ਅਤੇ ਦੇਸ਼ਾਂ ਵਿਚ ਹਜ਼ਾਰਾਂ ਹੀ ਨਹੀਂ ਲੱਖਾਂ ਫੌਜੀ ਭੇਜੇ। ਵੀਅਤਨਾਮ ਅੰਦਰ ਇਸ ਨੇ 5 ਲੱਖ ਫ਼ੌਜ ਭੇਜੀ ਅਤੇ ਕਈ ਵਰ੍ਹੇ ਉੱਥੇ ਹਾਰੀ ਹੋਈ ਜੰਗ ਜਾਰੀ ਰਖੀ। ਕੋਰੀਆ ਅੰਦਰ ਤਿੰਨ ਲੱਖ ਫ਼ੌਜੀ ਭੇਜੇ। ਸੰਨ 1989 ਵਿਚ ਪਨਾਮਾ ਦੇ ਡਰੱਗ-ਲਾਰਡ ਡਿਕਟੇਟਰ ਦਾ ਤਖ਼ਤਾਂ ਪਲਟਣ ਲਈ 30,000 ਅਮਰੀਕੀ ਫ਼ੌਜੀ ਭੇਜੇ। ਭਾਰਤ-ਪਾਕਿ 1971 ਜੰਗ ਸਮੇਂ ਪਾਕਿਸਤਾਨ ਦੀ ਮਦਦ ਲਈ 7ਵਾਂ ਸਮੁੰਦਰੀ ਬੇੜਾ ਭੇਜਿਆ ਜੋ ਰੂਸ ਦੀ ਧਮਕੀ ਕਰਕੇ ਪਿੱਛੇ ਮੁੜ ਗਿਆ ਕੁਵੈਤ ਨੂੰ ਇਰਾਕ ਤੋਂ ਅਜ਼ਾਦ ਕਰਾਉਣ ਲਈ ਇਸ ਨੇ ਦਸ ਲੱਖ ਫ਼ੌਜੀ ਭੇਜੇ ਜਿੱਥੇ ਇਸ ਦਾ ਕੋਈ ਇਲਾਕਾਈ, ਵਪਾਰਕ, ਮਿੱਤਰਤਾਨਾ ਸਰੋਕਾਰ ਨਹੀਂ ਸੀ। ਇਰਾਕ ਵਿਰੁੱਧ ਇਸ ਨੇ 19 ਮਾਰਚ ਨੂੰ ਜੰਗ ਛੇੜੀ ਸੀ। ਸਦਾਮ ਹੁਸੈਨ ਦੇ ਬੁੱਤ ਅਤੇ ਫੌਜਾਂ ਨੂੰ ਕੁਝ ਹਫ਼ਤਿਆਂ ਵਿਚ ਲਤਾੜਦੇ ਆਪਣੇ ਇਸ ਮਿਸ਼ਨ ਨੂੰ ਪਹਿਲੀ ਮਈ ਨੂੰ ਸਫਲ ਕਰ ਲਿਆ ਸੀ। ਇਵੇਂ ਹੀ ਇਸ ਨੇ ਆਪਣਾ ਲਿਬੀਆ ਮਿਸ਼ਨ ਥੋੜੇ ਜਿਹੇ ਸਮੇਂ ਵਿਚ ਪ੍ਰਾਪਤ ਕਰ ਲਿਆ ਸੀ।

ਅਮਰੀਕੀ ਜਨਰਲ ਵੈਜ਼ਲੇ ਕਲਾਰਕ ਨੇ ਇੰਕਸ਼ਾਫ ਕੀਤਾ ਹੈ ਕਿ ਸੰਨ 2001 ਵਿਚ ਉਸ ਨੂੰ ਸੂਚਿਤ ਕੀਤਾ ਗਿਆ ਸੀ ਕਿ ਵਾਸ਼ਿੰਗਟਨ ਅੰਦਰ ਯੁੱਧਨੀਤਕ ਹਮਲੇ ਦੀ ਇਕ ਯੋਜਨਾ ਘੜੀ ਜਾ ਰਹੀ ਹੈ ਜਿਸ ਅਨੁਸਾਰ ਅਮਰੀਕਾ 7 ਮੱਧ-ਏਸ਼ੀਆਈ ਅਤੇ ਅਫਰੀਕਨ ਦੇਸ਼ਾਂ ਵਿਚ ਆਪਣੇ ਪਿੱਠੂ ਸਾਸ਼ਕ ਸਥਾਪਿਤ ਕਰਨਾ ਚਾਹੁੰਦਾ ਹੈ ਜਿੰਨਾਂ ਵਿਚ ਇਰਾਕ, ਸੀਰੀਆ, ਲੈਬਾਨਾਨ, ਲਿਬੀਆ, ਸੋਮਾਲੀਆ, ਸੂਡਾਨ ਅਤੇ ਇਰਾਨ ਸ਼ਾਮਲ ਸਨ। ਇਸ ਯੋਜਨਾ ਦਾ ਕਾਰਜਕਾਲ 5 ਸਾਲ ਸਿੱਖਿਆ ਜਾ ਰਿਹਾ ਸੀ। ਪਰ ਹਕੀਕਤ ਇਹ ਸੀ ਕਿ ਇਹ ਮਨਸੂਬਾ 5 ਸਾਲ ਵਿਚ ਸਿਰੇ ਚੜਨ ਵਾਲਾ ਨਹੀਂ ਸੀ। ਇਸ ਲਈ ਇਸ ਨੂੰ ਛੱਡ ਦਿਤਾ ਗਿਆ। ਇਸ ਸਬੰਧੀ ਦੂਸਰੇ ਯੁੱਧਨੀਤਕ ਤਲਾਸ਼ ਲਏ ਗਏ।

ਇਰਾਨ ਨਾਲ ਇਸ ਨੂੰ ਆਖਰ ਪ੍ਰਮਾਣੂ ਸਮਝੌਤਾ ਕਰਨਾ ਪਿਆ। ਰੂਸੀ ਅਤੇ ਇਰਾਨੀ ਮਦਦ ਕਰਕੇ ਇਸ ਵਲੋਂ ਸੀਰੀਆਈ ਪ੍ਰਧਾਨ ਅੱਸਦ ਦਾ ਤਖ਼ਤ ਪਲਟਣਾ ਸੰਭਵ ਨਹੀਂ ਹੋ ਸਕਿਆ ਸਨ। ਸੰਨ 2011 ਵਿਚ ਲਿਬੀਆ ਵਿਚ ਕਰਨਲ ਮੁਅਮਰ ਗਦਾਫ਼ੀ ਦਾ ਮਲੀਆਮੇਟ ਕਰਨ ਬਾਅਦ ਇਸ ਨੇ ਇਸਲਾਮਿਕ ਭਾੜੇ ਦੇ ਟੱਟੂ ਸੀਰੀਆਈ ਪ੍ਰਧਾਨ ਦਾ ਤਖ਼ਤਾ ਪਲਟਣ ਲਈ ਸੀਰੀਅਲ ਰੇਗਸਥਾਨ ਵਿਚ ਭੇਜੇ। ਮਕਸਦ ਘਰੋਗੀ ਯੁੱਧ ਨੂੰ ਵੱਡੇ ਪੱਧਰ ਤੇ ਉਕਸਾਉਣਾ ਸੀ। ਸੰਨ 2013 ਵਿਚ ਤਾਂ ਇਨ੍ਹਾਂ ਰਾਹੀਂ ਜੋ ਆਈ. ਐਸ ਸੰਗਠਨ ਵਜੋਂ ਮੁਨੱਜ਼ਮ ਹੋ ਕੇ ਬਸ਼ਰ ਅੱਲ ਅੱਸਦ ਦਾ ਤਖ਼ਤਾ ਪਲਟਣਾ ਸੀ। ਜਦੋਂ ਸੰਭਵ ਨਾ ਹੋਇਆ। ਇਸ ਮਿਸ਼ਨ ਦੀ ਪੂਰਤੀ ਲਈ ਸੰਨ 2013 ਵਿਚ ਇਸ ਨੇ ਸੀਰੀਆ ਤੇ ਮਿਜ਼ਾਈਲ ਹਮਲਾ ਕਰਨਾ ਦਾ ਨਿਰਣਾ ਲਿਆ। ਲੇਕਿਨ ਰੂਸ ਦੀ ਸਫਲ ਡਿਪਲੋਮੈਟਿਕ ਦਖ਼ਲਅੰਦਾਜ਼ੀ ਕਰਕੇ ਐਨ ਮੌਕੇ, ਇਹ ਨਿਰਣਾ ਬਦਲ ਦਿੱਤਾ ਗਿਆ। ਸਪਸ਼ਟ ਸੀ ਕਿ ਆਈ. ਐਸ. ਅਮਰੀਕੀ ਉਪਜ ਹੈ ਜੋ ਉਸ ਦੇ ਮਾਰੂ ਹਥਿਆਰਾਂ ਨਾਲ ਲੈਸ ਹੈ। ਅੱਜ ਸੀਰੀਆ ਅਤੇ ਇਰਾਕ ਵਿਚ ਆਈ. ਐਸ. ਸੰਗਠਨ ਏਨਾ ਤਾਕਤਵਰ ਹੋ ਗਿਆ ਹੈ ਕਿ ਇਸ ਦਾ ਕੱਟੜਵਾਦੀ ਚਿਹਰਾ ਉਦਾਰਵਾਦੀ ਮੁਸਲਮਾਨਾਂ ਨੂੰ ਨਹੀਂ ਬਖ਼ਸ਼ ਰਿਹਾ। ਇਸ ਨੂੰ ਸਾਉਦੀ ਅਰਬ, ਅਰਬ ਅਮੀਰਾਤਸ, ਇਸਰਾਈਲ, ਤੁਰਕੀ ਆਦਿ ਦੀ ਮਦਦ ਹਾਸਿਲ ਹੈ। ਤੁਰਕੀ ਰਾਹੀਂ ਇਹ ਆਪਣਾ ਤੇਲ ਵੇਚ ਰਿਹਾ ਹੈ। ਇਸੇ ਕਰਕੇ ਤੁਰਕੀ ਨੇ ਇਸ ਤੇ ਹਮਲਾ ਕਰ ਰਹੇ ਰੂਸੀ ਜਹਾਜ਼ਾਂ ਵਿਚੋਂ ਇਕ ਸੁੱਟ ਲਿਆ। ਹੁਣ ਇਸ ਵਲੋਂ ਅਮਰੀਕਾ ਅਤੇ ਯੂਰਪ ਤੇ ਹਮਲਿਆਂ ਕਰਕੇ ਇਹ ਦੇਸ਼ ਇਸ ਵਿਰੁੱਧ ਕਾਰਵਾਈ ਦਾ ਵਿਖਾਵਾ ਕਰ ਰਹੇ ਹਨ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਦਾ ਇਸ ਸੰਗਠਨ ਅਤੇ ਸੀਰੀਆ ਪ੍ਰਤੀ ਦੋਹਰਾ ਮਖੌਟਾ ਵੇਖੋ! ਬ੍ਰਿਟੇਨ ਨੇ ਵੀ ਇਕ ਸਮੇਂ ਸੀਰੀਆ ਤੇ ਹਵਾਈ ਹਮਲਿਆਂ ਦਾ ਨਿਰਣਾ ਲਿਆ ਸੀ। ਪ੍ਰਧਾਨ ਮੰਤਰੀ ਡੇਵਿਡ ਕਾਮਰੋਨ ਦਾ ਕਹਿਣਾ ਸੀ ਕਿ ਸੀਰੀਆ ਹਵਾਈ ਹਮਲਿਆਂ ਰਾਹੀਂ ਬੇਗੁਨਾਹ ਸੀਰੀਆਈ ਲੋਕਾਂ ਦਾ ਘਾਣ ਕਰ ਰਿਹਾ ਹੈ। ਲੇਕਿਨ ਰੂਸੀ ਦਖਲ ਕਰਕੇ ਇਹ ਸੰਭਵ ਨਾ ਹੋ ਸਕਿਆ। ਹੁਣ ਫਰਾਂਸ ਤੇ ਹਮਲੇ ਕਰਕੇ ਪ੍ਰਧਾਨ ਹੌਲਾਂਦ ਦੀ ਅਪੀਲ ਤੇ ਜਦੋਂ ਬ੍ਰਿਟੇਨ ਨੇ ਹਵਾਈ ਹਮਲਿਆਂ ਦਾ ਨਿਰਣਾ ਲਿਆ ਹੈ ਆਈ. ਐਸ. ਵਿਰੁੱਧ, ਤਾਂ ਕੀ ਬੇਗੁਨਾਹ ਸੀਰੀਆਈ ਆਈ. ਐਸ. ਲੜਾਕੂਆਂ ਨਾਲ ਨਹੀਂ ਮਰਨਗੇ?

ਹਕੀਕਤ ਵਿਚ ਅਮਰੀਕਾ, ਯੂਰਪੀ, ਅਰਬ ਅਤੇ ਨਾਟੋ ਇਤਹਾਦੀ ਸੰਗਠਨ ਸਮੇਤ ਇਸਰਾਈਲ ਦੇ ਆਈ. ਐਸ. ਦੇ ਖਾਤਮੇ ਨਾਲੋਂ ਸੀਰੀਆਈ ਪ੍ਰਧਾਨ ਅੱਸਦ ਨੂੰ ਗੱਦੀ ਤੋਂ ਦਸਤਬਰਦਾਰ ਕਰਕੇ ਲੋਕਤੰਤਰੀ ਚੋਣਾਂ ਬਹਾਨੇ ਆਪਣੇ ਪਿੱਠੂ ਸਾਸ਼ਕ ਸੀਰੀਆ ਅੰਦਰ ਬੈਠਾਉਣ ਤਰਜੀਹ ਦੇ ਰਹੇ ਹਨ। ਇਹ ਅਮਰੀਕਾ ਦੀ ਸੰਨ 2001 ਵਿਚ ਬਣਾਈ ਨੀਤੀ ਦੇ ਅਨੁਕੂਲ ਹੈ।

ਅਮਰੀਕੀ ਸੱਤਾ ਦੇ ਅਸਲ ਮਾਲਿਕ ਕਾਰਪੋਰੇਟ ਸਰਮਾਏਦਾਰ ਵਿਸ਼ਵ ਦੇ ਵੱਖ-ਵੱਖ ਖਿੱਤਿਆਂ ਵਿਚ ਜੰਗ ਦਾ ਦੇ ਗਚਾ ਗਰਮ ਰੱਖਣਾ ਚਾਹੁੰਦੇ ਹਨ। ਉਨ੍ਹਾਂ ਅਮਰੀਕੀ ਲੋਕਾਂ ਦੀ ਸੁਰਖਿਆ, ਭਵਿੱਖ ਅਤੇ ਵਿਕਾਸ ਨਾਲੋਂ ਆਪਣੇ ਵਪਾਰਕ ਹਿੱਤਾਂ ਦੀ ਸੁਰਖਿਆ, ਭਵਿੱਖ ਅਤੇ ਵਿਕਾਸ ਜ਼ਿਆਦਾ ਪ੍ਰਿਆ ਹਨ। ਇਸ ਲਈ ਉਹ ਬੇਗੁਨਾਹ ਅਮਰੀਕੀ ਸ਼ਹਿਰੀਆਂ ਦੀ ਬਲੀ ਤੋਂ ਵੀ ਜ਼ਰਾ ਸੰਕੋਚ ਨਹੀਂ ਕਰਦੇ। ਜੇਕਰ ਅਜਿਹਾ ਹੁੰਦਾ ਤਾਂ ਅੱਜ ਆਈ. ਐਸ. ਉਸ ਦੇ ਨਿਸ਼ਾਨੇ ਤੇ ਹੁੰਦਾ। ਅਮਰੀਕੀ ਫੌਜ ਆਈ. ਐਸ. ਦੀ ਤਬਾਹੀ ਲਈ ਸੀਰੀਆ, ਇਰਾਕ ਅਤੇ ਲਿਬੀਆ ਅੰਦਰ ਉਸ ਦੇ ਕਬਜ਼ੇ ਵਾਲੇ ਖੇਤਰਾਂ ਵਿਚ ਉੱਤਰੀ ਹੁੰਦੀ। ਸ਼ਾਇਦ ਅਮਰੀਕੀ ਆਕਾ ਇਹ ਭੁੱਲ ਰਹੇ ਹਨ ਕਿ ਧਾਰਮਿਕ ਕੱਟੜਵਾਦੀ ਦਹਿਸ਼ਤਗਰਦੀ ਅਤੇ ਵਪਾਰਕ-ਕਾਰੋਬਾਰੀ ਦਹਿਸ਼ਤਗਰਦੀ ਕਿਸੇ ਦੇ ਸੱਕੇ ਨਹੀਂ ਹੁੰਦੇ। ਇਹੋ ਸਿਧਾਂਤ ਆਈ. ਐਸ., ਦੂਸਰੇ ਐਸੇ ਦਹਿਸ਼ਤਗਰਦ ਸੰਗਠਨ ਅਤੇ ਵਪਾਰਕ-ਕਾਰੋਬਾਰੀ ਸਰਮਾਏਦਾਰ ਕਾਰਪੋਰੇਟ ਦਹਿਸ਼ਤਗਰਦਾਂ ਤੇ ਲਾਗੂ ਹੁੰਦਾ ਹੈ। ਅਮਰੀਕੀ ਜਨਤਾ ਨੂੰ ਇਕਜੁਟ ਹੋ ਕੇ ਇਸ ਦੋ ਧਾਰੀ ਤਲਵਾਰ ਤੋਂ ਨਾ ਸਿਰਫ ਆਪ ਨਿਜ਼ਾਤ ਪਾਉਣ ਦੀ ਲੋੜ ਹੈ ਬਲਕਿ ਪੂਰੇ ਵਿਸ਼ਵ ਨੂੰ ਇਸ ਦੀ ਮਾਰ ਤੋਂ ਭਵਿੱਖ ਬਚਾਉਣ ਦੀ ਜੁਮੇਂਵਾਰੀ ਨਿਭਾਉਣ ਦੀ ਲੋੜ ਹੈ।

ਸਾਬਕਾ ਰਾਜ ਸੂਚਨਾ ਕਮਿਸ਼ਨਰ, ਪੰਜਾਬ।
94170-94034






# ਪੰਜਾਬੀ ਸਭਿਆਚਾਰ ਮੰਚ ਵਲੋਂ ਪੂਰਨ ਸਿੰਘ ਪਾਂਧੀ ਦਾ ਸ਼ਾਨਦਾਰ ਸਨਮਾਨ ਸਮਾਰੋਹ

**ਹਰਜੀਤ ਬੇਦੀ**



**ਬਰੈਂਪਟਨ** : ਬੀਤੇ ਸ਼ਨੀਵਾਰ ਗੋਰ ਮੀਡੋ ਰੀਕਰੀਏਸ਼ਨ ਸੈਂਟਰ ਵਿੱਚ ਪ੍ਰਸਿੱਧ ਸਾਹਿਤਕਾਰ ਪੂਰਨ ਸਿੰਘ ਪਾਂਧੀ ਦਾ ਉਨ੍ਹਾਂ ਦੀ ਪੰਜਾਬੀ ਸਾਹਿਤ ਨੂੰ ਵੱਡਮੁੱਲੀ ਦੇਣ ਕਰਕੇ ਉਹਨਾਂ ਦੇ ਸਨਮਾਨ ਹਿੱਤ ਬਹੁਤ ਹੀ ਪ੍ਰਭਾਵਸ਼ਾਲੀ ਸਨਮਾਨ ਸਮਾਰੋਹ ਹੋਇਆ । ਇਸ ਸਮਾਗਮ ਨੂੰ ਪੰਜਾਬੀ ਸਭਿਆਚਾਰ ਮੰਚ ਟੋਰਾਂਟੋ, ਕਨੇਡਾ ਵਲੋਂ ਆਯੋਜਿਤ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਮੰਚ ਦੇ ਪ੍ਰਧਾਨ ਬਲਦੇਵ ਸਿੰਘ ਸਹਿਦੇਵ, ਮੁੱਖ ਮਹਿਮਾਨ ਪੂਰਨ ਸਿੰਘ ਜੀ ਪਾਂਧੀ, ਗੁਰਦੇਵ ਸਿੰਘ ਮਾਨ, ਹਰਚੰਦ ਸਿੰਘ ਬਾਸੀ, ਸੁਰਜਨ ਸਿੰਘ ਜੀਰਵੀ, ਸਮਾਜ-ਸੇਵੀ ਦਲਜੀਤ ਸਿੰਘ ਗੈਦੂ, ਸੱਤਪਾਲ ਜੌਹਲ ਅਤੇ ਡਾ: ਸਰਬਜੀਤ ਕੌਰ ਕਾਹਲੋਂ ਨੇ ਕੀਤੀ ।







ਸਮਾਗਮ ਦੇ ਸ਼ੁਰੂ ਵਿੱਚ ਸ਼ਾਨਦਾਰ ਕਵੀ ਦਰਬਾਰ ਹੋਇਆ ਜਿਸ ਵਿੱਚ ਕੁੰਢਾ ਸਿੰਘ ਢਿੱਲੋਂ, ਬਾਬੂ ਸਿੰਘ ਕਲਸੀ, ਡਾ. ਜੰਗੀਰ ਸਿੰਘ ਕਾਹਲੋਂ, ਡਾ: ਸੁਖਦੇਵ ਸਿੰਘ ਝੰਡ , ਨਾਮਵਰ ਕਵਿਤਰੀ ਸੁਰਜੀਤ ਕੌਰ, ਹਰਚੰਦ ਸਿੰਘ ਬਾਸੀ, ਸੁੰਦਰਪਾਲ ਕੌਰ ਰਾਜਾਸਾਂਸੀ, ਸੁਰਿੰਦਰ ਕੁਮਾਰ ਸ਼ਰਮਾ, ਇਕਬਾਲ ਬਰਾੜ , ਜਰਨੈਲ ਅੱਚਰਵਾਲ, ਨਿਰੰਜਨ ਮਾਂਗੇਵਾਲੀਆ, ਪਰਮਜੀਤ ਢਿੱਲੋਂ, ਬਲਦੇਵ ਸਹਿਦੇਵ ਅਤੇ ਹਰਜੀਤ ਬੇਦੀ ਆਦਿ ਨੇ ਆਪਣੀਆਂ ਖ਼ੂਬਸੂਰਤ ਕਵਿਤਾਵਾਂ ਅਤੇ ਗੀਤਾਂ ਦੁਆਰਾ ਸਰੋਤਿਆਂ ਨਾਲ ਸਾਂਝ ਪਾਈ।





ਪੂਰਨ ਸਿੰਘ ਪਾਂਧੀ ਦੀ ਸਾਹਿਤਕ ਦੇਣ ਅਤੇ ਜੀਵਨ ਸਫਰ ਬਾਰੇ ਵੱਖ-ਵੱਖ ਵਿਦਵਾਨਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਜਿਨ੍ਹਾਂ ਵਿੱਚ ਪ੍ਰਿ: ਬਲਬੀਰ ਸਿੰਘ ਡਾਲਾ, ਸੁਰਜਨ ਜੀਰਵੀ, ਪ੍ਰੋ: ਜਗੀਰ ਕਾਹਲੋਂ, ਸੁਖਦੇਵ ਝੰਡ, ਹਰਜੀਤ ਬੇਦੀ, ਹਰਿੰਦਰ ਮੱਲ੍ਹੀ, ਕੁਲਜੀਤ ਮਾਨ, ਜਰਨੈਲ ਅੱਚਰਵਾਲ, ਗੁਰਦੇਵ ਸਿੰਘ ਮਾਨ, ਸੱਤਪਾਲ ਜੌਹਲ, ਹਰਚੰਦ ਬਾਸੀ ਅਤੇ ਪ੍ਰੋ: ਨਿਰਮਲ ਸਿੰਘ ਧਾਰਨੀ ਆਦਿ ਸ਼ਾਮਲ ਸਨ। ਅਖਿਰ ਵਿੱਚ ਮੰਚ ਦੇ ਪ੍ਰਧਾਨ ਬਲਦੇਵ ਸਹਿਦੇਵ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਪੂਰਨ ਸਿੰਘ ਪਾਂਧੀ ਨੂੰ ਮਾਂ-ਬੋਲੀ ਦਾ ਸਰਵਣ ਪੁੱਤਰ ਕਿਹਾ ਤੇ ਕਾਮਨਾ ਕੀਤੀ ਕਿ ਉਹ ਸ਼ਬਦਾਂ ਰੂਪੀ ਹੀਰੇ ਮੋਤੀ ਸਾਹਿਤਕ ਹਾਰਾਂ ਵਿੱਚ ਪਰੋਅ ਕੇ ਮਾਂ ਬੋਲੀ ਤੇ ਪੰਜਾਬੀ ਸਾਹਿਤ ਦੀ ਝੋਲੀ ਭਰਦੇ ਰਹਿਣਗੇ। ਸੱਤਪਾਲ ਜੌਹਲ ਨੇ ਬਲਦੇਵ ਸਹਿਦੇਵ ਵਲੋਂ ਪਾਂਧੀ ਸਾਹਿਬ ਬਾਰੇ ਲਿਖੇ ਸ਼ਬਦ -ਚਿੱਤਰ "ਰਾਮੂਵਾਲਾ ਕਲਾਂ ਦਾ ਵਿਲੱਖਣ ਤੋਹਫਾ" ਦੀ ਪ੍ਰਸੰਸਾ ਕਰਦੇ ਹੋਏ ਪਾਂਧੀ ਸਾਹਿਬ ਨੂੰ ਪੰਜਾਬੀ ਸਾਹਿਤ ਲਈ ਪਾਏ ਯੋਗਦਾਨ ਲਈ ਹਾਰਦਿਕ ਵਧਾਈ ਦਿੱਤੀ। ਪ੍ਰੋ: ਕਾਹਲੋਂ, ਡਾ. ਸੁਖਦੇਵ ਝੰਡ ਤੇ ਹਰਚੰਦ ਬਾਸੀ ਨੇ ਪਾਂਧੀ ਨੂੰ ਸੁਹਜ ਦਾ ਇੱਕ ਪ੍ਰਪੱਕ ਅਤੇ ਸੂਝਵਾਨ ਵਾਰਤਾਕਾਰ ਕਿਹਾ। ਸੁਰਜਨ ਜੀਰਵੀ, ਪ੍ਰੋ: ਨਿਰਮਲ ਧਾਰਨੀ ਅਤੇ ਹੋਰ ਬਹੁਤ ਸਾਰੇ ਵਿਦਵਾਨਾਂ ਨੇ ਪੂਰਨ ਸਿੰਘ ਪਾਂਧੀ ਦੀ ਨਵੀਂ ਪੁਸਤਕ "ਸੰਗੀਤ ਦੀ ਦੁਨੀਆਂ" ਨੂੰ ਸੰਗੀਤਕਾਰਾਂ, ਗਾਇਕਾਂ, ਕਵੀਸ਼ਰਾਂ, ਢਾਡੀਆਂ ਤੇ ਰਾਗੀਆਂ ਲਈ ਚਾਨਣ ਮੁਰਾਰਾ ਦੱਸਿਆ। ਬਲਦੇਵ ਸਹਿਦੇਵ ਤੇ ਹਰਜੀਤ ਬੇਦੀ ਨੇ ਪੂਰਨ ਸਿੰਘ ਪਾਂਧੀ ਨੂੰ ਇੱਕ ਸਾਹਿਤਕਾਰ ਦੇ ਨਾਲ ਅਧਿਆਪਕ ਲਹਿਰ ਦਾ ਸਿਪਾਹੀ ਕਹਿੰਦਿਆਂ ਉਹਨਾਂ ਦੇ ਅਧਿਆਪਕਾਂ ਦੇ ਹੱਕਾਂ ਲਈ ਲੜੇ ਜਾਂਦੇ ਘੋਲਾਂ ਦਾ ਜਿਕਰ ਕੀਤਾ।

ਸਟੇਜ ਸਕੱਤਰ ਦੀ ਜਿੰਮੇਵਾਰੀ ਮੰਚ ਦੇ ਜਨਰਲ ਸਕੱਤਰ ਸੁਖਦੇਵ ਧਾਲੀਵਾਲ ਨੇ ਬਾਖ਼ੂਬੀ ਨਿਭਾਈ । ਸਮਾਗਮ ਦੇ ਅੰਤ ਤੇ ਮੰਚ ਦੇ ਅਹੁਦੇਦਾਰਾਂ ਤੇ ਵਿਦਵਾਨ ਸਾਥੀਆਂ ਨੇ ਸਨਮਾਨ ਚਿੰਨ੍ਹ ਦੇ ਕੇ ਪੂਰਨ ਸਿੰਘ ਪਾਂਧੀ ਨੂੰ ਸਨਮਾਨਤ ਕੀਤਾ। ਸਮਾਗਮ ਤੇ ਆਈਆਂ ਸਾਹਿਤਕਾਰ ਬੀਬੀਆਂ ਨੇ ਲੋਈ ਦੇ ਕੇ ਪਾਂਧੀ ਸਾਹਿਬ ਪ੍ਰਤੀ ਸਤਕਾਰ ਦਾ ਪ੍ਰਗਟਾਵਾ ਕੀਤਾ। ਭਾਵੁਕ ਹੁੰਦਿਆਂ ਆਪਣੇ ਧੰਨਵਾਦੀ ਭਾਸ਼ਨ ਵਿੱਚ ਪਾਂਧੀ ਜੀ ਨੇ ਕਿਹਾ ਕਿ ਅੱਜ ਦਾ ਦਿਨ ਉਨ੍ਹਾਂ ਦੀ ਜ਼ਿੰਦਗੀ ਦਾ ਇੱਕ ਯਾਦਗਾਰੀ ਦਿਨ ਹੈ ਜੋ ਹਮੇਸ਼ਾ ਲਈ ਉਨ੍ਹਾਂ ਦੀਆਂ ਯਾਦਾਂ ਵਿੱਚ ਵਸਿਆ ਰਹੇਗਾ। ਉਹਨਾਂ ਵਿਸੇਸ ਤੌਰ 'ਤੇ ਪੰਜਾਬੀ ਸਭਿੱਆਚਾਰ ਮੰਚ, ਹਾਜ਼ਰ ਵਿਦਵਾਨਾਂ, ਬੁੱਧੀਜੀਵਆਂ ਅਤੇ ਸਰੋਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਮੰਚ ਵਲੋਂ ਨਿਊ ਹੋਪਕਲੱਬ ਦੇ ਭੀਮ ਸੈਂ ਕਾਲੀਆ, ਗੁਰਦਿਯਾ ਸਿੰਘ ਢੱਲਾ ਦਾ ਚਾਹ ਪਾਣੀ ਦੀ ਸੇਵਾ, ਪ੍ਰੀਤਮ ਸਿੰਘ ਸਰਾਂ ਦਾ ਸਾਊਂਡ ਸਿਸਟਮ, ਜੰਗੀਰ ਸਿੰਘ ਸੈਂਬੀ, ਪ੍ਰੋ. ਕੁਲਦੀਪ ਸਿੰਘ ਅਤੇ ਮਲੂਕ ਸਿੰਘ ਕਾਹਲੋਂ ਦਾ ਸਹਿਯੋਗ ਲਈ ਧੰਨਵਾਦ ਕੀਤਾ।






ਮਾਮਲਾ 'ਕਾਲੇ ਕਾਨੂੰਨਾਂ' ਨੂੰ ਰੱਦ ਕਰਵਾਉਣ ਦਾ

# ਕਾਨੂੰਨ ਰੱਦ ਕਰਾਉਣ ਲਈ ਜਲੰਧਰ 'ਚ ਵਿਸ਼ਾਲ ਕਨਵੈਨਸ਼ਨ ਤੇ ਮੁਜ਼ਾਹਰਾ

## 29 ਜਨਵਰੀ ਨੂੰ ਸੂਬਾ ਭਰ 'ਚ ਜ਼ਿਲਾ ਕੇਂਦਰਾਂ 'ਤੇ ਮੁਜ਼ਾਹਰੇ ਕਰਨ ਦਾ ਐਲਾਨ





-ਅਮਨਦੀਪ ਹਾਂਸ

ਪੰਜਾਬ ਦੀਆਂ ਸੰਘਰਸ਼ਸ਼ੀਲ ਜਨਤਕ ਅਤੇ ਜਮਹੂਰੀ ਜੱਥੇਬੰਦੀਆਂ 'ਤੇ ਅਧਾਰਿਤ ਬਣੇ ਕਾਲੇ ਕਾਨੂੰਨ ਵਿਰੋਧੀ ਮੋਰਚਾ ਪੰਜਾਬ ਦੇ ਸੱਦੇ ਉੱਪਰ ਜਲੰਧਰ ਦੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਦੇ ਖੁੱਲੇ ਮੈਦਾਨ ਵਿੱਚ ਸੂਬਾ ਪੱਧਰੀ ਵਿਸ਼ਾਲ ਕਨਵੈਨਸ਼ਨ ਕਰਨ ਉਪਰੰਤ ਸ਼ਹਿਰ ਵਿੱਚ ਰੋਹ ਭਰਪੂਰ ਮੁਜਾਹਰਾ ਕੀਤਾ ਗਿਆ। ਕਨਵੈਨਸ਼ਨ ਨੇ ਅਗਲੇ ਸੰਘਰਸ਼ ਦਾ ਐਲਾਨ ਕਰਦਿਆਂ 29 ਜਨਵਰੀ ਨੂੰ ਸੂਬਾ ਭਰ 'ਚ ਜ਼ਿਲਾ ਕੇਂਦਰਾਂ 'ਤੇ ਮੁਜ਼ਾਹਰੇ ਕਰਨ ਦਾ ਐਲਾਨ ਕੀਤਾ। ਕਨਵੈਨਸ਼ਨ ਦੀ ਪ੍ਰਧਾਨਗੀ ਮੋਰਚੇ ਵਿੱਚ ਸ਼ਾਮਲ ਜੱਥੇਬੰਦੀਆਂ ਦੇ ਨੁਮਾਇੰਦਿਆਂ 'ਤੇ ਅਧਾਰਿਤ ਪ੍ਰਧਾਨਗੀ ਮੰਡਲ ਨੇ ਕੀਤੀ। ਸੰਚਾਲਨ ਕਮੇਟੀ ਦੀ ਅਗਵਾਈ 'ਚ ਮੰਚ ਸੰਚਾਲਨ ਹਰਦੇਵ ਸਿੰਘ ਸੰਧੂ ਹੁਰਾਂ ਨੇ ਕੀਤਾ।

ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਜੱਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਭਾਵੇਂ ਉਹ ਆਪਣੇ ਆਰਥਿਕ-ਰਾਜਨੀਤਿਕ ਮੁੱਦਿਆਂ ਉੱਪਰ ਸਾਂਝੇ ਤੌਰ 'ਤੇ ਜਾਂ ਆਪਣੇ-ਆਪਣੇ ਤੌਰ 'ਤੇ ਸੰਘਰਸ਼ ਦੇ ਮੈਦਾਨ ਵਿੱਚ ਹਨ ਪਰ ਜੋ ਸਰਕਾਰ ਨੇ ਪੰਜਾਬ ਜਨਤਕ ਤੇ ਗੈਰ ਸਰਕਾਰੀ ਜਾਇਦਾਦ ਨੁਕਸਾਨ ਰੋਕੂ ਬਿੱਲ-2014 ਦੇ ਲੁਭਾਉਣੇ ਨਾਮ ਹੇਠ ਪਾਸ ਕੀਤਾ ਹੈ, ਜੋ ਮੁੱਖ ਮੰਤਰੀ ਦੇ ਰਸਮੀ ਦਸਤਖਤਾਂ ਉਪਰੰਤ ਲਾਗੂ ਹੋਣ ਲਈ ਤਿਆਰ ਹੈ, ਇਹ ਇਸ ਹੱਦ ਤੱਕ ਕਾਲਾ ਹੈ ਕਿ ਜੇਕਰ ਇਹ ਲਾਗੂ ਹੋ ਜਾਂਦਾ ਹੈ ਤਾਂ ਸਰਕਾਰ ਵਿਰੁੱਧ ਜਨਤਕ ਸਰਗਰਮੀ ਜਾਮ ਹੋ ਜਾਵੇਗੀ। ਇਕੱਲਾ ਤਿੱਖੇ ਸੰਘਰਸ਼ਾਂ ਦੀ ਰੋਕਥਾਮ ਲਈ ਹੀ ਇਹ ਕਾਨੂੰਨ ਨਹੀਂ ਹੈ ਸਗੋਂ ਹਰ ਤਰਾਂ ਦੇ ਹਲਕੇ ਤੋਂ ਹਲਕੇ ਪ੍ਰਦਰਸ਼ਨ ਇੱਥੋਂ ਤੱਕ ਕਿ ਧਾਰਮਿਕ ਪ੍ਰਦਰਸ਼ਨ ਵੀ ਮੁਸ਼ਕਲ ਹੋ ਜਾਣਗੇ। ਜੇਕਰ ਮੁਜਾਹਰੇ ਦੌਰਾਨ ਕੋਈ ਹੋਰ ਹੀ ਨੁਕਸਾਨ ਕਰ ਦੇਵੇ ਤਾਂ ਵੀ ਸਾਰੇ ਮੁਜਾਹਰਾਕਾਰੀ, ਉਹਨਾਂ ਦੇ ਆਗੂ, ਭਾਵੇਂ ਉਹ ਉਸ ਸਮੇਂ ਮੁਜ਼ਾਹਰੇ ਵਿੱਚ ਸ਼ਾਮਲ ਨਾ ਵੀ ਹੋਣ, ਉਹਨਾਂ ਦੇ ਹੱਕ ਵਿੱਚ ਲਿਖਣ ਵਾਲੇ, ਟੈਂਟ-ਸਾਊਂਡ, ਟਰਾਂਸਪੋਰਟ ਆਦਿ ਸੇਵਾਵਾਂ ਮੁਹੱਈਆ ਕਰਨ ਵਾਲੇ ਸਾਰੇ ਇਸ ਕਾਨੂੰਨ ਤਹਿਤ ਦੋਸ਼ੀ ਗਿਣੇ ਜਾਣਗੇ। ਲੰਮੇ ਸੰਘਰਸ਼ਾਂ ਨਾਲ ਪ੍ਰਾਪਤ ਕੀਤੇ ਹੜਤਾਲ ਦੇ ਅਧਿਕਾਰ ਨੂੰ ਖੋਹਣ ਲਈ ਸਨਅਤਕਾਰ ਖੁਦ ਕਾਰਖਾਨੇ ਦੇ ਅੰਦਰ ਕੋਈ ਭੰਨਤੋੜ ਕਰਕੇ ਹੜਤਾਲੀ ਮਜ਼ਦੂਰਾਂ ਦੇ ਸਿਰ ਲਾ ਕੇ ਉਹਨਾਂ ਨੂੰ ਦੋਸ਼ੀ ਠਹਿਰਾਅ ਸਕਦਾ ਹੈ।

ਉਹਨਾਂ ਕਿਹਾ ਕਿ ਇਸ ਕਾਨੂੰਨ ਤਹਿਤ ਕੇਸ ਦਰਜ ਕਰਨ ਦਾ ਅਧਿਕਾਰ ਹੌਲਦਾਰ ਨੂੰ ਦੇ ਦਿੱਤਾ ਗਿਆ ਹੈ ਅਤੇ ਵੀਡੀਓ ਨੂੰ ਸਬੂਤ ਵਜੋਂ ਵਰਤਣ ਦੀ ਕਾਨੂੰਨੀ ਮਾਨਤਾ ਦੇ ਦਿੱਤੀ ਗਈ ਹੈ। ਉਹ ਸਾਰੇ ਸੋਸ਼ਲ ਮੀਡੀਆ ਦੀ ਦੁਰਵਰਤੋਂ ਤੋਂ ਭਲੀਭਾਂਤੀ ਜਾਣੂ ਹਾਂ।

ਇਸ ਕਾਨੂੰਨ ਦੀ ਕਿਉਂ ਲੋੜ ਪਈ ਸਬੰਧੀ ਬੋਲਦਿਆਂ ਬੁਲਾਰਿਆਂ ਨੇ ਕਿਹਾ ਕਿ ਦੇਸ਼ ਦੇ ਲੁਟੇਰੇ ਹਾਕਮ ਪੁਰਾਣੇ ਢੰਗ-ਤਰੀਕਿਆਂ ਰਾਹੀਂ ਲੋਕਾਂ ਉੱਪਰ ਰਾਜ ਕਰਨ ਦੇ ਸਮਰੱਥ ਨਹੀਂ ਰਹੇ। ਸਾਮਰਾਜੀ ਦਬਾਅ ਤਹਿਤ ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਤਹਿਤ ਲਾਗੂ ਕੀਤੀਆਂ ਲੋਕ ਵਿਰੋਧੀ ਨੀਤੀਆਂ ਨੇ ਲੋਕਾਂ ਦੇ ਹੱਕ ਵਿੱਚ ਦਮ ਕਰ ਦਿੱਤਾ ਹੈ। ਨੈਰੋਬੀ ਕਾਨਫਰੰਸ ਉਪਰੰਤ ਨਿਗੂਣੀਆਂ ਸਬਸਿਡੀਆਂ ਖੋਹਣ ਦਾ ਅਮਲ ਹੋਰ ਤੇਜ਼ ਹੋਵੇਗਾ।

ਆਗੂਆਂ ਕਿਹਾ ਕਿ ਦੇਸ਼ ਦੇ ਹਾਕਮ ਸ਼ਾਂਤਾ ਕੁਮਾਰ ਕਮੇਟੀ ਦੀਆਂ ਸਿਫਾਰਿਸ਼ਾਂ ਤਹਿਤ ਸਰਕਾਰੀ ਖਰੀਦ ਬੰਦ ਕਰਨ ਵੱਲ ਵਧ ਰਹੇ ਹਨ, ਮਜ਼ਦੂਰਾਂ ਲਈ ਰੁਜ਼ਗਾਰ ਦੇ ਮੌਕੇ ਘਟਦੇ ਜਾ ਰਹੇ ਹਨ। ਸਨਅਤੀ ਮਜ਼ਦੂਰਾਂ ਸਿਰ ਛਾਂਟੀ ਦੀ ਤਲਵਾਰ ਲਟਕਦੀ ਹੈ, ਬੇਰੁਜ਼ਗਾਰਾਂ ਦੀ ਫੌਜ ਵਿੱਚ ਵਾਧਾ ਹੋ ਰਿਹਾ ਹੈ, ਮੁਲਾਜ਼ਮਾਂ ਵਿੱਚ ਬੇਚੈਨੀ ਹੈ, ਆਪਣੇ ਕਾਰੋਬਾਰੀ ਵੀ ਪੰਜਾਬ ਵਿੱਚੋਂ ਸਿਫ਼ਟ ਕਰਦੇ ਜਾ ਰਹੇ ਹਨ।

ਉਹਨਾਂ ਇੱਕਮੱਤ ਹੋ ਕੇ ਕਿਹਾ ਕਿ ਅੰਗਰੇਜ਼ਾਂ ਵੱਲੋਂ ਲਿਆਂਦੇ ਪਬਲਿਕ ਸੇਫਟੀ ਐਕਟ ਜਿਸਦਾ ਵਿਰੋਧ ਕਰਨ ਲਈ ਸ਼ਹੀਦ-ਏ-ਆਜ਼ਮ ਭਗਤ ਸਿੰਘ ਹੁਰਾਂ ਨੇ ਅਸੈਂਬਲੀ ਵਿੱਚ ਬੰਬ ਸੁੱਟਿਆ ਸੀ, ਦਾ ਹੀ ਨਵਾਂ ਰੂਪ ਹੈ। ਇਹ ਕਾਨੂੰਨ ਸੰਵਿਧਾਨ ਵਿੱਚ ਦਰਜ ਵਿਰੋਧ ਪ੍ਰਦਰਸ਼ਨ ਕਰਨ ਦੇ ਦਿੱਤੇ ਅਧਿਕਾਰ ਦੇ ਵੀ ਵਿਰੁੱਧ ਹੈ।

ਬੁਲਾਰਿਆਂ ਨੇ ਕਿਹਾ ਕਿ ਜਿੱਥੇ ਹਾਕਮਾਂ ਦੀ ਜ਼ਰੂਰਤ ਅਜਿਹੇ ਦਮਨਕਾਰੀ ਕਾਨੂੰਨ ਲਿਆਉਣਾ ਹੈ, ਉੱਥੇ ਆਪਣੇ ਹੱਕਾਂ ਲਈ ਸੰਘਰਸ਼ਸ਼ੀਲ ਲੋਕਾਂ ਦੀ ਅਣਸਰਦੀ ਜ਼ਰੂਰਤ ਹੈ ਕਿ ਇਸ ਕਾਨੂੰਨ ਨੂੰ ਰੱਦ ਕਰਾਉਣ। ਬੁਲਾਰਿਆਂ ਨੇ ਇੱਕ ਸੁਰ ਹੋ ਕੇ ਐਲਾਨ ਕੀਤਾ ਕਿ ਉਹ ਪੂਰੇ ਜੀਅ-ਜਾਨ ਨਾਲ ਸੰਘਰਸ਼ ਕਰਦਿਆਂ ਕਿਸੇ ਵੀ ਕੀਮਤ ਉੱਪਰ ਇਸ ਕਾਲੇ ਕਾਨੂੰਨ ਨੂੰ ਲਾਗੂ ਨਹੀਂ ਹੋਣ ਦੇਣਗੇ ਅਤੇ ਰੱਦ ਕਰਾਉਣ ਤੱਕ ਸੰਘਰਸ਼ ਜਾਰੀ ਰੱਖਣਗੇ।

ਇਸ ਸਮੇਂ ਕਾਲਾ ਕਾਨੂੰਨ ਵਿਰੋਧੀ ਮੋਰਚੇ 'ਚ ਸ਼ਾਮਲ ਜੱਥੇਬੰਦੀਆਂ ਦੇ ਆਗੂਆਂ ਸੁਖਦੇਵ ਸਿੰਘ ਕੋਕਰੀ ਕਲਾਂ, ਵਿਜੇ ਮਿਸ਼ਰਾ, ਕੁਲਵਿੰਦਰ ਵੜੈਚ, ਰੁਲਦੂ ਸਿੰਘ ਮਾਨਸਾ, ਕੰਵਲਪ੍ਰੀਤ ਸਿੰਘ ਪੰਨੂੰ, ਬੂਟਾ ਸਿੰਘ ਬੁਰਜਗਿੱਲ, ਗੁਰਨਾਮ ਦਾਊਦ, ਰਾਜਵਿੰਦਰ ਸਿੰਘ, ਬੰਤ ਸਿੰਘ ਬਰਾੜ, ਸਤਨਾਮ ਸਿੰਘ ਪੰਨੂੰ, ਸੁਰਜੀਤ ਸਿੰਘ ਫੂਲ, ਡਾ. ਸਤਨਾਮ ਸਿੰਘ ਅਜਨਾਲਾ, ਭੁਪਿੰਦਰ ਸਾਂਬਰ, ਹਰਮੇਸ਼ ਮਾਲੜੀ ਅਤੇ ਅਮਨ ਬਾਜੇਕਾ ਆਦਿ ਨੇ ਸੰਬੋਧਨ ਕੀਤਾ।



ਇਹ ਇਕ ਤਸਵੀਰ ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿਚ ਰਹਿੰਦੇ ਪੰਜਾਬ ਦੇ ਪਿੰਡ ਚੂਹੜਚੱਕ ਨਿਵਾਸੀ ਮਲਕੀਤ ਸਿੰਘ ਸੂਬੇਦਾਰ ਸਪੁਤਨੀ ਪਰਮਜੀਤ ਕੌਰ ਜਿਨ੍ਹਾਂ ਦੇ ਦਰਮਿਆਨ ਉਨ੍ਹਾਂ ਦੀ ਪੋਤੀ ਜਸਮੀਨ ਕੌਰ ਗਿੱਲ ਸਪੁਤਰੀ ਗੁਰਪ੍ਰੀਤ ਸਿੰਘ ਗਿੱਲ ਬੈਠੀ ਹੈ, ਉਸ ਸਮੇਂ ਇਕ ਯਾਦਗਾਰੀ ਦਸਤਾਵੇਜ਼ ਬਣ ਕੇ ਰਹਿ ਗਈ ਜਦੋਂ 17 ਦਸੰਬਰ 2015 ਨੂੰ ਇਹ ਖ਼ਬਰ ਮਿਲੀ ਕਿ ਹਾਦਸਾਗ੍ਰਸਤ ਹੋਏ ਟ੍ਰੈਕਟਰ-ਟਰੈਲਰ ਦੇ ਡਰਾਈਵਰ ਗੁਰਪ੍ਰੀਤ ਸਿੰਘ ਗਿੱਲ ਦੀ ਹਾਦਸੇ ਵਾਲੀ ਜਗ੍ਹਾ 'ਤੇ ਹੀ ਮੌਤ ਹੋ ਗਈ ਜੋ ਕਿ ਪੰਜਾਬ ਦੇ ਪਿੰਡ ਚੂਹੜਚੱਕ ਦਾ ਨਿਵਾਸੀ ਸੀ। ਗੁਰਪ੍ਰੀਤ ਗਿੱਲ ਦੀ ਮੌਤ ਦੀ ਖ਼ਬਰ ਮਿਲਣ ਤੋਂ ਬਾਅਦ ਇਕ ਵਾਰ ਫਿਰ ਨਾ ਭੁਲਣ ਵਾਲੀ ਦੁਖਦਾਈ ਘਟਨਾ ਦੀ ਯਾਦ ਸਾਹਮਣੇ ਆਈ ਜਦੋਂ 2004 ਨੂੰ ਇਕੱਲੀ ਭੈਣ ਬਲਜੀਤ ਕੌਰ ਦਾ ਭਰਾ ਅਤੇ ਮਾਪਿਆਂ ਦਾ ਦੁਲਾਰਾ ਗੁਰਦੀਪ ਸਿੰਘ, ਗੁਰਪ੍ਰੀਤ ਸਿੰਘ ਦਾ ਛੋਟਾ ਭਰਾ, ਵੀਰਪਾਲ ਕੌਰ ਦਾ ਹਮਸਫ਼ਰ ਅਤੇ ਬਿਸਾਲਦੀਪ ਸਿੰਘ ਦੇ ਪਿਤਾ ਸਦਾ ਲਈ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਹਮਖਿਆਲੀਆਂ ਨੂੰ ਅਲਵਿਦਾ ਕਹਿ ਗਿਆ ਸੀ। ਗੁਰਦੀਪ ਸਿੰਘ ਸਰਕਾਰੀ ਹਸਪਤਾਲ ਵਿਚ ਓਪਰੇਸ਼ਨ ਅਪਰੇਟਰ ਦਾ ਕੰਮ ਕਰਦਾ ਸੀ। ਗੁਰਪ੍ਰੀਤ ਗਿੱਲ ਦੀ ਮੌਤ ਤੋਂ ਬਾਅਦ ਵੀ ਅਜਿਹਾ ਹੀ ਵਾਪਰਿਆ ਜਿਨ੍ਹਾਂ ਦਾ 20 ਦਸੰਬਰ 2015 ਨੂੰ ਬਰੈਂਪਟਨ ਵਿਚ ਸੈਂਕੜੇ ਸੇਲਜ ਅੱਖਾਂ ਦੀ ਹਾਜ਼ਰੀ ਵਿਚ ਅੰਤਮ ਸੰਸਕਾਰ ਕੀਤਾ ਗਿਆ। ਅਦਾਰਾ 'ਸਰੋਕਾਰਾਂ ਦੀ ਆਵਾਜ਼' ਇਸ ਦੁੱਖ ਦੀ ਘੜੀ ਵਿਚ ਗੁਰਪ੍ਰੀਤ ਸਿੰਘ ਗਿੱਲ ਦੇ ਪਰਿਵਾਰ ਨਾਲ ਸ਼ਰੀਕ ਹੁੰਦਾ ਹੈ। ਤਸਵੀਰ ਵਿਚ ਗੁਰਪ੍ਰੀਤ ਸਿੰਘ ਗਿੱਲ ਆਪਣੀ ਧਰਮ ਪਤਨੀ ਉਪਿੰਦਰ ਕੌਰ ਤੇ ਸਪੁੱਤਰ ਆਰਮਾਨ ਨਾਲ, ਗੁਰਦੀਪ ਸਿੰਘ ਆਪਣੀ ਪਤਨੀ ਵੀਰਪਾਲ ਕੌਰ ਤੇ ਸਪੁੱਤਰ ਵਿਸ਼ਾਲਦੀਪ ਸਿੰਘ ਨਾਲ ਖੜ੍ਹੇ ਦਿਖਾਈ ਦੇ ਰਹੇ ਹਨ। ਗੁਰਪ੍ਰੀਤ ਗਿੱਲ ਇਕ ਹੋਰ ਖਾਸੀਅਤ ਦਾ ਮਾਲਕ ਵੀ ਸੀ ਜਿਸ ਕਰਕੇ ਉਹ ਆਪਣੇ ਮਿੱਤਰਾਂ, ਦੋਸਤ ਵਿਚ ਮਕਬੂਲ ਸੀ ਉਸ ਵਿਚ ਲੋੜਵੰਦਾਂ ਪ੍ਰਤੀ ਹਮਦਰਦੀ ਤੇ ਉਨ੍ਹਾਂ ਦੀ ਮਦਦ ਕਰਨ ਵਾਲੀ ਅਸਲੀ ਇਨਸਾਨੀਅਤ ਮੌਜੂਦ ਸੀ। ਉਨ੍ਹਾਂ ਨੇ ਪੰਜਾਬ ਦੇ ਵਿਚ ਗਰੀਬ ਬੱਚਿਆਂ ਦੀ ਮਦਦ ਲਈ ਇਕ ਇਨਸਾਨੀਅਤ ਗਰੁੱਪ ਵੀ ਬਣਾਇਆ ਹੋਇਆ ਸੀ ਜਿਸ ਦੇ ਪ੍ਰਬੰਧਕ ਕਰਮ ਸੇਖੋਂ ਯੂ. ਐਸ. ਏ. ਤੋਂ ਹੈ। ਇਸ ਗਰੁੱਪ ਵਲੋਂ ਅਨੇਕਾਂ ਹੀ ਸਕੂਲੀ ਬੱਚਿਆਂ ਦੀਆਂ ਫੀਸਾਂ, ਕਿਤਾਬਾਂ ਅਤੇ ਸਕੂਲੀ ਵਰਦੀਆਂ ਦੀ ਜ਼ਿੰਮੇਵਾਰੀ ਲਈ ਹੋਈ ਸੀ। ਇਸ ਤੋਂ ਬਿਨਾਂ ਉਨ੍ਹਾਂ ਵਿਚ ਇਨਸਾਨ ਦੀ ਅਸਲੀ ਝਲਕ ਮੈਨੂੰ (ਸੰਪਾਦਕ ਸਰੋਕਾਰਾਂ ਦੀ ਆਵਾਜ਼) ਉਨ੍ਹਾਂ ਦੀ ਲਿਖਤ ਤੋਂ ਮਿਲਦੀ ਹੈ ਜੋ ਸਦਾ ਲਈ ਇਨਸਾਫ਼ਪਸੰਦਾਂ ਅਤੇ ਤਰਕ ਦੀ ਗੱਲ ਕਰਨ ਵਾਲਿਆਂ ਵਾਸਤੇ ਰੌਸ਼ਨੀ ਦਿੰਦੀ ਰਹੇਗੀ ਜੋ ਉਨ੍ਹਾਂ ਨੇ 17 ਮਈ 2015 ਨੂੰ ਆਪਣੀ ਫੇਸਬੁੱਕ 'ਤੇ ਲਿਖੀ ਹੈ ਇਸ ਦੀ ਰੂਬਰੂ ਕਾਪੀ ਛਾਪਣ ਦੀ ਕੋਸ਼ਿਸ਼ ਕਰ ਰਹੇ ਹਾਂ।

ਮੈਂ ਗੁਰਪ੍ਰੀਤ ਗਿੱਲ ਇਹ ਗੱਲ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਨਾ ਤਾਂ ਮੈਂ ਨਾਸਤਿਕ ਹਾਂ, ਨਾ ਹੀ ਮੈਂ ਆਸਤਿਕ ਹਾਂ, ਨਾ ਹੀ ਮੈਂ ਕਾਮਰੇਡ ਹਾਂ ਤੇ ਨਾ ਹੀ ਕਿਸੇ ਜਥੇਬੰਦੀ ਨਾਲ ਜੁੜਿਆ ਹੋਇਆ ਹਾਂ। ਮੈਂ ਸਿਰਫ਼ ਤੇ ਸਿਰਫ਼ ਇਨਸਾਨ ਹਾਂ ਤੇ ਇਨਸਾਨੀਅਤ ਨੂੰ ਸਮਰਪਿਤ ਹਾਂ। ਬਾਬਾ ਨਾਨਕ ਜੀ ਦਾ ਪੈਰੋਕਾਰ ਹਾਂ ਤੇ ਬਾਬਾ ਨਾਨਕ ਜੀ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਹਮੇਸ਼ਾ ਕੋਸ਼ਿਸ਼ ਕਰਦਾ ਹਾਂ। ਮੇਰੇ ਲਈ ਸਾਰੀ ਕਾਇਨਾਤ ਸਤਿਕਾਰਯੋਗ ਹੈ ਪਰ ਧਰਮਾਂ ਦੇ ਨਾਂ 'ਤੇ ਸ਼ੈਤਾਨ ਲੋਕ ਭੋਲੇ ਭਾਲੇ ਲੋਕਾਂ ਨੂੰ ਆਪਣੀਆਂ ਰੋਟੀਆਂ ਛੇਕਣ ਲਈ ਅੱਗ ਵੱਲ ਧਕੇਲਦੇ ਹਨ ਉਨ੍ਹਾਂ ਦਾ ਮੈਂ ਵਿਰੋਧੀ ਹਾਂ। ਮੇਰੇ ਲਈ ਕੁਦਰਤ ਜਾਂ ਮਦਰ ਨੇਚਰ ਹੀ ਮੇਰਾ ਰੱਬ ਹੈ। ਮੈਂ ਇਮਾਨਦਾਰੀ ਨਾਲ ਕੀਤੇ ਹੋਏ ਕੰਮ ਵਿਚ ਵਿਸ਼ਵਾਸ ਕਰਦਾ ਹਾਂ ਤੇ ਮੈਨੂੰ ਮਾਣ ਹੈ ਕਿ ਮੈਂ ਦਸਾਂ ਨਹੁੰਆਂ ਦੀ ਕਿਰਤ ਕਰਕੇ ਇਮਾਨਦਾਰੀ ਨਾਲ ਆਪਣਾ ਅਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰ ਰਿਹਾ ਹਾਂ। ਲੋੜਵੰਦਾਂ ਲਈ ਜਿੰਨੇ ਜੋਗਾ ਹਾਂ ਆਪਣੇ ਅਨੁਸਾਰ ਮਦਦ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹਾਂ। ਅਖੌਤੀ ਜਾਤ-ਪਾਤ ਤੋਂ ਮੈਨੂੰ ਨਫ਼ਰਤ ਹੈ ਜ਼ਰੂਰੀ ਨਹੀਂ ਕਿ ਮੈਂ ਹਰ ਕਿਸੇ ਦੀ ਵਿਚਾਰਧਾਰਾ ਨਾਲ ਸਹਿਮਤ ਹੋਵਾਂ ਤੇ ਮੇਰੀ ਵਿਚਾਰਧਾਰਾ ਨਾਲ ਵੀ ਹਰ ਕੋਈ ਸਹਿਮਤ ਹੋਵੇ। ਸਭ ਦੀ ਆਪੋ-ਆਪਣੀ ਸੋਚ ਹੈ ਤੇ ਹਰ ਇਕ ਨੂੰ ਆਪਣੀ ਸੋਚ ਮੁਤਾਬਕ ਜਿਉਣ ਦਾ ਹੱਕ ਹੈ।






# ਨਾਨਕਧਾਰਾ ਦੀਆਂ ਇਤਿਹਾਸਕ ਕਦਰਾਂ ਕੀਮਤਾਂ

ਗੁਰਚਰਨ ਸਿੰਘ ਸਹਿੰਸਰਾ

(ਪਿਛਲੇ ਅੰਕ ਦੀ ਬਾਕੀ)

ਪਰ ਸੂਫੀ ਪੀਰਾਂ ਫਕੀਰਾਂ ਨੇ ਸ਼ਰਹ (ਅਰਬੀ ਸੱਭਿਅਤਾ ਉਤੇ ਅਧਾਰਤ ਧਰਮ ਤੇ ਰਾਜ ਮਰਿਆਦਾ) ਦੀ ਉਹ ਕੱਟੜਤਾ ਨਾ ਰਹਿਣ ਦਿੱਤੀ, ਜੋ ਇਸਲਾਮ ਆਪਣੇ ਨਾਲ਼ ਲੈ ਕੇ ਹਿੰਦੁਸਤਾਨ ਆਇਆ ਸੀ। ਉਹਨਾਂ ਨੇ ਸ਼ਰਹ ਨੂੰ ਹਿੰਦੁਸਤਾਨੀ ਹਾਲਤਾਂ ਨਾਲ਼ ਕਾਫੀ ਹਦ ਤੱਕ ਰਾਸ ਕਰ ਲਿਆ, ਜਿਸ ਨਾਲ਼ ਇਸਲਾਮ ਤਲਵਾਰ ਦੀ ਧੌਂਸ ਤੋਂ ਬਿਨਾਂ ਵੀ ਆਪਣਾ ਪਸਾਰ ਕਰ ਗਿਆ ਤੇ ਪਠਾਣ ਹਾਕਮੀ ਟਕੇ ਭਰਦੇ ਰਹਿਣ ਵਾਲ਼ੇ ਹਿੰਦੂ ਰਾਜਿਆਂ ਨੂੰ ਆਪਣੀ ਆਗਿਆਕਾਰੀ ਵਿੱਚ ਸ਼ਾਮਲ ਕਰਨ ਲੱਗ ਪਈ। ਉਸ ਨੇ ਹਿੰਦੂ ਪੜ੍ਹਿਆਂ ਲਿਖਿਆਂ ਤੋਂ ਰਾਜ ਕਾਜ ਦੇ ਮਾਤਹਿਤੀ ਤੇ ਲੇਖੇ ਜੋਖੇ ਦੇ ਮੁਨੀਮੀ ਕੰਮ ਲੈਣੇ ਆਰੰਭ ਕਰ ਦਿੱਤੇ। ਏਸ ਨਰਮਾਈ ਨਾਲ਼ ਹਿੰਦੂ ਮਾਲਕ ਤੇ ਹਾਕਮ ਜਮਾਤਾਂ ਨੇ ਇਸਲਾਮੀ ਪਠਾਣਾਂ ਦੀ ਅਟੱਲ ਪਰੱਭਤਾ ਨੂੰ ਮੰਨ ਕੇ ਉਸ ਦੀ ਚਾਕਰੀ ਕਰਨੀ ਆਰੰਭ ਦਿੱਤੀ। ਏਸ ਤਰ੍ਹਾਂ ਮੁਸਲਿਮ ਤੇ ਹਿੰਦੂ ਹਾਕਮ ਜਮਾਤਾਂ ਨੇ ਆਪਸੀ ਜਮਾਤੀ ਰਸਰਸਾਈ ਕਰ ਲਈ।

(ਹ) ਇਸਲਾਮ ਦੀ ਹਿੰਦੂਸੱਤਾ (ਹਿੰਦੂ ਹਾਕਮ ਜਮਾਤ) ਉੱਤੇ ਮਾਰ ਲਈ ਹੋਈ ਅਜਿਤ ਪਲਾਕੀ ਨੇ ਹਿੰਦੁਸਤਾਨ ਦੇ ਕਿਰਤੀ ਵਰਣਾਂ ਅੰਦਰੋਂ ਜੁਗਾਂ ਤੋਂ ਧਸਾਈ ਤੁਰੀ ਆ ਰਹੀ ਉੱਚ ਵਰਣਾਂ ਦੀ 'ਪ੍ਰਮੇਸ਼ਵਰੀ ਅਜਿੱਤਤਾ' ਦਾ ਭਰਮ-ਭਉ ਤੋੜ ਦਿੱਤਾ। ਇਸਲਾਮੀ ਸਮਾਜ ਦੀ ਵਰਨਾਂ ਤੋਂ ਬਿਨਾਂ ਚਾਲੂ ਹੋ ਗਈ ਹੋਈ ਨਵੀਂ ਤੇ ਅਟੱਲ ਤੇ ਵਿਜਈ ਤੌਰ 'ਤੇ ਪਰਭਾਵ ਤੇ ਹਿੰਦੂ ਮਾਲਕ ਜਮਾਤਾਂ ਦੀ ਇਸਲਾਮੀ ਮਲੇਛ ਨਾਲ਼ ਕਰ ਲਈ ਹੋਈ ਰਸਰਸਾਈ ਨੇ ਇਹਨਾਂ ਦੱਬੇ ਹੋਏ ਵਰਣਾਂ ਅੰਤਰ ਵਰਨ ਵੰਡ ਦੀ ਹੀਣਤਾ ਦਾ ਅਹਿਸਾਸ ਤੇ ਬ੍ਰਾਹਮਣ ਤੋਂ ਧਾਰਮਕ ਖਹਿੜਾ ਛੁਡਾਉਣ ਦੇ ਭਾਵ ਪੈਦਾ ਕਰ ਦਿੱਤੇ ਤੇ ਇਹਨਾਂ ਵਿੱਚੋਂ ਕਈ ਸੋਚਵਾਨ ਬੰਦਿਆਂ ਨੇ



ਕਰਿਸ਼, ਰਾਮ, ਸ਼ਿਵ, ਵਿਸ਼ਨੂੰ, ਦੁਰਗਾ ਤੇ ਕਾਲੀ ਆਦਿ ਪੂਜਾਂ ਵਿੱਚੋਂ ਕਿਸੇ ਇੱਕ ਨੂੰ ਮੁਸਲਮਾਨਾਂ ਵਾਂਗ ਆਪਣਾ ਇਕਲੇਰਾ ਇਸ਼ਟ ਮਿਥ ਕੇ ਓਸੇ ਨੂੰ ਸੰਸਕਿਰਤ ਦੀ ਥਾਂ ਆਪੋ ਆਪਣੀ ਹੰਗ ਦੀਆਂ ਜ਼ਬਾਨਾਂ ਵਿੱਚ ਗਾਉਣਾ ਤੇ ਧਿਆਉਣਾ ਸ਼ੁਰੂ ਕਰ ਲਿਆ। ਇਹ ਭਗਤੀ ਲਹਿਰ ਅਖਵਾਈ। ਸਮਾਂ ਪਾ ਕੇ ਇਹ ਸਾਰੇ ਹਿੰਦੁਸਤਾਨ ਦਾ ਵਰਤਾਰਾ ਹੋ ਗਈ, ਜੋ ਬ੍ਰਾਹਮਣ ਦੀ ਰਾਜ ਪ੍ਰਮੁੱਖਤਾ ਵਿਰੁੱਧ ਕਿਰਤੀ ਵਰਨਾਂ ਤੇ ਸੰਸਕਿਰਤ ਦੇ ਛੱਪੇ ਵਿਰੁੱਧ ਇਲਾਕਾਈ ਲੋਕ ਜ਼ਬਾਨਾਂ ਦੀ ਬਗਾਵਤ ਦਾ ਪਰਿਥਮੀ ਉਭਾਰ ਸੀ। (ਏਸ ਲਹਿਰ ਦਾ ਇਹ ਅਧਿਆਤਮਕ ਕਦਮ ਦਰਅਸਲ ਹਿੰਦੀ ਸਮਾਜ ਨੂੰ ਦੱਬੀ ਬੈਠੀਆਂ ਹਿੰਦੂ ਤੇ ਮੁਸਲਮ ਹਾਕਮ ਜਮਾਤਾਂ ਵਿਰੁੱਧ ਇੱਕ ਤਰ੍ਹਾਂ ਦਾ ਪਦਾਰਥਕ (ਸਿਆਸੀ) ਉੱਦਮ ਸੀ।) ਹਿੰਦੁਸਤਾਨ ਅੰਦਰ ਭਗਤੀ ਲਹਿਰ ਦੇ ਪੁੰਗਾਰ ਤੇ ਪੰਜਾਬ ਦੀਆਂ ਉੱਤੇ ਦੱਸੀਆਂ (ਪਦਾਰਥਕ ਤੇ ਅਧਿਆਤਮਕ) ਇਤਿਹਾਸਕ ਹਾਲਤਾਂ ਅੰਦਰ ਨਾਨਕ ਨੇ ਇਤਿਹਾਸ ਵਿੱਚ ਪਰਵੇਸ਼ ਕੀਤਾ। ਇਹੋ ਜਿਹੀਆਂ ਭੇੜੂ, ਪੇਚਦਾਰ ਤੇ ਅਸਪੱਸ਼ਟ ਹਾਲਤਾਂ ਨਾਨਕ ਤੋਂ ਪਹਿਲਾਂ ਕਿਸੇ ਵੀ ਹੋਰ ਧਰਮ ਦੇ ਕਹੇ ਜਾਂਦੇ ਬਾਨੀ ਨੂੰ ਪੇਸ਼ ਨਹੀਂ ਆਈਆਂ। ਨਾ ਰਾਮ, ਨਾ ਕਰਿਸ਼ਨ, ਨਾ ਪਾਂਡਵਾਂ, ਨਾ ਬੁੱਧ, ਨਾ ਈਸਾ ਤੇ ਨਾ ਮੁਹੰਮਦ ਨੂੰ।

ਇਹਨਾਂ ਪੰਦਰ੍ਹਵੀਂ ਸਦੀ ਦੂਹਾਂ ਵਿਰੋਧੀ ਧਰਮਾਂ ਤੇ ਸਿਆਸਤਾਂ ਦੇ ਭੇੜਾਂ ਦੇ ਨਿੱਤ ਦਿਹਾੜੀ ਦੇ ਖੌਰੂ ਤੋਂ ਜਾਨ ਛੁਡਾ ਕੇ ਮਾਲਕ ਜੱਟ ਬਰਾਦਰੀ ਆਂਦੀ ਪ੍ਰਧਾਨਤਾ ਵਾਲ਼ੇ ਸਮਾਜ ਦੇ ਇਤਿਹਾਸ ਨੂੰ ਉੱਨਤੀ ਦੇ ਅਗਲੇ ਜੁਗ ਵੱਲ ਲੈ ਜਾਣਾ, ਪੰਜਾਬੀ ਲੋਕਾਂ ਦਾ ਇੱਕ ਮਹਾਨ ਇਤਿਹਾਸਕ ਕਾਰਜ ਸੀ, ਜੋ ਸਦੀਆਂ ਤੋਂ ਅਨਪੂਰਿਆ ਪਿਆ ਸੀ। ਏਸ ਕਾਰਜ ਨੂੰ ਪਛਾਨਣ ਤੇ ਏਸ ਨੂੰ ਸਿੱਧੀ ਵਾਲ਼ੇ ਰਸਤੇ ਪਾਉਣ ਦਾ ਸਿਹਰਾ ਨਾਨਕ ਦੇ ਸਿਰ ਬੱਝਾ।

ਓਸ ਸਮੇਂ ਬਰਾਦਰੀਆਂ ਕਬੀਲੇ ਅਜ਼ਾਦ ਸਨ। ਹੁਣ ਏਥੇ ਸਿਆਸੀ ਤੇ ਧਾਰਮਕ ਤੌਰ 'ਤੇ ਮੁਸਲਿਮ ਹਕੂਮਤ/ਹਿੰਦੂ ਸਮਾਜ ਦੇ ਪੁੜਾਂ ਵਿੱਚ ਆਏ ਹੋਏ ਸਨ। ਏਸ ਲਈ ਹਿੰਦੂ ਧਰਮ ਤੋਂ ਅੱਡ ਹੋ ਕੇ ਮੁਗਲ ਗੁਲਾਮੀ ਤੋਂ ਛੁਟਕਾਰਾ ਪਾ ਕੇ ਹੀ ਬਰਾਦਰੀਆਂ ਆਪਣੇ ਵਿਕਾਸ ਦੀ ਮੰਜ਼ਿਲੇ ਤੁਰ ਆਪਣੀ ਕੌਮੀ (ਪੰਜਾਬੀ) ਇਕਰਾਜਤਾ ਸਥਾਪਤ ਕਰ ਸਕਦੀਆਂ ਸਨ। ਜਗਤ ਇਤਿਹਾਸ ਦੱਸਦਾ ਹੈ ਕਿ ਕਿਸਾਨ ਆਪਣੇ ਆਪ ਕਦੇ ਨਹੀਂ ਉੱਠਿਆ। ਉਸਦੀ ਨਿੱਜੀ ਪੈਦਾਵਾਰ ਉਸ ਨੂੰ ਦੂਸਰਿਆਂ ਤੋਂ ਅੱਡਰਾ ਰੱਖਦੀ ਹੈ ਤੇ ਇੱਕਮੁੱਠ ਹੋਣ ਨਹੀਂ ਦਿੰਦੀ। ਏਸ ਲਈ ਇਹ ਵਿਕਾਸ ਕਬੀਲੇ ਖੁਦ ਨਹੀਂ ਕਰ ਸਕਦੇ, ਭਾਵੇਂ ਉਹਨਾਂ ਕਿੰਨੀਆਂ ਹੀ ਬਗਾਵਤਾਂ ਕੀਤੀਆਂ ਹੋਣ। ਪੰਜਾਬ ਵਿੱਚ ਵੀ ਏਸੇ ਤਰ੍ਹਾਂ ਹੋਇਆ ਮੁਹੰਮਦ ਲਤੀਫ ਲਿਖਦਾ ਹੈ :

ਪੰਜਾਬ ਦੀ ਗਖੜ ਬਰਾਦਰੀ ਨੇ ਮੁਹੰਮਦ ਗੌਰੀ ਵਿਰੁੱਧ 23ਵੀਂ ਸਦੀ ਚੜ੍ਹਦਿਆਂ ਬਗਾਵਤ ਕੀਤੀ (ਸਫਾ 94), 1247 ਵਿੱਚ ਫੇਰ ਝੰਡਾ ਚੁੱਕਿਆ (99), ਮਲਕ ਹੈਦਰ ਖਾਂ ਦੀ ਸਰਦਾਰੀ ਹੇਠ 1341 ਵਿੱਚ ਤੁਗਲਕਾਂ ਵਿਰੁੱਧ ਉੱਠ ਖੜੇ ਹੋਏ (109), 1394 ਵਿੱਚ ਸ਼ੇਖੇ ਗੱਖੜ ਨੇ ਬਰਾਦਰੀ ਫੌਜ ਲੈ ਕੇ ਵਿਦਰੋਹ ਲੜਿਆ (112), ਫੇਰ ਸ਼ੇਖੇ ਦੇ ਪਰਾ ਜੱਸ (ਜਸਰਤ) ਨੇ 1421 ਤੋਂ 1427 ਤੱਕ ਜਿੱਤਦੇ ਹਾਰਦੇ ਲਾਹੌਰ ਸਣੇ ਕੇਂਦਰੀ ਪੰਜਾਬ ਤੇ ਕਬਜ਼ਾ ਕਰੀ ਰੱਖਿਆ ਤੇ ਛੇ ਸਾਲ ਫਿਊਡਲ ਸ਼ਾਹ ਬਣਿਆ ਰਿਹਾ। (117-119) ਇਹ ਪੰਜਾਬ ਦੀ ਧਰਤੀ ਉੱਤੇ ਪੰਜਾਬ ਦਾ ਪਹਿਲਾ ਰਾਜ ਸੀ, ਜੋ ਬਚਪਨ ਵਿੱਚ ਹੀ ਮਰ ਗਿਆ। 1562 ਵਿੱਚ ਆਦਮ ਗੱਖੜ ਨੇ ਅਕਬਰ ਵਿਰੁੱਧ ਬਗਾਵਤ ਕੀਤੀ (138)। ਮੁਹੰਮਦ ਕਾਸਮ ਫਰਿਸ਼ਤਾ ਵੀ ਏਸਦੀ ਤਸਦੀਕ ਕਰਦਾ ਹੈ (ਜਹੁਨ ਬਰਿਗਜ਼, ਅੰਗਰੇਜ਼ੀ ਤਰਜਮਾ ਸਫਾ 213)।

ਫੇਰ ਇਹ ਕਰਦਾ ਕੌਣ ? ਹਿੰਦੂ ਹਾਕਮ ਜਮਾਤ ਏਸ ਕੰਮ ਲਈ ਨਪੁੰਨਸਕ ਹੋ ਚੁੱਕੀ ਸੀ। (ਡਾ. ਗੋਲਕਚੰਦ ਨਾਰੰਗ, ਟਰਾਂਸਫਾਰਮੇਸ਼ਨ ਆਫ ਸਿਖਿਜ਼ਮ, ਸਫਾ 19) ਜੁਗਾਂ ਜੁਗਾਂਤਰਾਂ ਤੋਂ ਵਰਣ ਆਸ਼ਰਮ ਵਿੱਚ ਬੱਝਾ ਹੋਇਆ ਹਿੰਦੂ ਸਮਾਜ ਗੰਢੋਂ ਹੀ ਨਹੀਂ ਸੀ। (ਟਰੈਵੈਸਕੀਸ, ਸਫੇ 55-57) ਅਧਿਆਤਮਕ ਤੌਰ 'ਤੇ ਬ੍ਰਾਹਮਣਾਂ ਦੀ ਚੌਧਰ ਹੇਠ ਦੱਬਿਆ ਮਜ਼ਹਬੀ ਤੌਰ 'ਤੇ ਅਨੇਕਾਂ ਪੂਜਾ (ਦੇਵੀ ਦੇਵਤਿਆਂ ਤੇ ਅਵਤਾਰਾਂ ਦੀਆਂ ਮਨਾਉਤਾਂ) ਦਾ ਪੂਜਕ ਤੇ ਸਿਆਸੀ ਤੌਰ 'ਤੇ ਆਪਸ ਵਿੱਚ ਖਹਿਬੜ ਤੇ ਲੜ ਮਰ ਰਹੇ ਬੇਅੰਤ ਨਿੱਕੇ ਨਿੱਕੇ ਰਜਵਾੜਿਆਂ (ਫਿਊਡਲ ਰਿਆਸਤਾਂ) ਵਿੱਚ ਖੱਖੜੀ ਹੋਇਆ ਪਿਆ ਸੀ। ਜਿਸ ਕਾਰਨ ਹਿੰਦੂ ਸਮਾਜ ਵਿੱਚ ਕੋਈ ਸਰਬ ਏਕੇ ਦੀ ਭਾਵਨਾ ਅਰਥਾਤ ਕੌਮੀ ਸੋਝੀ ਨਾ ਉਪਜ ਸਕੀ। (ਡਾ. ਨਾਰੰਗ, ਸਫਾ 80) ਏਸੇ ਕਰਕੇ ਉਹ ਬਾਹਰਲੇ ਹਮਲਾਵਰਾਂ ਅੱਗੇ ਦਮ ਨਹੀਂ ਮਾਰਦਾ ਰਿਹਾ। ਪੰਜਾਬ ਵਿੱਚ ਤਾਂ ਏਸ ਦੀ ਸਿਆਸੀ ਚੌਧਰ ਇਸਲਾਮੀ ਰਾਜ ਨੇ ਚਿਰੌਕਣੀ ਖੋਹ ਲਈ ਹੋਈ ਸੀ।

ਕਬੀਲੇ ਦੇ ਸਰਦਾਰਾਂ ਦੇ ਵੱਡੀਆਂ ਵੱਡੀਆਂ ਸ਼ਹਿਨਸ਼ਾਈਆਂ ਵਿਰੁੱਧ ਹਥਿਆਰੀ ਬਗਾਵਤ ਕਰਕੇ ਫਿਊਡਲ ਬਾਦਸ਼ਾਹ ਬਣ ਜਾਣ ਦਾ ਵੇਲ਼ਾ ਵਿਹਾ ਗਿਆ ਸੀ। ਹੁਣ ਤਾਂ ਕਿਸੇ ਅਧਿਆਤਮਕ ਆਗੂ ਵੱਲੋਂ ਕਬੀਲਿਆਂ ਅੰਦਰ ਕੌਮੀ ਭਾਵਨਾ ਪੈਦਾ ਕਰਕੇ ਹੀ ਇਹਨਾਂ ਸ਼ਹਿਨਸ਼ਾਈਆਂ ਨੂੰ ਉਲਟਾਇਆ ਤੇ ਕੌਮੀ ਰਾਜਸੱਤ੍ਹਾ ਸਥਾਪਤ ਕੀਤੀ ਜਾ ਸਕਦੀ ਸੀ। ਹਿੰਦੁਸਤਾਨ ਅੰਦਰ ਕੌਮੀ ਭਾਵਨਾ ਦਾ ਵਿਚਾਰ ਨਾਨਕ ਬਾਣੀ ਨੇ ਪੇਸ਼ ਕੀਤਾ ਤੇ ਪੁਸ਼ਤ ਦਰ ਪੁਸ਼ਤ ਚਲਾ ਕੇ ਸਫਲ ਬਣਾਇਆ।

ਨਾਨਕਧਾਰਾ ਦੀ ਮੰਨਤਾ ਦੇ ਨਿੱਕਲੇ ਪਦਾਰਥਵਾਦੀ ਸਿੱਟੇ ਵੇਖਣ ਲਈ ਸੰਬਾਦਕੀ ਕਨੂੰਨ ਦਾ ਇਤਿਹਾਸਕ ਵਰਤਾਰਾ ਵਾਚਣਾ ਬਹੁਤ ਜਰੂਰੀ ਹੈ, ਜੋ ਸਮਾਜ ਦੇ ਵਿਕਾਸ ਦਾ ਮੂਲ ਸੂਤਰ ਹੈ।

ਕੌਮ ਤੇ ਏਸ ਦੇ ਇਕਸੇ ਸਰਦਾਰ ਦੀ ਭਾਵਨਾ ਉਪਜਨ ਲਈ ਪਹਿਲ ਪਰਿਥਮ ਦੇ ਸਾਂਝ ਭਿਆਲੀ ਦੀ ਪੈਦਾਵਾਰ ਵਾਲ਼ੇ ਗੁਲਾਮੀ ਵਿੱਚ ਗਰੱਸਤ ਕਬੀਲਦਾਰ ਜੁਗ ਤੋਂ ਜਾਗੀਰਦਾਰ ਸਰਦਾਰੀਆਂ ਤੇ ਫੇਰ ਉਤਾਂਹ ਪੁਰਖੀ ਮਹਾਰਾਜਤਾ ਦਾ ਜੁਗ ਆਉਣਾ ਲਾਜ਼ਮੀ ਹੈ। ਸਰਮਾਏਦਾਰਾ ਯੁੱਗ ਆਉਣ ਤੋਂ ਪਹਿਲਾਂ ਇਹ ਇਤਿਹਾਸ ਦੀ ਲਾਜ਼ਮੀ ਸ਼ਰਤ ਰਹੀ ਹੈ। ਕਬੀਲਿਆਂ ਤੋਂ ਜਗੀਰਦਾਰ ਪਲਟੇ ਦੀ ਤੋਰ ਜਦ ਤੁਰਦੀ ਹੈ, ਜਦ ਕਬੀਲਿਆਂ ਅੰਦਰ ਵਾਹੀ ਦੀ ਪੈਦਾਵਾਰ ਤੋਂ ਹਟ ਕੇ (ਅਜ਼ਾਦ ਹੋ ਕੇ) ਦਸਤਕਾਰੀ ਤੇ ਵਪਾਰ ਦੇ ਕਿੱਤੇ ਤੁਰ ਪੈਂਦੇ ਹਨ ਤੇ ਵਾਹੀ ਅਤੇ ਦਸਤਕਾਰੀ ਦੀ ਪੈਦਾਵਾਰ ਵਿੱਚ ਇੱਕ ਦੂਜੇ ਨਾਲ਼ ਵਸਤਾਂ ਦੀ ਵਟ-ਵਟਾਈ ਆਰੰਭ ਹੋ ਜਾਂਦੀ ਹੈ। ਇਤਿਹਾਸ ਸਾਖੀ ਹੈ ਕਿ ਦੁਨੀਆਂ ਦੇ ਹਰ ਤਖਤੇ ਉੱਤੇ ਜਗੀਰਦਾਰ ਜੁਗ ਵੱਲ ਵਧਣ ਦੀ ਚੇਸ਼ਟਾ ਤੇ ਪਹਿਲ, ਜਿੱਥੇ ਕਿਤੇ ਵੀ ਹੋਈ ਹੈ, ਪੈਦਾਵਾਰ ਦੀ ਏਸ ਨਵੀਂ ਕਿਰਤ ਦੇ ਅੰਸ਼ਾਂ ਨੇ ਹੀ ਕੀਤੀ। ਜਿਨ੍ਹਾਂ ਨੂੰ ਮਾਰਕਸ ਨੇ ਅੱਜ ਦੀ ਬੁਰਜੂਆਜੀ ਦਾ ਪਹਿਲ ਪਰਿਥਮੀ ਬਿਆੜ ਆਖਿਆ ਹੈ। ਉਹ ਜਮੀਨ ਦੀ ਮਾਲਕੀ ਤੇ ਓਸ ਤੋਂ ਹੋ ਰਹੀ ਪੈਦਾਵਾਰ ਤੋਂ ਤਾਂ ਬੇਸ਼ੱਕ ਨਿਆਰੇ ਸਨ, ਪਰ ਨਾਬਰ ਨਹੀਂ। ਉਹਨਾਂ ਦਾ ਵਣਜ ਵਿਹਾਰ ਤੇ ਦਸਤਕਾਰੀ (ਹੱਥ ਕਿਰਤ) ਜ਼ਮੀਨੀ ਪੈਦਾਵਾਰ ਵਿੱਚ ਬੱਝੇ ਹੋਏ ਲੋਕਾਂ ਨਾਲ਼ ਹੀ ਸਬੰਧਤ ਸੀ। ਏਸ ਲਈ ਉਹਨਾਂ ਦੀ ਪੈਦਾਵਾਰ ਦੀ ਪ੍ਰਕਾਰ ਵੀ ਜ਼ਮੀਨੀ ਪੈਦਾਵਾਰ ਦੇ ਤਰੀਕਾਕਾਰ ਦੀ ਅੰਗੀਕਾਰ ਤੇ ਮੁਥਾਜ ਸੀ। ਉਹਨਾਂ ਨੂੰ ਆਪਣੇ ਵਣਜ ਵਪਾਰ ਦੇ ਮਾਲ ਨੂੰ ਦਸਉਰ ਲਿਜਾਣ ਲਈ ਅਨੇਕ ਪ੍ਰਕਾਰ ਦੇ ਨਿੱਕੇ ਨਿੱਕੇ ਕਬੀਲਿਆਂ ਦੇ ਸਰਦਾਰਾਂ ਦੀ ਹੱਦੇ ਵਿੱਚ ਦੀ ਲੰਘਾਉਣਾ ਪੈਂਦਾ, ਜਿਸਦਾ ਹਰ ਸਰਦਾਰ ਨੂੰ ਮਸੂਲ ਦੇਣਾ ਹੁੰਦਾ ਸੀ। ਇਹ ਮਸੂਲਾਂ ਦੀ ਬਹੁਤਾਤ ਦਸਉਰ ਜਾਂਦੇ-ਆਂਦੇ ਮਾਲ ਨੂੰ ਬਹੁਤ ਮਹਿੰਗਾ ਕਰ ਦਿੰਦੀ ਸੀ। ਜਿਸ ਦਾ ਮੰਡੀ ਵਿੱਚ ਵਿਕਣਾ ਰਹਿ ਜਾਂਦਾ ਸੀ। ਏਸ ਜਮਾਤ ਦੇ ਅੰਸ਼ਾਂ ਨੂੰ ਹੀ ਏਸ ਹੰਨੇ-ਹੰਨੇ ਸਰਦਾਰੀ ਉੱਤੇ ਗੁੱਸਾ ਆਉਂਦਾ ਤੇ ਇਹਨਾਂ ਨੂੰ ਕਿਸੇ ਵੱਡੇ ਰਾਜ ਵਿੱਚ ਪਰਤਣ ਦੇ ਵਿਚਾਰ ਉਠਦੇ ਤਾਂ ਜੋ ਉਹ ਇੱਕੇ ਥਾਂ ਮਸੂਲ ਭਰ ਸਕਣ ਤੇ ਉਹਨਾਂ ਦੇ ਮਾਲ ਦੀ ਕਿਸੇ ਸਵਾਮੀ ਹੱਥੋਂ ਰੱਖ ਹੋ ਸਕੇ। ਏਸ ਲਈ ਉਹ, ਏਸ ਨਵੀਂ ਪ੍ਰਕਾਰ ਦੀ ਪੈਦਾਵਾਰ ਦੇ ਮੋਢੀਆਂ ਦੇ ਸੋਚਵਾਨ ਪੁਰਸ਼ ਹੀ ਸਨ, ਜਿਨ੍ਹਾਂ ਨੇ ਕਬੀਲਿਆਂ ਦੇ ਲੋਕਾਂ ਦੇ ਵਿਚਾਰਾਂ ਨੂੰ ਆਪਣੇ ਮਗਰ ਲਾਉਣ ਲਈ ਅੱਡੋ ਅੱਡ ਕਬੀਲਿਆਂ ਦੇ ਨਿੱਕੇ-ਨਿੱਕੇ ਪੂਜਾਂ ਦੀ ਥਾਂ ਜਾਂ ਉੱਤੋਂ ਦੀ ਇੱਕ ਪ੍ਰਮੁੱਖ ਪੂਜ ਦੀ ਪਿਰਤ ਚਲਾਈ। ਏਸ ਨੂੰ ਉਹਨਾਂ ਨੇ ਨਵੇਂ ਧਰਮ ਦਾ ਨਾਉਂ ਦਿੱਤਾ। ਕਬੀਲਿਆਂ ਦੇ ਆਪੋ ਆਪਣੇ ਪੂਜਾਂ ਨਾਲ਼ੋਂ ਓਸ ਕਿਸੇ ਸਰਵੋਤਮ ਪੂਜ ਨੂੰ ਮੰਨਣ ਦੇ ਉਪਦੇਸ਼ ਦਿੱਤੇ ਤੇ ਫੇਰ ਮਗਰੋਂ ਏਸ ਇਸ਼ਟ ਦੇ ਨਾਂ 'ਤੇ ਤਲਵਾਰਾਂ ਚੁੱਕ ਕੇ ਰਾਜਸੱਤ੍ਹਾ ਧਾਰਨ ਕਰ ਲਈ। ਉਪਰੰਤ ਆਪ ਜਾਂ ਉਹਨਾਂ ਦੇ ਨਾਮਲੇਵਾ ਕਬੀਲਿਆਂ ਦੇ ਸਰਦਾਰਾਂ ਦੇ ਉੱਤੋਂ ਦੀ ਹੋ ਕੇ ਕੌਮ ਦੀ ਸਮੁੱਚੀ ਰਾਜਸੱਤਾ ਦੇ ਸਾਂਈ ਬਣ ਗਏ। ਫੇਰ ਆਸੇ ਪਾਸੇ ਦੇ ਦੇਸ਼ਾਂ ਨੂੰ ਫੌਜਾਂ ਦੇ ਜ਼ੋਰ ਫਤਹਿ ਕਰਕੇ ਉਹ ਆਪਣੀ ਧਰਮਸੱਤਾ ਨੂੰ ਖੁੱਲੀ ਡੁੱਲ੍ਹੀ ਰਾਜ ਸ਼ਕਤੀ ਬਣਾ ਦਿੰਦੇ ਰਹੇ। ਜਿਸ ਦੀ




ਵਿਆਪਕਤਾ ਨਾਲ਼ ਆਪਣੇ ਮਾਤਹਿਤ ਕਰ ਲਏ ਗਏ ਕਬੀਲਿਆਂ ਦੇ ਮੁਖੀਆਂ ਤੇ ਗੁਲਾਮਦਾਰਾਂ ਨੂੰ ਜਾਗੀਰਦਾਰੀ ਸਰਦਾਰੀਆਂ ਦੇਈ ਜਾਣ ਦਾ ਸਿਸਟਮ ਤੁਰ ਪੈਂਦਾ ਤੇ ਅਗਾਂਹ ਫ਼ੌਜੀ ਬਲ ਦੇ ਜ਼ੋਰ ਸ਼ਹਿਨਸ਼ਾਹੀਆਂ (ਮਹਾਰਾਜਤਾਵਾਂ) ਬਣ ਜਾਂਦਾ ਰਿਹਾ। ਹਿੰਦੂ, ਇਸਾਈਆਂ, ਬੁੱਧ, ਮੁਸਲਮਾਨਾਂ, ਯੂਰਪ ਦੀਆਂ ਬਾਦਸ਼ਾਹੀਆਂ ਤੇ ਪੰਜਾਬ ਦਾ ਸਿੱਖ ਰਾਜ ਏਸ ਇਤਿਹਾਸਕ ਪਦਾਰਥਕਵਾਦੀ ਵਿਆਪਕਤਾ (ਸੱਚ) ਦੀ ਗਵਾਹੀ ਦਿੰਦੇ ਹਨ।

ਹਿੰਦੁਸਤਾਨ ਅੰਦਰ, ਏਸ਼ੀਆ ਦੇ ਕਈ ਹੋਰਨਾਂ ਦੇਸਾਂ ਵਾਂਗ ਜਗੀਰਦਾਰੀ ਮਹਾਰਾਜਤਾਵਾਂ ਦੇ ਪਤਾ ਨਹੀਂ ਕਿੰਨੇ ਦੌਰ ਆਏ ਤੇ ਗਏ। ਪਰ ਦਸਤਕਾਰੀ ਦੇ ਸਨਅਤ ਵਿੱਚ ਨਾ ਉੱਨਤ ਕਰ ਸਕਣ ਕਾਰਨ ਹਿੰਦੀ ਸਮਾਜ ਅਗਾਂਹ ਸਰਮਾਇਆਦਾਰ ਦੌਰ ਵੱਲ ਨਾ ਵਧ ਸਕਿਆ। ਇਹ ਮਹਾਰਾਜਤਾਵਾਂ ਸਮੇਂ ਸਮੇਂ ਹੰਢ-ਵਰਤ ਕੇ ਢਹਿ-ਢੇਰੀ ਹੋ ਜਾਂਦੀਆਂ ਰਹੀਆਂ। ਇਹ ਮਹਾਰਾਜਤਾਵਾਂ, ਸਰਮਾਇਆਦਾਰ ਅੰਸ਼ ਦੀ ਘਾਟ ਕਰਕੇ, ਹਿੰਦੂ ਵਰਣਵੰਡ ਤੇ ਕਬਾਇਲੀ ਇਕਾਈਆਂ ਦੇ ਸਮਾਜ ਨੂੰ ਨਾ ਤੋੜ ਸਕੀਆਂ, ਜੋ ਕੰਮ ਸਨਅਤੀ ਬੁਰਜੁਆਜੀ ਦਾ ਸਰਮਾਇਆਦਾਰ ਜੁਗ ਹੀ ਕਰ ਸਕਦਾ ਹੈ। ਏਸ ਜੁਗਾਂ ਲੰਮੀ ਇਤਿਹਾਸਕ ਖੜੋਤ ਕਾਰਨ ਹਿੰਦੂ ਸਮਾਜ ਆਪਸ ਵਿੱਚ ਖਹਿਬੜ ਰਹੇ ਕਬੀਲਿਆਂ, ਭਿੜ ਰਹੇ ਰਜਵਾੜਿਆਂ ਤੇ ਲੜ ਮਰ ਰਹੇ ਮਹਾਰਾਜਿਆਂ ਦਾ ਹੀ ਖਲ਼ਜਗਣ ਬਣਿਆ ਰਿਹਾ। ਜਿਸ ਕਰਕੇ ਏਸ ਵਿੱਚ ਕੋਈ ਕੌਮੀ ਭਾਵਨਾ ਉਤਪੰਨ ਨਾ ਹੋ ਸਕੀ। ਏਸ ਤਰ੍ਹਾਂ ਦੇ ਖਲ਼ਜਗਣਾਂ ਭਰੇ ਇਤਿਹਾਸ ਦੀ ਜੁਗਾਂ ਬੱਧੀ ਲੰਮਾਈ ਨੇ ਹਿੰਦੂ ਸਮਾਜ ਨੂੰ ਅਧਿਆਤਮਕ ਤੌਰ 'ਤੇ ਅਨੇਕਤਾ ਵਿੱਚ ਖਿੰਡਾਰ, ਧਾਰਮਕ ਤੌਰ 'ਤੇ ਬ੍ਰਾਹਮਣ ਦੇ ਵੱਸ ਪਾ ਤੇ ਰਾਜਸੀ ਤੌਰ 'ਤੇ ਨਿੱਕਿਆਂ ਰਜਵਾੜਿਆਂ ਵਿੱਚ ਬਬਰੀਆਂ ਕਰ ਛੱਡਿਆ।

ਮੁਸਲਿਮ ਸਮਾਜ ਸ਼ਹਿਨਸ਼ਾਹੀਆਂ ਦਾ ਤਾਜਾ ਸਮਾਜ ਸੀ। ਬਗ਼ਦਾਦ ਦੀ ਖਿਲਾਫਤ ਦੇ ਕਮਜ਼ੋਰ ਹੋ ਜਾਣ ਦੇ ਬਾਵਜੂਦ ਏਸ ਦੀਆਂ ਭਿੰਨ-ਭਿੰਨ ਦੇਸਾਂ ਵਿੱਚ ਕੌਮੀ ਸ਼ਹਿਨਸ਼ਾਹੀਆਂ ਚੱਲ ਰਹੀਆਂ ਸਨ। ਹਿੰਦੁਸਤਾਨ ਵਿੱਚ ਰਾਜ ਕਰਦਿਆਂ ਇਹਨਾਂ ਨੂੰ ਛੇ ਸੌ ਸਾਲ ਹੋ ਗਏ ਸਨ ਤੇ ਏਸ ਸਮੇਂ ਵਿੱਚ ਲਗਭਗ 9 ਟੱਬਰਾਂ (ਘਰਾਣਿਆਂ) ਨੇ ਮਹਾਰਾਜਗੀਆਂ ਭੋਗੀਆਂ ਸਨ। ਲੋਧੀ ਸੁਲਤਾਨਾਂ ਤੋਂ ਬਾਬਰ ਨੇ 1526 ਵਿੱਚ ਰਾਜ ਖੋਹ ਕੇ ਮੁਗ਼ਲ ਸ਼ਹਿਨਸ਼ਾਹੀ ਸਥਾਪਤ ਕਰ ਦਿਤੀ।

ਪੰਜਾਬ ਅੰਦਰ ਤੀਜੀ ਧਿਰ ਮਾਲਕ ਜੱਟ ਜ਼ਿਮੀਦਾਰ ਬਰਾਦਰੀਆਂ ਦੀਆਂ ਪੋਂਡੂ ਇਕਾਈਆਂ ਵਿੱਚ ਵੰਡਿਆਂ ਹੋਇਆ ਅਣਗਿਣਤ ਚੌਧਰਾਂ ਦਾ ਸਮਾਜ ਪ੍ਰਧਾਨ ਸੀ। ਜੋ ਹਿੰਦੂ ਧਰਮਸੱਤਾ ਤੇ ਮੁਸਲਿਮ ਰਾਜਸੱਤਾ ਦੁਹਾਂ ਤੋਂ ਤੰਗ ਸੀ। ਹਿੰਦੂ ਧਰਮਸੱਤਾ ਇਹਨਾਂ ਨੂੰ ਅਨਆਰੀਆ ਹੋਣ ਕਰਕੇ ਨੀਚ ਸਮਝਦੀ ਸੀ, ਭਾਵੇਂ ਦਿੱਤਾ ਇਹਨਾਂ ਦਾ ਹੀ ਖਾਂਦੀ ਸੀ। ਪੰਜਾਬ ਅੰਦਰ ਵਾਹੀਯੋਗ ਜ਼ਮੀਨਾਂ ਦੇ ਅਮੁੱਕ ਵਿਸਥਾਰ ਨੇ ਇਹਨਾਂ ਨੂੰ ਜ਼ਮੀਨਾਂ ਮੱਲਣ ਮਲਾਉਣ ਲਈ ਰਾਜਪੂਤਾਂ ਵਾਂਗ ਆਪਸ ਵਿੱਚ ਲੜ ਲੜ ਕੇ ਮਰਨ ਦਾ ਮੌਕਾ ਨਾ ਦਿੱਤਾ। ਜ਼ਮੀਨ ਦੀ ਤੰਗੀ ਵੇਲ਼ੇ ਬਰਾਦਰੀਆਂ ਦੇ ਕੁਝ ਜੀਅ ਮਖੀਰ ਦੇ ਟੱਬਰਾਂ ਵਾਂਗ ਆਪਣੇ ਕਾਂਧੂ ਨਾਲ਼ ਲੈ ਕੇ ਹੋਰ ਦਰੇ ਵਿਹਲੀ ਜ਼ਮੀਨ 'ਤੇ ਜਾ ਬੈਠਦੇ ਰਹੇ। ਵਾਹੀ ਦੀ ਪੈਦਾਵਾਰ ਨੇ ਇਹਨਾਂ ਨੂੰ ਆਪੋ ਆਪਣੀ ਥਾਂ ਪਿੰਡਾਂ ਵਿੱਚ ਬਿਠਾਈ ਰੱਖਿਆ ਤੇ ਇਹ ਆਪੋ ਆਪਣੇ ਬਰਾਦਰੀ ਜਠੇਰਿਆਂ ਦੇ ਉਪਾਸ਼ਕ ਤੇ ਪੂਜਕ ਬਣੇ ਰਹੇ। ਹਿੰਦੂ ਵਰਣਵੰਡ ਦੀ ਕਬੂਲੀਅਤ ਨੇ ਵੀ ਇਹਨਾਂ ਅੰਦਰ ਕਿਸੇ ਅਧਿਆਤਮਿਕ ਇਸ਼ਟ ਦੀ ਇਕਲੇਰਤਾ ਨਾ ਆਉਣ ਦਿੱਤੀ ਤੇ ਨਾ ਆਉਣੀ ਸੀ। ਏਸ ਕਰਕੇ, ਏਸ ਦਾ ਜਗੀਰਦਾਰ ਸਰਦਾਰੀਆਂ 'ਤੇ ਆਧਾਰਤ ਮਹਾਰਾਜਤਾ ਵੱਲ ਵਿਕਾਸ ਕਈ ਸਦੀਆਂ ਰੁਕਿਆ ਰਿਹਾ, ਭਾਵ ਇਹਨਾਂ ਦਾ ਆਪਣਾ ਠੇਠ ਪੰਜਾਬੀ (ਕੌਮੀ) ਰਾਜ ਵਜੂਦ ਵਿੱਚ ਨਾ ਆ ਸਕਿਆ। ਪਰ ਏਸ ਦਾ ਇਹ ਇਤਿਹਾਸਕ ਕਾਰਜ ਕਿਸੇ ਨਾ ਕਿਸੇ ਸਮੇਂ ਪੂਰਾ ਹੋਣਾ ਹੀ ਸੀ। 16ਵੀਂ ਸਦੀ ਦੇ ਚੜ੍ਹਦਿਆਂ ਏਸ ਦੀ ਸੰਭਾਵਨਾ ਲਈ ਲੋੜੀਂਦੀਆਂ ਪਦਾਰਥਕ ਕਰਤਾਰੀ ਤੇ ਸਨਮੁਖੀ ਸ਼ਰਤਾਂ ਪੂਰੀਆਂ ਹੋ ਗਈਆਂ ਸਨ।

ਪੰਜਾਬ ਅੰਦਰ ਹਿੰਦੀ ਵਪਾਰੀ ਤਬਕਾ ਪੈਦਾ ਹੋ ਚੁੱਕਾ ਸੀ ਜੋ ਕਰਨਹਾਰ ਸ਼ਕਤੀ ਬਣਨਯੋਗ ਸੀ।

ਨਗੇਸ਼ਨ ਆਫ ਨਗੇਸ਼ਨ (ਵਿਨਾਸ਼ ਦਾ ਵਿਨਾਸ਼=ਵਿਕਾਸ) ਦੇ ਡਾਇਲੈਕਟੀ ਕਨੂੰਨ ਮਜ਼ਬ ਕਬੀਲੇ ਬਰਾਦਰੀਆਂ ਦੇ ਸਮਾਜ ਦਾ ਵਿਨਾਸ਼ ਹੋ ਕੇ ਵਿਕਾਸ ਦੀ ਅਗਲੀ ਮੰਜ਼ਿਲ ਫਿਊਡਲਸ਼ਾਹੀ ਤੇ ਉਸ ਤੋਂ ਉੱਤੇ ਉਸਦੀ ਇੱਕਰਾਜਤਾ (ਸ਼ਹਿਨਸ਼ਾਹੀ) ਹੈ। ਪੰਜਾਬ ਦੀਆਂ ਬਰਾਦਰੀਆਂ ਦੀ ਇਹ ਇਤਿਹਾਸਕ (ਡਾਇਲੈਕਟਕੀ) ਲੋੜ ਅਜੇ ਅਨਪੂਰੀ ਪਈ ਸੀ। ਜਿੱਥੇ ਕੁ ਨਾਨਕ ਵੇਲੇ (ਮੱਧ ਸਮੇਂ) ਜਗਤ ਇਤਿਹਾਸ ਪਹੁੰਚ ਚੁੱਕਾ ਸੀ, ਉੱਥੇ ਦਸਤਕਾਰੀ ਦਾ ਵਿਕਾਸ ਤੇ ਏਸ ਨੂੰ ਭੁਗਤਾਉਣ ਲਈ ਵਪਾਰ ਦਾ ਪਸਾਰ ਹੀ ਇਹ ਜਰੂਰਤ ਮਹਿਸੂਸ ਕਰਵਾਉਂਦਾ ਹੈ। ਇਤਿਹਾਸ ਦੀ ਇਹ ਲੋੜ ਫਿਊਡਲਸ਼ਾਹੀ ਜਾਂ ਬਰਾਦਰੀਆਂ ਦੇ ਸਮਾਜ ਦੀ ਕੁੱਖ ਵਿੱਚੋਂ ਉੱਠੀ ਨਵੀਂ ਵਪਾਰੀਆਂ ਦੀ ਜਮਾਤ, ਬੁਰਜੁਆਜ਼ੀ ਨੇ ਪੂਰੀ ਕਰਨੀ ਸੀ। ਇਤਿਹਾਸਕ ਤੌਰ 'ਤੇ ਏਸ ਵਿਕਾਸ ਦੀ ਚੇਤਨਾ ਧਰਤੀ ਦੇ ਹਰ ਖੰਡ ਵਿੱਚ ਪਹਿਲੇ ਪਹਿਲ ਵਪਾਰੀ ਲੋਕਾਂ ਵਿੱਚ ਹੀ ਆਈ। ਪੰਜਾਬ ਦੇ ਵਪਾਰੀ ਲੋਕ ਖੱਤਰੀ ਸਨ।

ਪੰਜਾਬ ਦਾ ਸਮੁੱਚਾ ਤੇ ਅਫਗਾਨਿਸਤਾਨ ਦਾ ਬਹੁਤਾ ਵਪਾਰ ਖੱਤਰੀਆਂ ਦੇ ਹੱਥ ਸੀ ਤੇ ਉਹ ਹੱਦਾਂ ਵੀ ਟੱਪ ਜਾਂਦਾ ਸੀ। ਕਿਸੇ ਵੀ ਪਿੰਡ ਦਾ ਉਹਨਾਂ ਤੋਂ ਬਗੈਰ ਨਹੀਂ ਸੀ ਸਰਦਾ, (ਡੈਨਜ਼ਿਲ ਇਬਸਨ ਪੰਜਾਬ ਕਾਸਟਸ, 1883, ਸਫਾ 24) ਸੋ ਖੱਤਰੀਆਂ ਦੇ ਏਸ ਵਪਾਰਕ ਪਸਾਰ ਨੇ ਇਤਿਹਾਸ ਦੀ ਉਹ ਸਟੇਜ ਲੈ ਆਂਦੀ, ਜਿੱਥੇ ਉਹਨਾਂ (ਬੁਰਜੁਆਜ਼ੀ) ਨੂੰ ਆਪਣੇ ਵਪਾਰ ਖੇਤਰ (ਦੇਸ਼) ਦੀ ਸਿਆਸਤ ਨੂੰ ਏਸ ਸਮਾਜੀ ਬਦੀ ਅਨੁਕੂਲ ਬਦਲਣ ਦੀ ਇਤਿਹਾਸਕ ਲੋੜ ਲਾਜ਼ਮੀ ਤੌਰ 'ਤੇ ਉੱਠ ਪੈਂਦੀ ਹੈ।

ਛੇ ਸੌ ਸਾਲਾ ਮੁਸਲਿਮ ਰਾਜ ਦੇ ਪ੍ਰਵਾਹ ਨੇ ਹਿੰਦੁਸਤਾਨ ਅੰਦਰ ਤੇ ਖਾਸ ਕਰ ਪੰਜਾਬ ਅੰਦਰ, ਜੋ ਹਿਦੁਸਤਾਨ ਦਾ ਬਾਹਰਲੇ ਹਮਲਿਆਂ ਲਈ ਦਰਵਾਜ਼ਾ ਆਖਿਆ ਜਾਂਦਾ ਹੈ, ਦਸਤਕਾਰੀ ਦੀ ਪੈਦਾਵਾਰ ਬਹੁਤ ਵਧਾ ਦਿੱਤੀ। ਹਾਕਮ ਸ਼ਾਨੋ-ਸ਼ੌਕਤ, ਭੋਗ-ਵਿਲਾਸ, ਰਹਿਣ-ਸਹਿਣ ਤੇ ਰੰਗ-ਤਮਾਸ਼ਿਆਂ ਦੀਆਂ ਵਸਤਾਂ ਤੇ ਬਸਤਰ, ਫੌਜ ਤੇ ਜੰਗ ਦੀਆਂ ਲੋੜਾਂ ਲਈ ਦਾਰੂ ਸਿੱਕਾ ਤੇ ਹਥਿਆਰ ਪੱਤਾ, ਸਵਾਰੀ, ਭਾਰ-ਬਰਦਾਰੀ ਤੇ ਸ਼ਿਕਾਰ ਦਾ ਸਾਜ਼-ਸਮਾਨ ਤੇ ਕਈ ਹੋਰ ਕਾਰ ਵਿਹਾਰਾਂ ਲਈ ਲੋੜੀਂਦੀਆਂ ਚੀਜ਼ਾਂ ਤੇ ਇਹ ਸਭ ਕੁਝ ਤਿਆਰ ਕਰਨ ਲਈ ਚਾਹੀਦੇ ਸੰਦਾਂ ਦੀ ਪੈਦਾਵਾਰ ਬਹੁਤ ਵਧ ਗਈ। ਜਿਸ ਦੇ ਫਲਸਰੂਪ ਵਣਜ ਵਪਾਰ ਵਿੱਚ ਬੜਾ ਵਾਧਾ ਹੋਇਆ। ਏਸ ਵਪਾਰ ਨੂੰ ਦੋ ਵੱਡੀਆਂ ਅਲਾਮਤਾਂ ਰੁਕਾਵਟ ਪਾ ਰਹੀਆਂ ਸਨ। ਇੱਕ ਤਾਂ ਪਹਿਲਾਂ ਪਠਾਣੀ ਤੇ ਫੇਰ ਮੁਗ਼ਲ ਗ਼ੈਰ-ਕੌਮੀ ਰਾਜ ਗੁਲਾਮੀ। ਜੋ ਵਪਾਰੀਆਂ ਦੇ ਮਾਲ ਨੂੰ ਦਸਉਰ ਲਿਜਾਣ ਲਿਆਣ ਦੀ ਰੱਖ ਦੀ ਕੋਈ ਗਰੰਟੀ ਨਹੀਂ ਸੀ ਤੇ ਨਾ ਰਾਹ ਵਿੱਚ ਜਾਂ ਦਸਉਰ ਵਿੱਚ ਲੁੱਟੇ ਪੁੱਟੇ ਜਾਣ ਦੀ ਕਿਸੇ ਸ਼ਿਕਾਇਤ ਦੇ ਸੁਣੇ ਜਾਣ ਦੀ ਆਸ। ਰਾਜ ਦੇ ਹੇਠਾਂ ਮਾਲਕ ਜੱਟ ਬਰਾਦਰੀਆਂ ਪ੍ਰਧਾਨ ਸਨ। ਇਹਨਾਂ ਵਿੱਚੋਂ ਕਈਆਂ ਦੀਆਂ ਹੱਦਾਂ ਲੰਘਣ ਲੱਗਿਆ ਮਸੂਲ ਦੇਣੇ ਪੈਂਦੇ ਸਨ। ਜਾਂ ਕਈ ਥਾਂਈ ਮਾਲ ਦੀ ਖੋਹਾ ਮਾਈ ਹੋ ਜਾਂਦੀ ਸੀ। ਵਪਾਰ ਦੇ ਕਿੱਤੇ ਦਾ ਭਿੰਨ ਪ੍ਰਕਾਰ ਦੀਆਂ ਹਾਲਤਾਂ, ਚਤੁਰਾਈਆਂ ਤੇ ਬੰਦਿਆਂ ਨਾਲ਼ ਵਾਹ ਪੈਂਦਾ ਹੈ, ਜਿਸ ਕਰਕੇ ਇਹ ਜਮਾਤ ਜਨਤਾ ਦੀ ਆਮ ਪੱਧਰ ਨਾਲ਼ੋਂ ਵਧੇਰੇ ਸੂਝਵਾਨ ਹੁੰਦੀ ਹੈ। ਏਸ ਲਈ ਉਹੋ ਜਿਹੇ ਵੇਲ਼ਿਆਂ ਵਿੱਚ ਏਸ ਜਮਾਤ ਦੇ ਅੰਸ਼ਾਂ ਤੋਂ ਹੀ ਉਤਲੀਆਂ ਅਲਾਮਤਾਂ ਤੋਂ ਖਲਾਸੀ ਪਾਉਣ ਦਾ ਕੋਈ ਰਾਹ ਲੱਭਣ ਦੀ ਆਸ ਹੋ ਸਕਦੀ ਹੈ।

ਏਸ ਇਤਿਹਾਸਕ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ ਸਨਮੁਖੀ ਸ਼ਰਤਾਂ ਪਹਿਲੇ ਹੀ ਮੌਜੂਦ ਸਨ। ਜੱਟ ਬਰਾਦਰੀਆਂ ਨੇ ਆਪਣਾ ਮਹਾਰਾਜਤਾ ਵੱਲ ਵਧਣ ਦਾ ਕਾਰਜ ਪੂਰਾ ਕਰਨਾ ਸੀ, ਜੋ ਮੁਗ਼ਲ ਰਾਜ ਤੋਂ ਅਜ਼ਾਦ ਹੋ ਕੇ ਹੀ ਕੀਤਾ ਜਾ ਸਕਦਾ ਸੀ। ਏਸ ਲਈ ਕਿਸੇ ਅਧਿਆਤਮਕ (ਵੇਲ਼ੇ ਦੀਆਂ ਹਾਲਤਾਂ ਅਨੁਸਾਰ) ਆਗੂ ਦੀ ਲੋੜ ਸੀ, ਜੋ ਜਨਤਕ ਪੁਸ਼ਟੀ ਤੇ ਹਮਾਇਤ ਪ੍ਰਾਪਤ ਕਰ ਲਵੇ। ਏਸ ਜਨਤਕ ਪੁਸ਼ਟੀ ਵਾਸਤੇ ਨਵੇਂ ਧਰਮ ਦੀ ਲੋੜ ਸੀ, ਨਖਿੱਧ ਹਿੰਦੂ ਤੇ ਮੁਸਲਿਮ ਧਰਮਾਂ ਤੋਂ ਵੱਖਰਾ ਹੋਵੇ। ਫੇਰ ਜਨਤਕ ਪੁਸ਼ਟੀ ਦੇ ਆਗੂ ਨੂੰ ਸਤਿਗੁਰੂ ਤੇ ਰਾਜਗੁਰੂ (ਪਾਤਸ਼ਾਹ) ਦੀ ਪਦਵੀ ਤੱਕ ਪੁਚਾਉਣਾ, ਰਾਜਸੱਤਾ ਧਾਰਨ ਕਰਕੇ ਜੱਟ ਬਰਾਦਰੀਆਂ ਨੂੰ ਹਿੰਦੂ ਧਰਮੀ ਭਰਮਾਂ ਤੋਂ ਮੁਕਤ ਕਰੇ ਤੇ ਮੁਗ਼ਲ ਰਾਜ ਨੂੰ ਉਲੱਦਣ ਲਈ ਓਸ ਨਾਲ਼ ਫ਼ੌਜੀ ਟੱਕਰਾਂ ਲੈਣ ਜੋਗਾ ਕਰ ਜਾਏ। ਇਹ ਕਰਤਾਰੀ ਸ਼ਰਤ ਸੀ, ਜੋ ਪੰਜਾਬ ਨੇ ਪੂਰੀ ਕਰਨੀ ਸੀ।

ਇਤਿਹਾਸ ਦੀ ਇਹ ਸ਼ਰਤ ਪੂਰੀ ਕਰਨ ਤੇ ਜੱਟ ਬਰਾਦਰੀਆਂ ਨੂੰ ਏਸ ਦਾ ਅਹਿਸਾਸ ਕਰਵਾਉਣ ਲਈ ਓਸ ਵੇਲ਼ੇ ਦੇ ਹਾਲਾਤ ਅਨੁਸਾਰ ਹਿੰਦੁਸਤਾਨੀ ਰੂਪ ਦਾ ਕੋਈ ਇੱਕੋ ਇੱਕ ਕੇਂਦਰੀ ਇਸ਼ਟ ਤੇ ਓਸ ਇਸ਼ਟ ਨੂੰ ਮੰਨਵਾਉਣ ਵਾਲ਼ੇ ਪੰਜਾਬ ਦੇ ਆਪਣੇ ਅੰਦਰੋਂ ਹੀ ਉੱਠੇ ਕਿਸੇ ਆਗੂ ਦੀ ਲੋੜ ਸੀ ਜੋ ਸੰਸਕ੍ਰਿਤ ਤੇ ਅਰਬੀ ਦੀ ਥਾਂ ਪੰਜਾਬ ਦੀ ਆਪਣੀ ਜ਼ੁਬਾਨ ਵਿੱਚ ਗੱਲ ਕਰੇ। ਜਿਸ ਤਰ੍ਹਾਂ ਉੱਤੇ ਦੱਸਿਆ ਜਾ ਚੁੱਕਾ ਹੈ, ਪੰਜਾਬ ਦੇ ਗ਼ੈਰ-ਜ਼ਿਮੀਂਦਾਰ ਅੰਸ਼ਾਂ ਵਿੱਚੋਂ ਹੀ ਕੋਈ ਸੋਚਵਾਨ ਦਾਨਾ ਪੁਰਸ਼ ਇਹ ਲੋੜ ਪ੍ਰਤੀਤ ਕਰ ਸਕਦਾ ਸੀ ਤੇ ਆਪਣੀ ਵਿੱਦਿਆ, ਗਿਆਨ, ਬੁੱਧੀ ਤੇ ਉਪਦੇਸ਼ ਨਾਲ਼ ਬਰਾਦਰੀਆਂ ਦੀ ਜਨਤਾ ਨੂੰ ਏਸ ਰਾਹੇ ਤੋਰਨ ਲਈ ਪ੍ਰੇਰ ਸਕਦਾ ਸੀ। ਪੰਜਾਬ ਵਿੱਚ ਇਹ ਇਤਿਹਾਸਕ ਕਾਰਜ ਸਾਧਨ ਦੀ ਨਾਨਕ ਨੇ ਪਹਿਲ ਕੀਤੀ ਤੇ ਇਹ ਕਾਰਜ ਸਾਧਨਾ ਇਤਿਹਾਸਕ (ਸੰਬਾਦਕੀ) ਪਦਾਰਥਕਵਾਦੀ ਗੀਤ ਤੇ ਨੇਮ ਉੱਤੇ ਪੂਰੀ ਉੱਤਰੀ।

ਕਿਉਂਕਿ ਨਾਨਕ ਵੀ ਜਮਾਤੀ ਤੌਰ 'ਤੇ ਅੱਜ ਦੀ ਬੁਰਜੁਆਜ਼ੀ ਦੀ ਪੰਜਾਬ ਅੰਦਰ ਪਹਿਲ ਪਰਿਥਮ ਦੀ ਉੱਤੇ ਦੱਸੀ ਪਨੀਰੀ ਵਿੱਚੋਂ ਹੀ ਇੱਕ ਸੋਚਵਾਨ ਸਿਆਣੀ ਹਸਤੀ ਸੀ। ਜਿਸ ਨੇ ਜੱਟ ਬਰਾਦਰੀਆਂ ਦੀ ਪ੍ਰਧਾਨਤਾ ਵਾਲ਼ੇ ਸਮਾਜ ਨੂੰ ਮੁਗ਼ਲ ਰਾਜਸੱਤ੍ਹਾ ਤੋਂ ਅਜ਼ਾਦ ਕਰਵਾ ਕੇ ਤੇ ਜਗੀਰਦਾਰ ਸਰਦਾਰੀਆਂ ਦੀ ਪੌੜੀ ਚੜ੍ਹਾ ਕੇ ਕਿਸੇ ਕੌਮ ਵਿੱਚ ਢਾਲਣ ਦੀ ਸਿਆਸਤ ਲਈ ਆਪਣਾ ਫਲਸਫਾ ਰਚਿਆ, ਪ੍ਰਚਾਰਿਆ ਤੇ ਪੁਸ਼ਤੋ-ਪੁਸ਼ਤ ਅਗਾਂਹ ਆਪਣੀ ਕਾਮਯਾਬੀ ਵੱਲ ਤੁਰਿਆ ਰਹਿਣ ਵਾਲ਼ਾ ਬਣਾ ਦਿੱਤਾ। ਜਿਸ ਦੀ ਮਨਾਉਤ 'ਤੇ ਸਿੱਖਿਆ ਦੇ ਉਪਾਸ਼ਕ ਬਣ ਕੇ ਦੋ ਸਦੀਆਂ ਦੇ ਅੰਦਰ ਹੀ ਅਗਲੇ ਗੁਰੂਆਂ (ਜੋ ਵਪਾਰੀ ਜਮਾਤ ਦੇ ਹੀ ਅੰਸ਼ ਸਨ) ਨੇ ਏਸ ਦੇਸ ਨੂੰ ਧਰਮ ਦਾ ਜਾਮਾ ਪਾ ਕੇ ਰਾਜਸ਼ਕਤੀ ਬਣਾ ਦਿੱਤਾ ਤੇ ਸਿੰਘਾਂ ਨੇ ਨਰੋਲ ਪੰਜਾਬੀ ਰਾਜਸੱਤਾ ਵਿੱਚ ਪਲਟ ਲਿਆ।

ਸੰਸਾਰੀ ਤੌਰ 'ਤੇ ਨਾਨਕ ਵੀ ਬੇਦੀ ਖੱਤਰੀ ਸੀ, ਜੋ ਵਪਾਰੀ ਜਾਂ ਨੌਕਰੀ-ਪੇਸ਼ਾ ਲੋਕ ਸਨ। ਉਸ ਦਾ ਪਿਤਾ ਤੇ ਸਹੁਰਾ ਜੱਟਾਂ ਦੀ ਪਟਵਾਰ ਕਰਦੇ ਸਨ। ਓਸ ਨੇ ਖੁਦ ਪਹਿਲਾਂ ਵਪਾਰ ਦਾ ਕੰਮ ਕੀਤਾ, ਜੋ ਉਸ ਦੇ ਬਹੁਤ ਹੀ ਸੋਚਵਾਨ ਮਨ ਨੂੰ ਨਾ ਜਚਿਆ। ਜਵਾਨ ਹੋਇਆ ਤਾਂ ਆਪਣੇ ਰਿਸ਼ਤੇਦਾਰਾਂ ਦੇ ਆਖੇ ਵੇਖੇ ਸੁਲਤਾਨਪੁਰ ਦੇ ਨਵਾਬ ਦੌਲਤ ਖਾਂ ਲੋਧੀ ਦੇ ਮੋਦੀਖਾਨੇ ਦੀ ਨੌਕਰੀ ਕਰਨ ਲੱਗ ਪਿਆ। ਏਸ ਸਮੇਂ ਚ ਉਹ ਵਿਆਹਿਆ ਵੀ ਗਿਆ ਤੇ ਓਸ ਦੇ ਦੋ ਪੁੱਤਰ ਵੀ ਹੋ ਗਏ। ਭਾਵ ਓਸਨੇ ਤਕਰੀਬਨ ਅੱਧੀ ਉਮਰੀ ਸੰਸਾਰੀ ਜੀਵਾਂ ਵਾਂਗ ਬਕਾਇਦਾ ਗ੍ਰਹਿਸਤ ਭੋਗਿਆ।

ਏਸ ਵੇਲ਼ੇ ਤੱਕ ਓਸ ਨੇ ਹਿੰਦੂ ਤੇ ਮੁਸਲਮਾਨ ਧਰਮਾਂ ਦਾ ਬਹੁਤ ਕੁਝ ਦੇਖ-ਭਾਲ਼ ਲਿਆ ਸੀ। ਨਵਾਬੀ (ਰਾਜਸੱਤਾ) ਵੀ ਵੇਖ ਲਈ, ਸਮਾਜ ਵੀ ਵੇਖ ਲਿਆ। ਹਿੰਦੂ ਤਾਂ ਉਹ ਆਪ ਹੀ ਸੀ। ਪੰਜਾਬ ਦੀ ਸਮਾਜੀ ਤੇ ਸਿਆਸੀ ਦੁਰਦਸ਼ਾ ਬੜੀ ਦੀਰਘ ਦ੍ਰਿਸ਼ਟੀ ਨਾਲ਼ ਵੇਖੀ ਜਾਚੀ। ਪੰਜਾਬ ਅੰਦਰ ਉਹ ਸਾਰੀ ਲੜਾਈ ਭੜਾਈ ਖੁਹਾਮਾਈ, ਲੁੱਟਮਾਰ ਤੇ ਕਤਲਾਮ ਮੱਚੀ ਰਹਿੰਦੀ ਸੀ, ਜੋ ਭੈੜੂ ਜਮਾਤਾਂ ਦੀਆਂ ਸਿਆਸੀ ਤੇ ਰਾਜਸੀ ਹਾਲਤਾਂ ਦਾ ਲਾਜ਼ਮੀ ਸਿੱਟਾ ਹੁੰਦੀ ਹੈ। ਮੁਗ਼ਲ ਪਠਾਣ ਹਾਕਮ ਜਮਾਤ ਤੇ ਉਨ੍ਹਾਂ ਦੀ ਚਾਕਰ ਹਿੰਦੂ ਮਾਲਕ ਜਮਾਤ, ਹੇਠਲੇ ਕਿਰਤੀ ਵਰਣਾਂ ਤੇ ਜਮਾਤਾਂ ਦੀ ਆਪਣੀ ਰਈਅਤ ਤੇ ਗੋਲ਼ੀਆਂ ਸਮਝ ਕੇ ਦਬੱਲ-ਛਿੱਲ ਲਹੁੰਦੀਆਂ ਸਨ। ਵਪਾਰੀਆਂ ਦੇ ਜਾਨ-ਮਾਲ ਦੀ ਕੋਈ ਗਰੰਟੀ ਨਹੀਂ ਸੀ, ਕਿਰਤੀ ਤੇ ਗੁਲਾਮ ਜਨਤਾ ਅਤਿਅੰਤ ਦੁਖੀ ਸੀ। ਇੱਕ ਹਨੇਰ ਮੱਚਿਆ ਹੋਇਆ ਸੀ। ਉਨ੍ਹਾਂ ਦੀ ਕੁਰਲਾਹਟ ਸੁਣਨ ਵਾਲ਼ਾ ਕੋਈ ਨਹੀਂ ਸੀ ਤੇ ਨਾ ਉਨ੍ਹਾਂ ਅੰਦਰ ਏਸ ਤੋਂ ਛੁਟਕਾਰਾ ਪਾਉਣ ਦੀ ਕੋਈ ਆਪਣੀ ਸੂਝ ਪੈਦਾ ਹੋਈ ਸੀ। ਨਾਨਕ ਪਹਿਲਿਆਂ ਪੰਜਾਬੀ ਅੱਖਾਂ ਸਨ, ਜਿਨ੍ਹਾਂ ਨੇ ਇਹ ਹਾਲਤਾਂ ਵੇਖੀਆਂ ਤੇ ਪਹਿਲਾ ਪੰਜਾਬੀ ਮਨ ਸੀ ਜਿਸ ਏਸ ਬਾਰੇ ਅਵਾਜ਼ ਉਠਾਈ ਤੇ ਪਹਿਲੀ ਕਲਮ ਸੀ ਜਿਸ ਨੇ ਏਸ ਹਾਲਤ ਨੂੰ ਏਸ ਤਰ੍ਹਾਂ ਦੱਸਿਆ :

-ਹਉ ਭਾਲਿ ਵਿਕੁੰਨੀ ਹੋਈ॥
ਆਧੇਰੈ ਰਾਹੁ ਨ ਕੋਈ॥
(ਵਾਰ ਮਾਝ -੧੪੫)
-ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ॥
ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ॥ (ਵਾਰ ਮਾਝ -੧੭੧)
-ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥ (ਵਾਰ ਮਾਝ - ੧੪੫)
-ਰਾਜੇ ਸੀਂਹ ਮੁਕੱਦਮ ਕੁੱਤੇ॥ ਜਾਇ ਜਗਾਇਨ ਬੈਠੇ ਸੁਤੇ॥ (ਵਾਰ ਮਲਾਰ-੧੨੮੮)
-ਹਰਣਾ ਬਾਜਾਂ ਤੈ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ॥
ਫਾਂਧੀ ਲਾਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ॥ (ਵਾਰ ਮਲਾਰ-੧੨੮੮)

ਏਸ ਹਾਲਤ 'ਤੇ ਕੀਤੀਆਂ ਸੋਚਾਂ ਤੋਂ ਨਾਨਕ ਨੇ ਪੰਜਾਬ ਦੀ ਜਨਤਾ ਨੂੰ ਏਸ ਦੁਰਦਸ਼ਾ ਵਿੱਚੋਂ ਕੱਢਣ ਦਾ ਬੀੜਾ ਚੁੱਕ ਲਿਆ। ਓਸ ਨੇ ਬ੍ਰਾਹਮਣਾਂ ਤੇ ਕਾਜੀਆਂ ਨਾਲ਼ ਵੀ ਕਈ ਪ੍ਰਕਾਰ ਦੀਆਂ ਗੋਸ਼ਟੀਆਂ ਕੀਤੀਆਂ। ਗੱਲੀਂ ਗਿਆਨ ਵਿੱਚ ਯਕੀਨ ਨਹੀਂ ਕੀਤਾ ਤੇ ਫਿਰ ਤੁਰ ਕੇ ਹਿੰਦੂ ਤੇ ਮੁਸਲਿਮ ਸਮਾਜਾਂ ਨੂੰ ਵੇਖਣ ਤੇ ਜਾਚਣ ਦਾ ਮਨ ਬਣਾਇਆ। ਓਸ ਦੀ ਬਾਣੀ ਵਿੱਚੋਂ ਇਹ ਸਚਿਆਈ ਸਿੰਮਦੀ ਹੈ।

ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ॥ (ਜਪੁ)
-ਗਿਆਨ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥
ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ॥
(ਆਸਾ ਦੀ ਵਾਰ ੪੬੫)
-ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ॥
ਆਪੁ ਪਛਾਣੈ ਬੂਝੈ ਸੋਇ॥ (ਸਿਰੀ ਰਾਗੁ ੨੫)
-ਕਥਤਾ ਬਕਤਾ ਸੁਨਤਾ ਸੋਈ॥
ਆਪੁ ਬੀਚਾਰੇ ਸੁ ਗਿਆਨੀ ਹੋਈ॥ (ਗਉੜੀ ੧੫੨)
-ਕੁਦਰਤ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥ (ਆਸਾ ਦੀ ਵਾਰ ੪੬੪)

ਓਸ ਨੇ ਆਪਣੇ ਵਿਚਾਰਾਂ ਦੀ ਉਪਜ ਦਾ ਇਹੋ ਤਰੀਕਾਕਾਰ ਪੰਜ ਖੰਡਾਂ ਵਾਲ਼ੀਆਂ 'ਜਪੁ' ਦੀਆਂ ਪੌੜੀਆਂ ਵਿੱਚ ਦੱਸਿਆ ਹੈ ਕਿ ਕਿਸ ਤਰ੍ਹਾਂ ਸਮਾਜ ਦਾ ਧਰਮ (ਨੇਕ ਕਰਮ) ਪਾਲਣ ਨਾਲ਼ ਗਿਆਨ ਪੈਦਾ ਹੁੰਦਾ ਹੈ। ਗਿਆਨ ਨਾਲ਼ ਸ਼੍ਰਮ (ਮਿਹਨਤ) ਕੀਤੀ ਜਾਏ ਤਾਂ ਵਿਚਾਰ ਉਤਪੰਨ ਹੁੰਦੇ ਹਨ। ਫਿਰ ਵਿਚਾਰਾਂ ਨੂੰ ਅਮਲ (ਕਰਮ) ਵਿੱਚ ਲਿਆਉਣ ਦਾ ਫਲ ਸੱਚ (ਸਿਧਾਂਤ) ਵਿੱਚ ਪ੍ਰਾਪਤ ਹੁੰਦਾ ਹੈ।

ਸਾਖੀਆਂ ਦੱਸਦੀਆਂ ਹਨ ਕਿ ਆਪਣੀ ਬਾਣੀ ਰਚਨ ਵਾਸਤੇ ਵੇਖੈ ਵਿਗਸੈ ਕਰਿ ਵਿਚਾਰੁ। ਵਾਲ਼ਾ ਲੋੜੀਂਦਾ ਤੱਥ ਪ੍ਰਾਪਤ ਕਰਨ ਲਈ ਉਹ ਨੌਕਰੀ ਤੇ ਟੱਬਰ ਛੱਡ ਕੇ ਮਰਦਾਨੇ ਨੂੰ ਨਾਲ਼ ਲੈ ਕੇ ਸੁਲਤਾਨਪੁਰੋਂ ਨਿੱਕਲ਼ ਤੁਰਿਆ। ਨਾਨਕ ਨੇ ਖੁਦ ਆਖਿਆ ਹੈ :

-ਜਾ ਤੁਧੁ ਭਾਵੈ ਜਾਹਿ ਦਿਸੰਤਰਿ
ਸੁਣਿਗਲਾ ਘਰਿ ਆਵਹਿ॥
(ਮਾਰੂ ੧੪੫)

ਭਾਈ ਗੁਰਦਾਸ ਏਸ ਵਿਦਾਇਗੀ ਨੂੰ ਏਸ ਤਰ੍ਹਾਂ ਦਰਸਾਉਂਦਾ ਹੈ :

-ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰਾ॥ (੧-੨੯)

ਨਾਨਕ ਨੇ ਓਸ ਸੰਸਾਰ ਨੂੰ ਫਿਰ ਤੁਰ ਕੇ ਦੇਖਣ ਵਾਸਤੇ ਹਿੰਦੁਸੱਤਾ ਤੇ ਮੁਸਲਿਮਸੱਤਾ ਦੇ ਕੇਂਦਰਾਂ ਤੇ ਗੜ੍ਹਾਂ ਦੀ ਯਾਤਰਾ ਕੀਤੀ। ਰਮਤੇ ਜੋਗੀਆਂ, ਪਹਾੜੀ-ਗੁਠੇ ਲਗੇ ਸਿੱਧਾਂ, ਹਿੰਦੂ ਮਠਾਂ, ਤੀਰਥਾਂ, ਮੰਦਰਾਂ ਦੇ ਪੁਜਾਰੀ ਪੰਡਤਾਂ ਤੇ ਮਹੰਤਾਂ ਨਾਲ਼ ਵਿਚਾਰ-ਵਟਾਂਦਰਾਂ ਕਰਨ ਲਈ ਉੱਤਰ ਤੋਂ ਲੈ ਕੇ ਧੁਰ ਦੱਖਣ ਤੱਕ ਤੇ ਪੰਜਾਬੋਂ ਲੈ ਕੇ ਅਸਾਮ ਤੱਕ ਦੇ ਸਾਰੇ ਹਿੰਦੁਸਤਾਨ ਦਾ ਕਈ ਹਜ਼ਾਰਾਂ ਮੀਲ ਦਾ ਪੈਦਲ ਪੰਧ ਤਹਿ ਕੀਤਾ ਤੇ ਮੁਸਲਿਮਸੱਤਾ ਨੂੰ ਵਾਚਣ ਲਈ ਉਹ ਕਸ਼ਮੀਰ, ਅਫ਼ਗਾਨਿਸਤਾਨ, ਈਰਾਨ, ਬਗਦਾਦ ਤੇ ਅਗਾਂਹ ਮੱਕੇ ਤੱਕ ਪਹਾੜਾਂ, ਦਰਿਆਵਾਂ, ਮਾਰੂਥਲਾਂ ਤੇ ਉਜਾੜ ਬੀਆਬਾਨਾਂ ਦੀ ਵਾਟ ਕੱਛ ਕੇ ਮੁਸਲਿਮ ਕੁਤਬਾਂ, ਗੌਸਾਂ, ਗ਼ਜ਼ਾਲੀਆਂ, ਸੂਫ਼ੀਆਂ, ਪੀਰਾਂ, ਫ਼ਕੀਰਾਂ, ਆਲਿਮਾਂ ਤੇ ਮੱਕੇ ਦੇ ਮਜਾਉਰਾਂ ਨਾਲ਼ ਮੇਲ ਮੁਲਾਕਾਤ ਕਰਨ ਤਿੰਨ ਹਜ਼ਾਰ ਮੀਲ ਹੋਰ ਦੂਰ ਗਿਆ। ਇਹਨਾਂ ਉਦਾਸੀਆਂ (ਪੈਂਡਿਆਂ) ਵਿੱਚ ਓਸ ਦੀ ਕਾਫੀ ਉਮਰ ਲੰਘ ਗਈ ਤੇ ਉਹ ਬੇਅੰਤ ਅਮੋਲਕ ਸੰਸਾਰੀ ਤੇ ਅਧਿਆਤਮਕ ਗਿਆਨ ਲੈ ਕੇ ਘਰ ਪਰਤਿਆ।

ਏਸ ਵੇਖ ਭਾਲ਼ ਦੀਆਂ ਫੇਰੀਆਂ ਤੋਂ ਇੱਕ ਤਾਂ ਓਸ ਨੂੰ ਆਪਣਾ ਇਸ਼ਟ ਮਿਥਣ ਵਿੱਚ ਸੌਖ ਹੋ ਗਿਆ, ਦੂਸਰੇ ਓਸ ਨੇ ਆਪਣੀ ਧਾਰਾ ਦੀ ਡੌਲ ਲੱਭ ਕੇ ਪੱਕੀ ਕਰ ਲਈ। ਤੀਸਰੇ ਆਪਣੇ ਕੰਮ ਦਾ ਪਿੜ ਲੱਭ ਲਿਆ, ਜਿਥੇ ਓਸ ਦੀ ਵਿਚਾਰਧਾਰਾ ਨੇ ਅਸਰ ਕਰਕੇ ਪਦਾਰਥੀ ਅਕਾਰ ਬਨਣਾ ਸੀ। ਉਹ ਪੰਜਾਬ ਵਿੱਚ ਹਿੰਦੂ ਜੱਟ ਬਰਾਦਰੀਆਂ ਦੀ ਪ੍ਰਧਾਨਤਾ ਵਾਲ਼ਾ ਖੰਡ।

ਓਸ ਨੇ ਮੁਸਲਿਮ ਸੂਫੀਆਂ ਵਾਂਗ ਸ਼ਹਿਰਾਂ ਵਿੱਚ ਡੇਰਾ ਨਹੀਂ ਲਾਇਆ। ਜੱਟ ਬਰਾਦਰੀਆਂ ਵਿਚਾਲੇ ਦਰਿਆ ਰਾਵੀ ਕੰਢਾ ਜਾ ਮੱਲਿਆ ਤੇ ਕਰਤਾਰਪੁਰ ਨਾਂ ਰੱਖ ਕੇ ਆਪਣੇ ਮੱਤ ਦਾ ਪਹਿਲਾ ਕੇਂਦਰ ਸਥਾਪਤ ਕੀਤਾ।

(ਸਮਾਪਤ)

## ਅਜੇ ਮੁਬਾਰਕ ਨਹੀਂ

ਐ ਨਵੇਂ ਸਾਲ ਦੀ ਪ੍ਰਭਾਤ,
ਮੈਂ ਤੈਨੂੰ ਅਜੇ ਮੁਬਾਰਕ ਨਹੀਂ ਕਹਿਣਾ,
ਕਿਉਂਕਿ ਮੇਰੇ ਲਈ ਤੇ ਮੇਰੇ ਵਰਗਿਆਂ ਲਈ ਤੂੰ ਨਵੀਂ ਨਹੀਂ,
ਮੇਰੇ ਲਈ ਤਾਂ ਤੂੰ ਮੇਰੇ ਰਬੜ ਦੇ ਟੁੱਟੇ ਤਲੇ ਵਾਲੇ ਬੂਟਾਂ ਵਾਂਗ ਹੈਂ,
ਜੋ ਹਰ ਸਰਦੀ ਮੈਂ ਪੈਰਾਂ ਨੂੰ ਨਿੱਘ ਦੇਣ ਲਈ ਨਹੀਂ,
ਸਗੋਂ ਪੈਰ ਢਕਣ ਲਈ ਹੀ ਪਾਉਂਦਾ ਹਾਂ,
ਤੂੰ ਮੇਰੇ ਲਈ ਓਨੀ ਕੁ ਨਵੀਂ ਏਂ,
ਜਿੰਨਾ ਕੁ ਨਵਾਂ ਮੇਰੀ ਫਿੱਟੇ ਰੰਗ ਵਾਲੀ ਸਵੈਟਰ ਦਾ ਪੁੱਠਾ ਪਾਸਾ ਹੈ,
ਉਹ ਸਵੈਟਰ ਜੋ 2-3 ਸਰਦੀਆਂ ਹੰਢਾ ਕੇ,
ਫਾਲਤੂ ਦੇਖ ਕੇ , ਹਵੇਲੀ ਵਾਲੇ ਬਾਬੇ ਦੀ ਨੂੰਹ ਨੇ ਮੇਰੀ ਮਾਂ ਨੂੰ ਦਿੱਤੀ ਸੀ,
ਓ ਪ੍ਰਭਾਤ, ਤੂੰ ਮੇਰੇ ਲਈ ਨਵੀਂ ਕਿਵੇਂ ਹੋ ਸਕਦੀ ਏਂ ?
ਨਾ ਮੇਰੀ ਮਾਂ ਲਈ, ਨਾ ਮੇਰੇ ਬਾਪ ਲਈ,
ਮੇਰੀ ਮਾਂ ਲਈ ਕਿਵੇਂ ਮੁਬਾਰਕ ਏਂ ਤੂੰ ?
ਉਸ ਲਈ ਜੋ ਮੈਨੂੰ ਸਕੂਲ ਤੋਰਦਿਆਂ ਹੀ
ਉਹੀ ਮੰਜਾ ਫੜ ਲਵੇਗੀ,
ਜੋ ਉਸਦੀ ਸਾਲਾਂ ਪੁਰਾਣੀ ਬਿਮਾਰੀ ਵਾਂਗ ਹੀ ਪੁਰਾਣਾ ਹੋ ਚੁਕਿਐ,
ਲੰਘੇ ਸਾਲ ਦੀ ਕੋਈ ਰਾਤ,
ਜਾਂ ਆਉਣ ਵਾਲੀ ਪ੍ਰਭਾਤ,
ਕੋਈ ਵੀ ਉਸਦੇ ਲਈ ਦਵਾ ਬਣਕੇ ਆਉਣ ਵਾਲੀ ਨਹੀ ਬਣੀ,
ਉਸਦੇ ਲਈ ਤਾਂ ਸਾਰੇ ਹੀ ਦਿਨ ਪੁਰਾਣੇ ਨੇ,
ਮੇਰਾ ਬਾਪੂ ਉਸਨੂੰ ਪਤਾ ਹੀ ਨਹੀ ਕਿ ਨਵਾਂ ਸਾਲ ਕੀ ਸ਼ੈਅ ਏ ?
ਠਰਦੀ ਸਰਦੀ ਵਿੱਚ ਵੀ ਤਿੰਨ ਦਿਨਾਂ ਤੋਂ ਲਗਾਤਾਰ ਉਹ ਮਿੱਲ ਤੋਂ ਘਰ ਨਹੀਂ ਆਇਆ,
ਕਿਉਂਕਿ ਉਸਦਾ ਵੱਡਾ ਸਾਹਿਬ ਉਸਦੀ ਰਾਤ ਦੀ ਡਿਊਟੀ ਲਾ ਕੇ,
ਚਲਾ ਗਿਆ ਹੈ ਕਿਤੇ ਆਪਣੇ ਟੱਬਰ ਸੰਗ ਨਵਾਂ ਸਾਲ ਮਨਾਉਣ,
ਐ ਨਵੀਂ ਪ੍ਰਭਾਤ ਤੂੰ ਅਜੇ ਉਹਨਾਂ ਵੱਡੇ ਸਾਹਿਬਾਂ ਕੋਲ ਹੀ ਖ਼ੁਸ਼ੀਆਂ ਮਨਾ,
ਤੂੰ ਅਜੇ ਵਧਾਈ ਕਾਰਡਾਂ 'ਚ ਹੀ ਸਮੋਈ ਰਹਿ,
ਅਸੀਂ ਜੋ ਅੱਜ ਤੈਨੂੰ ਮੁਬਾਰਕ ਨਹੀਂ ਕਹਿੰਦੇ,
ਖੁਦ ਬਣ ਜਾਵਾਂਗੇ ਨਵੀਂ ਪ੍ਰਭਾਤ,
ਸਾਡੇ ਸੱਜੇ ਹੱਥ ਦੀ ਕਸੀ ਹੋਈ ਬੰਦ ਮੁੱਠੀ,
ਜਦੋਂ ਆਕ੍ਰੋਸ਼ ਬਣ ਉਠੇਗੀ, ਤਦ
ਤਦ?
1 ਜਨਵਰੀ ਹੀ ਨਹੀਂ,
ਸਗੋਂ ਆਉਣ ਵਾਲਾ ਹਰ ਦਿਨ ਨਵਾਂ ਹੋਵੇਗਾ,
ਇਸੇ ਲਈ ਬਸ ਇਸੇ ਲਈ ਨਵੇਂ ਸਾਲ ਦੀ ਪ੍ਰਭਾਤ,
ਮੈਂ ਤੈਨੂੰ ਮੁਬਾਰਕ ਨਹੀਂ ਕਹਿਣਾ.....

**ਨਵਦੀਪ ਕੌਰ ਸੰਗਤਪੁਰਾ**

## ਸ਼ੋਸ਼ਣ

ਕਿਰਤੀਆਂ ਦੇ ਹਾਲ ਬਦਲਣਗੇ
ਉਹ ਵੀ ਦੋ ਵੇਲੇ ਰੋਟੀ ਖਾਣਗੇ
ਵੇਲਾ ਹੁਣ ਆਊਗਾ ਵੀਰਨੋ
ਉਹ ਸੁੱਖ ਦੀ ਨੀਂਦ ਸੌਣਗੇ

ਵੇਹਲੜਾਂ ਨੇ ਲੁੱਟਿਆ ਸਾਨੂੰ
ਕੱਖੋਂ ਹੌਲੇ ਕਰ ਦਿੱਤਾ ਸਾਨੂੰ
ਅਸੀਂ ਹੁਣ ਸੰਭਲਾਂਗੇ ਵੀਰਨੋ
ਲੱਗੀ ਹੁਣ ਸਮਝ ਆਉਣ ਸਾਨੂੰ

ਅੰਨ ਉਗਾਉਣ ਭਾਈ ਸਾਡੇ
ਧੁੱਪ ਕੱਕਰ ਸੀਹਣ ਵੀਰ ਸਾਡੇ
ਵਿਸਾਰਨਾ ਨ ਉਨ੍ਹਾ ਨੂੰ ਵੀਰਨੋ
ਭੁੱਖੇ ਭਰਨ ਉਹ ਢਿੱਡ ਸਾਡੇ

ਸੱਤ ਦਹਾਕੇ ਹੋ ਚੱਲੇ ਧੋਖਾ ਖਾਂਦਿਆਂ ਨੂੰ
ਸਾਡੇ ਬਣਾਏ ਨੇਤਾ ਸਾਨੂੰ ਖਾਂਦਿਆਂ ਨੂੰ
ਹੁਣ ਧੋਖਾ ਕਤਈ ਨ ਖਾਇਓ ਵੀਰਨੋ
ਚੁਣਿਓ ਸੱਚੇ ਸੁੱਚੇ ਨਿਮਾਂਦਿਆਂ ਨੂੰ

2

ਸਾਡੀ ਖ਼ੁਸ਼ਹਾਲੀ ਰੱਖਵਾਲੀ ਲਈ ਕਾਨੂਨ ਬਣਾਏ
ਇਨਾਹ ਉਲਟੇ ਵਰਤ ਸਾਡੇ ਉਪਰ ਜ਼ੁਲਮ ਢਾਏ
ਹੋਰ ਸ਼ੋਸ਼ਣ ਨਹੀਂ ਸਾਥੋਂ ਸਹਿ ਹੋਣਾ ਹੁਣ ਵੀਰਨੋ
ਜ਼ੁਲਮ ਦਾ ਹੁਣ ਡੱਟਕੇ ਕਰਨਾ ਟਾਕਰਾ ਵੀਰਨੋ

ਸੱਚ ਅਪਣਾਓ ਸਦਾ ਸੱਚ ਤੇ ਦਿਓ ਪਹਿਰਾ
ਇਕ ਮੁੱਠ ਹੋ ਜਾਓ ਨ ਰਹੋ ਕੱਲਾ ਕਹਿਰਾ
ਸੱਭ ਦੀ ਸੁਣੋ ਆਪਣੀ ਵੀ ਕੁੱਝ ਸੁਣਾਓ
ਕਿਵੇਂ ਮਸਲੇ ਨਜਿਠਣੇ ਇਕ ਸੋਚ ਬਣਾਓ

ਆਪਣੀ ਕਿਸਮਤ ਹੁਣ ਆਪੇ ਹੀ ਬਣਾਓ ਵੀਰਨੋ
ਸਾਂਝੀਵਾਲਤਾ ਇਤਫ਼ਾਕ ਆਪਸੀ ਪਿਆਰ ਪਾਓ ਵੀਰਨੋ
ਉਤਸ਼ਾਹ ਭਰੀ ਲੇਖਣੀ ਇਦਾਂ ਹੀ ਵਾਹੀ ਜਾਊਗਾ
ਵੀਰਿਓ ਨਿਮਾਣਾ ਸੇਖੋਂ ਇਦਾਂ ਦੁਹਾਈ ਪਾਈ ਜਾਊਗਾ।

**- ਅਜੈਬ ਸਿੰਘ ਕੈਲਗਰੀ**

## ਰਲ ਮਿਲ ਰੱਬ ਦਿਆਂ ਭਗਤਾਂ



**ਹਰਜੀਤ ਬੇਦੀ**

ਰੱਬ ਨੂੰ ਮਨ 'ਚ ਧਿਆ ਕੇ ਕਹਿੰਦਾ, ਦੇ ਢਾਹ ਦੂਜੇ ਦੀ ਢੇਰੀ।
ਦੂਜਾ ਵੀ ਅਰਜੋਈਆਂ ਕਰਦਾ, ਰੱਬਾ ਜਿੱਤ ਕਰਾ ਦੇ ਮੇਰੀ।
ਸਸੋਵਿੱਚ ਪਾ ਕੇ ਧਰਤਾ, ਜਾਵੇ ਕੀਹਦੀ ਜਿੱਤ ਕਰਾਈ।
ਰਲ ਮਿਲ ਰੱਬ ਦਿਆਂ ਭਗਤਾਂ, ਰੱਬ ਦੀ ਰੇਲ ਬਣਾਈ।
ਮੱਥਾ ਡਾਲਰ ਇੱਕ ਟੇਕ ਕੇ, ਲੱਖ ਡਾਲਰ ਉਹ ਮੰਗੇ।
ਸਭ ਕੁੱਝ ਮੇਰੀ ਝੋਲੀ ਪਾ ਦੇ, ਬਾਕੀ ਰਹਿ ਜਾਣ ਭੁੱਖੇ ਨੰਗੇ।
ਬਚਨ ਭੁਲਾਤੇ ਜੋ ਨਿੱਤ ਸੁਣਦਾ, ਬਈ ਕਰਨੀ ਨੇਕ ਕਮਾਈ।
ਰਲ ਮਿਲ ਰੱਬ ਦਿਆਂ ਭਗਤਾਂ, ਰੱਬ ਦੀ ਰੇਲ ਬਣਾਈ।
ਗੈਰ ਜਾਤ ਦਾ ਦੇਖਕੇ ਬੰਦਾ, ਨਫਰਤ ਮੂੰਹ ਤੇ ਆਵੇ।
ਇਕ ਨੂਰ ਤੋਂ ਉਪਜੇ ਸਾਰੇ, ਇਹ ਗੱਲ ਦਿਲੋਂ ਭੁਲਾਵੇ।
ਮੈਂ ਹਾਂ ਉਚਾ ਬਾਕੀ ਨੀਚੇ, ਦਿਲ ਵਿੱਚ ਗੱਲ ਸਮਾਈ।
ਰਲ ਮਿਲ ਰੱਬ ਦਿਆਂ ਭਗਤਾਂ, ਰੱਬ ਦੀ ਰੇਲ ਬਣਾਈ।
ਬੜਾ ਜਮਾਨਾ ਅੱਗੇ ਲੰਘਿਆ, ਠੱਗ ਨਾ ਜਾਣ ਪਛਾਣੇ ਸੌਖੇ।
ਪਤਾ ਰਾਖਸ਼ਾਂ ਦਾ ਨੀ ਲਗਦਾ, ਜਾਂਦੇ ਲੋਕ ਨੇ ਹੁੰਦੇ ਔਖੇ।
ਉਤੋਂ ਸੁਥਰੇ ਵਿੱਚੋਂ ਮੈਲੇ, ਐਸੀ ਬਣਤ ਬਣਾਈ।
ਰਲ ਮਿਲ ਰੱਬ ਦਿਆਂ ਭਗਤਾਂ, ਰੱਬ ਦੀ ਰੇਲ ਬਣਾਈ।
ਦੋ ਨੰਬਰ ਦੇ ਧੰਦੇ ਕਰਦੇ, ਕਰਦੇ ਟੈਕਸ ਚੋਰੀ।
ਦਾਨ ਉਸਦੇ ਵਿੱਚੋਂ ਕਰਕੇ, ਲੰਘਣ ਪੁੰਨ ਦੀ ਮੋਰੀ।
ਰੱਬ ਦੀਆਂ ਅਖਾਂ ਦੇ ਵਿੱਚ, ਪਾਉਂਦੇ ਘੱਟਾ ਨਾਲ ਸਫਾਈ।
ਰਲ ਮਿਲ ਰੱਬ ਦਿਆਂ ਭਗਤਾਂ, ਰੱਬ ਦੀ ਰੇਲ ਬਣਾਈ।

## ਵਰਦੀ

ਵਰਦੀ ਵਰਦੀ ਵਰਦੀ, ਦੁਨੀਆ ਤੇਰੀ ਇੱਜਤ ਕਰਦੀ।
ਉਹ ਹੈਗੀ ਤੈਥੋਂ ਡਰਦੀ, ਤਾਂ ਹੀ ਤੇਰੀ ਇੱਜਤ ਕਰਦੀ।
ਜਿਨ੍ਹਾਂ ਨਾਲ ਤੇਰੀ ਹਮਦਰਦੀ, ਉਹ ਟੋਲੀ ਨੀ ਤੈਥੋਂ ਡਰਦੀ ।
ਇੱਜਤ ਉਹ ਤੇਰੀ ਵੀ ਲੁਟਦੇ, ਚੁੱਪ ਚਾਪ ਪਰ ਤੂੰ ਹੈਂ ਜਰਦੀ ।
ਯਾਦ ਅਜੇ ਨਹੀਂ ਭੁੱਲੀ ਹੋਣੀ, ਬੀਤੀ ਹੋਈ ਅੰਮ੍ਰਿਤਸਰ ਦੀ ।
ਇੱਜਤ ਬਚਾਂਦੀ ਆਪਣੇ ਘਰ ਦੀ, ਗੁੰਡਿਆਂ ਹੱਥੋਂ ਮਰਦੀ ਵਰਦੀ ।
ਹੱਕ ਮੰਗਦਿਆਂ ਦੇ ਮਾਰੇਂ ਡੰਡੇ, ਐਵੇਂ ਝੂਠੇ ਮੁਕਾਬਲੇ ਕਰਦੀ।
ਭਰੇਂ ਹਾਕਮਾਂ ਦਾ ਤੂੰ ਪਾਣੀ, ਵਿਰੋਧੀਆਂ ਨੂੰ ਹੈਂ ਅੰਦਰ ਕਰਦੀ।
ਹਾਕਮਾਂ ਦੀ ਤੂੰ ਘੂਰੀ ਜਰਦੀ, ਪੂਛ ਚੱਡਿਆਂ ਵਿੱਚ ਜਾ ਵੜਦੀ ।
ਅਜੇ ਵੀ ਵੇਲਾ ਸੰਭਲ ਜਾਵੇ, ਕਰੇ ਗੱਲ ਨਿਆਂ ਦੇ ਘਰ ਦੀ ।
ਲੋਕਾਂ ਦੀ ਬਣੇ ਰਖਵਾਲੀ, ਕਿਰਤ ਜਿਨ੍ਹਾ ਦੀ ਤੋਂ ਢਿੱਡ ਭਰਦੀ।
ਲੋਕ ਬਣਨਗੇ ਦਰਦੀ ਤੇਰੇ, ਗੁੰਡਿਆ ਦਾ ਐਵੇਂ ਪਾਣੀ ਭਰਦੀ ।
ਜਿਉਂਦੇ ਜੀ ਹੈ ਕਾਹਤੋਂ ਮਰਦੀ, ਕਰੇ ਕਾਨੂੰਨ ਦੀ ਰਾਖੀ ਵਰਦੀ ।
ਬਣੇ ਲੋਕਾਂ ਦੀ ਸਾਥੀ ਵਰਦੀ, ਬਣੇ ਤਾਕਤ ਇਨਸਾਫੀ ਵਰਦੀ ।
ਆਪਣੀ ਜਮੀਰ ਜਗਾਵੇ ਵਰਦੀ, ਆਪਣੀ ਸ਼ਾਖ ਬਣਾਵੇ ਵਰਦੀ ।
ਗੁੰਡਿਆਂ ਤੋਂ ਹੋਵੇ ਬੰਦਖਲਾਸੀ, ਜੇ ਕੰਮ ਲੋਕਾਂ ਦੇ ਆਵੇ ਵਰਦੀ।
ਝੂਠੀ ਇੱਜਤ ਤੋਂ ਕੀ ਹੈ ਲੈਣਾ, ਸੱਚੀ ਇੱਜਤ ਕਰਵਾਵੇ ਵਰਦੀ ।

**ਹਰਜੀਤ ਬੇਦੀ**
647 924 9087

## ਮੇਰੇ ਵਤਨ ਦੀ ਕੁੜੀ



ਮਿਲਟਨ ਦੇ ਫਾਰਮ ਵਿੱਚ
ਸਟਰਾਬੈਰੀ ਤੋੜਨ ਆਈ
ਮੇਰੇ ਵਤਨ ਦੀ ਸਾਵਣ...
ਵਰਗੀ ਹੁਣੇ ਹੁਣੇ ਪੰਜਾਬੋ
ਆਈ ਉਹ ਨਵੀਂ ਨਵੀਂ ਕੁੜੀ
ਪਹਿਲਾ ਘੰਟਾ ਉਹਦਾ
ਅਚੰਭੇ ਤੇ ਖ਼ੁਸ਼ੀ 'ਚ ਬੀਤਿਆ
ਦੂਸਰੇ ਘੰਟੇ ਉਸ ਨੂੰ ਆਪਣੇ
ਹੱਥਾਂ ਤੇ ਤਰਸ ਆਇਆ ,
ਤੇ ਆਪਣੇ ਬੜੇ ਯਾਦ ਆਏ
ਤੀਜੇ ਘੰਟੇ ਆਪਣੇ ਤੇ ਇੱਕ
ਚੀਂ ਜਿਹੀ ਚੜ੍ਹਦੀ ਰਹੀ
ਤੇ ਯੂਨੀਵਰਸਿਟੀ 'ਚ ਬਿਤਾਏ
ਪਲਾਂ ਨੂੰ ਖੁਦ ਨਾਲ ਸਾਂਝੇ
ਕਰਦੀ ਰਹੀ ।
ਚੌਥੇ ਘੰਟੇ ਉਹਦੇ
ਅੱਖੀਆਂ ਦੇ ਕੋਨਿਆਂ 'ਚ
ਤਰਲ ਪਦਾਰਥ ਦੌੜਦਾ ਰਿਹਾ
ਤੇ ਉਹ ਸਾਥੀ ਕੰਮੀਆਂ ਤੋਂ
ਨਜ਼ਰ ਛੁਪਾਂਦੀ ਰਹੀ ।
ਪੰਜਵੇਂ ਘੰਟੇ ਉਹ ਉਦਾਸ
ਗੀਤ ਗਾਉਂਦੀ ਰਹੀ
ਆਪ ਮੁਹਾਰੇ
ਛੇਵੇਂ ਘੰਟੇ ਉਹਨੇ
ਗੋਰੇ ਮਾਲਕ ਨੂੰ
ਸਿਖਰ ਦੁਪਿਹਰੇ ਊਰੀ ਵਾਂਗ
ਘੁੰਮਦੇ ਨੂੰ ਨੀਝ ਲਗਾ ਕੇ
ਤੱਕਦੀ ਰਹੀ ।
ਤੇ.........................
ਸੱਤਵੇਂ ਘੰਟੇ ਕਾਹਲੀ ਕਾਹਲੀ
ਫਲੈਟ ਭਰਨ ਲੱਗੀ
ਮਤੇ ਚਾਰ ਛਿੱਲੜ ਹੀ ਜੋੜਾਂ
ਅੱਠਵੇਂ ਘੰਟੇ
ਉਹ ਕੰਮ ਤੇ .........
ਭਾਦਰੋਂ ਵਾਂਗ ਵਰ੍ਹੀ
ਤੇ ਉਹਦਾ ਸਾਰਾ ਰੰਗ
ਲਾਲ ਸਟਰਾਬੈਰੀ 'ਚ
ਘੁਲਮਿਲ ਗਿਆ
ਤੇ ਅਗਲੇ ਦਿਨ ਫਿਰ
ਆਵਾਂਗੀ ਕਹਿ ਕੇ ਟੁਰ ਗਈ
ਮੇਰੇ ਵਤਨ ਦੀ ਸਾਵਣ
ਵਰਗੀ ਕੁੜੀ
ਕੰਮ ਤੇ ਭਾਦਰੋ ਵਾਂਗ ਵਰ੍ਹੀ ।

**-ਜੱਗੀ ਬਰਾੜ ਸਮਾਲਸਰ**

## ਹੌਲ਼ੀ-ਹੌਲ਼ੀ ਮਰਨਾ

**ਪਾਬਲੋ ਨੇਰੂਦਾ ਦੀ ਕਵਿਤਾ ਕੇਵਲ ਪੜ੍ਹਣ ਲਈ ਨਹੀਂ ਸਗੋਂ ਪੜ੍ਹ ਕੇ ਕੁਝ ਦੇਰ ਇਸ ਬਾਰੇ ਸੋਚਣ ਦਾ ਸਮਾਂ ਵੀ ਕੱਢਿਓ....**

ਉਹ ਜੋ
ਆਦਤ ਦਾ ਗ਼ੁਲਾਮ ਬਣ ਜਾਂਦਾ ਹੈ
ਇੱਕੋ ਰਸਤੇ ਚੱਲਦਾ ਹੈ
ਕਦੇ ਰਫ਼ਤਾਰ ਨਹੀਂ ਬਦਲਦਾ
ਜੋ ਕੱਪੜਿਆਂ ਦਾ ਰੰਗ ਬਦਲਣ ਲਈ ਵੀ
ਜੋਖ਼ਮ ਨਹੀਂ ਉਠਾਉਂਦਾ।
ਜੋ ਬੋਲਦਾ ਨਹੀਂ ਤੇ ਮਹਿਸੂਸ ਨਹੀਂ ਕਰਦਾ
ਹੌਲ਼ੀ-ਹੌਲ਼ੀ ਮਰਦਾ ਹੈ...

ਉਹ ਜੋ ਜਨੂੰਨ ਤੋਂ ਬਚਦਾ ਹੈ
ਚਿੱਟੇ ਦੀ ਥਾਂ ਕਾਲ਼ੇ ਨੂੰ ਤਰਜੀਹ ਦਿੰਦਾ ਹੈ
ਜੋ ਭਾਵਨਾਵਾਂ ਦੀ ਪੰਡ ਹੋਣ ਥਾਂ
ਇੱਕੋ ਜਿਹਾ ਚਿਹਰਾ ਬਣਾਈ ਰੱਖਦਾ ਹੈ
ਪਿਆਰ ਵਿੱਚ ਵੀ,
ਜਿਸਨੂੰ ਦੇਖ ਮੱਧਮ ਹੋ ਜਾਂਦੀ ਹੈ
ਤੁਹਾਡੀਆਂ ਅੱਖਾਂ ਦੀ ਰੌਸ਼ਨੀ
ਜੋ ਉਬਾਸੀ ਨੂੰ ਮੁਸਕਰਾਹਟ 'ਚ ਬਦਲ ਲੈਂਦਾ ਹੈ
ਜਿਸਨੂੰ ਹੌਲ ਪੈਣ ਲੱਗਦੇ ਨੇ
ਗ਼ਲਤੀਆਂ ਤੇ ਜਜ਼ਬਾਤਾਂ ਦਾ ਸਾਹਮਣਾ ਕਰਨ ਲੱਗੇ
ਹੌਲ਼ੀ-ਹੌਲ਼ੀ ਮਰਦਾ ਹੈ...

ਉਹ ਜੋ ਚੀਜਾਂ ਨੂੰ ਉਲਟਾ-ਪੁਲਟਾ ਨਹੀਂ ਕਰਦਾ
ਜੋ ਕੰਮ ਕਰਦਾ ਖ਼ੁਸ਼ ਨਹੀਂ
ਜੋ ਇੱਕ ਸੁਪਨੇ ਦਾ ਪਿੱਛਾ ਕਰਦੇ ਹੋਏ
ਅਸਥਿਰਤਾ ਲਈ ਸਥਿਰਤਾ ਛੱਡਣ ਦਾ
ਖ਼ਤਰਾ ਨਹੀਂ ਉਠਾਉਂਦਾ
ਜੋ ਜ਼ਿੰਦਗੀ 'ਚ ਇੱਕ ਵਾਰ ਵੀ
'ਨਰੋਈ' ਸਲਾਹ ਨਹੀਂ ਠੁਕਰਾਉਂਦਾ
ਹੌਲ਼ੀ-ਹੌਲ਼ੀ ਮਰਦਾ ਹੈ...

ਉਹ ਜੋ ਯਾਤਰਾਵਾਂ ਨਹੀਂ ਕਰਦਾ
ਜੋ ਪੜ੍ਹਦਾ ਨਹੀਂ
ਸੰਗੀਤ ਨਹੀਂ ਮਾਣਦਾ
ਖ਼ੁਦ 'ਚ ਕੋਈ ਸੁਹੱਪਣ ਨਹੀਂ ਦੇਖਦਾ
ਹੌਲ਼ੀ-ਹੌਲ਼ੀ ਮਰਦਾ ਹੈ...
ਉਹ ਜੋ ਹੌਲ਼ੀ-ਹੌਲ਼ੀ ਆਪਣਾ ਸਵੈਮਾਣ ਖ਼ਤਮ ਕਰ ਲੈਂਦਾ ਹੈ
ਖ਼ੁਦ ਦੀ ਮਦਦ ਪ੍ਰਵਾਨ ਨਹੀਂ ਕਰਦਾ
ਜੋ ਮਾੜੀ ਕਿਸਮਤ ਦੀਆਂ
ਕਦੇ ਨਾ ਰੁਕਣ ਵਾਲ਼ੀ ਬਾਰਸ਼ ਦੀਆਂ
ਸ਼ਿਕਾਇਤਾਂ ਕਰਦੇ ਦਿਨ ਕੱਟਦਾ ਹੈ
ਹੌਲ਼ੀ-ਹੌਲ਼ੀ ਮਰਦਾ ਹੈ...

ਉਹ ਜੋ ਕੋਈ ਯੋਜਨਾ ਤਿਆਗ ਦਿੰਦਾ ਹੈ
ਸ਼ੁਰੂ ਕਰਨ ਤੋਂ ਪਹਿਲਾਂ ਹੀ
ਨਹੀਂ ਪੁੱਛਦਾ ਸਵਾਲ ਉਹਨਾਂ ਮਸਲਿਆਂ ਬਾਰੇ
ਜਿਹਨਾਂ ਬਾਰੇ ਉਸਨੂੰ ਪਤਾ ਨਹੀਂ
ਤੇ ਉਸਦਾ ਉੱਤਰ ਨਹੀਂ ਦਿੰਦਾ
ਜਿਸ ਬਾਰੇ ਉਹ ਜਾਣਦਾ ਹੁੰਦਾ ਹੈ
ਹੌਲ਼ੀ-ਹੌਲ਼ੀ ਮਰਦਾ ਹੈ...

ਆਓ ! ਕੋਸ਼ਿਸ਼ ਕਰੀਏ
ਕਿਸ਼ਤਾਂ 'ਚ ਆਉਂਦੀ ਮੌਤ ਤੋਂ ਬਚੀਏ
ਖ਼ੁਦ ਨੂੰ ਯਾਦ ਕਰਾਉਂਦੇ ਹੋਏ
ਕਿ ਜ਼ਿੰਦਾ ਰਹਿਣ ਲਈ
ਸਾਹ ਲੈਣ ਤੋਂ ਵੱਧ ਕੋਸ਼ਿਸ਼ ਕਰਨੀ ਪੈਂਦੀ ਹੈ
ਤੇ ਕੇਵਲ ਮੱਚਦਾ ਸਫ਼ਰ ਹੀ ਲੈ ਕੇ ਜਾਵੇਗਾ ਸਾਨੂੰ
ਸ਼ਾਨਮੱਤੀ ਖ਼ੁਸ਼ੀ ਤੱਕ...

**-ਪਾਬਲੋ ਨੇਰੂਦਾ**

## ਬੁੱਢੇ ਨੇ ਕਾਰਪੋਰੇਟੀ ਧੱਕੇਸ਼ਾਹੀ ਨਾਲ ਲਾਇਆ ਮੱਥਾ (ਸਫ਼ਾ 32 ਦੀ ਬਾਕੀ)

ਈਮੇਲ ਦਾ ਪ੍ਰਤੀਕਰਮ ਕਾਫੀ ਅਰਸੇ ਬਾਅਦ ਸੀ ਬੀ ਸੀ ਦੀ ਪੱਤਰਕਾਰ ਜੈਨੀਫ਼ਰ ਫਾਊਲਰ ਰਾਹੀਂ ਮਿਲਿਆ। ਫੋਨ ਆਇਆ, ਕੇਸ ਦੱਸੋ। ਇਹ ਕੇਸ ਸੀ ਬੀ ਸੀ ਦੁਆਰਾ ਨਸ਼ਰ ਕੀਤਾ ਜਾਵੇਗਾ। ਓਦੋਂ ਤੱਕ ਕੇਸ ਸਮਾਲ ਕਲੇਮ ਕੋਰਟ ਵਿੱਚ ਜਾ ਚੁੱਕਿਆ ਸੀ। ਹੋਰਨਾਂ ਮਿੱਤਰਾਂ, ਸਨੇਹੀਆਂ ਸਮੇਤ ਇੱਕ ਵਾਰ ਬਰੈਂਪਟਨ ਦੀ ਉੱਤਰੀ ਰਾਈਡਿੰਗ ਵਿੱਚ ਫੈਡਰਲ ਚੋਣ ਲੜ ਰਹੇ ਕਮਿਊਨਿਸਟੀ ਪਾਰਟੀ ਆਫ਼ ਕੈਨੇਡਾ ਦੇ ਉਮੀਦਵਾਰ ਅਜ਼ੀਜ਼ ਹਰਿੰਦਰ ਹੁੰਦਲ ਨਾਲ ਮਸਲਾ ਸਾਂਝਾ ਕੀਤਾ। ਨੌਜਵਾਨ ਕਾਮਰੇਡ ਕਹਿੰਦੇ: "ਚੱਲ ਭਾਊ, ਕਮਿਊਨਿਸਟੀ ਪਾਰਟੀ ਆਫ਼ ਕੈਨੇਡਾ ਵੱਲੋਂ ਏਜੰਸੀ ਦੇ ਦਫਤਰ ਅੱਗੇ ਮੁਜ਼ਾਹਰਾ ਕਰਦੇ ਹਾਂ, ਧਰਨਾ ਮਾਰਦੇ ਹਾਂ।" ਏਥੋਂ ਦੇ ਸਮੁੱਚੇ ਸਿਸਟਮ ਵਿੱਚ ਇਹ ਗੱਲ ਬਹੁਤੀ ਕਾਰਗਰ ਹੋਣ ਵਾਲੀ ਨਾ ਲੱਗੀ।

ਕਈ ਦੋਸਤਾਂ ਨੇ ਕਿਹਾ ਕਿ ਤੁਹਾਨੂੰ ਐਸੀ ਇੱਕ ਲੀਗਲ ਫਰਮ ਨਾਲ ਮਿਲਾਵਾਂਗੇ ਜਿਹੜੀ ਠੇਕਾ ਕਰੇਗੀ। ਇਹ ਸੌਦੇਬਾਜ਼ੀ ਵੀ ਉਹਨੂੰ ਜਾਇਜ਼ ਨਾ ਜਾਪੀ, ਜਿਹੜੀ ਠੇਕਾਬਾਜ਼ੀ ਤੇ ਦਲਾਲਬਾਜ਼ੀ ਲੱਗੀ। ਕਮਾਈ ਦੀ ਕੁੱਤਿਆਂ ਗੁਆਉਣੀ ਕਰਨਾ ਬੁਰਾ ਲੱਗਾ। ਆਖ਼ਰ ਕਿਰਤ ਕਮਾਈ ਸੀ, ਚੋਰੀ ਦਾ ਮਾਲ ਥੋੜ੍ਹਾ ਸੀ। ਕਿਰਤ ਕਮਾਈ ਨੂੰ ਡਾਂਗਾਂ ਦੇ ਗਜ਼ਾਂ ਨਾਲ ਕਿਉਂ ਉਡਾਇਆ ਜਾਵੇ? ਫਿਰ ਇੱਕ ਵੱਡੀ ਲਾਅ/ਪੈਰਾਲੀਗਲ ਫਰਮ ਨਾਲ ਸੰਪਰਕ ਕੀਤਾ। ਮਿਲਣ ਵਾਸਤੇ ਸਮਾਂ ਦੇਣ ਵਾਸਤੇ ਮੈਸੇਜ ਛੱਡਿਆ। ਸਮਾਂ ਤਾਂ ਮਿਲ ਗਿਆ। ਸਵਾਲ ਪੈਦਾ ਹੋਇਆ ਕਿ ਇਸ ਕੋਲ ਆਉਣ-ਜਾਣ ਲਈ ਰਾਈਡ ਕੌਣ ਦੇਵੇਗਾ? ਏਧਰ-ਉਧਰ ਭੱਜਣਾ ਔਖਾ ਜਾਪਿਆ। ਕਈ ਕਿਸਮ ਦੀਆਂ ਨਿੱਜੀ ਸੀਮਾਵਾਂ ਸਨ। ਪਰਿਵਾਰ ਦੇ ਮੈਂਬਰ ਆਪੋ ਆਪਣੇ ਧੰਦਿਆਂ 'ਚ ਰੁੱਝੇ ਹੋਏ ਸਨ। ਨਾਲ ਕੌਣ ਜਾਇਆ ਕਰੂ? ਬੱਸਾਂ 'ਚ ਰੁਲਣ ਤੇ ਖਜਲ ਖੁਆਰੀ ਤੋਂ ਬੁੱਢਾ ਝਿਜਕਦਾ ਸੀ। ਸੋਚਦਾ, ਇਹ ਕਿਰਤ ਕਮਾਈ ਦੀ ਲੜਾਈ ਲੜਦਿਆਂ ਕਿਤੇ ਜਾਹ ਜਾਂਦੀ ਹੀ ਨਾ ਹੋ ਜਾਵੇ! ਪੱਲੇ ਵੀ ਕੁੱਝ ਨਾ ਪਵੇ। ਏਸੇ ਅਵਸਥਾ 'ਚ ਸਹਿਵਨ ਹੀ ਇੱਕ ਦਿਨ ਇੱਕ ਰੋਜ਼ਾਨਾ ਪੰਜਾਬੀ ਪੇਪਰ ਔਨਲਾਈਨ ਪੜ੍ਹਦਿਆ, ਇੱਕ ਨੌਜਵਾਨ ਸਮਾਰਟ ਪੈਰਾਲੀਗਲ ਲੇਡੀ ਦੀ ਐਡ ਵੇਖੀ। ਫੋਨ 'ਤੇ ਗੱਲ ਕੀਤੀ। ਸਮੱਸਿਆ ਦੱਸੀ। ਆਪਣੀ ਰਾਈਡ ਸਮੱਸਿਆ ਦਾ ਹਵਾਲਾ ਵੀ ਦੇ ਦਿੱਤਾ। ਉਹ ਪਿੱਛੋਂ ਲਾਹੌਰ ਪਾਕਿਸਤਾਨ ਤੋਂ ਸੀ। ਬੁੱਢੇ ਦੀ ਆਪਣੀ ਜਨਮ ਭੂਮੀ ਦੀ ਵਸਨੀਕ। ਬੁੱਢੇ ਨੂੰ ਅਪਣੱਤ ਜਿਹੀ ਮਹਿਸੂਸ ਹੋਈ। ਉਸ ਯਕੀਨ ਦਿਵਾਇਆ ਕਿ ਉਹ ਆਪ ਉਹਦੇ ਘਰ ਆਕੇ ਗੱਲ-ਬਾਤ ਕਰਿਆ ਕਰੇਗੀ। ਜੇ ਕੋਰਟ 'ਚ ਜਾਣਾ ਪਏ ਤਾਂ ਨਾਲ ਲੈਕੇ ਜਾਵੇਗੀ। ਇੰਗਲਿਸ਼ ਤੇ ਪੰਜਾਬੀ 'ਚ ਚੰਗੀ ਬੋਲਦੀ ਸੀ। ਫੀਸ ਵੀ ਵਾਜਬ ਸੀ ਤੇ ਵਕੀਲਾਂ ਵਾਲੇ ਹੋਰ ਲਾਗ-ਲੂਗ ਵੀ ਨਹੀਂ ਸਨ। ਇੱਕ ਟੁੱਕ ਸਪਸ਼ਟ ਗੱਲ ਕਰਦੀ ਸੀ। ਬੁੱਢੇ ਸੋਚਿਆ ਕੇਸ ਸਾਰਾ ਈਮੇਲ ਇਨਵੋਇਸਿਜ਼ 'ਤੇ ਅਧਾਰਤ ਹੈ, ਜਿਹੜੀਆਂ ਉਹਦੀਆ ਲਿਖ਼ਤੀ ਵੀ ਤੇ ਔਨਲਾਈਨ ਰਿਕਾਰਡ 'ਚ ਸੰਭਾਲੀਆਂ ਹੋਈਆਂ ਸਨ। ਬਕਾਇਆ ਇਨਵੋਇਸਿਜ਼ ਨੂੰ ਸਾਲਵਾਰ, ਮਹੀਨਾਵਾਰ, ਮਿਤੀਵਾਰ ਐਕਸੈੱਲ 'ਚ ਪਾਕੇ ਰੱਖਿਆ ਹੋਇਆ ਸੀ। ਰਿਕਾਰਡ ਵੇਖ ਉਸ ਨੇ ਬੜੀ ਸ਼ਲਾਘਾ ਕੀਤੀ ਤੇ ਪੂਰੇ ਆਤਮਵਿਸ਼ਵਾਸ ਵਿੱਚ ਹੋਈ ਜਾਪੀ। ਕੋਈ ਗਵਾਹੀ ਪੇਸ਼ ਕਰਨ ਦੀ ਲੋੜ ਨਹੀਂ ਸੀ। ਕੇਸ ਡਾਕੂਮੈਂਟਸ 'ਤੇ ਅਧਾਰਤ ਸੀ। ਬੱਸ ਫੈਸਲਾ ਹੋ ਗਿਆ। ਫੀਸ ਅਦਾ ਕਰ ਦਿੱਤੀ। ਕੇਸ ਦੇ ਅੰਤ ਤੱਕ ਦਾ ਸਾਰਾ ਲੈਣ ਦੇਣ ਵੀ ਤਹਿ ਹੋ ਗਿਆ। ਹੁਣ ਤੱਕ ਦੀਆਂ ਚਾਰਾਜੋਈਆਂ ਦੇ ਸੰਦਰਭ ਵਿੱਚ ਉਸ ਨੂੰ ਲੱਗਦਾ ਸੀ ਕਿ ਸਮਾਲ ਕਲੇਮ ਕੋਰਟ 'ਚ ਜਾਏ ਬਿਨਾਂ ਕਹਾਣੀ ਸਿਰੇ ਨਹੀਂ ਲੱਗਣੀ। ਉਸ ਪੈਰਾਲੀਗਲ ਬੀਬੀ ਨੂੰ ਕੇਸ ਦਾ ਸਾਰਾ ਡਾਕੂਮੈਂਟਰੀ ਰਿਕਾਰਡ ਸੌਂਪ ਦਿੱਤਾ। ਉਸ ਨੇ ਢੁਕਵੇਂ ਤੇ ਉਚਿੱਤ ਤਰੀਕੇ ਨਾਲ ਤੁਰੰਤ ਕੇਸ ਤਿਆਰ ਕੀਤਾ ਤੇ ਦਾਇਰ ਕਰ ਦਿੱਤਾ।

ਨੇਕ ਕਮਾਈ ਨੇ ਕ੍ਰਿਸ਼ਮਾ ਕਰ ਵਿਖਾਇਆ। ਨੋਟਿਸ ਮਿਲਦਿਆਂ ਹੀ ਏਬਲ ਟਰਾਂਸਲੇਸ਼ਨ ਵਾਲਿਆਂ ਨੇ ਜਵਾਬੀ ਦਾਅਵੇ ਵਿੱਚ ਸਾਰੀਆਂ ਬਕਾਇਆ ਇਨਵੋਇਸਿਜ਼ ਸਬੰਧੀ ਆਪਣੀ ਦੇਣਦਾਰੀ ਨੂੰ ਪ੍ਰਵਾਨ ਕਰ ਲਿਆ। ਛੇ ਕੁ ਹਜ਼ਾਰ ਦਾ ਇੱਕ ਚੈੱਕ ਪਹਿਲੀ ਸੈਟਲਮੈਂਟ ਮੀਟਿੰਗ ਵਿੱਚ ਐਕਸਪਰੈੱਸ ਪੋਸਟ ਰਾਹੀਂ ਭੇਜਣ ਦਾ ਵਾਅਦਾ ਵੀ ਕਰ ਦਿੱਤਾ। ਸੰਖੇਪ 'ਚ ਬਾਕੀ ਸਾਰਾ ਬਕਾਇਆ ਸਮੇਤ ਕੋਰਟ ਖ਼ਰਚਿਆਂ, ਲੇਟ ਅਦਾਇਗੀ 'ਤੇ ਸੂਦ ਅਤੇ $350 ਦਾ ਡੈਮੇਜ ਅਦਾ ਕਰਨਾ ਵੀ ਪ੍ਰਵਾਨ ਕਰ ਲਿਆ। ਨਾਲ ਹੀ ਬੁੱਢੇ ਦੇ ਕੰਮ ਦੀ ਪ੍ਰਸ਼ੰਸਾ ਵੀ ਕੀਤੀ ਅਤੇ ਲੇਟ ਅਦਾਇਗੀ ਵਾਸਤੇ ਖਿਮਾਂ ਵੀ ਮੰਗੀ। ਸੈਟਲਮੈਂਟ ਮੀਟਿੰਗਾਂ ਦੀ ਲੰਬੀ ਲੜੀ ਦੀ ਗੱਲ ਕੀ ਕਰਨੀ ਏਂ। ਏਜੰਸੀ ਨੇ ਇੱਕ ਆਖ਼ਰੀ ਲੜੀਵਾਰ ਸੈਟਲਮੈਂਟ ਮੀਟਿੰਗ ਵਿੱਚ ਸਾਰੀ ਬਕਾਇਆ ਰਾਸ਼ੀ ਦੀਆਂ ਕਿਸ਼ਤਾਂ ਨੂੰ ਚਾਰ ਮਹੀਨੇ ਲਮਕਾਉਣ ਦੀ ਬਜਾਏ ਦੋ ਮਹੀਨਿਆਂ ਵਿੱਚ ਦੇਣੀਆਂ ਅਤੇ ਡੈਮੇਜ ਭਰੌਤੀ $500 ਦੇਣਾ ਮੰਨ ਲਿਆ। ਇਸ ਤਰ੍ਹਾਂ ਦੋਸਤੋ! ਉਸ ਬੁੱਢੇ ਨੇ ਆਪਣੀ ਕਿਰਤ ਕਮਾਈ ਦੀ ਲੜਾਈ ਲੜੀ ਤੇ ਕਾਰਪੋਰੇਟੀ ਸਿਸਟਮ ਨੂੰ ਧੂੜ ਚਟਾਈ।

ਇਸ ਸਿਰੜੀ ਬੁੱਢੇ ਨੇ ਕੇਵਲ ਇਹ ਹੀ ਲੜਾਈ ਨਹੀਂ ਸੀ ਲੜੀ ਸਗੋਂ ਹੋਰ ਵੀ ਕਈ ਮੋਰਚੇ ਮਾਰੇ ਹੋਏ ਸਨ। ਕਾਬਲ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਵਾਂਗ ਨਿੱਕੇ ਮੋਟੇ ਹੋਰ ਵੀ ਕਈ ਕੇਸ ਹਨ। ਪਹਿਲਾਂ ਆਪਣੀ ਸਰਵਿਸ ਦੌਰਾਨ ਤੇ ਫਿਰ ਏਥੇ। ਏਥੇ ਜਦੋਂ ਗੱਡੀ ਆਪ ਚਲਾ ਲੈਂਦਾ ਸੀ, ਓਦੋਂ ਵੀ ਇੱਕ ਏਜੰਸੀ $2500 ਦੀ ਅਦਾਇਗੀ ਤੋਂ ਨਾਂਹ-ਨੁੱਕਰ ਕਰਨ ਲੱਗ ਪਈ। ਔਨਲਾਈਨ ਪਹਿਲਾਂ ਤਾਂ ਉਸ ਏਜੰਸੀ ਦੇ ਸੀ ਈ ਓ ਦੀ ਭਾਲ ਕੀਤੀ। ਫਿਰ ਉਸ ਕੋਲ ਸਾਰਾ ਬਕਾਇਆ ਅਦਾਇਗੀ ਦਾ ਮਾਮਲਾ ਈਮੇਲ ਕੀਤਾ ਅਤੇ ਦਖ਼ਲ ਦੇਣ ਦੀ ਬੇਨਤੀ ਕੀਤੀ। ਉਸ ਨੇ ਹਾਮੀ ਜ਼ਰੂਰ ਭਰੀ ਪਰ ਹੇਠਲੀ ਪੱਧਰ ਦੇ ਕਰਿੰਦੇ ਗੱਲ ਨੂੰ ਗਧੀ-ਗੇੜ 'ਚ ਪਾਉਣ ਲੱਗ ਪਏ। ਓਦੋਂ ਹਿੰਮਤ ਵੀ ਸੀ ਅਤੇ ਰਾਈਡ ਸਾਧਨ ਆਪਣਾ ਸੀ। ਸਮਾਲ ਕਲੇਮ ਕੋਰਟ ਵਿੱਚ ਉਸ ਨੇ ਆਪ ਹੀ ਕੇਸ ਤਿਆਰ ਕਰਕੇ ਦਾਇਰ ਕਰ ਦਿੱਤਾ। ਨੋਟਿਸ 'ਤੇ ਹੀ ਏਜੰਸੀ ਸੈਟਲਮੈਂਟ ਕਰਨ ਲਈ ਸਹਿਮਤ ਹੋ ਗਈ ਅਤੇ ਬਕਾਏ ਸਮੇਤ ਕੋਰਟ ਖ਼ਰਚੇ ਦੇ ਚੈੱਕ ਭੇਜ ਦਿੱਤਾ ਅਤੇ ਕੇਸ ਵਾਪਸ ਲੈਣ ਲਈ ਕਹਿ ਦਿੱਤਾ। 'ਸੁਲ੍ਹਾ ਕੀਤਿਆਂ ਜੇ ਫੜ੍ਹੇ ਹੱਥ ਆਵੇ, ਕਮਰ ਜੰਗ ਦੇ ਮੂਲ ਨਾ ਕੱਸੀਏ ਜੀ' ਗੱਲ ਠੀਕ ਸਿੱਧ ਹੋਈ। ਏਦਾਂ ਕਿਸੇ ਵਿੱਚ ਵੀ ਹਾਰ ਨਹੀਂ ਹੋਈ। ਕਿਸੇ ਨੂੰ ਆਪਣੇ ਹੱਕਾਂ 'ਤੇ ਡਾਕਾ ਨਹੀਂ ਮਾਰਨ ਦਿੱਤਾ। ਕਿਸੇ ਪੜੇ-ਪ੍ਰਮਾਤਮਾ, ਸਾਧ-ਸੂਧ ਅੱਗੇ ਅਰਜੋਈਆਂ ਤੇ ਅਰਦਾਸਾਂ ਨਹੀਂ ਕੀਤੀਆਂ। ਤਰਕਸ਼ੀਲੀ ਹਿੰਮਤ ਤੇ ਸਿਰੜ ਕਾਇਮ ਰੱਖਿਆ। "ਹਾਸ਼ਮ ਫਤ੍ਹੇ ਨਸੀਬ ਉਨ੍ਹਾਂ ਨੂੰ ਜਿਨ੍ਹਾਂ ਹਿੰਮਤ ਯਾਰ ਬਣਾਈ" 'ਤੇ ਅਮਲ ਹੀ ਮੰਜ਼ਲਾਂ 'ਤੇ ਪਹੁੰਚਾਉਂਦੇ। 'ਹਿੰਮਤੇ ਮਰਦ, ਮਰਦੇ ਖ਼ੁਦਾ' ਵਾਲਾ ਕਥਨ ਸਹੀ ਸਿੱਧ ਹੁੰਦਾ ਰਿਹੈ। ਇਸ ਬੁੱਢੇ ਦੀ ਇਹ ਸੰਖੇਪ ਸੰਘਰਸ਼ ਗਾਥਾ ਸਬਕ ਭਰਪੂਰ ਹੈ। ਜੇ ਅਰਨਸਟ ਹੈਮਿੰਗਵੇ ਦਾ ਓਲਡ ਮੈਨ ਸ਼ਾਰਕਾਂ ਨਾਲ ਜੂਝਿਆ ਸੀ, ਇੱਕ ਪੇਂਡੂ ਬੁੱਢਾ ਡਬਲਯੂ ਐੱਲ 711 ਦੇ ਬੀਜ ਲਈ ਤਾਂ ਇਹ ਬੁੱਢਾ ਕਾਰਪੋਰੇਟੀ ਸ਼ਾਰਕਸ ਨਾਲ ਦਸਤਪੰਜਾ ਲੈਣੋਂ ਕਦੀ ਪਿੱਛੇ ਨਹੀਂ ਹਟਿਆ ਜਾਪਦਾ।

ਫੋਨ: 647-402-2170

## ਬਾਦਲ ਸਰਕਾਰ ਦੇ ਤਾਨਾਸ਼ਾਹੀ ਵੱਲ ਵਧਦੇ ਕਦਮ (ਸਫ਼ਾ 3 ਦੀ ਬਾਕੀ)

ਪੈਸ਼ਨਰੀ ਲਾਭਾਂ ਦੇ ਲੱਖਾਂ ਰੁਪੈ ਦੇ ਬਿੱਲ 6 ਮਹੀਨੇ ਤੱਕ ਬੰਦ ਪਏ ਖਜ਼ਾਨੇ ਦੀ ਭੇਂਟ ਚੜ੍ਹ ਰਹੇ ਹੋਣ, ਭਾਵੇਂ ਵੱਖ-ਵੱਖ ਵਿਭਾਗਾਂ ਅੰਦਰ ਤੀਜਾ-ਚੌਥਾ ਹਿੱਸਾ ਨਿਗੂਣੀਆਂ ਤਨਖਾਹਾਂ ਉੱਪਰ ਠੇਕਾ ਭਰਤੀ ਰਾਹੀਂ ਕੰਮ ਕਰ ਰਹੇ ਕਰਮਚਾਰੀ ਅਤੇ ਉਨ੍ਹਾਂ ਦੇ ਪਰਿਵਾਰ ਭੁੱਖ ਨਾਲ ਘੁਲ ਰਹੇ ਹੋਣ (ਜਿਸ ਤਰ੍ਹਾਂ ਮੌਜੂਦਾ ਬਾਦਲ ਸਰਕਾਰ ਅੰਦਰ ਇਹ ਵਾਪਰ ਰਿਹਾ ਹੈ।) ਪਰ ਇਹ 'ਕੰਡਕਟ ਰੂਲਜ਼' ਸਰਕਾਰ ਦੀ ਟੀਕਾ ਟਿੱਪਣੀ ਕਰਨ ਦੀ ਕਤਈ ਇਜ਼ਾਜ਼ਤ ਨਹੀਂ ਦਿੰਦੇ।

ਇਸੇ ਤਰ੍ਹਾਂ ਹੀ ਇਹਨਾਂ 'ਕੰਡਕਟ ਰੂਲਜ਼' ਦੀ ਧਾਰਾ 8 (2) ਅਧੀਨ "ਕੋਈ ਵੀ ਸਰਕਾਰੀ ਕਰਮਚਾਰੀ ਨਿਰੋਲ ਸਾਹਿਤਕ ਕਲਾਤਮਿਕ ਜਾਂ ਵਿਗਿਆਨਕ ਲੱਛਣਾਂ ਵਾਲਾ ਕੋਈ ਲੇਖ ਆਦਿ ਹੀ ਕਿਸੇ ਰਸਾਲੇ ਅਖਬਾਰ ਵਿੱਚ ਛਪਵਾ ਸਕਦਾ ਹੈ। ਹੋਰ ਕਿਸੇ ਕਿਸਮ ਦੇ ਲੇਖ (ਭਾਵ ਸਿਆਸੀ ਰੰਗਤ ਵਾਲਾ ਜਾਂ ਸਰਕਾਰ ਦੀਆਂ ਨੀਤੀਆਂ ਨਾਲ ਸੰਬੰਧਤ)ਛਾਪਣ ਲਈ ਭੇਜਣ ਤੋਂ ਪਹਿਲਾਂ ਸਰਕਾਰ ਦੀ ਮਨਜ਼ੂਰੀ ਲੈਣੀ ਜ਼ਰੂਰੀ ਹੈ।" ਹਾਂ, ਸਰਕਾਰ ਦੀ ਮਹਿਮਾ ਕਰਦਾ ਹੋਇਆ ਤਾਂ ਕੋਈ 'ਸਿਆਸੀ' ਲੇਖ ਵੀ ਸਰਕਾਰ ਲਈ ਮਨਜ਼ੂਰੇ ਨਜ਼ਰ ਹੋ ਸਕਦਾ ਹੈ।

'ਕੰਡਕਟ ਰੂਲਜ਼' ਦੀ ਧਾਰਾ 10 (2) (ੳ) ਅਧੀਨ "ਕੋਈ ਵੀ ਸਰਕਾਰੀ ਕਰਮਚਾਰੀ ਕਿਸੇ ਕਮੇਟੀ ਜਾਂ ਅਦਾਰੇ ਵੱਲੋਂ ਕੀਤੀ ਜਾ ਰਹੀ ਜਾਂਚ ਪੜਤਾਲ ਅੱਗੇ ਸਰਕਾਰ ਦੀ ਮਨਜ਼ੂਰੀ ਲੈ ਕੇ ਵੀ ਕੋਈ ਅਜਿਹੀ ਗਵਾਹੀ ਨਹੀਂ ਦੇਵੇਗਾ ਜੋ ਭਾਰਤ ਸਰਕਾਰ, ਪੰਜਾਬ ਸਰਕਾਰ ਜਾਂ ਕਿਸੇ ਵੀ ਰਾਜ ਸਰਕਾਰ ਦੀ ਕਿਸੇ ਨੀਤੀ ਜਾਂ ਕਿਸੇ ਕਦਮ ਦੀ ਟੀਕਾ ਟਿੱਪਣੀ ਕਰਦੀ ਹੋਵੇ।"

**ਨੌਕਰੀ ਲਈ ਪੁਲਿਸ ਪੜਤਾਲ ਦਾ ਡੰਡਾ ਸਿਰ ਤੇ** : ਭਾਵੇਂ ਹੋਰ ਸਰਕਾਰੀ ਨਿਯਮ ਤਾਂ ਸਰਕਾਰੀ ਕਰਮਚਾਰੀਆਂ ਉੱਪਰ ਨੌਕਰੀ ਵਿੱਚ ਆਉਣ ਤੋਂ ਬਾਅਦ ਹੀ ਲਾਗੂ ਹੁੰਦੇ ਹਨ ਪਰੰਤੂ ਇਹ 'ਕੰਡਕਟ ਰੂਲਜ਼' ਤਾਂ ਸਰਕਾਰੀ ਕਰਮਚਾਰੀ ਦੇ ਨਾਂ ਸਿਰਫ ਸਰਕਾਰੀ ਨੌਕਰੀ ਵਿੱਚ ਆਉਣ ਤੋਂ ਬਾਅਦ ਹੀ ਉਸ ਉੱਪਰ ਸਿਆਸੀ ਵਿਚਾਰ ਪ੍ਰਗਟ ਕਰਨ ਅਤੇ ਸਿਆਸੀ ਸਰਗਰਮੀਆਂ ਵਿੱਚ ਹਿੱਸਾ ਲੈਣ ਤੇ ਪਾਬੰਦੀ ਲਾਉਂਦੇ ਹਨ, ਸਗੋਂ ਨੌਕਰੀ ਵਿੱਚ ਆਉਣ ਤੋਂ ਪਹਿਲਾਂ ਦੀਆ ਵਿਦਿਆਰਥੀ ਜੀਵਨ ਦੀਆਂ ਵੀ ਉਸ ਦੀਆਂ ਅਜਿਹੀਆਂ ਸਿਆਸੀ ਸਰਗਰਮੀਆਂ ਸਾਬਤ ਹੋਣ ਤੇ ਉਸਨੂੰ ਨੌਕਰੀ ਵਿੱਚ ਭਰਤੀ ਕਰਨ ਤੋਂ ਰੋਕਿਆਂ ਜਾ ਸਕਦਾ ਹੈ ਅਤੇ ਨੌਕਰੀ ਕਰਦੇ ਹੋਏ ਨੂੰ ਵੀ ਨੌਕਰੀ ਵਿੱਚੋਂ ਕੱਢਿਆਂ ਜਾ ਸਕਦਾ ਹੈ 'ਤੇ ਇਸ ਮੰਤਵ ਲਈ ਹਰ ਕਰਮਚਾਰੀ ਦੀ ਸਰਕਾਰੀ ਨੌਕਰੀ ਵਿੱਚ ਆਉਣ ਤੇ ਰਹਿਣ ਦੀ ਪਹਿਲੀ ਸ਼ੂਰਤ ਵੱਲੋਂ ਉਸ ਦੀ ਪੁਲਿਸ ਪੜਤਾਲ ਕਰਵਾਈ ਜਾਂਦੀ ਹੈ। ਪੁਲਿਸ ਪੜਤਾਲ ਦੀ ਇਹ ਬਦਨਾਮ ਪ੍ਰਥਾ ਵੀ ਬਰਤਾਨਵੀ ਰਾਜ ਦਾ ਹੀ ਕਲੰਕ ਹੈ ਅਤੇ ਇਹ ਸੰਵਿਧਾਨ ਦੀ ਧਾਰਾ 16 (1) ਅੰਦਰ ਹਰ ਨਾਗਰਿਕ ਨੂੰ ਰਾਜ ਦੇ ਹਰ ਅਦਾਰੇ ਵਿੱਚ ਨੌਕਰੀ ਸੰਬੰਧੀ ਬਰਾਬਰ ਮੌਕਾ ਦੇਣ" ਦੀ ਦਿੱਤੀ ਗਾਰੰਟੀ ਦਾ ਬੁਰੀ ਤਰ੍ਹਾਂ ਮੂੰਹ ਚਿੜਾਉਂਦੀ ਹੈ।

ਕੇਂਦਰ ਅਤੇ ਰਾਜ ਸਰਕਾਰ ਵੱਲੋਂ ਹੁਣ ਤੱਕ ਹਜ਼ਾਰਾਂ ਕਰਮਚਾਰੀਆਂ ਨੂੰ ਇਸ ਬਦਨਾਮ ਪੁਲਿਸ ਪੜਤਾਲ ਤਹਿਤ ਨੌਕਰੀ ਵਿੱਚ ਭਰਤੀ ਹੋਣ ਤੋਂ ਵਾਂਝਿਆਂ ਕੀਤਾ ਹੋਇਆਂ ਹੈ ਜਾਂ ਨੌਕਰੀ ਵਿੱਚੋਂ ਕੱਢਿਆ ਜਾ ਚੁੱਕਾ ਹੈ।

**ਸਰਕਾਰੀ ਕਰਮਚਾਰੀ ਦੀ ਨੌਕਰੀ ਗਵਰਨਰ ਦੇ ਰਹਿਮੋ-ਕਰਮ ਤੇ** : ਸਰਕਾਰੀ ਕਰਮਚਾਰੀਆਂ ਦੇ 'ਕੰਡਕਟ ਰੂਲਜ਼' ਦੀਆਂ ਉਹਨਾਂ ਦੇ ਪੈਰੀਂ ਪਈਆਂ ਭਾਰੀ ਜ਼ੰਜੀਰਾਂ ਤੋਂ ਬਿਨਾਂ ਕਰਮਚਾਰੀਆਂ ਸੰਬੰਧੀ ਸੰਵਿਧਾਨ ਦੀਆਂ ਕੁੱਝ ਧਾਰਾਵਾਂ ਅੰਦਰ ਵੀ ਬਰਤਾਨਵੀ ਰਾਜ ਦੀ ਵਿਰਾਸਤ ਝਲਕਦੀ ਹੈ, ਜਿਨ੍ਹਾਂ ਅਨੁਸਾਰ ਰਾਜ ਸਰਕਾਰ ਦੇ ਕਰਮਚਾਰੀ ਦੀ ਨੌਕਰੀ, ਸੇਵਾ-ਨਿਯਮਾਂਵਲੀ ਦੇ ਬਾਵਜੂਦ ਰਾਜ ਦੇ ਗਵਰਨਰ ਦੇ ਰਹਿਮ 'ਤੇ ਹੀ ਨਿਰਭਰ ਕਰਦੀ ਹੈ। (ਭਾਵ ਮੌਕੇ ਦੀ ਸਰਕਾਰ ਦੇ ਰਹਿਮ 'ਤੇ) ਸੰਵਿਧਾਨ ਦੀ ਧਾਰਾ 310 (1) ਅਧੀਨ "ਇਸ ਸੰਵਿਧਾਨ ਵਿੱਚ ਕੁਝ ਨਿਸ਼ਚਿਤ ਵਿਅਕਤੀਆਂ ਨੂੰ ਛੱਡ ਕੇ ਹਰ ਵਿਅਕਤੀ ਜਿਹੜਾ ਫੌਜੀ ਸੇਵਾ ਜਾਂ ਕੇਂਦਰ ਦੀ ਸਿਵਲ ਸੇਵਾ ਜਾਂ ਸਰਵ ਭਾਰਤੀ ਸੇਵਾ ਦਾ ਮੈਂਬਰ ਹੈ ਜਾਂ ਕੇਂਦਰ ਅਧੀਨ ਕਿਸੇ ਵੀ ਫੌਜੀ ਜਾਂ ਸਿਵਲ ਪੋਸਟ 'ਤੇ ਕੰਮ ਕਰਦਾ ਹੈ, ਰਾਸ਼ਟਰਪਤੀ ਦੀ ਰਜ਼ਾ (ਖ਼ੁਸ਼ੀ) ਅਨੁਸਾਰ ਅਤੇ ਜਿਹੜਾ ਵਿਅਕਤੀ ਕਿਸੇ ਰਾਜ ਦੀ ਸਿਵਲ ਪੋਸਟ ਤੇ ਕੰਮ ਕਰਦਾ ਹੈ ਜਾਂ ਰਾਜ ਦੀ ਕਿਸੇ ਸਿਵਲ ਸੇਵਾ ਦਾ ਮੈਂਬਰ ਹੈ, ਉਹ ਰਾਜ ਦੇ ਗਵਰਨਰ ਦੀ ਰਜ਼ਾ ਅਨੁਸਾਰ ਹੀ ਕੰਮ ਕਰਦਾ ਹੈ।"

ਤੇ ਸੰਵਿਧਾਨ ਦੀ ਧਾਰਾ 311 (2) ਅਧੀਨ "ਕਿਸੇ ਵੀ ਸਰਕਾਰੀ ਕਰਮਚਾਰੀ ਨੂੰ (ਕੇਂਦਰੀ ਸਰਕਾਰ ਦੇ ਕਰਮਚਾਰੀ ਨੂੰ ਰਾਸ਼ਟਰਪਤੀ ਤੇ ਰਾਜ ਸਰਕਾਰ ਦੇ ਕਰਮਚਾਰੀ ਨੂੰ ਗਵਰਨਰ ਦੀ ਮਨਜ਼ੂਰੀ ਨਾਲ) ਬਿਨਾਂ ਕੋਈ ਕਾਰਨ ਦੱਸੇ ਅਤੇ ਬਿਨਾਂ ਕਿਸੇ ਜਾਂਚ ਪੜਤਾਲ ਦੇ ਕਿਸੇ ਸਮੇਂ ਵੀ ਨੌਕਰੀਉਂ ਬਰਤਰਫ ਕੀਤਾ ਜਾ ਸਕਦਾ ਹੈ।" ਜੇ "ਰਾਸ਼ਟਰਪਤੀ ਜਾਂ ਗਵਰਨਰ ਨੂੰ ਇਹ ਤਸੱਲੀ ਹੈ ਕਿ ਰਾਜ ਦੀ ਸੁਰੱਖਿਆ ਤੇ ਹਿਤਾਂ ਖਾਤਰ ਅਜਿਹੀ ਜਾਂਚ ਪੜਤਾਲ ਕਰਵਾਉਣੀ ਉਚਿੱਤ ਨਹੀਂ ਹੈ।" ਤੇ ਇਹ ਫੈਸਲਾ ਅੰਤਿਮ ਹੋਵੇਗਾ ਅਤੇ ਕਿਸੇ ਵੀ ਅਦਾਲਤ ਵਿੱਚ ਇਸ ਤੇ ਮੁੜ ਗੌਰ ਨਹੀਂ ਕੀਤੀ ਜਾ ਸਕਦੀ।

ਸੰਵਿਧਾਨ ਦੀ ਧਾਰਾ ਦੀ ਵਰਤੋਂ ਕਰਕੇ ਹੀ 1979-80 ਦੌਰਾਨ ਪੰਜਾਬ ਭਰ ਅਤੇ ਮੁਲਕ ਭਰ ਅੰਦਰ ਆਪਣੀਆਂ ਕੰਮ ਹਾਲਤਾਂ ਦੀ ਬਿਹਤਰੀ ਲਈ ਚੱਲੀ ਪੁਲਿਸ ਐਜੀਟੇਸ਼ਨ ਦੌਰਾਨ ਹਜ਼ਾਰਾਂ ਹੀ ਪੁਲਿਸ ਕਰਮਚਾਰੀਆਂ ਨੂੰ ਨੌਕਰੀ ਤੋਂ ਬਰਤਰਫ ਕੀਤਾ ਗਿਆ ਸੀ। ਇਸੇ ਤਰ੍ਹਾਂ ਹੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਕਾਂਗਰਸ ਸਰਕਾਰ ਸਮੇਂ ਲਾਈ ਗਈ ਬਦਨਾਮ ਐਮਰਜੈਂਸੀ ਦੌਰਾਨ ਸਰਵਿਸ ਰੂਲਾਂ ਵਿੱਚ ਕੀਤੀ ਸੋਧ ਰਾਹੀਂ ਸੈਂਕੜੇ ਕਰਮਚਾਰੀਆਂ ਨੂੰ ਜ਼ਬਰੀ ਰਿਟਾਇਰ ਕਰ ਦਿੱਤਾ ਗਿਆ ਸੀ। ਕੇਂਦਰ ਸਰਕਾਰ ਦੇ ਰੇਲਵੇ ਕਰਮਚਾਰੀਆਂ ਦੀ ਹੜਤਾਲ ਸਮੇਂ ਵੀ ਉਹਨਾਂ ਉੱਪਰ ਇਸੇ ਧਾਰਾ ਦੀ ਗਾਜ਼ ਡਿੱਗੀ ਸੀ।

**ਅਧਿਆਪਕਾਂ ਦੇ ਮੌਜੂਦਾ ਆਚਰਣ ਤੇ ਨਿਯਮ -ਕੋਠਾਰੀ ਕਮਿਸ਼ਨ ਦੀਆਂ ਨਜ਼ਰਾਂ 'ਚ** : ਸਰਕਾਰੀ ਕਰਮਚਾਰੀ ਦੇ 'ਸੇਵਾ ਤੇ ਆਚਰਣ ਨਿਯਮਾਂ' ਤਹਿਤ ਸਰਕਾਰ ਵੱਲੋਂ ਅਧਿਆਪਕ ਜਥੇਬੰਦੀਆਂ ਨੂੰ ਜਾਰੀ ਕੀਤੇ ਗਏ ਪੱਤਰਾਂ/ਹੁਕਮਾਂ ਦੀ ਚੱਲ ਰਹੀ ਮੌਜੂਦਾ ਸਥਿਤੀ ਦੇ ਸੰਦਰਭ 'ਚ 1964-66 ਦੇ ਬਹੁਚਰਚਿਤ ਕੋਠਾਰੀ ਸਿੱਖਿਆ ਕਮਿਸ਼ਨ ਵੱਲੋਂ ਆਪਣੀ ਰਿਪੋਰਟ ਅੰਦਰ ਅਧਿਆਪਕਾਂ ਦੇ ਮੌਜੂਦਾ ਸੇਵਾ ਤੇ ਆਚਰਣ ਨਿਯਮਾਂ ਉੱਪਰ ਕੀਤੀ ਗਈ ਅਹਿਮ ਟਿੱਪਣੀ ਦੀ ਅੱਜ ਬੇਹੱਦ ਸਾਰਥਿਕਤਾ ਤੇ ਵਾਜਬੀਅਥ ਬਣਦੀ ਹੈ। ਰਿਪੋਰਟ ਅਨੁਸਾਰ -" ਹਰ ਪੇਸ਼ੇ ਦੀਆਂ ਵੱਖਰੀਆਂ ਸੇਵਾ ਸ਼ਰਤਾਂ ਹੋਣੀਆਂ ਚਾਹੀਦੀਆਂ ਹਨ ਅਤੇ ਅਧਿਆਪਕਾਂ ਲਈ ਆਚਰਣ ਤੇ ਜ਼ਾਬਤਾ ਨਿਯਮ ਵਿਦਿਅਕ ਆਜ਼ਾਦੀ ਮੁਹੱਈਆ ਕਰਦੇ ਹੋਣੇ ਚਾਹੀਦੇ ਹਨ ਜਿਹੜੀ ਉਹਨਾਂ ਦੀ ਸੁਯੋਗ ਕਾਰਜ ਕੁਸ਼ਲਤਾ ਲਈ ਲਾਜ਼ਮੀ ਹੈ। ਇਸ ਤੋਂ ਇਲਾਵਾ ਮੌਜੂਦਾ ਆਚਰਣ ਅਤੇ ਜ਼ਾਬਤਾ ਨਿਯਮ, ਮੁੱਖ ਤੌਰ 'ਤੇ ਵਿਦੇਸ਼ੀ ਹਕੂਮਤ (ਬਰਤਾਨਵੀ ਹਕੂਮਤ-ਲੇਖਕ) ਦੀ ਸਰਪ੍ਰਸਤੀ ਹੇਠ ਘੜੇ ਗਏ ਸਨ, ਜਦ ਅਧਿਆਪਕਾਂ ਦੇ ਸਿਆਸੀ ਵਿਚਾਰਾਂ ਨੂੰ ਕਾਬੂ ਹੇਠ ਰੱਖਣਾਂ ਸਰਕਾਰੀ ਨੀਤੀ ਦਾ ਮੁੱਖ ਉਦੇਸ਼ ਸੀ। ਬਦਕਿਸਮਤੀ ਨਾਲ ਇਹ ਨਿਯਮ ਜਿਹੜੇ ਕਦ ਦਾ ਵੇਲਾ ਵਿਹਾ ਚੁੱਕੇ ਹਨ, ਅੱਜ ਵੀ ਜਿਉਂ ਦੇ ਤਿਉਂ ਲਾਗੂ ਹਨ। ਇਸ ਲਈ ਸਰਕਾਰੀ ਸੇਵਾ ਵਿੱਚ ਕੰਮ ਕਰਦੇ ਅਧਿਆਪਕਾਂ ਲਈ ਅਜਿਹੇ ਵੱਖਰੇ ਤੇ ਨਵੇਂ ਆਚਰਣ ਤੇ ਜਾਬਤਾ ਨਿਯਮ ਘੜਨ ਦੀ ਲੋੜ ਹੈ, ਜਿਹੜੇ ਉਹਨਾਂ ਲਈ ਆਪਣੇ ਪੇਸ਼ੇ ਦੀ ਸੁਯੋਗਤਾ ਤੇ ਵਿਕਾਸ ਦੀ ਆਜ਼ਾਦੀ ਨੂੰ ਯਕੀਨੀ ਬਨਾਉਣ। ("ਕੇਂਦਰ ਸਰਕਾਰ ਵੱਲੋਂ ਬੈਠਾ 'ਕੋਠਾਰੀ ਕਮਿਸ਼ਨ' (ਸਿੱਖਿਆ) 1964-66 ਦੀ ਰਿਪੋਰਟ ਵਿੱਚੋਂ)

**ਸੰਵਿਧਾਨਕ ਜਮਹੂਰੀ ਹੱਕਾਂ ਲਈ ਜੂਝਣਾ ਸਮੇਂ ਦਾ ਅਹਿਮ ਤਕਾਜ਼ਾ** : ਉਕਤ ਵਿਸਥਾਰਤ ਵਿਚਾਰ ਚਰਚਾ ਤੋਂ ਸਪਸ਼ਟ ਹੈ ਕਿ ਬਰਤਾਨਵੀ ਰਾਜ ਦੀ ਵਿਰਾਸਤ ਸਮੋਈ ਬੈਠੇ ਮੱਧ ਯੁੱਗੀ ਗੁਲਾਮਾਨਾ ਜ਼ਹਿਨੀਅਤ ਵਾਲੇ ਇਨ੍ਹਾਂ 'ਸੇਵਾ ਤੇ ਆਚਰਣ ਨਿਯਮਾਂ ਦੀਆਂ ਜ਼ੰਜੀਰਾਂ ਨੇ ਸਰਕਾਰੀ ਕਰਮਚਾਰੀਆਂ ਦੇ ਸ਼ਹਿਰੀ ਤੇ ਜਮਹੂਰੀ ਹੱਕਾਂ ਨੂੰ ਅਰਥ ਵਿਹੂਣਾ ਬਣਾ ਕੇ ਰੱਖ ਦਿੱਤਾ ਹੈ। ਤੇ ਇਹ 'ਸੇਵਾ ਤੇ ਆਚਰਣ ਨਿਯਮ' ਭਾਰਤੀ ਸੰਵਿਧਾਨ ਦੇ ਮੁੱਖ-ਬੰਧ ਵਿੱਚ ਲਿਖੇ "ਸਭਨਾਂ ਨਾਗਰਿਕਾਂ ਲਈ ਸਮਾਜਿਕ, ਆਰਥਿਕ ਅਤੇ ਸਿਆਸੀ ਨਿਆਂ" ਉੱਤੇ ਸਭਨਾਂ ਨਾਗਰਿਕਾਂ ਲਈ "ਸੋਚਾਂ, ਵਿਚਾਰਾਂ ਤੇ ਖਿਆਲਾਂ ਦੀ ਆਜ਼ਾਦੀ" ਦੇ ਸੰਕਲਪ ਨੂੰ ਮੂਲੋਂ ਹੀ ਨਕਾਰਦੇ ਹਨ ਅਤੇ ਲੱਖਾਂ -ਕਰੋੜਾਂ ਦੀ ਗਿਣਤੀ 'ਚ ਪੜ੍ਹੇ-ਲਿਖੇ ਬੁੱਧੀਜੀਵੀ, ਤਕਨੀਕੀ ਮਾਹਰ ਤੇ ਕਮਾਊ ਸਰਕਾਰੀ ਕਰਮਚਾਰੀਆਂ ਨੂੰ ਮੁਲਕ ਦੀ ਸਮਾਜੀ-ਸਿਆਸੀ ਜ਼ਿੰਦਗੀ ਵਿੱਚ ਆਪਣਾ ਬਣਦਾ ਰੋਲ ਨਿਭਾਉਣ ਤੋਂ ਅਸਮਰਥ ਬਣਾਉਂਦੇ ਹਨ ਜੋ ਕਿ ਸਰਕਾਰੀ ਕਰਮਚਾਰੀਆਂ ਦਾ ਇੱਕ ਤਰ੍ਹਾਂ ਨਾਲ ਭਾਂਡਾ ਛੇਕਣ ਦੇ ਸਮਾਨ ਹੈ।

ਜੇ ਕਿਤੇ ਸਰਕਾਰ ਜਾਂ ਅਫਸਰਸ਼ਾਹੀ ਇਨ੍ਹਾਂ 'ਸੇਵਾ ਤੇ ਆਚਰਣ ਨਿਯਮਾਂ' ਦੀਆਂ ਉਕਤ ਧਾਰਾਵਾਂ ਨੂੰ ਕਿਸੇ ਮੌਕੇ ਅਮਲ 'ਚ ਨਹੀਂ ਲਿਆਉਂਦੀ ਦਿਸਦੀ ਜਾਂ ਅਸੀਂ ਆਪਣੇ ਬੋਲਣ, ਲਿਖਣ, ਪਬਲਿਕ-ਪ੍ਰੈੱਸ ਬਿਆਨ ਦੇਣ, ਧਰਨੇ, ਮੁਜ਼ਾਹਰੇ ਤੇ ਹੜਤਾਲਾਂ ਆਦਿ ਕਰਨ ਦੇ ਆਪਣੇ ਜਮਹੂਰੀ ਹੱਕ ਦੀ ਜਿੰਨੀ ਕੁ ਵੀ ਵਰਤੋਂ ਕਰ ਰਹੇ ਹਾਂ, ਇਹ ਸਰਕਾਰ ਜਾਂ ਅਫਸਰਸ਼ਾਹੀ ਦੀ ਰਹਿਮ ਦਿਲੀ ਕਰਕੇ ਨਹੀਂ ਹੈ, ਸਗੋਂ ਵਾਹਵਾ ਹੱਦ ਤੱਕ ਆਪੋ-ਆਪਣੀਆਂ ਜਥੇਬੰਦੀਆਂ ਹੇਠ ਜਥੇਬੰਦ ਹੋਕੇ ਸੰਘਰਸ਼ ਕਰਨ ਦੇ ਲਗਾਤਾਰ ਦਬਾਅ ਦਾ ਹੀ ਸਿੱਟਾ ਹੈ। ਪਰ ਜਦ ਵੀ ਸਾਡੀਆਂ ਜਥੇਬੰਦੀਆਂ ਤੇ ਲਹਿਰਾਂ ਦਾ ਦਬਾਅ ਕਮਜ਼ੋਰ ਪੈਦਾ ਹੈ ਤਾਂ ਸਰਕਾਰ ਤੇ ਅਫਸਰਸ਼ਾਹੀ ਇਨ੍ਹਾਂ 'ਕੰਡਕਟ ਰੂਲਾਂ' ਦੇ ਪੱਤਰੇ ਖੋਲ੍ਹਣ ਲੱਗ ਜਾਂਦੀ ਹੈ ਇਸ ਲਈ ਜਿੱਥੇ ਅੱਜ ਲੌਂਮ ਦਾਅ ਤੋਂ ਇਹ ਲੋੜ ਬਣੀ ਹੋਈ ਹੈ ਕਿ ਅਸੀਂ ਆਪਣੀ ਅਧਿਆਪਕ ਲਹਿਰ/ਮੁਲਾਜ਼ਮ ਲਹਿਰ ਨੂੰ ਮੌਜੂਦਾ ਖਿੰਡੀ -ਪੁੰਡੀ ਗਾਲਤ ਵਿੱਚੋਂ ਕੱਢ ਕੇ ਵਿਗਿਆਨਕ ਲੀਹਾਂ ਤੇ ਇੱਕ ਮੁੱਠ ਕਰਨ ਵੱਲ ਸਾਰਥਿਕ ਕਦਮ ਪੁੱਟਣ ਦੇ ਯਤਨ ਕਰੀਏ, ਉੱਥੇ ਮੌਜੂਦਾ ਚਲ ਰਾਹੀਂ ਸਥਿਤੀ ਅੰਦਰ ਵੱਖ-ਵੱਖ ਤਬਕਾਤੀ ਤੇ ਸਾਂਝੀਆਂ ਜਥੇਬੰਦੀਆਂ (ਪਲੇਟਫਾਰਮਾਂ) ਦੇ ਤਾਲਮੇਲ ਰਾਹੀਂ ਸਾਂਝੀ ਅਧਿਆਪਕ ਲਹਿਰ ਤੇ ਸਾਂਝੀ ਮੁਲਾਜ਼ਮ ਲਹਿਰ ਨੂੰ ਹੋਰ ਵਿਸ਼ਾਲ ਤੇ ਮਜ਼ਬੂਤ ਬਣਾਈਏ।

ਫੌਰੀ ਤੇ ਅਧਿਕ ਮੰਗਾਂ /ਮੁੱਦਿਆਂ ਨੂੰ ਲੈਂਦੇ ਸੰਘਰਸ਼ ਕਰਦੇ ਸਮੇਂ ਇਨ੍ਹਾਂ ਨੂੰ ਸਰਕਾਰ ਵੱਲੋਂ ਸਾਗੂ ਕੀਤੀਆਂ ਜਾਂ ਰਹੀਆਂ ਨਵ-ਉਦਾਰਵਾਦੀ ਕਰਪੋਰੇਟ ਵਿਕਾਸ ਮਾਡਲ ਦੀਆਂ ਬੁਨਿਆਦੀ ਨੀਤੀਆਂ ਦੇ ਸੰਦਰਭ 'ਚ ਰੱਖਦੇ ਕਰਮਚਾਰੀਆਂ ਨੂੰ ਜਾਗਰੂਕ ਕਰੀਏ ਤੇ ਲਾਮਬੰਦ ਕਰਕੇ ਇਨ੍ਹਾਂ ਬੁਨਿਆਦੀ ਨੀਤੀਆਂ ਨੂੰ ਮੋੜਾ ਦੇਣ ਲਈ ਜ਼ੋਰਦਾਰ ਸੰਘਰਸ਼ ਕਰੀਏ। ਫੌਰੀ ਤੇ ਅੰਸ਼ਕ ਪ੍ਰਾਪਤੀਲਈ ਕੀਤੇ ਜਾਣ ਵਾਲੇ ਸੰਘਰਸ਼ ਦੇ ਰਾਹ 'ਚ ਰੋੜਾ ਬਣਨ ਵਾਲੇ ਕਾਲੇ ਕਾਨੂੰਨਾਂ ਵਿਰੁੱਧ ਅਤੇ ਸ਼ਹਿਰੀ ਤੇ ਜ਼ਮਹੂਰੀ ਹੱਕਾਂ 'ਤੇ ਛਾਪਾ ਮਾਰਨ ਵਾਲੇ 'ਕੰਡਕਟ ਰੂਲਾਂ' ਦੇ ਖ਼ਾਤਮੇ ਦੀਆਂ ਜਮਹੂਰੀ ਮੰਗਾਂ ਨੂੰ ਵੀ ਆਪਣੇ ਸੰਘਰਸ਼ਾਂ ਦਾ ਮੁੱਦਾ ਬਣਾਈਏ। ਅਜੋਕੀ ਚਾਲ ਰਹੀ ਸਥਿਤੀ ਅੰਦਰ ਸਾਡੀ ਅਧਿਆਪਕ ਲਹਿਰ ਤੇ ਮੁਲਾਜ਼ਮ ਲਹਿਰ ਦੇ ਅੱਗੇ ਵਧਣ ਤੇ ਹੋਰ ਲੰਬੀਆਂ ਪੁਲਾਂਘਾਂ ਪੁੱਟਣ ਲਈ ਇਹ ਲਾਜ਼ਮੀ ਲੋੜ ਬਣੀ ਹੋਈ ਹੈ। ਇਸ ਨੂੰ ਸੰਬੋਧਤ ਹੋਣਾ ਹੀ ਅੱਜ ਸਮੇਂ ਦਾ ਅੰਤਿਮ ਤਕਾਜ਼ਾ ਹੈ।

ਲੇਖਕ 'ਵਰਗ ਚੇਤਨਾ' ਰਸਾਲੇ ਦਾ ਸੰਪਾਦਕ ਹੈ
ਸੰਪਰਕ-9814535005

# ਆਮ ਲੋਕਾਂ ਲਈ ਵਿਨਾਸ਼ਕਾਰੀ ਹੈ ਮੌਜੂਦਾ ਵਿਕਾਸ ਮਾਡਲ



ਗੁਰਚਰਨ ਨੂਰਪੁਰ

ਅੱਜ ਪੰਜਾਬ ਦੀ ਧਰਤੀ ਦਾ ਸੱਚ ਕੀ ਹੈ?

ਉਹ ਧਰਤੀ ਜਿਸ ਨੂੰ ਅਸੀਂ ਗੁਰੂਆਂ ਪੀਰਾਂ ਅਤੇ ਮਹਾਨ ਸ਼ਹੀਦਾਂ ਦੀ ਧਰਤੀ ਮੰਨਦੇ ਹਾਂ ਉਸ ਧਰਤੀ ਦਾ ਸੱਚ ਅੱਜ ਇਹ ਹੈ ਕਿ ਇੱਥੇ ਰਹਿਣ ਵਾਲੇ ਬਹੁਗਿਣਤੀ ਲੋਕ ਅੱਜ ਇਸ ਕੋਸ਼ਿਸ਼ ਵਿੱਚ ਹਨ ਕਿ ਕਿਵੇਂ ਨਾ ਉਹ ਅਤੇ ਉਹਨਾਂ ਦੀ ਔਲਾਦ ਕਿਸੇ ਹੋਰ ਦੇਸ਼ ਵਿੱਚ ਚਲੀ ਜਾਵੇ ਜਿੱਥੇ ਉਹ ਹਰ ਤਰ੍ਹਾਂ ਸੁਰੱਖਿਅਤ ਰਹਿ ਸਕੇ। ਬਹੁਗਿਣਤੀ ਲੋਕਾਂ ਨੂੰ ਭਾਸ ਰਿਹਾ ਹੈ ਕਿ ਇੱਥੋਂ ਦੀ ਆਬੋ ਹਵਾ, ਪ੍ਰਸ਼ਾਸ਼ਨਿਕ ਵਿਵਸਥਾ ਅਤੇ ਪੰਜਾਬ ਦੀ ਆਰਥਿਕਤਾ ਦਾ ਧੁਰਾ ਖੇਤੀਬਾੜੀ ਆਦਿ ਤੇਜੀ ਨਾਲ ਬਰਬਾਦੀ ਵੱਲ ਵਧ ਰਹੇ ਹਨ। ਵੱਖ ਵੱਖ ਸਰਕਾਰੀ ਵਿਭਾਗਾਂ ਦਾ ਨਿੱਜੀਕਰਨ, ਗਲਤ ਸਰਕਾਰੀ ਨੀਤੀਆਂ, ਖੇਤੀ ਪ੍ਰਤੀ ਸਰਕਾਰਾਂ ਦੀ ਬੇਰੁਖੀ ਆਦਿ ਨੇ ਇੱਕ ਅਜਿਹੇ ਮਾਹੌਲ ਨੂੰ ਜਨਮ ਦਿੱਤਾ ਹੈ ਜਿਸ ਵਿੱਚ ਬੇਕਾਰੀ ਅਤੇ ਅਮੀਰੀ ਗਰੀਬੀ ਦਾ ਪਾੜਾ ਤੇਜੀ ਨਾਲ ਵਧਣ ਲੱਗ ਪਏ ਹਨ। ਲੱਖਾਂ ਛੋਟੇ ਕਿਸਾਨ ਜ਼ਮੀਨ ਵਿਹੂਣੇ ਹੋ ਕੇ ਮਜਦੂਰ ਬਣ ਰਹੇ ਹਨ। ਕਰਜਾਈ ਕਿਸਾਨਾਂ ਦੀ ਗਿਣਤੀ ਤੇਜੀ ਨਾਲ ਵੱਧ ਰਹੀ ਹੈ। ਪੜ੍ਹੇ ਲਿਖੇ ਬੇਰੁਜਗਾਰਾਂ ਦੀ ਭੀੜ ਹਰ ਸਾਲ ਨਿਰੰਤਰ ਵਧ ਰਹੀ ਹੈ ਸਰਕਾਰੀ ਨੌਕਰੀਆਂ ਜੋ ਆਬਾਦੀ ਦੇ ਅਨੁਪਾਤ ਅਨੁਸਾਰ ਵਧਣੀਆਂ ਚਾਹੀਦੀ ਸਨ ਵਿੱਚ ਉਲਟਾ ਕਟੌਤੀ ਕੀਤੀ ਜਾ ਰਹੀ ਹੈ। ਇਸ ਦਾ ਸਿੱਟਾ ਇਹ ਹੈ ਕਿ ਦੇਸ਼ ਦੇ ਪੜ੍ਹੇ ਲਿਖੇ ਨੌਜੁਆਨ ਉਹਨਾਂ ਦੇਸ਼ਾਂ ਵੱਲ ਰੁਖ ਕਰ ਰਹੇ ਹਨ ਜਿੱਥੇ ਉਹਨਾਂ ਦੀ ਪੜਾਈ ਅਤੇ ਹੁਨਰ ਦੀ ਕੁਝ ਹੱਦ ਤੱਕ ਕਦਰ ਹੈ। ਬਾਕੀਆਂ ’ਚੋਂ ਬਹੁਤੇ ਇੱਥੇ ਨਸ਼ਿਆਂ ਦੀ ਜਿੱਲਣ ਵਿੱਚ ਫਸ ਕੇ ਜਾਂ ਤਾਂ ਬਰਬਾਦ ਹੋ ਰਹੇ ਹਨ ਜਾਂ ਪ੍ਰਾਇਵੇਟ ਕੰਪਨੀਆਂ ਦੀਆਂ ਛੋਟੀਆਂ ਮੋਟੀਆਂ ਨੌਕਰੀਆਂ ਕਰਨ ਲਈ ਮਜਬੂਰ ਹਨ। ਪ੍ਰਾਈਵੇਟ ਬੈਂਕਾਂ, ਪ੍ਰਾਈਵੇਟ ਸਕੂਲਾਂ, ਸਕੂਲ ਵੈਨਾਂ, ਮੈਰਿਜ ਪੈਲਸਾਂ, ਦਵਾਈ ਕੰਪਨੀਆਂ, ਚਿੱਟ ਫੰਡ ਕੰਪਨੀਆਂ, ਇੰਟਰਨੈਟ ਅਤੇ ਮੋਬਾਇਲ ਕੰਪਨੀਆਂ ਆਦਿ ਦੇ ਧੰਦਿਆਂ ਵਿੱਚ 7 ਤੋਂ 10 ਹਜ਼ਾਰ ਵਿੱਚ ਕੰਮ ਕਰਨ ਵਾਲੇ ਲੋਕਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਆਉਣ ਵਾਲੇ ਸਮੇਂ ਦੌਰਾਨ ਪੰਜਾਬ ਵਿੱਚ ਔਸਤਨ ਦਸ ਹਜਾਰ ਰੁਪਏ ਤੋਂ ਹੇਠਾਂ ਨੌਕਰੀ ਕਰਨ ਵਾਲੇ ਲੋਕਾਂ ਦੀ ਬਹੁਤਾਦ ਹੋਵੇਗੀ। ਸਰਕਾਰੀ ਮੁਲਾਜਮ, ਨਿਮਨ ਵਰਗੀ ਕਿਸਾਨ ਅਤੇ ਹੋਰ ਛੋਟੇ ਕਾਰੋਬਾਰੀ ਆਪਣੇ ਕੰਮਾਂ ਤੋਂ ਫਾਰਗ ਕਰ ਦਿੱਤੇ ਜਾਣਗੇ ਅਤੇ ਉਹਨਾਂ ਦੀਆਂ ਔਲਾਦਾਂ ਛੋਟੀਆਂ ਛੋਟੀਆਂ ਨਿਗੁਣੀਆਂ ਤਨਖਾਹਾਂ ਤੇ ਆਪਣੇ ਪਰਿਵਾਰਾਂ ਦਾ ਗੁਜਾਰਾ ਕਰਨ ਲਈ ਮਜਬੂਰ ਹੋਣਗੀਆਂ। ਸਰਕਾਰੀ ਅਦਾਰਿਆਂ ਦਾ ਬੜੀ ਤੇਜੀ ਨਾਲ ਨਿੱਜੀਕਰਨ ਹੋ ਰਿਹਾ ਹੈ ਬਿਜਲੀ, ਪਾਣੀ, ਸੀਵਰੇਜ, ਰੋਡਵੇਜ਼, ਸਿੱਖਿਆ, ਸੜਕਾਂ, ਦੂਰ ਸੰਚਾਰ ਆਦਿ ਵਿਭਾਗ ਬੜੀ ਤੇਜੀ ਨਾਲ ਨਿੱਜੀ ਹੱਥਾਂ ਵਿੱਚ ਦਿੱਤੇ ਜਾ ਰਹੇ। ਬਾਕੀ ਰਹਿੰਦੇ ਅਦਾਰਿਆਂ ਦਾ ਆਉਣ ਵਾਲੇ ਸਮੇਂ ਦੌਰਾਨ ਭੋਗ ਪਾ ਦਿੱਤਾ ਜਾਵੇਗਾ। ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਹਰ ਤਰ੍ਹਾਂ ਦੇ ਅਦਾਰੇ ਨਿੱਜੀ ਕੰਪਨੀਆਂ ਨੂੰ ਸੌਂਪ ਦਿੱਤੇ ਗਏ ਤਾਂ ਸਰਕਾਰਾਂ ਦੀ ਭੂਮਿਕਾ ਕੀ ਹੋਵੇਗੀ? ਸਰਕਾਰ ਦਾ ਕੰਮ ਪ੍ਰਾਈਵੇਟ ਕੰਪਨੀਆਂ ਨਾਲ ਮਿਲ ਕੇ ਰਾਜ ਕਰਨਾ ਅਤੇ ਕਾਰਪੋਰੇਟ ਕੰਪਨੀਆਂ ਦੇ ਹਿੱਤਾਂ ਦੀ ਰਾਖੀ ਕਰਨ ਅਤੇ ਉਹਨਾਂ ਨੂੰ ਹਰ ਤਰ੍ਹਾਂ ਦੀ ਸੁਰੱਖਿਆ ਮਹੱਈਆਂ ਕਰਾਉਣਾ ਬਣ ਜਾਵੇਗਾ। ਇਹ ਕਿਸੇ ਆਉਣ ਵਾਲੇ ਸਮੇਂ ਦੀ ਭਵਿੱਖ ਬਾਣੀ ਨਹੀਂ ਬਲਕਿ ਹੁਣ ਵੀ ਇਹ ਸਭ ਕੁਝ ਹੋ ਰਿਹਾ ਦੇਖਿਆ ਜਾ ਸਕਦਾ ਹੈ। ਉਹ ਲੋਕ ਜੋ ਵੱਖ ਵੱਖ ਸਰਕਾਰੀ ਮਹਿਕਮਿਆਂ ਵਿੱਚ ਨੌਕਰੀਆਂ ਕਰਕੇ ਚੰਗੀਆਂ ਤਨਖਾਹਾਂ ਲੈਂਦੇ ਸਨ ਦੇ ਬੱਚੇ ਅਤੇ ਹੋਰ ਨੌਜੁਆਨ ਭਾਵੇਂ ਕਿੰਨੀ ਵੀ ਯੋਗਤਾ ਕਿਉਂ ਨਾ ਰੱਖਦੇ ਹੋਣ ਤੋਂ ਨਿਗੁਣੀਆਂ ਤਨਖਾਹਾਂ ਕੰਮ ਲਏ ਜਾਣਗੇ। ਇਹ ਅਮਲ ਜਿੱਥੇ ਗਰੀਬੀ ਦੇ ਦਾਇਰੇ ਨੂੰ ਤੇਜੀ ਨਾਲ ਹੋਰ ਮੋਕਲਾ ਕਰੇਗਾ, ਇਸ ਨਾਲ ਅਮੀਰਾਂ ਧਨਾਢਾਂ ਦੇ ਧਨ ਦੇ ਢੇਰ ਹੋਰ ਉੱਚੇ ਹੋ ਜਾਣਗੇ। ਕੇਂਦਰ ਅਤੇ ਸਟੇਟ ਸਰਕਾਰਾਂ ਦੀ ਖੇਤੀ ਪ੍ਰਤੀ ਬੇਰੁਖੀ ਨੇ ਆਪਣਾ ਅਸਰ ਵਿਖਾਉਣਾ ਸ਼ੁਰੂ ਕਰ ਦਿੱਤਾ ਹੈ। ਕੇਂਦਰ ਦੀ ਐਨ ਡੀ ਏ ਸਰਕਾਰ ਅੱਡੀ ਚੋਟੀ ਦਾ ਜੋਰ ਲਾ ਕੇ ਭੂਮੀ ਅਧਿਗ੍ਰਹਿਣ ਬਿਲ ਪਾਸ ਕਰਵਾਉਣਾ ਚਾਹੁੰਦੀ ਸੀ ਜੋ ਨਹੀਂ ਹੋ ਸਕਿਆ। ਪਰ ਪਿਛਲੇ ਕੁਝ ਅਰਸੇ ਤੋਂ ਇਹ ਕੰਮ ਟੇਡੀ ਉਗਲ ਨਾਲ ਕਰਨ ਦਾ ਕੰਮ ਉਦੋਂ ਸ਼ੁਰੂ ਹੋ ਗਿਆ ਸੀ ਜਦੋਂ ਸਰਕਾਰ ਦੇ ਨਾਲ ਨਾਲ ਪ੍ਰਈਵੇਟ ਬੈਂਕਾਂ ਨੇ ਵੀ ਕਿਸਾਨਾਂ ਦੀਆਂ ਜ਼ਮੀਨ ਦੀਆਂ ਰਜ਼ਿਸਟਰੀਆਂ ਗਹਿਣੇ ਰੱਖ ਕੇ ਲਿਮਟਦੇ ਰੂਪ ਵਿੱਚ ਵੱਡੇ ਕਰਜੇ ਦੇਣੇ ਅਰੰਭ ਕਰ ਦਿੱਤੇ ਸਨ। ਵਿਡੰਬਨਾ ਇਹ ਹੈ ਕਿ ਬਹੁਗਿਣਤੀ ਕਿਸਾਨ ਲਿਮਟ ਦੇ ਕਰਜੇ ਨੂੰ ਕਰਜਾ ਮੰਨਦੇ ਹੀ ਨਹੀਂ। ਪੰਜਾਬ ਦੇ ਕਿਸਾਨ ਦੀ ਲੱਖਾਂ ਏਕੜ ਜ਼ਮੀਨ ਹੁਣ ਵੀ ਉਹਦੇ ਪੈਰਾਂ ਹੇਠੋਂ ਖਿਸਕਾਅ ਲਈ ਗਈ ਹੈ ਪਰ ਰਾਜਨੀਤਕ ਕਾਰਨਾਂ ਕਰਕੇ ਇਸ ਸਬੰਧੀ ਬਹੁਤਾ ਕੁਝ ਹੋ ਵਾਪਰ ਨਹੀਂ ਰਿਹਾ। ਬਹੁਤ ਛੇਤੀ ਆਉਣ ਵਾਲੇ ਸਮੇਂ ਦੌਰਾਨ ਇਹ ਇਹ ਲਿਮਟ ਰੂਪੀ ਕਰਜਾ ਆਪਣੀ ਭਿਆਨਕ ਦਿੱਖ ਦਿਖਾਉਵੇਗਾ। ਪ੍ਰਇਵੇਟ ਬੈਂਕਾਂ ਜਾਂ ਤਾਂ ਕਿਸਾਨਾਂ ਨੂੰ ਜਮੀਨਾਂ ਵੇਚਣ ਲਈ ਮਜਬੂਰ ਕਰਨਗੀਆਂ ਜਾਂ ਫਿਰ ਕਰਜੇ ਦੀ ਵਿਆਜ ਦੀ ਦਰ ਇੰਨੀ ਵਧਾ ਦਿੱਤੀ ਜਾਵੇਗੀ ਕਿ ਕਿਸਾਨ ਆਪਣੀ ਜ਼ਮੀਨ ਵਿੱਚ ਪ੍ਰਾਇਵੇਟ ਬੈਕਾਂ ਕੰਪਨੀਆਂ ਦਾ ਕਾਮਾ ਬਣ ਕੇ ਰਹਿ ਜਾਵੇਗਾ। ਇਹ ਕਰਜ਼ਾ ਲੱਖਾਂ ਹੋਰ ਕਿਸਾਨਾਂ ਨੂੰ ਜ਼ਮੀਨ ਵਿਹੂਣੇ ਕਰ ਦੇਵੇਗਾ ਅਤੇ ਭੂਮੀ ਅਧਿਗ੍ਰਹਿਣ ਬਿੱਲ ਵਰਗੇ ਕਾਨੂੰਨਾਂ ਦਾ ਕੰਮ ਆਪਣੇ ਆਪ ਹੋਣ ਲੱਗ ਪਵੇਗਾ। ਪੰਜਾਬ ਇੱਕ ਛੋਟਾ ਜਿਹਾ ਸੂਬਾ ਹੈ ਅਤੇ ਇੱਥੇ ਹਰ ਰੋਜ ਇੱਕ ਜਾਂ ਦੋ ਕਿਸਾਨ ਕਰਜਿਆਂ ਹੱਥੋਂ ਤੰਗ ਆ ਕੇ ਆਤਮ ਹੱਤਿਆਵਾਂ ਕਰ ਰਹੇ ਹਨ। ਪਿਛਲੇ ਲੰਮੇ ਅਰਸੇ ਤੋਂ ਜਦੋਂ ਕਿਰਸਾਨੀ ਨੂੰ ਬਚਾਉਣ ਦੀ ਗੱਲ ਹੋਈ ਤਾਂ ਲਗਭਗ ਸਭ ਧਿਰਾਂ ਕਿਸਾਨ ਨੂੰ ਸਸਤੇ ਕਰਜੇ ਦੇਣ ਦੀ ਗੱਲ ਕਰਦੀਆਂ ਰਹੀਆਂ ਹਨ। ਪਰ ਕਿਸਾਨੀ ਨੂੰ ਬਚਾਉਣ ਲਈ ਸਸਤੇ ਕਰਜੇ ਨਹੀਂ ਬਲਕਿ ਖੇਤੀ ਸਬੰਧੀ ਹੋਰ ਵੱਡੇ ਫੈਂਸਲੇ ਲੈਣ ਅਤੇ ਉਪਰਾਲੇ ਕਰਨ ਦੀ ਲੋੜ ਸੀ ਜੋ ਨਹੀਂ ਕੀਤੇ ਗਏ ਅਤੇ ਇਸ ਦਾ ਨਤੀਜਾ ਸਾਡੇ ਸਭ ਦੇ ਸਾਹਮਣੇ ਹੈ। ਕਿਸਾਨਾਂ ਦੀਆਂ ਆਤਮਹੱਤਿਆਵਾਂ ਪ੍ਰਤੀ ਸਰਕਾਰਾਂ ਖਾਸ ਕਰਕੇ ਕੇਂਦਰ ਸਰਕਾਰ ਦੀ ਸੰਵੇਂਦਨਹੀਨਤਾ ਇਸ ਗੱਲ ਵੱਲ ਸੰਕੇਤ ਕਰਦੀ ਹੈ ਕਿਸਾਨ ਮਾਰੂ ਨੀਤੀਆਂ ਨੂੰ ਅਜੇ ਹੋਰ ਅੱਗੇ ਵਧਾਇਆ ਜਾਣਾ ਬਾਕੀ ਹੈ।

ਸਮੇਂ ਦੇ ਬੀਤਣ ਨਾਲ ਜਿੱਥੇ ਪੰਜਾਬ ਦੀ ਆਬੋ ਹਵਾ ਵਿੱਚ ਵੱਡੀਆਂ ਤਬਦੀਲੀਆਂ ਕਾਰਨ ਇੱਥੇ ਬਿਮਾਰੀਆਂ ਦੀ ਭਰਮਾਰ ਹੋਈ ਹੈ ਉੱਥੇ ਪੰਜਾਬੀ ਸਮਾਜ ਦੇ ਰਹਿਣ ਸਹਿਣ ਅਤੇ ਲੋੜਾਂ ਵਿੱਚ ਵੀ ਵੱਡੀਆਂ ਤਬਦੀਲੀਆਂ ਆਈਆਂ ਹਨ। ਲੋਕਾਂ ਦੀ ਕਮਾਈ ਦਾ ਵੱਡਾ ਹਿੱਸਾ ਮਹਿੰਗੀਆਂ ਪੜ੍ਹਾਈਆਂ, ਸਕੂਲ ਵੈਨਾਂ ਦੇ ਕਿਰਾਏ, ਮੋਬਾਇਲ, ਟੀ ਵੀ ਡਿਸ਼ ਰੀਚਾਰਜ, ਮਹਿੰਗੀ ਬਿਜਲੀ, ਪੈਟਰੋਲ, ਡੀਜ਼ਲ ਅਤੇ ਗੈਸ ਖਰੀਦਣ ਤੇ ਖਰਚ ਹੋ ਰਿਹਾ ਹੈ ਜਦਕਿ ਅੱਜ ਤੋਂ ਡੇੜ ਕੁ ਦਹਾਕਾ ਪਹਿਲਾਂ ਇਹ ਖਰਚੇ ਨਾ ਮਾਤਰ ਹੀ ਸਨ। ਵਿਆਹਾਂ ਸ਼ਾਦੀਆਂ ਲਈ ਪੈਲਸ ਕਲਚਰ ਅਤੇ ਇਸ ਨਾਲ ਜੁੜੇ ਹੋਰ ਖਰਚੇ, ਵੇਖਾ ਵੇਖੀ ਕੋਠੀਆਂ ਉਸਾਰਨ ਦੀ ਹੋੜ ਆਦਿ ਵਰਗੀਆਂ ਪਰਵਿਰਤੀਆਂ ਨੇ ਪੰਜਾਬੀ ਸਮਾਜ ਦੀ ਆਰਥਿਕਤਾ ਨੂੰ ਇੱਕ ਤਰ੍ਹਾਂ ਨਾਲ ਡਾਵਾਂਡੋਲ ਕਰਕੇ ਰੱਖ ਦਿੱਤਾ ਹੈ। ਸਾਡੇ ਆਲੇ ਦੁਆਲੇ ਵਿਕਾਸ ਦਾ ਜੋ ਮੰਜ਼ਰ ਨਜ਼ਰ ਆ ਰਿਹਾ ਹੈ ਇਹ ਇੱਕ ਤਰ੍ਹਾਂ ਨਾਲ ਪੰਜਾਬ ਦੀ ਮਿੱਟੀ ਪਾਣੀ ਅਤੇ ਹਵਾ ਨੂੰ ਪਲੀਤ ਕਰਕੇ ਪੈਦਾ ਕੀਤਾ ਵਿਕਾਸ ਹੈ ਜਿਸ ਦੀ ਉਮਰ ਕੋਈ ਬਾਹਲੀ ਲੰਮੀ ਨਹੀਂ। ਅਖੌਤੀ ਵਿਕਾਸ ਦੇ ਅਮਲ ਵਿੱਚ ਪੰਜਾਬ ਦੇ ਲੋਕ ਜੋ ਸਦੀਆਂ ਤੋਂ ਕਿਰਤੀ ਕਮਾਊ ਪੁੱਤਰਾਂ ਵਜੋਂ ਜਾਣੇ ਜਾਂਦੇ ਸਨ ਆਪਣੇ ਕਿਰਤ ਕਰਨ ਵਾਲੇ ਖਾਸੇ ਤੋਂ ਟੁੱਟ ਗਏ ਹਨ। ਕਿਸੇ ਵੀ ਸਮਾਜ ਦਾ ਕਿਰਤ ਤੋਂ ਟੁੱਟ ਜਾਣਾ ਉਸ ਲਈ ਬੜਾ ਮੰਦਭਾਗਾ ਸਾਬਤ ਹੁੰਦਾ ਹੈ।

ਬਾਹਰਲੇ ਮੁਲਕਾਂ ਵਿੱਚ ਜਾਣਾ ਅਤੇ ਉੱਥੇ ਜਾ ਕੇ ਖੱਟੀਆਂ ਕਮਾਈਆਂ ਕਰਨੀਆਂ ਪੰਜਾਬ ਦੇ ਲੋਕਾਂ ਦੀ ਰੀਝ ਰਹੀ ਹੈ। ਡੇੜ ਦਹਾਕੇ ਤੱਕ ਪੰਜਾਬ ਦੇ ਲੋਕ ਬਾਹਰ ਜਾਂਦੇ ਸਨ ਉੱਥੇ ਜਾ ਕੇ ਵੱਸਦੇ ਵੀ ਸਨ ਪਰ ਕਮਾਈਆਂ ਇਧਰ ਭੇਜਦੇ ਸਨ ਉਹਨਾਂ ਦੇ ਵਾਰਸ ਜਮੀਨਾਂ ਖਰੀਦਦੇ ਸਨ ਜਾਂ ਹੋਰ ਕੋਈ ਕਾਰੋਬਾਰ ਕਰਦੇ ਸਨ। ਲੋਕ ਬਾਹਰੋਂ ਕਮਾਈਆਂ ਕਰਕੇ ਇਧਰ ਆ ਕੇ ਆਪਣੇ ਕਾਰੋਬਾਰ ਸਥਾਪਤ ਕਰਦੇ ਸਨ। ਪਰ ਪਿਛਲੇ ਇੱਕ ਦਹਾਕੇ ਤੋਂ ਇਹ ਮਾਨਸਿਕਤਾ ਬਦਲ ਗਈ ਹੈ। ਪ੍ਰਵਾਸੀ ਪੰਜਾਬੀ ਜੋ ਆਪਣੇ ਅੰਦਰ ਪੰਜਾਬ ਲਈ ਅੰਤਾਂ ਦਾ ਦਰਦ ਵੀ ਰੱਖਦੇ ਹਨ ਹੁਣ ਆਪਣੇ ਜੱਦੀ ਪੁਸ਼ਤੀ ਕਾਰੋਬਾਰ, ਘਰ ਕੋਠੀਆਂ ਅਤੇ ਜ਼ਮੀਨਾਂ ਇਧਰੋਂ ਸਮੇਟ ਰਹੇ ਹਨ। ਵੇਚ ਰਹੇ ਹਨ। ਇੱਥੇ ਪੈਸਾ ਲਾਉਣ ਦੀ ਬਜਾਏ ਇਧਰੋਂ ਪੈਸੇ ਵੱਟ ਕੇ ਬਾਹਰਲੇ ਮੁਲਕਾਂ ਵਿੱਚ ਆਪਣੇ ਕਾਰੋਬਾਰ ਸਥਾਪਤ ਕਰ ਰਹੇ ਹਨ। ਉਹਨਾਂ ਨੇ ਜਾਣ ਲਿਆ ਹੈ ਕਿ ਪਿਛਲੇ ਲੰਮੇ ਅਰਸੇ ਤੋਂ ਰਾਜ ਕਰਦੀਆਂ ਆ ਰਹੀਆਂ ਸਰਕਾਰਾਂ ਅੰਦਰੋਂ ਹੁਣ ਪ੍ਰਸ਼ਾਸ਼ਨਿਕ ਵਿਵਸਥਾ ਨੂੰ ਠੀਕ ਕਰਨ ਦੀ ਰੁਚੀ ਇੱਕ ਤਰ੍ਹਾਂ ਨਾਲ ਮਰ ਹੀ ਗਈ ਹੈ। ਇਹ ਅਮਲ ਪੰਜਾਬੀ ਸਮਾਜ ਲਈ ਬੇਹੱਦ ਘਾਤਕ ਸਾਬਤ ਹੋਵੇਗਾ




ਨਿਰਾਸ਼ਾਜਨਕ ਗੱਲ ਇਹ ਹੈ ਅਜਿਹੀਆਂ ਗਤੀਵਿਧੀਆਂ ਦੀ ਕਿਸੇ ਵੀ ਧਿਰ ਵੱਲੋਂ ਵੱਲੋਂ ਚਿੰਤਾ ਜਾਹਿਰ ਨਹੀਂ ਕੀਤੀ ਜਾ ਰਹੀ ਕੋਈ ਨੋਟਿਸ ਨਹੀਂ ਲਿਆ ਜਾ ਰਿਹਾ। ਦੂਜੇ ਪਾਸੇ ਸਾਡੇ ਨੇਤਾਵਾਂ ਵੱਲੋਂ ਬਾਹਰਲੇ ਮੁਲਕਾਂ ਦੇ ਕਾਰੋਬਾਰੀਆਂ ਨੂੰ ਇੱਥੇ ਪੂਜੀਨਿਵੇਸ਼ ਕਰਨ ਲਈ ਬੇਨਤੀਆਂ ਅਰਜੋਈਆਂ ਕੀਤੀਆ ਜਾ ਰਹੀਆਂ ਹਨ। ਇੱਥੋਂ ਦੇ ਲੋਕਾਂ ਨੂੰ ਇਹ ਦਰਸਾਇਆ ਜਾ ਰਿਹਾ ਹੈ ਕਿ ਤੁਹਾਡੀ ਅਸੀਂ ਕਾਫੀ ਸਾਰੀ ਨੱਠ ਭੱਜ ਕਰ ਰਹੇ ਹਾਂ। ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਜੇਕਰ ਸਾਡੀਆਂ ਚੁਣੀਆਂ ਸਰਕਾਰਾਂ ਸਾਡੇ ਸਮਾਜ ਦੀਆਂ ਮੁਸ਼ਕਲਾਂ ਸਮੱਸਿਆਵਾਂ ਹੱਲ ਨਹੀਂ ਕਰ ਸਕਦੀਆਂ ਬਾਹਰਲੇ ਮੁਲਕਾਂ ਦੀ ਕੰਪਨੀਆਂ ਕਿਵੇਂ ਕਰ ਦੇਣਗੀਆਂ?

ਨਿਰਸੰਦੇਹ ਅੱਜ ਪੰਜਾਬ ਦੀ ਆਰਥਿਕ, ਸਮਾਜਿਕ, ਰਾਜਨੀਤਕ ਅਤੇ ਪ੍ਰਸ਼ਾਸ਼ਨਿਕ ਵਿਵਸਥਾ ਅੱਜ ਪੂਰੀ ਤਰ੍ਹਾਂ ਅਸਥ ਵਿਅਸਥ ਹੋਈ ਨਜਰ ਆ ਰਹੀ ਹੈ। ਰਾਜਨੀਤਕ ਪਾਰਟੀਆਂ ਜੋ ਲੋਕਾਂ ਦੇ ਦੁੱਖਾਂ ਦਰਦਾਂ ਤੇ ਫੇਹੇ ਬੰਨਣ ਦੇ ਦਾਅਵੇ ਕਰਦੀਆਂ ਹਨ ਕਿਸੇ ਕੋਲ ਵੀ ਇਸ ਸਮੇਂ ਕੋਈ ਅਜਿਹਾ ਠੋਸ ਪ੍ਰੋਗਰਾਮ ਨਹੀਂ ਹੈ ਜਿਸ ਨਾਲ ਉਹ ਪੰਜਾਬੀ ਸਮਾਜ ਨੂੰ ਨਿੱਘਰ ਰਹੀ ਵਿਵਸਥਾ ਤੋਂ ਨਿਜ਼ਾਤ ਦਵਾ ਸਕਣ। ਪੰਜਾਬ ਦੇ ਲੋਕਾਂ ਦੀਆਂ ਮੁਸ਼ਕਲਾਂ, ਮੁਸੀਬਤਾਂ ਅਤੇ ਸਮੱਸਿਆਵਾਂ ਪ੍ਰਤੀ ਸਰਕਾਰੀ ਤੰਤਰ ਇੱਕ ਤਰ੍ਹਾਂ ਨਾਲ ਸੰਵੇਦਨਹੀਣ ਹੋਇਆ ਨਜਰ ਆ ਰਿਹਾ ਹੈ। ਇਸ ਦੇ ਉਲਟ ਲੋਕਾਂ ਨੂੰ ਧਰਮਾਂ ਮਜ੍ਹਬਾਂ ਅਤੇ ਸੰਪਰਦਾਵਾਂ ਦੀ ਰਾਜਨੀਤੀ ਦੀਆਂ ਵਲਗਣਾ ਵਿੱਚ ਉਲਝਾਇਆ ਜਾ ਰਿਹਾ ਹੈ। ਨੀਲੇ, ਪੀਲੇ ਕਾਰਡਾਂ ਅਤੇ ਹੋਰ ਕਈ ਤਰਾਂ ਦੀਆਂ ਕਾਗਜੀ ਕਾਰਵਾਈਆਂ ਵਿੱਚ ਉਲਝਾਏ ਲੋਕ ਸਰਕਾਰੀ ਦਫਤਰਾਂ ਦੇ ਸ਼ੀਸ਼ਿਆਂ ਦੀਆਂ ਮੋਰੀਆਂ ਅੱਗੇ ਲਾਈਨਾਂ ਵਿੱਚ ਖੜੇ ਵਕਤ ਬਰਬਾਦ ਕਰਦੇ ਵੇਖੇ ਜਾ ਸਕਦੇ ਹਨ। ਇੱਕ ਅਮੀਰ ਸਭਿਆਚਾਰਕ ਅਤੇ ਧਾਰਮਿਕ ਵਿਰਾਸਤ ਦੇ ਮਾਲਕ ਪੰਜਾਬ ਦੇ ਲੋਕ ਇਸ ਸਮੇਂ ਹੋਰ ਸਮੱਸਿਆਵਾਂ ਦੇ ਨਾਲ ਨਾਲ ਬੌਧਿਕ ਕੰਗਾਲੀ ਵੀ ਭੋਗ ਰਹੇ ਹਨ। ਰਾਜਨੀਤੀ ਵਾਂਗ ਧਰਮ ਨੂੰ ਇੱਕ ਤਰ੍ਹਾਂ ਨਾਲ ਕਾਰੋਬਾਰ ਦਾ ਰੂਪ ਦਿੱਤਾ ਜਾ ਰਿਹਾ ਹੈ ਅਤੇ ਇਸ ਤੋਂ ਮੋਟੀਆਂ ਕਮਾਈਆਂ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਦੂਜੇ ਪਾਸੇ ਇਸੇ ਪੰਜਾਬ ਦੀ ਹਵਾ ਮਿੱਟੀ ਅਤੇ ਪਾਣੀ ਬੁਰੀ ਤਰ੍ਹਾਂ ਪਲੀਤ ਹੋ ਗਏ ਹਨ। ਲੋਕ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋਏ ਮਾਰੇ ਮਾਰੇ ਫਿਰ ਰਹੇ ਹਨ। ਭਿਆਨਕ ਬਿਮਾਰੀਆਂ ਦੇ ਸ਼ਿਕਾਰ ਲੋਕਾਂ ਨਾਲ ਹਸਪਤਾਲ ਤੂੜੇ ਪਏ ਹਨ।

ਸਾਡੀਆਂ ਸਰਕਾਰਾਂ ਕੋਲ ਭਵਿੱਖ ਮੁਖੀ ਯੋਜਨਾਵਾਂ ਦੀ ਘਾਟ ਹੈ। ਪੰਜਾਬ ਨੂੰ ਕਰਜੇ ਦੇ ਜੂਲੇ ਹੇਠੋਂ ਕੱਢਣ ਲਈ ਕੋਈ ਕਾਰਗਰ ਕਦਮ ਨਹੀਂ ਚੁੱਕੇ ਜਾ ਰਹੇ। ਸਾਨੂੰ ਵੱਡੀਆਂ ਭਵਿੱਖ ਮੁਖੀ ਯੋਜਨਾਵਾਂ ਦੀ ਲੋੜ ਹੈ। ਕਰਜਿਆਂ ਨੂੰ ਘੱਟ ਕਰਨ ਲਈ ਸੌੜੀ ਰਾਜਨੀਤੀ ਤੋਂ ਉਪਰ ਉੱਠ ਕੇ ਫਾਲਤੂ ਸਕੀਮਾਂ ਅਤੇ ਫਾਲਤੂ ਸਰਕਾਰੀ ਖਰਚਿਆਂ ਨੂੰ ਘੱਟ ਕਰਨ ਦੀ ਲੋੜ ਹੈ। ਜਿੱਥੇ ਅੱਜ ਸਰਕਾਰੀ ਤੰਤਰ ਦੀਆਂ ਗਲਤ ਨੀਤੀਆਂ ਅਤੇ ਭ੍ਰਿਸ਼ਟਾਚਾਰ ਸਦਕਾ ਆਰਥਿਕ ਕੰਗਾਲੀ ਦਾ ਦੌਰ ਹੈ ਉੱਥੇ ਸਰਕਾਰਾਂ ਭਵਿੱਖੀ ਯੋਜਨਾਵਾਂ ਦੀ ਕੰਗਾਲੀ ਵੀ ਭੋਗ ਰਹੀਆਂ ਹਨ। ਖੇਤੀ ਸਾਡੀ ਆਰਥਿਕਤਾ ਦਾ ਧੁਰਾ ਹੈ ਜੇਕਰ ਖੇਤੀ ਵਿੱਚ ਮੰਦੀ ਆਉਂਦੀ ਹੈ ਤਾਂ ਸਾਡੇ ਖੇਤਰ ਹੀ ਇਸ ਤੋਂ ਪ੍ਰਭਾਵਿਤ ਹੁੰਦੇ ਹਨ। ਖੇਤੀ ਦੇ ਧੰਦੇ ਵਿੱਚ ਨਵੀਨਤਾ ਲਿਆਉਣ ਦੀ ਸਖਤ ਜਰੂਰਤ ਹੈ। ਇਸ ਲਈ ਸਰਕਾਰ ਨੂੰ ਤੁਰੰਤ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ। ਦੂਜਾ ਕਿਰਤ ਤੋਂ ਟੁੱਟਿਆ ਕੋਈ ਵੀ ਸਮਾਜ ਕਈ ਤਰ੍ਹਾਂ ਦੀਆਂ ਕੁਰੀਤੀਆਂ ਦਾ ਸ਼ਿਕਾਰ ਹੋ ਜਾਂਦਾ ਹੈ ਸਾਡੇ ਲੋਕਾਂ ਨੂੰ ਕਿਰਤ ਦਾ ਸਤਿਕਾਰ ਕਰਨ ਅਤੇ ਖਾਸ ਕਰਕੇ ਨੌਜੁਆਨਾਂ ਨੂੰ ਕਿਰਤ ਵੱਲ ਮੁੜਨ ਦੀ ਵੀ ਸਖਤ ਲੋੜ ਹੈ।

9855051099

## ਰਚਨਾਵਾਂ ਭੇਜਣ ਸੰਬੰਧੀ ਅਪੀਲ

ਅਦਾਰਾ ‘ਸਰੋਕਾਰਾਂ ਦੀ ਆਵਾਜ਼’ ਵਲੋਂ ਸਭ ਲੇਖਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਸੁੱਧ ਪੰਜਾਬੀ ਵਿਚ ਟਾਈਪ ਕੀਤੇ ਮਿਆਰੀ ਲੇਖ, ਕਹਾਣੀਆਂ, ਕਵਿਤਾਵਾਂ ਅਤੇ ਰਿਪੋਰਟਾਂ ਨੂੰ ਛਾਪਣ ’ਚ ਪਹਿਲ ਦੇ ਆਧਾਰ ’ਤੇ ਵਿਚਾਰਿਆ ਜਾਵੇਗਾ। ਲਿਖਤਾਂ ਇਕ ਪਾਸੇ ’ਤੇ ਹਾਸੀਆ ਛੱਡ ਕੇ ਸੁੰਦਰ ਲਿਖਾਈ ਵਿਚ ਭੇਜੀਆਂ ਜਾਣ, ਤਾਂ ਕਿ ਛਾਪਣ ਸਬੰਧੀ ਮੁਸ਼ਕਿਲਾਂ ਨਾ ਆਉਣ। ਆਰਟੀਕਲਾਂ ’ਤੇ ਸਿਰਫ਼ ‘ਸਰੋਕਾਰਾਂ ਦੀ ਆਵਾਜ਼’ ਲਿਖ ਕੇ ਭੇਜੋ ਤਾਂ ਕਿ ਸਾਨੂੰ ਛਾਪਣ ਵਿਚ ਦਿੱਕਤ ਨਾ ਆਵੇ। ਛਪਿਆ ਮੈਟਰ ਛਾਪਣ ਤੋਂ ਅਸੀਂ ਅਸਮਰਥ ਹੋਵਾਂਗੇ। 20 ਤਰੀਕ ਤੱਕ ਮੈਟਰ ਭੇਜਣ ਨੂੰ ਯਕੀਨੀ ਬਣਾਇਆ ਜਾਵੇ।

# ਧਰਮ ਨੂੰ ਅਫ਼ੀਮ ਨਾ ਬਣਾਓ

**ਡਾ. ਸੁਰਜੀਤ ਬਰਾੜ**

ਪਿਛਲੇ ਦਿਨੀਂ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਦੀ ਬੇਅਦਬੀ ਦੀਆਂ ਵਾਰਦਾਤਾਂ ਕਾਰਨ ਪੰਜਾਬ ਦੀ ਸ਼ਾਂਤੀ ਭੰਗ ਹੋਣੀ ਕੁਦਰਤੀ ਸੀ। ਸ਼ਰਾਰਤੀ ਅਨਸਰ ਅਜੇ ਵੀ ਕੁਕਰਮੀ ਖੇਡਾਂ ਖੇਡੀ ਜਾ ਰਿਹਾ ਹੈ। ਪਰ ਅਫ਼ਸੋਸ ਇਹ ਹੈ ਕਿ ਰਾਜਨੀਤਕ ਦਲਾਂ ਅਤੇ ਸਿੱਖ ਪ੍ਰਚਾਰਕਾਂ ਨੇ ਵੀ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਪਵਿੱਤਰ ਗੁਰੂ ਗ੍ਰੰਥ ਸਾਹਿਬ 'ਤੇ ਰਾਜਨੀਤੀ ਕਰਨਾ ਮੰਦਭਾਗੀ ਗੱਲ ਹੈ। ਰਾਜਨੀਤੀ ਕਰਕੇ ਧਰਮ ਨੂੰ ਇਕ ਖੇਡ ਬਣਾਇਆ ਜਾ ਰਿਹਾ ਹੈ। ਕੋਈ ਆਪਣੀ ਪੀੜ੍ਹੀ ਹੇਠ ਸੋਟਾ ਮਾਰ ਕੇ ਨਹੀਂ ਦੇਖਦਾ, ਹਰ ਕੋਈ ਆਪਣੇ ਆਪ ਨੂੰ ਠੀਕ ਦੱਸਦਾ ਹੈ, ਦੂਜੇ ਨੂੰ ਗ਼ਲਤ।

ਧਰਮ ਦੇ ਨਾਂ 'ਤੇ ਸਾਡਾ ਦੇਸ਼ ਜਲ ਰਿਹਾ ਹੈ ਅਤੇ ਕਸੂਤੀ ਸਥਿਤੀ ਵਿੱਚ ਫਸਿਆ ਹੋਇਆ ਹੈ। ਧਰਮ ਕੋਈ ਚੀਜ਼ ਨਹੀਂ, ਇਹ ਇਕ ਸੰਕਲਪ ਹੈ। ਇਹ ਬੰਦੇ ਦਾ ਹੀ ਸਿਰਜਿਆ ਹੋਇਆ ਨੈਤਿਕ ਪ੍ਰਬੰਧ ਹੈ, ਜਿਸ ਵਿੱਚ ਰੱਬ ਦੀ ਹੋਂਦ ਦਾ ਡਰਾਵਾ ਹੁੰਦਾ ਹੈ। ਜਿਹੜੀ ਚੀਜ਼ (ਧਰਮ) ਬੰਦੇ ਦੀ ਸਿਰਜੀ ਹੋਈ ਹੈ, ਉਹ ਬੰਦੇ ਤੋਂ ਵੱਡੀ ਨਹੀਂ ਹੋ ਸਕਦੀ। ਮਨੁੱਖੀ ਧਰਮ ਹੀ ਦੁਨੀਆਂ ਦਾ ਸਭ ਤੋਂ ਵੱਡਾ ਧਰਮ ਹੈ। ਮੇਰੀ ਇਹ ਪੱਕੀ ਰਾਇ ਹੈ ਕਿ ਬਾਕੀ ਸਾਰੇ ਧਰਮਾਂ ਨੂੰ ਮਨੁੱਖੀ ਧਰਮ ਦੀਆਂ ਸ਼ਾਖਾਵਾਂ ਹੀ ਮੰਨਣਾ ਚਾਹੀਦਾ ਹੈ। ਪਰ ਦੁਖਦਾਇਕ ਪਹਿਲੂ ਇਹ ਹੈ ਕਿ ਸੰਸਾਰ ਵਿੱਚ ਧਰਮਾਂ ਦੇ ਨਾਂ 'ਤੇ ਹੀ ਸਭ ਤੋਂ ਵੱਧ ਲਹੂ ਮਨੁੱਖ ਦਾ ਡੁੱਲ੍ਹਿਆ ਹੈ। ਇਹ ਕ੍ਰਮ ਅੱਜ ਵੀ ਜਾਰੀ ਹੈ। ਹੋਰ ਤਾਂ ਹੋਰ ਸਮਕਾਲ ਵਿੱਚ ਇਹ ਮਸਲਾ ਬਹੁਤ ਟੇਢਾ ਬਣ ਚੁੱਕਾ ਹੈ। ਇਕੋ ਹੀ ਧਰਮ ਵਿੱਚ ਵੀ ਅਨੇਕ ਗਰੁੱਪ, ਸੰਪਰਦਾਵਾਂ ਤੇ ਪੂਜਾ ਸਥਾਨ ਬਣੇ ਹੋਏ ਹਨ, ਜਿਨ੍ਹਾਂ ਦਾ ਆਪਸ ਵਿੱਚ ਵੀ ਵੈਰ-ਵਿਰੋਧ ਹੈ। ਮੁਸਲਿਮ ਧਰਮ ਵਿੱਚ ਇਸ ਸਮੇਂ ਦੁਨੀਆਂ ਦੇ ਸਭ ਤੋਂ ਵੱਡੇ ਧਰਮਾਂ ਵਿੱਚੋਂ ਇਕ ਹੈ, ਪਰ ਇਸ ਧਰਮ ਵਿੱਚ ਕਈ ਫ਼ਿਰਕੇ (ਜਿਵੇਂ ਸੁੰਨੀ, ਸ਼ੀਆ, ਇਸਮਾਇਲੀ ਅਤੇ ਅਹਿਮਦੀ ਆਦਿ) ਹਨ ਜੋ ਆਪਸ ਵਿੱਚ ਹੀ ਲੜੀ-ਮਰੀ ਜਾ ਰਹੇ ਹਨ। ਇਸ ਧਰਮ ਦੇ ਕੱਟੜਪੰਥੀ ਇੰਨੇ ਅਸਹਿਣਸ਼ੀਲ ਹਨ ਕਿ ਉਹ ਇਕ-ਦੂਜੇ ਫਿਰਕੇ ਨੂੰ ਕਾਫ਼ਿਰ ਵੀ ਕਹਿਣੋਂ ਗੁਰੇਜ਼ ਨਹੀਂ ਕਰਦੇ। ਇਨ੍ਹਾਂ ਲਈ ਹਰ ਦੂਜੇ ਧਰਮ ਦਾ ਬੰਦਾ ਵੀ ਕਾਫ਼ਿਰ ਹੈ। ਹਿੰਦੂ ਧਰਮ ਦੇ ਪੈਰੋਕਾਰ ਵੀ ਅਸਹਿਣਸ਼ੀਲਤਾ ਦੀਆਂ ਹੱਦਾਂ ਬੰਨ੍ਹੇ ਟੱਪ ਚੁੱਕੇ ਹਨ। ਇਸ ਧਰਮ ਵਿੱਚ ਵੀ ਜਾਤ-ਪਾਤ, ਫਿਰਕੇ, ਰੰਗ ਨਸਲ ਦੇ ਵਿਤਕਰੇ ਵੀ ਹਨ। ਸਿੱਖ ਧਰਮ ਕਦੇ ਸਹਿਣਸ਼ੀਲਤਾ ਨਾਲ ਲਬਰੇਜ਼ ਪ੍ਰਮੁੱਖ ਧਰਮ ਹੁੰਦਾ ਸੀ ਪ੍ਰੰਤੂ ਜਿਨ੍ਹਾਂ ਲੋਕਾਂ ਦੇ (ਸਾਧਾਂ-ਸੰਤਾਂ, ਡੇਰਾਦਾਰਾਂ ਤੇ ਪ੍ਰਚਾਰਕਾਂ) ਹੱਥ ਇਸ ਦੀ ਵਾਗਡੋਰ ਹੈ, ਉਨ੍ਹਾਂ ਨੇ ਇਸ 'ਚੋਂ ਸਹਿਣਸ਼ੀਲਤਾ ਵਰਗਾ ਅਹਿਮ ਤੱਤ ਮਨਫ਼ੀ ਕਰ ਦਿੱਤਾ ਹੈ। ਸਿੱਖ ਧਰਮ ਵਿੱਚ ਹੁਣ ਉਵੇਂ ਹੀ ਜਾਤ-ਪਾਤ ਹੈ, ਗੁਰਦੁਆਰੇ ਵੀ ਜਾਤਾਂ ਦੇ ਨਾਂ 'ਤੇ ਬਣੇ ਹੋਏ ਹਨ। ਜਾਤ-ਪਾਤ ਕਾਰਨ ਮਜ਼੍ਹਬੀ ਸਿੱਖ, ਜੋ ਪੰਜਾਬ ਦਾ ਅਹਿਮ ਦਲਿਤ ਭਾਈਚਾਰਾ ਹੈ, ਸਿੱਖੀ ਨੂੰ ਲਗਪਗ ਤਿਲਾਂਜਲੀ ਦੇ ਚੁੱਕਾ ਹੈ। ਧਰਮ ਤੇ ਸਿੱਖੀ ਤੋਂ ਬੇਮੁਖਤਾ ਦਾ ਕਾਰਨ ਸਾਡੇ ਕੱਟੜਪੰਥੀ ਪ੍ਰਚਾਰਕ ਹੀ ਹਨ।

ਮੇਰਾ ਵਿਸ਼ਵਾਸ ਹੈ ਕਿ ਜੇਕਰ ਧਰਮ ਦੇ ਨਾਂ 'ਤੇ ਵਿਸ਼ਵ ਵਿੱਚ ਅਸ਼ਾਂਤੀ ਰਹਿੰਦੀ ਹੈ ਅਤੇ ਯੁੱਧ ਹੁੰਦੇ ਹਨ ਤਾਂ ਭਵਿੱਖ ਵਿੱਚ ਧਰਮ ਨਹੀਂ ਰਹੇਗਾ, ਲੋਕ ਨਾਸਤਕ ਬਣਨਗੇ ਜਿਵੇਂ ਯੂਰਪ ਵਿੱਚ ਬਣੇ ਹਨ। ਇਹ ਗੱਲ ਸਾਡੇ ਦੇਸ਼ ਵਿੱਚ ਵੀ ਵਾਪਰੇਗੀ। ਇਕ ਅਮਰੀਕੀ ਲੇਖਿਕਾ ਰੂਥ ਹਰਮਿਨਜ਼ ਗਰੀਨ ਨੇ ਚਰਚ ਦੇ ਰਾਜ ਨੂੰ ਹਨੇਰੇ ਦਾ ਯੁੱਗ ਕਹਿ ਕੇ ਤ੍ਰਿਸਕਾਰਿਆ ਹੈ। ਉਹ ਲਿਖਦੀ ਹੈ " ਇਕ ਸਮਾਂ ਸੀ ਜਦੋਂ ਸਾਰੇ ਲੋਕ ਰੱਬ ਵਿੱਚ ਵਿਸ਼ਵਾਸ ਰੱਖਦੇ ਸਨ ਅਤੇ ਚਰਚ ਰਾਜ ਕਰਦਾ ਸੀ। ਉਸ ਸਮੇਂ ਨੂੰ ਹਨੇਰੇ ਦਾ ਯੁੱਗ ਕਿਹਾ ਜਾਂਦਾ ਹੈ। ਮੈਨੂੰ ਇਹ ਕਹਿਣਾ ਚੰਗਾ ਲੱਗਦਾ ਹੈ ਕਿ ਬਾਈਬਲ ਪੜ੍ਹਨ ਨਾਲ ਹੀ ਮੈਂ ਨਾਸਤਿਕ ਬਣੀ ਹਾਂ।" ਇਕ ਹੋਰ ਵਿਦਵਾਨ ਨੇ ਵੀ ਅਜਿਹੇ ਹੀ ਵਿਚਾਰ ਪੇਸ਼ ਕੀਤੇ ਹਨ, "ਜੋ ਵਿਅਕਤੀ ਕਿਸੇ ਧਰਮ ਦਾ ਡੂੰਘਾ ਅਧਿਐਨ ਕਰ ਲੈਂਦਾ ਹੈ ਉਹ ਨਾਸਤਿਕ ਬਣ ਜਾਂਦਾ ਹੈ ਜਾਂ ਫਿਰ ਧਰਮ ਨੂੰ ਆਪਣਾ ਧੰਦਾ ਬਣਾ ਲੈਂਦਾ ਹੈ।" ਅੰਗਰੇਜ਼ੀ ਕਵੀ, ਨਾਵਲਕਾਰ ਆਸਕਰ ਵਾਈਲਡ ਦੇ ਵਿਚਾਰ ਵੀ ਗੌਲਣਯੋਗ ਹਨ, "ਸੱਚ, ਧਰਮ ਦੇ ਮਾਮਲਿਆਂ ਵਿੱਚ ਸਿਰਫ਼ ਉਹ ਰਾਇ ਹੈ ਜਿਹੜੀ ਹੁਣ ਤੱਕ ਬਚੀ ਰਹੀ ਹੈ।" ਜਾਰਜ ਡੌਰਸੀ ਇਕ ਅਮਰੀਕੀ ਮਾਨਵ ਵਿਗਿਆਨੀ ਹੈ। ਧਰਮ ਬਾਰੇ ਉਸ ਦੇ ਵਿਚਾਰ ਹਨ: "ਧਰਮ ਇਕ ਬਿਮਾਰੀ ਹੈ। ਇਹ ਡਰ ਤੋਂ ਪੈਦਾ ਹੁੰਦੀ ਹੈ। ਧਰਮ, ਸੱਤ੍ਹਾ ਤੇ ਇਲਹਾਮ ਦੇ ਮੁਖੌਟੇ ਓਹਲੇ ਨਫ਼ਰਤ ਫੈਲਾ ਕੇ ਰਾਹਤ ਦਿੰਦਾ ਹੈ। ਤਾਕਤਵਰ ਸਮਾਜਿਕ ਜਥੇਬੰਦੀ ਦੀ ਗੱਦੀ 'ਤੇ ਬੈਠ ਕੇ ਧਰਮ ਬਹੁਤ ਜ਼ਿਆਦਾ ਕਰੂਰ ਹੋ ਜਾਂਦਾ ਹੈ।"

ਅੱਜ ਪੱਛਮੀ ਦੇਸ਼ਾਂ ਵਿੱਚ ਮੈਂ ਖ਼ੁਦ ਵੀ ਦੇਖ ਚੁੱਕਾ ਹੈ। ਧਰਮ ਦੀ ਕਦਰ ਘਟ ਰਹੀ ਹੈ। ਚਰਚ ਦੀ ਮਹੱਤਤਾ ਨਹੀਂ, ਰਹੀ। ਆਉਣ ਵਾਲੇ ਸਮੇਂ ਵਿੱਚ ਅਜਿਹੀ ਸਥਿਤੀ ਸਾਡੇ ਮੁਲਕ ਵਿੱਚ ਵੀ ਬਣ ਸਕਦੀ ਹੈ। ਨਜ਼ਰੁਨ ਇਸਲਾਮ ਇਕ ਮਹਾਨ ਕਵੀ ਹੋਇਆ ਹੈ। ਉਸ ਦੀ ਇਕ ਕਵਿਤਾ ਬੜੀ ਹੀ ਮਾਰਮਿਕ ਅਤੇ ਜ਼ਬਰਦਸਤ ਹੈ। ਕਵਿਤਾ ਵਿੱਚ ਵਿਚਾਰਾਂ ਨੂੰ ਆਤਮਸ਼ਾਂਤ ਕਰਨ ਦੀ ਲੋੜ ਹੈ। ਮਨੁੱਖਤਾ ਦਾ ਭਲਾ ਵੀ ਇਵੇਂ ਸੰਭਵ ਹੈ। ਇਹ ਕਵਿਤਾ ਕਹਿੰਦੀ ਹੈ:

**ਮਨੁੱਖ ਨੂੰ ਮਾਰ ਕੇ, ਗ੍ਰੰਥ,**
**ਗ੍ਰੰਥ ਪੂਜ ਰਿਹਾ ਹੈ, ਢੌਂਗੀਆਂ ਦਾ ਟੋਲਾ,**
**ਮਨੁੱਖ ਹੀ ਲਿਆਇਆ ਹੈ ਗ੍ਰੰਥ,**
**ਗ੍ਰੰਥ ਨਹੀਂ ਲਿਆਇਆ ਮਨੁੱਖ ਨੂੰ।**

ਪਰ ਸਾਡੀਆਂ ਸਰਕਾਰਾਂ ਤਾਂ ਧਰਮ ਦੀ ਦਿਨੋਂ ਦਿਨ ਦੁਵਰਤੋਂ ਕਰਕੇ ਆਪਣਾ ਉੱਲੂ ਸਿੱਧਾ ਕਾਰਨ ਵਿੱਚ ਮਸ਼ਰੂਫ਼ ਹਨ। ਇਸ ਸਬੰਧੀ ਕਦੇ ਨੈਪੋਲੀਅਨ ਬੋਨਾਪਾਰਟ ਨੇ ਬਾਕਮਾਲ ਗੱਲ ਕੀਤੀ ਸੀ। ਉਸ ਦੀ ਧਾਰਨਾ ਅੱਜ ਵੀ ਸੌ ਫੀਸਦੀ ਸੱਚ ਹੈ, "ਜਦੋਂ ਲੋਕ ਆਪਣੇ ਹੱਕਾਂ ਲਈ ਆਵਾਜ਼ ਚੁੱਕਣ ਤਾਂ ਉਨ੍ਹਾਂ ਨੂੰ ਧਾਰਮਿਕ ਮਾਮਲੇ ਵਿੱਚ ਉਲਝਾ ਦਿਓ। ਉਹ ਮੁੱਦੇ ਤੋਂ ਭਟਕ ਜਾਣਗੇ ਅਤੇ ਭਾਵਨਾਵਾਂ ਵਿੱਚ ਗੁਆਚ ਕੇ ਆਪਣੀ ਕੌਮ ਅੰਦਰ ਮਾਰਘਾਤ ਕਰਨਗੇ।" ਸਰਕਾਰਾਂ ਦੀਆਂ ਇਨ੍ਹਾਂ ਘਟੀਆ ਚਾਲਾਂ ਨੂੰ ਅਸੀਂ ਸਮਝਣ ਦੀ ਬਜਾਏ ਖ਼ੁਦ ਇਨ੍ਹਾਂ ਚਾਲਾਂ ਦੇ ਸ਼ਿਕਾਰ ਹੋ ਜਾਂਦੇ ਹਨ। ਅਸੀਂ ਗੁੰਮਰਾਹ ਹੋਏ ਲੋਕਾਂ ਨੂੰ ਹੋਰ ਗੁੰਮਰਾਹ ਕਰਨ ਦੇ ਭਾਗੀਦਾਰ ਬਣਦੇ ਹਾਂ। ਪੰਜਾਬ ਵਿੱਚ ਇਵੇਂ ਹੀ ਹੋਇਆ ਹੈ। ਸਰਕਾਰ ਜੋ ਚਾਹੁੰਦੀ ਸੀ, ਉਵੇਂ ਹੋਇਆ। ਲੋਕ ਗੁੰਮਰਾਹ ਹੋਵੇ ਜਿਸ ਦਾ ਲਾਭ ਵੀ ਕੱਟੜਪੰਥੀ ਉਠਾਉਣ ਲਈ ਆਪਣੀ ਰਾਜਨੀਤੀ ਕਰਨ ਲੱਗ ਪਏ। ਲੋਕਾਂ ਦਾ ਕੀ ਕਸੂਰ ? ਆਮ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਉਣਾ ਮੁਸ਼ਕਲ ਨਹੀਂ ਹੁੰਦਾ। ਕਿਸੇ ਦਾ ਕੁਝ ਨਹੀਂ ਪ੍ਰੰਤੂ ਮਾਰੇ ਵੀ ਹੋ ਇਹੋ ਆਮ ਲੋਕਾਂ ਹੀ ਜਾਂਦੇ ਹਨ, ਭਾਵ ਮਰਦੇ ਵੀ ਇਹੋ ਆਮ ਲੋਕ ਹੀ ਹਨ। ਨਾ ਸਰਕਾਰ ਮਰਦੀ ਹੈ ਨਾ ਧਾਰਮਿਕ ਰਹਿਬਰ ਮਰਦੇ ਹਨ। ਇਸ ਵਿਗਿਆਨਕ ਯੁੱਗ ਵਿੱਚ ਕੌਣ ਵੱਡਾ ਹੈ ਕੇਵਲ ਤੇ ਕੇਵਲ ਮਨੁੱਖ। ਮਨੁੱਖ ਨੇ ਹੀ ਵਿਗਿਆਨਕ ਕਾਢਾਂ ਕੱਢੀਆਂ ਹਨ। ਮਨੁੱਖ ਨੇ ਕੀ ਕੁਝ ਸਿਰਜ ਦਿੱਤਾ ਹੈ, ਇਹ ਹੈਰਾਨੀ ਵਾਲੀ ਗੱਲ ਹੈ। ਮਨੁੱਖ ਦੀਆਂ ਸਿਰਜਣਾਵਾਂ ਨੂੰ ਸਿਜਦਾ ਕਰਨ ਦੀ ਥਾਂ ਅਸੀਂ ਧਰਮ ਨੂੰ ਹੀ ਸਭ-ਕੁਝ ਮੰਨੀ ਬੈਠੇ ਹਾਂ। ਅੱਜ ਸਾਨੂੰ ਵਿਗਿਆਨ ਨਜ਼ਰੀਆ ਅਪਣਾਉਣ ਦੀ ਲੋੜ ਹੈ। ਦੂਜੇ ਧਰਮਾਂ, ਦੂਜੇ ਫ਼ਿਰਕਿਆਂ, ਦੂਜੀਆਂ ਜਾਤਾਂ-ਜਮਾਤਾਂ ਪ੍ਰਤੀ ਸੁਹਿਰਦ ਅਤੇ ਸਹਿਣਸ਼ੀਲ ਹੋਵਾਂਗੇ ਤਾਂ ਹੀ ਦੇਸ਼ ਤੇ ਸਮਾਜ ਤਰੱਕੀ ਕਰ ਸਕੇਗਾ। ਪਿਆਰ-ਮੁਹੱਬਤ, ਸਾਂਝੀਵਾਲਤਾ, ਨਿਮਰਤਾ, ਏਕਤਾ, ਭਾਈਚਾਰਾ ਆਦਿ ਮੁੱਲ-ਪ੍ਰਤਿਮਾਨ ਹੀ ਮਨੁੱਖ ਨੂੰ ਦੇਸ਼ ਨੂੰ ਤੇ ਧਰਤੀ ਨੂੰ ਬਚਾ ਸਕਦੇ ਹਨ।

98553-71313




Balkar Bajwa
Certified Translator
(English into Punjabi and Punjabi into English)
33 Eaglesprings Cresent
Brampton ON L6P 2V8
647-402-2170
20 Kohinoor Park, Gunna House, Ferozepur Road
Barewal Awana, Ludhiana, Punjab, India, Pin 141012
Mobile - 011-91-95305-17132









# ਬੁੱਢੇ ਨੇ ਕਾਰਪੋਰੇਟੀ ਧੱਕੇਸ਼ਾਹੀ ਨਾਲ ਲਾਇਆ ਮੱਥਾ



ਪ੍ਰਿੰਸੀਪਲ ਬਲਕਾਰ ਸਿੰਘ ਬਾਜਵਾ
(ਗੁਰੂਸਰ ਸੁਧਾਰ), ਬਰੈਂਪਟਨ (ਕੈਨੇਡਾ)

*ਵੱਖ ਵੱਖ ਸੂਬਾਈ ਮੰਤਰੀਆਂ, ਐੱਮ ਪੀ ਪੀਜ਼ ਅਤੇ ਐਂਪਲਾਇਮੈਂਟ ਸਟੈਂਡਰਡ ਇਨਫਰਮੇਸ਼ਨ ਸੈਂਟਰ ਨੂੰ ਈਮੇਲਾਂ ਭੇਜੀਆਂ। ਖੂਹ ਵਿੱਚ ਡਿੱਗੀ ਗਾਗਰ ਕੱਢਣ ਵਾਂਗ ਕੁੰਡੇ ਏਧਰ-ਓਧਰ ਬਥੇਰੇ ਫੇਰੇ। ਗੱਲ ਕਿਸੇ ਤਣ-ਪੱਤਣ ਨਾ ਲੱਗੀ। ਕੇਰਾਂ ਇੱਕ 'ਬੈਟਰ ਬਿਜ਼ਨੈੱਸ ਬਿਊਰਿਓ' ਨੂੰ ਕੇਸ ਈਮੇਲ ਕੀਤਾ। ਈਮੇਲ ਦਾ ਪ੍ਰਤੀਕਰਮ ਕਾਫੀ ਅਰਸੇ ਬਾਅਦ ਸੀ ਬੀ ਸੀ ਦੀ ਪੱਤਰਕਾਰ ਜੈਨੀਫ਼ਰ ਫਾਉਲਰ ਰਾਹੀਂ ਮਿਲਿਆ। ਫੋਨ ਆਇਆ, ਕੇਸ ਦੱਸੋ। ਇਹ ਕੇਸ ਸੀ ਬੀ ਸੀ ਦੁਆਰਾ ਨਸ਼ਰ ਕੀਤਾ ਜਾਵੇਗਾ।*



ਵਾਹ ਓਏ ਕਾਦਰਾ! ਵਾਹ ਨੇ ਤੇਰੀਆਂ ਕੁਦਰਤਾਂ ਤੂੰ ਡਾਹਢਾ ਬੇਪ੍ਰਵਾਹ! ਪੂਰੇ ਕਾਰਪੋਰੇਟੀ ਆਲਮ 'ਚ ਵਿਡੰਬਣਾ ਹੀ ਵਿਡੰਬਣਾ, ਕਟਾਖ਼ਸ਼ ਹੀ ਕਟਾਖ਼ਸ਼ ਦਿੱਸਦੇ ਐ! ਇੱਕ ਪਾਸੇ ਕਰੂਰੀ ਕਹਿਰ, ਦੂਜੇ ਪਾਸੇ ਉਪਕਾਰੀ ਮਿਹਰਾਂ! ਕਿੱਢੇ ਸੋਹਣੇ ਨਜ਼ਾਰੇ ਬੰਨ੍ਹੇ ਨੇ ਤੇਰੀ ਪੱਤਝੜ ਨੇ! ਚਾਰ-ਚੁਫੇਰੇ ਮੈਪਲਾਂ ਦੇ ਰੰਗ-ਬਰੰਗੇ, ਛੋਟੇ-ਵੱਡੇ ਬਿਰਖ਼ ਮਸਤੀ 'ਚ ਝੂਲ ਰਹੇ ਨੇ! ਪਰ ਦੂਜੇ ਪਾਸੇ ਮਾਨਵਤਾ 'ਤੇ ਅਨੇਕ ਘੋਰ ਸਿਤਮ! ਸੂਹੀ ਸਵੇਰੇ ਦੀਆਂ ਰਿਸ਼ਮਾਂ 'ਚ ਆਹ ਜਿਹੜੇ ਹਰੇ, ਪੀਲੇ, ਸੰਤਰੀ, ਭੂਰੇ, ਬਦਾਮੀ, ਖਾਕੀ, ਲਾਲ ਰੰਗਾਂ ਦੇ ਕ੍ਰਿਸਮਸੀ ਬੂਟੇ ਚਮਕ ਰਹੇ ਨੇ, ਇਨ੍ਹਾਂ ਵਿੱਚ ਵੀ ਕਿਰਤੀਆਂ ਦਾ ਲਹੂ ਦੌੜਦਾ ਲੱਗਦੈ। ਇੱਕ ਪਾਸੇ ਸੂਹੀ ਸਵੇਰ ਦੀਆਂ ਰਿਸ਼ਮਾਂ ਦਾ ਸੁੰਦਰ ਆਲਮ ਛਾਇਆ ਹੋਇਐ, ਦੂਜੇ ਪਾਸੇ ਮਾਨਵਤਾ ਜਿਉਣ ਲਈ ਤਰਸ ਰਹੀ ਐ। ਇਕਨਾਂ ਦੇ ਪੈਰੀਂ ਲੱਖ ਹੀਰੇ ਮੋਤੀ ਇੱਕ ਰੋਟੀ ਦੀ ਖਾਤਰ ਰੁਲ਼ ਜਾਂਦੇ ਨੇ। ਆਹ ਵੱਡੇ ਬਿਰਖ਼ ਤਾਂ ਵੱਡੇ ਸਰਮਾਏਦਾਰੀ ਮਲਟੀਕਾਰਪੋਰੇਟ ਹੀ ਲੱਗਦੇ ਨੇ। ਆਹ ਛੋਟੇ ਵੀ ਆਪੋ ਆਪਣੇ ਰੰਗਾਂ ਵਿੱਚ ਛੋਟੀਆਂ-ਮੋਟੀਆਂ ਕਾਰਪੋਰੇਟਾਂ ਹੀ ਨੇ। ਇਨ੍ਹਾਂ ਦੀ ਅਮੀਰੀ ਦਾ ਆਲਮ ਕਿਹੜਾ ਕਿਸੇ ਵੱਡੇ ਨਾਲੋਂ ਘੱਟ ਐ। ਵਕਤ ਤੇ ਸਮੇਂ ਦੇ ਹਰ ਦੌਰ 'ਚ ਇਨ੍ਹਾਂ ਦੀਆਂ ਤਿਜੋਰੀਆਂ ਭਰਦੀਆਂ ਹੀ ਰਹਿੰਦੀਆਂ ਨੇ। ਬਦੌਲਤ ਬੇਨਿਆਜ਼ ਇਸ ਸਿਸਟਮ ਦੇ! ਸਰਮਾਏਦਾਰੀ ਨਿਜ਼ਾਮ 'ਚ ਮਾਲਕ ਵਧੀ ਫੁੱਲੀ ਜਾਂਦੇ ਨੇ ਤੇ ਕਿਰਤੀ ਔਖਿਆਈਆਂ ਵਿੱਚ ਜੂਝਦੇ, ਨਿਭਦੇ ਜਾਂਦੇ ਨੇ! ਕੀ ਇਸ ਅਮੀਰੀ ਵਿੱਚ ਕਿਰਤੀਆਂ ਦਾ ਕੋਈ ਹਿੱਸਾ ਨਹੀਂ? ਆਹ ਰੁੱਖ ਬੰਦਿਆਂ ਦੇ ਦੁੱਖ ਜਾਣਦੇ ਨੇ, ਪਰ ਬੋਲਦੇ ਨਹੀਂ! ਯਾਰੋ! ਸੁਰਜੀਤ ਪਾਤਰ ਠੀਕ ਕਹਿੰਦੈ: 'ਰੁੱਖ ਬੋਲ ਨਾ ਸਕਦੇ ਭਾਵੇਂ, ਬੰਦਿਆਂ ਦਾ ਦੁੱਖ ਜਾਣਦੇ'। ਕਿਰਤੀਆਂ ਦੇ ਪੱਲੇ ਤਾਂ 'ਰੁੱਖਾਂ ਦੀ ਜੀਰਾਂਦ' ਹੀ ਪਈ ਹੋਈ ਐ। ਲੋਕੋ! ਮੈਂ ਮੁੱਕ ਜਾਵਾਂਗਾ ਪਰ ਲੜਦਿਆਂ! ਖੁਦਕਸ਼ੀ ਨਹੀਂ ਕਰਾਂਗਾ। ਪਾਤਰ ਦੇ ਸ਼ੇਅਰ ਵਾਂਗ: 'ਬਲਦਾ ਬਿਰਖ਼ ਹਾਂ, ਖ਼ਤਮ ਹਾਂ, ਬੱਸ ਸ਼ਾਮ ਤੀਕ ਹਾਂ। ਫਿਰ ਵੀ ਕਿਸੇ ਬਹਾਰ ਦੀ ਕਰਦਾ ਉਡੀਕ ਹਾਂ'। ਅਸੀਂ ਹੁਣ ਬਿਰਖ਼ ਵਾਲੀ ਹਾਅ ਬਣਕੇ ਨਹੀਂ ਰਹਿਣਾ। ਟੱਕਰਾਂਗਾ ਹੁਣ ਇਨ੍ਹਾਂ ਕਾਰਪੋਰੇਟੀ ਏਜੰਸੀਆਂ ਨੂੰ ਜਿਹੜੀਆਂ ਸਾਡੀ ਦਸਾਂ ਨਹੁੰਆਂ ਦੀ ਹੱਕੀ ਕਿਰਤ ਕਮਾਈ 'ਤੇ ਡਾਕੇ ਮਾਰਦੀਆਂ ਨੇ। ਆਪਣਾ ਹੱਕ ਛੱਡਦਾ ਨਹੀਂ, ਭਾਵੇਂ ਆਪਣਾ ਝੁੱਗਾ ਚੌੜ ਵੀ ਕਿਉਂ ਨਾ ਹੋ ਜਾਵੇ! ਹੈਮਿੰਗਵੇ ਦੇ ਨਾਵਲ 'ਬੁੱਢਾ ਤੇ ਸਮੁੰਦਰ' ਦੀ ਤਰਜ਼ ਅਤੇ ਸਰਵਣ ਸਿੰਘ ਦੀ ਕਹਾਣੀ 'ਬੁੱਢਾ ਤੇ ਬੀਜ' ਵਾਂਗ ਮੈਂ ਵੀ ਹੁਣ 'ਬੁੱਢਾ ਤੇ ਕਿਰਤ' ਬਣੂੰ .....

ਸਵੇਰੇ ਸੈਰ ਕਰਦਿਆਂ ਬਾਈ ਜੁਝਾਰ ਸਿੰਘ ਦੇ ਪਿੱਛੇ ਪਿੱਛੇ ਆਉਂਦਿਆਂ ਐਨ ਬਰਾਬਰ ਹੋ ਪੁੱਛਿਆ: ਬਾਈ ਕੀ ਕਿੱਸਾ ਏ? ਬੜੀਆਂ ਦਾਰਸ਼ਨਿਕ ... ਰੋਹ ਭਰੀਆਂ ਗੱਲਾਂ ਕਰੀ ਜਾਨੈਂ ... ਕਿਸ ਮਸਲੇ ... ਚੱਕਰ 'ਚ ਫਸਿਆਂ ਪਿਐਂ...। ਬੋਲਿਆ: ਮੇਰੀ ਅਜੋਕੀ ਮਨੋਦਸ਼ਾ ਦੀ ਗੱਲ ਏ। ਆ ਸੁਣ ਬਾਈ ਫਿਰ ਇਸ ਅੱਸੀ ਸਾਲੇ ਬੁੱਢੇ ਦੀ ਸੰਘਰਸ਼ੀ ਬਾਤ, ਜੋ ਹੁਣ ਆਪਣੀ ਚਰਮ ਸੀਮਾਂ 'ਤੇ ਪਹੁੰਚਣ ਵਾਲੀ ਐ ...।

ਆਪਣੀ ਮਾਤ ਭੂਮੀ 'ਚ ਉੱਗਣਾ, ਵਿਗਸਣਾ, ਮੌਲਣਾ ਤੇ ਫਲਣਾ ਸੌਖਾ ਹੁੰਦੈ। ਪਰ ਬਿਗਾਨੀ ਧਰਤੀ ਤੇ ਸਭਿਆਚਾਰਕ 'ਚ ਉੱਗਣਾ, ਵਿਗਸਣਾ, ਮੌਲਣਾ ਤੇ ਫਲਣਾ ਕਾਫੀ ਔਖਾ ਹੁੰਦੈ। ਬੁੱਢੇ ਸਿਰੜੀ ਬਿਗਾਨੇ ਧਰਾਤਲਾਂ 'ਚ ਵੀ ਔਖੇ, ਔਜੜੇ ਸੰਕਟਾਂ ਨੂੰ ਸਰ ਕਰਦੇ ਆਏ ਨੇ ਤੇ ਕਰਦੇ ਰਹਿਣਗੇ। ਇੱਕਵੀਂ ਸਦੀ ਦੇ ਅਰੰਭ ਵਿੱਚ ਉਹ ਇੱਕ ਮਾਨਮੱਤੇ ਅਹੁਦੇ ਤੋਂ ਸੇਵਾ ਮੁਕਤ ਹੋ ਕੈਨੇਡਾ ਦੀ ਧਰਤੀ 'ਤੇ ਪਹੁੰਚਿਆ। ਲਿੰਕ (ਸਕੂਲ ਤੋਂ ਸ਼ੁਰੂ ਕਰਕੇ, ਗਾਰਡੀਅਨ ਵੇਅਰ ਹਾਊਸ 'ਚ ਫਲਾਇਰਜ਼ ਨਾਲ ਜੱਫੇ ਪਾਉਂਦਿਆਂ, ਬਰਫ਼ਾਂ ਮਿੱਧਦਿਆਂ ਵਾਟਾਂ ਵਾਹੀਆਂ ਤੇ ਸਕਿਓਰਿਟੀ ਜਾਬ ਕਰਦਿਆਂ, ਅਨੁਵਾਦ ਦੀ ਕਠਨ ਪ੍ਰੀਖਿਆ ਡਿੱਗਦਿਆਂ, ਢਹਿੰਦੀਆਂ ਆਖੀਰ ਪਾਸ ਕਰ ਲਈ। ਲਿਖਣ ਪੜ੍ਹਨ ਦੇ ਸ਼ੌਕ ਵਿੱਚ ਇਹ ਕੰਮ ਹੀ ਫਿੱਟ ਬੈਠਦਾ ਸੀ। ਵੱਖ ਵੱਖ ਕਾਰਪੋਰੇਟੀ ਫਰਮਾਂ, ਏਜੰਸੀਆਂ ਦੀਆਂ ਵਿਭਿੰਨ ਟਰਾਂਸਲੇਸ਼ਨ ਜਾਬਾਂ ਪੂਰੇ ਸ਼ੌਕ ਤੇ ਮਿਹਨਤ ਨਾਲ ਕੀਤੀਆਂ। ਸਿਲਸਿਲਾ 2015 ਤੱਕ ਖੂਬ ਚੱਲਦਾ ਰਿਹੈ। ਵਿੱਚ ਵਿੱਚ ਕਾਰਪੋਰੇਟੀ ਖਸਲਤੀ ਏਜੰਸੀਆਂ ਨਾਲ ਵੇਤਨ ਕਢਾਉਣ ਲਈ ਆਢੇ ਵੀ ਲੱਗਦੇ ਰਹੇ। ਨਿੱਕੀਆਂ ਮੋਟੀਆਂ ਬਾਤਾਂ ਛੱਡ ਉਸ ਸਿੱਧੀ ਇੱਕ ਵਰਣਨਯੋਗ ਵੱਡੇ ਆਢੇ ਦੀ ਗੱਲ ਸਾਂਝੀ ਕੀਤੀ।

ਉਹ ਮਿਸੀਸਾਗਾ ਸਥਿਤ ਇੱਕ ਏਬਲ ਟਰਾਂਸਲੇਸ਼ਨ ਲਿਮਟਿਡ (Able Translation Ltd., Mississauga) ਨਾਮਕ ਟਰਾਂਸਲੇਸ਼ਨ ਏਜੰਸੀ ਨਾਲ ਕੋਈ ਦਸ ਸਾਲ ਤੋਂ ਨਿਰੰਤਰ ਕੰਮ ਕਰਦਾ ਆ ਰਿਹਾ ਸੀ। ਏਜੰਸੀ ਨੇ 2013 ਤੋਂ ਹੀ ਵੇਤਨ ਅਦਾਇਗੀਆਂ ਵਿੱਚ ਬੇਕਾਇਦਗੀ ਕਰਨੀ ਸ਼ੁਰੂ ਕਰ ਦਿੱਤੀ। ਅੱਗਾ-ਪਿੱਛਾ ਤੇ ਢਾਲ-ਮਟੋਲ ਹੋਣ ਲੱਗ ਪਿਆ। ਪਰ ਸਿਰੜੀ ਬੁੱਢਾ ਕੰਮ ਕਰਦਾ ਗਿਆ ਤੇ ਵੇਤਨ ਇਨਵੋਇਸਿਜ਼ ਜਮ੍ਹਾਂ ਹੁੰਦੀਆਂ ਗਈਆਂ। 2015 ਦੇ ਮਾਰਚ ਤੱਕ ਕੋਈ $25000 ਦੀ ਕਿਰਤ ਕਮਾਈ ਦਾ ਬੋਹਲ ਲੱਗ ਗਿਆ। ਬਥੇਰੇ ਰਿਮਾਈਂਡਰ ਦਿੱਤੇ ਪਰ ਕੋਈ ਅਸਰ ਨਾ ਹੋਵੇ। ਇੱਕ ਵਾਰ ਤਾਂ ਪੂਰੇ ਸਾਲ ਤੋਂ ਵੱਧ ਦੀਆਂ ਇਨਵੋਇਸਿਜ਼ ਜਮ੍ਹਾਂ ਹੋ ਗਈਆਂ। ਕੇਰਾਂ ਉਨ੍ਹਾਂ ਅਟਕਲਪੱਚੂ ਜਿਹੀ ਇੱਕ ਅਦਾਇਗੀ ਭੇਜ ਦਿੱਤੀ ਜਿਹੜੀ ਕਿਸੇ ਵੀ ਇਨਵੋਇਸ ਨਾਲ ਮੇਲ ਨਹੀਂ ਸੀ ਖਾਂਦੀ। ਪੁੱਛਿਆ ਤਾਂ ਜਵਾਬ ਮਿਲਿਆ ਅਸੀਂ ਸਭ ਅਦਾਇਗੀਆਂ ਕਰ ਚੁੱਕੇ ਹਾਂ। ਜੁਝਾਰੂ ਕਿਰਤੀ ਸਮਝ ਗਿਆ। ਇਹ ਹੁਣ ਪੈਸੇ ਮਾਰਨਗੇ ਤੇ ਖ਼ਰਾਬ ਕਰਨਗੇ। ਕੁਝ ਮਿੱਤਰ ਵੈਟਰਨ ਟਰਾਂਸਲੇਟਰਜ਼ ਨਾਲ ਗੱਲ ਕੀਤੀ। ਜਵਾਬ ਮਿਲਿਆ ਕਿ ਇਹ ਏਜੰਸੀ ਸਾਡੇ ਵੀ ਪੈਸੇ ਮਾਰ ਚੁੱਕੀ ਹੈ। ਭੁੱਲ ਜਾ, ਹੁਣ ਤੈਨੂੰ ਕੁਝ ਨਹੀਂ ਦੇਂਦੀ। ਇਹ ਆਪਣੇ ਆਪ ਨੂੰ ਦੀਵਾਲੀਆ ਵੀ ਐਲਾਨ ਕਰ ਸਕਦੀ ਹੈ। ਰੁੜਦੀ ਜਾਂਦੀ ਕਿਰਤ ਕਮਾਈ ਵੇਖ ਝਟਕਾ ਜ਼ਰੂਰ ਲੱਗਾ, ਪਰ ਬੁੱਢੇ ਨੇ ਹੌਸਲਾ ਨਾ ਛੱਡਿਆ। ਸਰਗਰਮ ਚਾਰਜੋਈਆਂ ਸ਼ੁਰੂ ਕਰ ਦਿੱਤੀਆਂ।

ਵੱਖ ਵੱਖ ਸੂਬਾਈ ਮੰਤਰੀਆਂ, ਐੱਮ ਪੀ ਪੀਜ਼ ਅਤੇ ਐਂਪਲਾਇਮੈਂਟ ਸਟੈਂਡਰਡ ਇਨਫਰਮੇਸ਼ਨ ਸੈਂਟਰ ਨੂੰ ਈਮੇਲਾਂ ਭੇਜੀਆਂ। ਖੂਹ ਵਿੱਚ ਡਿੱਗੀ ਗਾਗਰ ਕੱਢਣ ਵਾਂਗ ਕੁੰਡੇ ਏਧਰ-ਓਧਰ ਬਥੇਰੇ ਫੇਰੇ। ਗੱਲ ਕਿਸੇ ਤਣ-ਪੱਤਣ ਨਾ ਲੱਗੀ। ਕੇਰਾਂ ਇੱਕ 'ਬੈਟਰ ਬਿਜ਼ਨੈੱਸ ਬਿਉਰਿਓ' ਨੂੰ ਕੇਸ ਈਮੇਲ ਕੀਤਾ।

(ਬਾਕੀ ਸਫ਼ਾ 29 'ਤੇ)







